Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਵਾਇਡੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Twenty-Third Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 40, October 1, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਜ਼ਿਦ ਪੁੱਗੀ ਪਰ ਸਰਕਾਰ ਲੀਹੋਂ ਲੱਥੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਹੰਗਾਮੇ ਵਾਲਾ ਰਿਹਾ। ਆਮ ਆਦਮੀ ਪਾਰਟੀ ਦੀ ਸਰਕਾਰ ਜਿਥੇ ਭਰੋਸੇ ਦਾ ਮਤਾ ਲਿਆ ਕੇ ਆਪਣੀ 'ਜ਼ਿਦ' ਪੁਗਾਉਣ ਵਿਚ ਸਫਲ ਰਹੀ, ਉਥੇ ਇਸ ਨੂੰ ਵਿਰੋਧੀ ਧਿਰਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹ ਸੈਸ਼ਨ ਪੰਜਾਬ ਦੀ 'ਆਪ' ਸਰਕਾਰ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਰਮਿਆਨ ਖਿੱਚੋਤਾਣ ਹੋਰ ਵਧਣ ਦੇ ਸੰਕੇਤ ਵੀ ਦੇ ਗਿਆ। ਦਿੱਲੀ ਤੋਂ ਬਾਅਦ ਪਹਿਲੀ ਵਾਰ 'ਆਪ' ਸਰਕਾਰ ਆਪਣੀ ਸੱਤਾ ਵਾਲੇ ਸੂਬੇ ਪੰਜਾਬ ਦੇ ਰਾਜਪਾਲ ਨਾਲ ਉਲਝੀ ਹੈ।

ਇਸ ਦਾ ਮੁੱਖ ਕਾਰਨ 'ਆਪ' ਨੂੰ ਵਿਧਾਨ ਸਭਾ ਵਿਚ ਆਪਣੇ 'ਸ਼ਕਤੀ ਪ੍ਰਦਰਸ਼ਨ' ਤੋਂ ਰੋਕਣਾ ਸੀ। ਦਰਅਸਲ, ਪੰਜਾਬ ਦੇ ਸੰਸਦੀ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਕਿ ਰਾਜਪਾਲ ਨੇ ਸਰਕਾਰ ਵੱਲੋਂ ਬੁਲਾਏ ਜਾਣ ਵਾਲੇ ਵਿਸ਼ੇਸ਼ ਇਜਲਾਸ ਨੂੰ ਰੋਕ ਦਿੱਤਾ ਗਿਆ। ਇਹ ਇਜਲਾਸ ਭਾਜਪਾ ਵੱਲੋਂ 'ਅਪਰੇਸ਼ਨ ਲੋਟਸ' ਤਹਿਤ ਆਪ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦੇ ਲੱਗੇ ਦੋਸ਼ਾਂ ਤੋਂ ਬਾਅਦ ਬੁਲਾਇਆ ਗਿਆ ਸੀ। ਵਿਰੋਧੀ ਧਿਰਾਂ ਨੇ ਇਸ ਨੂੰ ਜਨਤਾ ਦੇ ਪੈਸੇ ਦੀ ਬਰਬਾਦੀ ਕਰਾਰ ਦਿੰਦੇ ਹੋਏ ਰਾਜਪਾਲ ਕੋਲ ਪਹੁੰਚ ਕੀਤੀ ਸੀ ਜਿਸ ਤੋਂ ਬਾਅਦ 22 ਸਤੰਬਰ ਨੂੰ ਸੱਦਿਆ ਇਜਲਾਸ ਰੱਦ ਕਰ ਦਿੱਤਾ ਗਿਆ। 'ਆਪ' ਸਰਕਾਰ ਨੇ ਇਸ ਨੂੰ ਵੱਡੀ ਹੱਤਕ ਮੰਨਦੇ ਹੋਏ ਉਸੇ ਦਿਨ ਐਲਾਨ ਕਰ ਦਿੱਤਾ ਕਿ ਉਹ ਹੁਣ 27 ਸਤੰਬਰ ਨੂੰ ਇਜਲਾਸ ਸੱਦੇਗੀ, ਹਾਲਾਂਕਿ ਇਸ ਵਾਰ ਆਪ ਸਰਕਾਰ ਨੇ ਭਰੋਸੇ ਵਾਲੇ ਮਤੇ ਨੂੰ ਲਾਂਭੇ ਕਰਕੇ ਪੰਜਾਬ ਦੇ ਕੁਝ ਮਸਲਿਆਂ ਨੂੰ ਅੱਗੇ ਕਰ ਦਿੱਤਾ ਤੇ ਰਾਜਪਾਲ ਕੋਲੋਂ ਇਜਲਾਸ ਦੀ ਮਨਜ਼ੂਰੀ ਲੈ ਲਈ ਪਰ ਜਦੋਂ ਇਜਲਾਸ ਸ਼ੁਰੂ ਹੋਇਆ ਤਾਂ ਸਰਕਾਰ ਨੇ ਇਸ ਮਤੇ ਨੂੰ ਫਿਰ ਅੱਗੇ ਕਰ ਦਿੱਤਾ।

ਯਾਦ ਰਹੇ ਕਿ ਸੰਵਿਧਾਨ ਵਿਚ ਰਾਜਪਾਲ ਦੇ ਕਾਰਜ ਅਤੇ ਅਧਿਕਾਰ ਨਿਸ਼ਚਿਤ ਹੁੰਦੇ ਹਨ। ਉਹ ਸਮੇਂ-ਸਮੇਂ ਸਰਕਾਰ ਨੂੰ ਸਲਾਹ ਤਾਂ ਦੇ ਸਕਦਾ ਹੈ ਪਰ ਉਸ ਦੇ ਕਾਰਜਕਾਰੀ ਕੰਮਾਂ ਵਿਚ ਬਹੁਤਾ ਦਖ਼ਲ ਨਹੀਂ ਦੇ ਸਕਦਾ, ਹਾਲਾਂਕਿ ਵਿਸ਼ੇਸ਼ ਇਜਲਾਸ ਬੁਲਾਉਣ ਦਾ ਮਸਲਾ ਆਪਣੇ ਆਪ ਵਿਚ ਕੁਝ ਸਵਾਲ ਵੀ ਖੜ੍ਹੇ ਕਰਦਾ ਹੈ। ਵਿਧਾਨ ਸਭਾ ਦੇ 117 ਵਿਧਾਇਕਾਂ 'ਚੋਂ ਆਮ ਆਦਮੀ ਪਾਰਟੀ ਦੇ 92 ਵਿਧਾਇਕ ਚੁਣੇ ਗਏ ਸਨ। ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸ਼ਾਇਦ ਹੀ ਕਦੀ ਕਿਸੇ ਪਾਰਟੀ ਨੂੰ ਇੰਨਾ ਵੱਡਾ ਬਹੁਮਤ ਮਿਲਿਆ ਹੋਵੇ। ਸਰਕਾਰ ਨੂੰ ਬਣਿਆਂ ਮਹਿਜ਼ 6 ਮਹੀਨਿਆਂ ਦਾ ਹੀ ਸਮਾਂ ਹੋਇਆ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰ ਨੂੰ ਹੁਣ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਇਹ ਭਰੋਸੇ ਦਾ ਵੋਟ ਪ੍ਰਾਪਤ ਕਰਨ ਦੀ ਲੋੜ ਕਿਉਂ ਪਈ?

ਪਿਛਲੇ ਦਿਨਾਂ ਵਿਚ 'ਆਪ' ਸਰਕਾਰ ਦੇ ਇਕ ਸੀਨੀਅਰ ਮੰਤਰੀ ਨੇ ਖੁੱਲ੍ਹੇ ਰੂਪ ਵਿਚ ਭਾਰਤੀ ਜਨਤਾ ਪਾਰਟੀ ਉਤੇ ਇਹ ਦੋਸ਼ ਲਗਾਏ ਸਨ ਕਿ ਉਹ ਵੱਡੀਆਂ ਰਕਮਾਂ ਦੇ ਕੇ ਉਨ੍ਹਾਂ ਦੇ 10 ਵਿਧਾਇਕਾਂ ਨੂੰ ਖ਼ਰੀਦਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਸੀ ਕਿ ਇਹ ਪੇਸ਼ ਕੀਤੀ ਰਕਮ ਪ੍ਰਤੀ ਵਿਧਾਇਕ 25 ਕਰੋੜ ਰੁਪਏ ਹੈ। ਸੀਨੀਅਰ ਮੰਤਰੀ ਦਾ ਇਹ ਬਿਆਨ ਇਸ ਲਈ ਹੈਰਾਨੀ ਭਰਪੂਰ ਹੈ, ਕਿਉਂਕਿ ਇਸ ਸਮੇਂ 117 ਮੈਂਬਰਾਂ ਦੀ ਵਿਧਾਨ ਸਭਾ ਵਿਚ ਭਾਜਪਾ ਦੇ ਸਿਰਫ਼ 2 ਵਿਧਾਇਕ ਹਨ। ਜੇਕਰ ਮੰਤਰੀ ਦੀ ਗੱਲ ਸਹੀ ਵੀ ਮੰਨ ਲਈ ਜਾਏ ਤਾਂ ਉਹ ਇੰਨੀ ਵੱਡੀ ਰਕਮ ਦੇ ਕੇ 10 ਵਿਧਾਇਕਾਂ ਨੂੰ ਖ਼ਰੀਦ ਕੇ ਕਿਸ ਤਰ੍ਹਾਂ ਸਰਕਾਰ ਦਾ ਤਖ਼ਤਾ ਉਲਟਾਏਗੀ ਅਤੇ ਕਿਸ ਤਰ੍ਹਾਂ ਆਪ ਗੱਦੀ ਉਤੇ ਬੈਠੇਗੀ? ਇਸ ਬਾਰੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੇ ਸਖ਼ਤ ਪ੍ਰਤੀਕਰਮ ਪ੍ਰਗਟ ਕਰਦਿਆਂ ਇਹ ਚੁਣੌਤੀ ਦਿੱਤੀ ਸੀ ਕਿ ਉਪਰੋਕਤ ਮੰਤਰੀ ਵਿਧਾਇਕਾਂ ਦੀ ਅਜਿਹੀ ਖ਼ਰੀਦੋ-ਫ਼ਰੋਖ਼ਤ ਦੇ ਤੱਥਾਂ ਨੂੰ ਜ਼ਾਹਿਰ ਕਰੇ ਅਤੇ ਇਸ ਲਈ ਪੁਖ਼ਤਾ ਸਬੂਤ ਵੀ ਦਿੱਤੇ ਜਾਣ ਪਰ ਵਿਰੋਧੀ ਪਾਰਟੀਆਂ ਦੀ ਇਸ ਪ੍ਰਤੀਕਿਰਿਆ ਤੋਂ ਬਾਅਦ ਵੀ ਸਰਕਾਰ ਵਲੋਂ ਤੱਥਾਂ ਉਤੇ ਆਧਾਰਿਤ ਕੋਈ ਬਿਆਨ ਨਹੀਂ ਆਇਆ।

ਇਸੇ ਲਈ ਵਿਰੋਧੀ ਪਾਰਟੀਆਂ ਨੇ ਸਰਕਾਰ ਦੀ ਇਸ ਬਿਆਨਬਾਜ਼ੀ ਨੂੰ ਮਹਿਜ਼ ਡਰਾਮਾ ਕਰਾਰ ਦਿੱਤਾ ਅਤੇ ਇਹ ਵੀ ਕਿਹਾ ਕਿ ਉਹ ਲੋਕਾਂ ਦੇ ਮੁੱਦਿਆਂ ਤੋਂ ਧਿਆਨ ਪਾਸੇ ਕਰਨ ਲਈ ਹੀ ਅਜਿਹਾ ਕਰ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਅਜਿਹਾ ਇਜਲਾਸ ਵਿਰੋਧੀ ਪਾਰਟੀਆਂ ਵੱਲੋਂ ਬੇਭਰੋਸਗੀ ਦਾ ਮਤਾ ਪੇਸ਼ ਕਰਨ ਤੋਂ ਬਾਅਦ ਹੀ ਬੁਲਾਇਆ ਜਾ ਸਕਦਾ ਹੈ। ਪੰਜਾਬ ਵਿਧਾਨ ਸਭਾ ਦੇ ਨਿਯਮਾਂ ਵਿਚ ਸਿਰਫ ਭਰੋਸੇ ਦਾ ਵੋਟ ਪ੍ਰਾਪਤ ਕਰਨ ਲਈ ਵਿਸ਼ੇਸ਼ ਇਜਲਾਸ ਬੁਲਾਏ ਜਾਣ ਦੀ ਕੋਈ ਵਿਵਸਥਾ ਨਹੀਂ ਹੈ। ਹਾਲਾਤ ਨੂੰ ਦੇਖਦੇ ਹੋਏ ਮਾਨ ਸਰਕਾਰ ਨੇ ਬਿਜਲੀ ਤੇ ਪਰਾਲੀ ਦੇ ਨਿਪਟਾਰੇ ਆਦਿ ਮੁੱਦਿਆਂ ਨੂੰ ਵਿਚਾਰਨ ਦੇ ਨਾਂ ਉਤੇ 27 ਸਤੰਬਰ ਨੂੰ ਵਿਧਾਨ ਸਭਾ ਦਾ ਇਜਲਾਸ ਮੁੜ ਬੁਲਾਉਣ ਦਾ ਫ਼ੈਸਲਾ ਕਰ ਲਿਆ, ਹਾਲਾਂਕਿ

*(ਬਾਕੀ ਸਫਾ 6 'ਤੇ)*



### ਭਖਦੇ ਮਸਲਿਆਂ ਉਤੇ ਬਹਿਸ ਤੋਂ ਟਾਲਾ

**ਚੰਡੀਗੜ੍ਹ:** ਪੰਜਾਬ ਅਸੈਂਬਲੀ ਵਿਚ ਵਿਰੋਧ ਧਿਰਾਂ ਨੇ ਮੰਗ ਕੀਤੀ ਸੀ ਕਿ ਇਜਲਾਸ ਵਿਚ ਕੋਟਕਪੂਰਾ ਕਾਂਡ, ਬਹਿਬਲ ਗੋਲੀਕਾਂਡ ਤੇ ਕਾਨੂੰਨ ਤੇ ਵਿਵਸਥਾ ਦੇ ਮੁੱਦਿਆਂ 'ਤੇ ਬਹਿਸ ਕਰਵਾਈ ਜਾਵੇ ਪਰ ਆਪ ਸਰਕਾਰ ਦਾ ਜ਼ੋਰ ਭਰੋਸੇ ਦੇ ਮਤੇ ਉਤੇ ਰਿਹਾ। ਵਿਰੋਧੀ ਧਿਰਾਂ ਵੱਲੋਂ ਰੌਲਾ ਪਾਇਆ ਗਿਆ ਕਿ 'ਵਿਸ਼ਵਾਸ ਮਤ' ਹਾਸਲ ਕਰਨ ਲਈ ਵਿਧਾਨ ਸਭਾ ਰੂਲਜ਼ ਵਿਚ ਕੋਈ ਵਿਵਸਥਾ ਨਹੀਂ ਹੈ ਜਦਕਿ ਹਾਕਮ ਧਿਰ ਦਾ ਕਹਿਣਾ ਸੀ ਕਿ ਜਦੋਂ ਰੂਲਜ਼ ਚੁੱਪ ਹੋਣ ਤਾਂ ਉਦੋਂ ਸੰਸਦ ਨੂੰ ਆਧਾਰ ਬਣਾਇਆ ਜਾਂਦਾ ਹੈ। ਕਾਂਗਰਸੀ ਆਗੂ ਪ੍ਰਤਾਪ ਬਾਜਵਾ ਨੇ ਦਾ ਕਹਿਣਾ ਹੈ ਕਿ ਕਾਰੋਬਾਰੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੇ ਏਜੰਡੇ 'ਤੇ ਭਰੋਸੇ ਦਾ ਮਤਾ ਨਹੀਂ ਸੀ।

## ਭਾਜਪਾ ਵਿਰੁੱਧ ਸਾਂਝੇ ਮੋਰਚੇ ਦਾ ਹੋਕਾ

**ਚੰਡੀਗੜ੍ਹ:** ਹਰਿਆਣਾ ਦੇ ਕੱਦਾਵਰ ਆਗੂ ਮਰਹੂਮ ਚੌਧਰੀ ਦੇਵੀ ਲਾਲ ਦੇ 109ਵੇਂ ਜਨਮ ਦਿਵਸ ਮੌਕੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਵੱਲੋਂ ਰੱਖੀ ਗਈ ਸਨਮਾਨ ਰੈਲੀ ਵਿਚ ਭਾਜਪਾ ਵਿਰੋਧੀ ਪਾਰਟੀਆਂ ਨੂੰ ਇਕ ਮੰਚ ਉਤੇ ਆ ਕੇ ਸਾਂਝਾ ਮੋਰਚਾ ਬਣਾਉਣ ਦਾ ਹੋਕਾ ਦਿੱਤਾ ਗਿਆ। ਇਸ ਮੌਕੇ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ, ਇਨੈਲੋ ਦੇ ਕਨਵੀਨਰ ਅਭੈ ਸਿੰਘ ਚੌਟਾਲਾ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਸ਼ਰਦ ਪਵਾਰ, ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ।

ਇਸ ਮੌਕੇ ਨਿਤੀਸ਼ ਕੁਮਾਰ ਨੇ 2024 ਵਿਚ ਭਾਜਪਾ ਨੂੰ ਹਰਾਉਣ ਲਈ ਕਾਂਗਰਸ ਪਾਰਟੀ ਨੂੰ ਵਿਆਪਕ ਗੱਠਜੋੜ ਦਾ ਹਿੱਸਾ ਬਣਾਉਣ ਦੀ ਅਹਿਮੀਅਤ 'ਤੇ ਜੋਰ ਦਿੱਤਾ। ਸ਼ਰਦ ਪਵਾਰ ਵੀ ਨਿਤੀਸ਼ ਕੁਮਾਰ ਦੀ ਦਲੀਲ ਨਾਲ ਸਹਿਮਤ ਦਿਖਾਈ ਦਿੱਤੇ। ਨਿਤੀਸ਼ ਕੁਮਾਰ ਨੇ ਭਾਜਪਾ ਨੂੰ ਟੱਕਰ ਦੇਣ ਲਈ ਕਾਂਗਰਸ ਅਤੇ ਖੱਬੇ ਪੱਖੀਆਂ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਵਿਰੋਧੀ ਧਿਰ ਦਾ ਇਹ ਮੁੱਖ ਮੋਰਚਾ ਯਕੀਨੀ ਬਣਾਏਗਾ ਕਿ 2024 ਦੀਆਂ ਆਮ ਚੋਣਾਂ ਵਿਚ ਭਾਜਪਾ ਨੂੰ ਕਰਾਰੀ ਹਾਰ ਮਿਲੇ। ਰੈਲੀ ਵਿਚ ਉਨ੍ਹਾਂ ਕਿਹਾ ਕਿ ਜੇਕਰ ਗੈਰ ਭਾਜਪਾ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਉਹ ਉਨ੍ਹਾਂ ਲੋਕਾਂ ਤੋਂ ਛੁਟਕਾਰਾ ਪਾ ਸਕਦੇ ਹਨ ਜੋ ਦੇਸ ਨੂੰ ਬਰਬਾਦ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਭਾਜਪਾ ਉਤੇ ਦੋਸ਼ ਲਾਇਆ ਕਿ ਉਹ ਸਿਆਸੀ ਲਾਹਾ ਲੈਣ ਲਈ ਸਮਾਜ ਵਿਚ ਹਿੰਦੂ-ਮੁਸਲਿਮ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।


M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

XPressCargo

Tel.: 317-426-5410
Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਹਰਿਆਣਾ ਕਮੇਟੀ: ਸ਼੍ਰੋਮਣੀ ਕਮੇਟੀ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਡਟੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਮਤਾ ਪਾਸ ਕਰਕੇ ਸੁਪਰੀਮ ਕੋਰਟ ਦਾ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਨੂੰ ਮਾਨਤਾ ਦੇਣ ਦਾ ਫੈਸਲਾ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਗਿਆ।



ਉਨ੍ਹਾਂ ਮਤਾ ਪਾਸ ਕਰਕੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਦੇ ਕਾਇਮ ਹੁੰਦਿਆਂ ਕੋਈ ਵੀ ਸੂਬਾ ਐਕਟ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਏ ਕਿ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਫੈਸਲਾ ਸੁਣਾਉਣ ਵਾਲੇ ਸੁਪਰੀਮ ਕੋਰਟ ਦੇ ਦੋ 'ਚੋਂ ਇਕ ਜੱਜ ਦਾ ਸਬੰਧ ਆਰ.ਐਸ.ਐਸ. ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ, ਜਿਸ ਦੇ ਉਨ੍ਹਾਂ ਕੋਲ ਸਬੂਤ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਉਸ ਜੱਜ ਦਾ ਨਾਂ ਵੀ ਨਸ਼ਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਹਰਿਆਣਾ ਕਮੇਟੀ ਬਾਰੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਰੀਵਿਊ ਪਟੀਸ਼ਨ ਪਾਉਣ ਦਾ ਵੀ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਅਗਲੀ ਰਣਨੀਤੀ ਵਿਚਾਰਨ ਲਈ 30 ਸਤੰਬਰ 2022 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੀ ਵਿਸ਼ੇਸ਼ ਇਕੱਤਰਤਾ ਬੁਲਾਈ ਗਈ ਹੈ। ਪ੍ਰਧਾਨ ਨੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਵਿਚ ਕਿਸੇ ਕਿਸਮ ਦੀ ਸੋਧ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਪ੍ਰਵਾਨਗੀ ਮਗਰੋਂ ਸਿਰਫ ਕੇਂਦਰ ਸਰਕਾਰ ਕੋਲ ਹੈ। ਉਨ੍ਹਾਂ ਕਿਹਾ ਕਿ ਜੇ ਹਰਿਆਣਾ ਕਮੇਟੀ ਸਬੰਧੀ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਗੈਰ-ਸੰਵਿਧਾਨਕ ਸਾਜ਼ਿਸ਼ ਤਹਿਤ ਐਕਟ ਪਾਸ ਕਰਕੇ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਕੋਝੀ ਹਰਕਤ ਕੀਤੀ ਤਾਂ ਇਸ ਵਿਚ ਭਾਜਪਾ ਸਰਕਾਰ ਵੀ ਪਿੱਛੇ ਨਹੀਂ ਰਹੀ।

ਧਾਮੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਕਾਲੀ ਸਰਕਾਰ ਵੇਲੇ ਦਾ ਹਲਫ਼ਨਾਮਾ ਬਦਲ ਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਪੇਸ਼ ਕੀਤਾ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਸੁਪਰੀਮ ਕੋਰਟ ਅੰਦਰ ਹਰਿਆਣਾ ਦੀ ਤਰਜਮਾਨੀ ਕੀਤੀ। ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਨੂੰ ਮਿਲੀ ਮਾਨਤਾ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

## ਚੰਡੀਗੜ੍ਹ ਤੇ ਹਿਮਾਚਲ ਦੀ ਵੱਖਰੀ ਕਮੇਟੀ ਲਈ ਮੰਗ ਉੱਠੀ

**ਚੰਡੀਗੜ੍ਹ:** ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਨਤਾ ਬਰਕਰਾਰ ਰੱਖਣ ਦਾ ਫੈਸਲਾ ਸੁਣਾਉਣ ਤੋਂ ਬਾਅਦ ਰਾਜਧਾਨੀ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਉੱਠਣ ਲੱਗ ਪਈ ਹੈ। ਇਹ ਮੰਗ ਪੰਥਕ ਵਿਚਾਰ ਮੰਚ ਚੰਡੀਗੜ੍ਹ ਦੇ ਪ੍ਰਧਾਨ ਬਲਜੀਤ ਸਿੰਘ ਖਾਲਸਾ ਵੱਲੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਿਚਲੇ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਤਿੰਨ ਗੁਰਦੁਆਰਿਆਂ ਦੀ ਹਾਲਤ ਹੋਰਨਾਂ ਗੁਰਦੁਆਰਿਆਂ ਨਾਲੋਂ ਸੁਧਾਰਨ ਦੀ ਲੋੜ ਹੈ, ਪਰ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੇ ਪ੍ਰਬੰਧਾਂ ਵੱਲ ਧਿਆਨ ਨਹੀਂ ਦਿੱਤਾ। ਪੰਥਕ ਵਿਚਾਰ ਮੰਚ, ਚੰਡੀਗੜ੍ਹ ਨੇ ਮੰਗ ਕੀਤੀ ਕਿ ਹਰਿਆਣਾ ਦੇ ਨਾਲ-ਨਾਲ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਵਿੱਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਜਾਵੇ।

# ਅਕਾਲੀ ਦਲ ਵੱਲੋਂ ਸਮੁੱਚੇ ਪੰਥ ਨੂੰ ਇਕਜੁੱਟ ਹੋਣ ਦਾ ਸੱਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਇਜ਼ ਠਹਿਰਾਉਣ ਦੇ ਫੈਸਲੇ ਖਿਲਾਫ਼ ਸਮੁੱਚੇ ਪੰਥ ਨੂੰ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਕਰਨ ਦਾ ਸੱਦਾ ਦਿੱਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ ਤੇ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਸਿੱਖ ਕੌਮ ਵਿਚ ਇਹ ਪ੍ਰਭਾਵ ਗਿਆ ਹੈ ਕਿ ਉਹ ਦੂਜੇ ਦਰਜੇ ਦੇ ਨਾਗਰਿਕ ਹਨ।



ਆਗੂਆਂ ਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਇਹ ਦੱਸਣਾ ਪਵੇਗਾ ਕਿ ਉਸ ਨੂੰ ਕੌਣ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਇਸ ਲਈ ਲਾਜ਼ਮੀ ਹੈ ਕਿਉਂਕਿ ਅਜਿਹੇ ਮਾਮਲਿਆਂ ਵਿਚ ਵੀ ਰਾਹਤ ਦਿੱਤੀ ਗਈ ਜੋ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਵਿਚ ਆਉਂਦੇ ਹੀ ਨਹੀਂ। ਅਕਾਲੀ ਆਗੂਆਂ ਨੇ ਦੋਸ਼ ਲਾਇਆ ਕਿ ਇਕ ਸਾਜ਼ਿਸ਼ ਅਧੀਨ ਸਿੱਖ ਕੌਮ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 1947 ਵਿਚ ਹੋਈ ਦੇਸ ਵੰਡ ਤੋਂ ਬਾਅਦ ਹੁਣ ਦੂਜੀ ਵਾਰ ਸਾਨੂੰ ਸਾਡੇ ਗੁਰਧਾਮਾਂ ਦੀ ਕਾਰਸੇਵਾ ਤੋਂ ਵੱਖ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕਾਫੀ ਗੁਰਦੁਆਰਾ ਸਾਹਿਬ ਪਾਕਿਸਤਾਨ ਵਿਚ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨੇ ਸ਼੍ਰੋਮਣੀ ਕਮੇਟੀ ਨੂੰ ਗੁਰੂ ਘਰਾਂ ਦਾ ਪ੍ਰਬੰਧ ਸੰਭਾਲਣ ਤੋਂ ਵੀ ਵੱਖ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ ਤੇ ਕਾਨੂੰਨੀ ਸੰਘਰਸ਼ ਲੜਿਆ ਜਾਵੇਗਾ। ਅਕਾਲੀ ਆਗੂਆਂ ਨੇ ਸਿੱਖ ਕੌਮ ਖਿਲਾਫ ਸਾਜ਼ਿਸ਼ਾਂ ਰਚਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਸ ਫੈਸਲੇ ਦਾ ਦੇਸ 'ਤੇ ਮਾਰੂ ਅਸਰ ਪੈ ਸਕਦਾ ਹੈ। ਉਨ੍ਹਾਂ ਰੋਸ ਜਤਾਇਆ ਕਿ ਸੁਪਰੀਮ ਕੋਰਟ ਨੇ ਇਕੋ ਜਿਹੇ ਮਾਮਲਿਆਂ ਵਿਚ ਵੱਖ-ਵੱਖ ਪੈਮਾਨਿਆਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਐਸ.ਵਾਈ.ਐਲ. ਨਹਿਰ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਐਕਟ ਇਹ ਕਹਿ ਕੇ ਰੱਦ ਕੀਤਾ ਸੀ ਕਿ ਕਿਸੇ ਵੀ ਰਾਜ ਨੂੰ ਅੰਤਰਰਾਜੀ ਮਾਮਲੇ 'ਤੇ ਫੈਸਲਾ ਲੈਣ ਦਾ ਕੋਈ ਹੱਕ ਨਹੀਂ, ਪਰ ਹੁਣ ਗੁਰਦੁਆਰਾ ਪ੍ਰਬੰਧ ਮਾਮਲੇ ਵਿਚ ਸੁਪਰੀਮ ਕੋਰਟ ਨੇ ਹਰਿਆਣਾ ਨੂੰ ਆਪਣੇ ਕਾਨੂੰਨ ਬਣਾਉਣ ਦਾ ਹੱਕ ਦੇ ਦਿੱਤਾ ਹੈ।

# ਪਾਵਨ ਸਰੂਪ ਕੇਸ: ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਐਲਾਨੀ

**ਸੰਗਰੂਰ:** ਸਿੱਖ ਸਦਭਾਵਨਾ ਦਲ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਆਰ-ਪਾਰ ਦੀ ਲੜਾਈ ਦਾ ਐਲਾਨ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ, 328 ਪਾਵਨ ਸਰੂਪਾਂ ਦੇ ਮਾਮਲੇ 'ਚ ਇਨਸਾਫ਼ ਅਤੇ ਜਮਹੂਰੀਅਤ ਦੇ ਹੋ ਰਹੇ ਘਾਣ ਵਿਰੁੱਧ ਪੰਜਾਬ ਅਤੇ ਬਾਹਰਲੇ ਰਾਜਾਂ ਵਿਚ ਸਿੱਖ ਨੀਤੀ ਮਾਰਚ ਕੱਢਣ ਦਾ ਐਲਾਨ ਕੀਤਾ। ਇਹ ਐਲਾਨ ਸਿੱਖ ਸਦਭਾਵਨਾ ਦਲ ਦੇ ਮੁੱਖ ਸੇਵਾਦਾਰ ਭਾਈ ਬਲਦੇਵ ਸਿੰਘ ਵਡਾਲਾ ਵੱਲੋਂ ਇਥੇ ਦਲ ਦੀ ਮੀਟਿੰਗ ਤੋਂ ਬਾਅਦ ਕੀਤਾ ਗਿਆ।

ਭਾਈ ਵਡਾਲਾ ਨੇ ਕਿਹਾ ਕਿ ਪਹਿਲਾ ਸਿੱਖ ਨੀਤੀ ਮਾਰਚ 18 ਅਕਤੂਬਰ ਨੂੰ ਫਤਹਿਗੜ੍ਹ ਸਾਹਿਬ ਤੋਂ ਸੰਗਰੂਰ ਤੱਕ ਕੱਢਿਆ ਜਾਵੇਗਾ ਅਤੇ ਪੂਰੇ ਪੰਜਾਬ ਤੇ ਹੋਰਨਾਂ ਸੂਬਿਆਂ ਵਿਚ ਮਾਰਚ ਕੱਢ ਕੇ ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਪ੍ਰਚਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਬੀਤੀ 20 ਅਗਸਤ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸੰਗਰੂਰ ਸਥਿਤ ਮੁੱਖ ਮੰਤਰੀ ਦੀ ਕੋਠੀ ਤੱਕ ਸਿੱਖ ਨੀਤੀ ਮਾਰਚ ਕੱਢਿਆ ਗਿਆ ਸੀ ਅਤੇ ਸੁਣਵਾਈ ਨਾ ਹੋਣ 'ਤੇ ਕੋਠੀ ਅੱਗੇ ਪੱਕਾ ਮੋਰਚਾ ਲਗਾ ਦਿੱਤਾ ਸੀ ਪਰ 25 ਅਗਸਤ ਦੀ ਅੱਧੀ ਰਾਤ ਨੂੰ ਪੁਲਿਸ ਵੱਲੋਂ ਧਰਨੇ 'ਤੇ ਬੈਠੀ ਸੰਗਤ ਨੂੰ ਜਬਰੀ ਚੁੱਕ ਕੇ ਫਤਹਿਗੜ੍ਹ ਸਾਹਿਬ ਵਿਚ ਛੱਡ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ 2016 'ਚ ਬਾਦਲਾਂ ਖ਼ਿਲਾਫ਼ ਸੰਘਰਸ਼ ਦਾ ਬਿਗਲ ਵਜਾਇਆ ਸੀ ਉਸੇ ਤਰ੍ਹਾਂ ਮਾਨ ਸਰਕਾਰ ਖ਼ਿਲਾਫ ਵੀ ਆਰ-ਪਾਰ ਦੇ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਹੈ।

# ਅਮਰੀਕਾ ਵਾਸੀ ਪਰਿਵਾਰ ਵੱਲੋਂ ਦਰਬਾਰ ਸਾਹਿਬ ਵਿਖੇ ਕਾਰ ਭੇਟ

**ਅੰਮ੍ਰਿਤਸਰ:** ਅਮਰੀਕਾ ਨਿਵਾਸੀ ਸਿੱਖ ਸ਼ਰਧਾਲੂ ਮਨਜੀਤ ਸਿੰਘ ਤੇ ਉਸ ਦੇ ਪਰਿਵਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇਕ ਆਲਟੋ ਕਾਰ ਭੇਟ ਕੀਤੀ ਗਈ ਹੈ। ਇਸ ਮੌਕੇ ਮਨਜੀਤ ਸਿੰਘ ਨੇ ਕਿਹਾ ਕਿ ਗੁਰੂ ਘਰ ਦੇ ਸ਼ੁਕਰਾਨੇ ਵਜੋਂ ਉਨ੍ਹਾਂ ਨੇ ਇਹ ਸੇਵਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਸੰਗਤ ਵਿਚ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਹੈ ਤੇ ਸੰਗਤ ਇਸ ਪਾਵਨ ਅਸਥਾਨ 'ਤੇ ਭੇਟਾਵਾਂ ਅਰਪਣ ਕਰਕੇ ਸਤਿਕਾਰ ਭੇਟ ਕਰਦੀ ਹੈ। ਇਸ ਮੌਕੇ ਸ਼ਰਧਾਲੂ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ, ਪ੍ਰਤਾਪ ਸਿੰਘ ਤੇ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਕਕਾਰ ਮਾਮਲੇ 'ਚ ਸਿੱਖਾਂ ਨਾਲ ਵਿਤਕਰਾ ਨਾ ਕਰਨ ਦੀ ਅਪੀਲ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਪੰਥਕ ਤਾਲਮੇਲ ਸੰਗਠਨ ਅਤੇ ਪੰਥਕ ਅਸੈਂਬਲੀ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ ਕਿ ਪ੍ਰੀਖਿਆ ਕੇਂਦਰਾਂ, ਵਿਦਿਅਕ ਸੰਸਥਾਵਾਂ ਅਤੇ ਹੋਰ ਜਨਤਕ ਥਾਵਾਂ 'ਤੇ ਭਵਿੱਖ ਵਿੱਚ ਸਿੱਖਾਂ ਨਾਲ ਕਕਾਰਾਂ ਦੇ ਮਾਮਲੇ ਸਬੰਧੀ ਕੋਈ ਵਿਤਕਰਾ ਨਾ ਕੀਤਾ ਜਾਵੇ।

ਸਿੱਖ ਜਥੇਬੰਦੀਆਂ ਵੱਲੋਂ ਇਹ ਮੰਗ ਪੱਤਰ ਡਿਪਟੀ ਕਮਿਸ਼ਨਰ ਰਾਹੀਂ ਕੇਂਦਰੀ ਗ੍ਰਹਿ ਵਿਭਾਗ ਦੇ ਸਕੱਤਰ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜਿਆ ਗਿਆ ਹੈ।

ਇਸ ਸਬੰਧੀ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਦੀ ਅਗਵਾਈ ਹੇਠ ਸਿੱਖ ਆਗੂ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦੇ ਦਫ਼ਤਰ ਪੁੱਜੇ, ਜਿੱਥੇ ਉਨ੍ਹਾਂ ਇਹ ਮੰਗ ਪੱਤਰ ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ। ਇਸ ਮੰਗ ਪੱਤਰ 'ਤੇ ਜਸਵਿੰਦਰ ਸਿੰਘ ਐਡਵੋਕੇਟ, ਸੁਖਦੇਵ ਸਿੰਘ ਭੌਰ ਅਤੇ ਨਵਕਿਰਨ ਸਿੰਘ ਐਡਵੋਕੇਟ ਦੇ ਦਸਤਖ਼ਤ ਹਨ।ਸਿੱਖ ਆਗੂਆਂ ਨੇ ਆਖਿਆ ਕਿ ਸੰਵਿਧਾਨ ਦੀ ਧਾਰਾ 25 ਅਨੁਸਾਰ ਸਿੱਖਾਂ ਨੂੰ ਕਿਰਪਾਨ ਪਹਿਨਣ ਅਤੇ ਰੱਖਣ ਦਾ ਕਾਨੂੰਨੀ ਹੱਕ ਪ੍ਰਾਪਤ ਹੈ।

ਉਨ੍ਹਾਂ ਕਿਹਾ ਕਿ ਕਕਾਰ ਪਹਿਨਣ ਦੇ ਇਸ ਕਾਨੂੰਨੀ ਹੱਕ ਨੂੰ ਵਿਦਿਅਕ ਸੰਸਥਾਵਾਂ ਅਤੇ ਜਨਤਕ ਥਾਵਾਂ 'ਤੇ ਲਾਗੂ ਕਰਵਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨਾਲ ਵਾਪਰੀ ਘਟਨਾ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸਾਬਕਾ ਜਥੇਦਾਰ ਨੂੰ 8 ਸਤੰਬਰ ਨੂੰ ਮੈਟਰੋ ਸਟੇਸ਼ਨ ਸੈਕਟਰ-21, ਦੁਆਰਕਾ, ਦਿੱਲੀ ਵਿਚ ਗਾਤਰੇ ਵਿੱਚ ਪਹਿਨੀ ਕਿਰਪਾਨ ਸਮੇਤ ਸਫਰ ਕਰਨ ਤੋਂ ਰੋਕ ਦਿੱਤਾ ਗਿਆ ਸੀ।

# ਪੰਜਾਬ ਲਈ ਵੱਖਰੇ ਗੁਰਦੁਆਰਾ ਐਕਟ ਦੀ ਮੰਗ ਕੀਤੀ

**ਚੰਡੀਗੜ੍ਹ:** ਕੇਂਦਰੀ ਸਿੰਘ ਸਭਾ ਅਤੇ ਪੰਥਕ ਤਾਲਮੇਲ ਜਥੇਬੰਦੀਆਂ ਨੇ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੂੰ ਮਾਨਤਾ ਮਿਲਣ 'ਤੇ ਪੰਜਾਬ ਨੂੰ ਆਪਣਾ ਨਵਾਂ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਕੀਤੀ ਹੈ। ਇਸ ਬਾਰੇ ਗਿਆਨੀ ਕੇਵਲ ਸਿੰਘ, ਜਸਵਿੰਦਰ ਸਿੰਘ ਐਡਵੋਕੇਟ, ਰਾਣਾ ਇੰਦਰਜੀਤ ਸਿੰਘ, ਪ੍ਰੋ. ਸ਼ਾਮ ਸਿੰਘ, ਜਸਪਾਲ ਸਿੰਘ ਸਿੱਧੂ, ਪ੍ਰਤੀਨਿਧ ਗਲੋਬਲ ਸਿੱਖ ਕੌਂਸਲ ਗੁਰਪ੍ਰੀਤ ਸਿੰਘ, ਡਾ. ਸਵਰਾਜ ਸਿੰਘ, ਰਾਜਵਿੰਦਰ ਸਿੰਘ ਰਾਹੀ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਸੌ ਸਾਲ ਪਹਿਲਾਂ ਵੀ ਪੁਰਾਣੇ ਪੰਜਾਬ ਦੀ ਲੈਜਿਸਲੇਟਿਵ ਕੌਂਸਲ ਨੇ ਹੀ 1925 ਵਿਚ ਗੁਰਦੁਆਰਾ ਐਕਟ ਬਣਾਇਆ ਸੀ।



ਇਸ ਅਧੀਨ ਸ਼੍ਰੋਮਣੀ ਕਮੇਟੀ ਦੀ ਚੋਣ ਹੁੰਦੀ ਹੈ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਅਕਾਲੀ ਦਲ (ਬਾਦਲ) ਦੀ ਸਿਆਸੀ ਖ਼ੁਦਗਰਜ਼ੀ ਕਰ ਕੇ ਆਲ ਇੰਡੀਆ ਗੁਰਦੁਆਰਾ ਐਕਟ ਨਹੀਂ ਬਣ ਸਕਿਆ ਭਾਵੇਂ ਇਸ ਐਕਟ ਦਾ ਖਰੜਾ ਤਿਆਰ ਸੀ। ਹੁਣ ਹਰਿਆਣਾ ਕਮੇਟੀ ਨੂੰ ਮਾਨਤਾ ਮਿਲਣਾ ਵੀ ਬਾਦਲ ਦਲ ਦੀਆਂ ਉਨ੍ਹਾਂ ਸਿਆਸੀ ਗਿਣਤੀਆਂ-ਮਿਣਤੀਆਂ ਦਾ ਹੀ ਸਿੱਟਾ ਹੈ। ਉਨ੍ਹਾਂ ਨੇ ਹਰਿਆਣਾ ਗੁਰਦੁਆਰਾ ਕਮੇਟੀ ਬਣਨ ਦਾ ਸਵਾਗਤ ਕੀਤਾ।

ਸਿੱਖ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਸਿਆਸੀ ਧਿਰਾਂ ਨੇ ਇਕ ਸਦੀ ਵਿਚ ਗੁਰਦੁਆਰਾ ਐਕਟ ਵਿਚ ਲੋੜੀਂਦੀਆਂ ਤਰਮੀਮਾਂ ਨਹੀਂ ਹੋਣ ਦਿੱਤੀਆਂ। ਸਥਾਈ ਗੁਰਦੁਆਰਾ ਚੋਣ ਕਮਿਸ਼ਨ ਨਹੀਂ ਬਣਨ ਦਿੱਤਾ। ਕੇਂਦਰੀ ਸਿੰਘ ਸਭਾ ਅਤੇ ਪੰਥਕ ਤਾਲਮੇਲ ਜਥੇਬੰਦੀਆਂ ਨੇ ਮੰਗ ਕੀਤੀ ਕਿ ਪੰਜਾਬ ਦਾ ਵੱਖਰਾ ਗੁਰਦੁਆਰਾ ਐਕਟ ਬਣੇ ਤੇ ਪੰਜਾਬ ਸਰਕਾਰ ਹੀ ਕਮੇਟੀ ਦੀ ਚੋਣ ਕਰਵਾਏ।

# ਗਿਆਨੀ ਕੇਵਲ ਸਿੰਘ ਨੂੰ ਰੋਕਣ 'ਤੇ ਦਿੱਲੀ ਮੈਟਰੋ ਦੀ ਜਵਾਬਤਲਬੀ

ਅੰਮ੍ਰਿਤਸਰ: ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੂੰ ਦਿੱਲੀ ਦੀ ਮੈਟਰੋ ਰੇਲ ਵਿਚ ਕਿਰਪਾਨ ਸਮੇਤ ਸਫਰ ਕਰਨ ਤੋਂ ਰੋਕੇ ਜਾਣ ਦੇ ਮਾਮਲੇ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਨੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਕੋਲੋਂ ਜਵਾਬ ਮੰਗਿਆ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੂੰ 8 ਸਤੰਬਰ ਸ਼ਾਮ ਸਾਢੇ ਚਾਰ ਵਜੇ ਦੁਆਰਕਾ ਮੈਟਰੋ ਸਟੇਸ਼ਨ 'ਤੇ ਕਿਰਪਾਨ ਸਮੇਤ ਸਫਰ ਕਰਨ ਤੋਂ ਰੋਕਿਆ ਗਿਆ ਸੀ।



ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਉਨ੍ਹਾਂ ਇਸ ਸਬੰਧੀ ਦਿੱਲੀ ਸਰਕਾਰ ਦੇ ਸਬੰਧਤ ਵਿਭਾਗ ਨੂੰ ਵੀ ਸ਼ਿਕਾਇਤ ਕੀਤੀ ਸੀ। ਇਸ ਮਾਮਲੇ ਦਾ ਨੋਟਿਸ ਲੈਂਦਿਆਂ ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਦਿੱਲੀ ਮੈਟਰੋ ਰੇਲ ਨਿਗਮ ਦੇ ਐੱਮਡੀ ਕੋਲੋਂ ਜਵਾਬ ਮੰਗਿਆ ਹੈ। ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਸੰਗਠਨ ਵੱਲੋਂ ਸੂਬਾ ਪੱਧਰੀ ਰੋਸ ਵਿਖਾਵੇ ਕੀਤੇ ਜਾਣਗੇ।

# Matrimonials

## ਲੜਕੇ ਦੀ ਲੋੜ ਹੈ

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

---

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

---

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

---

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India

34-37

---

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

## ਲੜਕੀ ਦੀ ਲੋੜ ਹੈ

ਜੱਟ ਸਿੱਖ ਪਰਿਵਾਰ ਨਾਲ ਸੰਬੰਧਤ 40 ਸਾਲਾ, 5'8" ਗ੍ਰੀਨ ਕਾਰਡ ਹੋਲਡਰ, ਤਲਾਕਸ਼ੁਦਾ, ਆਪਣਾ ਰੈਸਟੋਰੈਂਟ ਚਲਾਉਂਦੇ ਲੜਕੇ ਲਈ ਚੰਗੇ ਪਰਿਵਾਰ ਨਾਲ ਸੰਬੰਧਤ ਲੜਕੀ ਦੀ ਲੋੜ ਹੈ। (ਜਾਤੀ ਬੰਧਨ ਨਹੀਂ) ਬੱਚਿਆਂ ਤੋਂ ਰਹਿਤ ਤਲਾਕਸ਼ੁਦਾ ਲੜਕੀ ਵੀ ਵਿਚਾਰਨਯੋਗ। ਲੜਕਾ ਆਪਣੇ ਪਰਿਵਾਰ ਨਾਲ ਕੋਲੰਬਸ ਜਾਰਜੀਆ (ਅਮਰੀਕਾ) ਰਹਿੰਦਾ ਹੈ ਤੇ ਉਸ ਲੜਕੇ ਦਾ ਆਪਣੀ ਪਹਿਲੀ ਪਤਨੀ ਅਤੇ ਬੱਚਿਆਂ ਨਾਲ ਹੁਣ ਕੋਈ ਸਬੰਧ ਨਹੀਂ ਹੈ।
ਚਾਹਵਾਨ ਸੰਪਰਕ ਕਰਨ: 205-799-2350 ਜਾਂ 762-332-2936

37-40

---

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com

37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com

33-36

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709

32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893.

# ਗਰੇਵਾਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਦੇ ਫਾਈਨਾਂਸ ਸੈਕਟਰੀ ਯਾਦਵਿੰਦਰ ਸਿੰਘ ਗਰੇਵਾਲ ਅਤੇ ਗਰੇਵਾਲ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ, ਜਦੋਂ ਉਨ੍ਹਾਂ ਦੇ ਮਾਤਾ ਜੀ ਮਨਜੀਤ ਕੌਰ ਗਰੇਵਾਲ ਪਰਮਾਤਮਾ ਵਲੋਂ ਬਖਸ਼ੀ ਆਰਜਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 83 ਸਾਲਾਂ ਦੇ ਸਨ ਅਤੇ ਪੰਜਾਬ ਤੋਂ ਜਿਲਾ ਨਵਾਂ ਸ਼ਹਿਰ ਦੇ ਪਿੰਡ ਬੜਵਾ ਤੋਂ ਸਨ। ਉਹ ਕੋਈ 6-7 ਸਾਲ ਪਹਿਲਾਂ ਹੀ ਅਮਰੀਕਾ ਆਏ ਸਨ ਅਤੇ ਆਪਣੇ ਪੁੱਤਰ ਯਾਦਵਿੰਦਰ ਸਿੰਘ ਗਰੇਵਾਲ ਕੋਲ ਰਹਿ ਰਹੇ ਸਨ। ਉਹ ਆਪਣੇ ਪਿਛੇ ਚਾਰ ਬੇਟੇ-ਯਾਦਵਿੰਦਰ ਸਿੰਘ ਗਰੇਵਾਲ, ਪਰਵਿੰਦਰ ਸਿੰਘ ਗਰੇਵਾਲ, ਜਰਨੈਲ ਸਿੰਘ ਗਰੇਵਾਲ ਅਤੇ ਹਰਵਿੰਦਰ ਸਿੰਘ ਗਰੇਵਾਲ ਤੋਂ ਇਲਾਵਾ ਪੋਤੇ-ਪੋਤਰੀਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਉਨਾਂ ਦੇ ਦੋ ਬੇਟੇ ਕੈਲੀਫੋਰਨੀਆ ਵਸਦੇ ਹਨ ਅਤੇ ਦੋ ਸ਼ਿਕਾਗੋ।



ਉਨ੍ਹਾਂ ਦਾ ਸਸਕਾਰ ਸ਼ਨਿਚਰਵਾਰ ਪਹਿਲੀ ਅਕਤੂਬਰ ਨੂੰ 12 ਤੋਂ 2 ਵਜੇ ਤਕ ਫਿਊਨਰਲ ਹੋਮ Davenport Family Funeral Homes and Crematory, 941 S Old Rand Rd, Lake Zurich ਵਿਖੇ ਅਤੇ ਅੰਤਿਮ ਅਰਦਾਸ ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਪੈਲਾਟਾਈਨ ਵਿਖੇ 2 ਤੋਂ 4 ਵਜੇ ਤਕ ਹੋਵੇਗੀ।

ਪਰਿਵਾਰ ਨਾਲ ਸੰਪਰਕ ਫੋਨ ਯਾਦਵਿੰਦਰ ਸਿੰਘ ਗਰੇਵਾਲ 773-627-9113 ਅਤੇ 773-344-5131 'ਤੇ ਕੀਤਾ ਜਾ ਸਕਦਾ ਹੈ।

# ਹਰਵਿੰਦਰਪਾਲ ਸਿੰਘ ਲੈਲ ਨੂੰ ਸਦਮਾ

**ਸ਼ਿਕਾਗੋ (ਬਿਊਰੋ):** ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਸੀ ਆਈ ਸੀ ਮੈਂਬਰ ਅਤੇ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰਪਾਲ ਸਿੰਘ ਲੈਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਵਡੇ ਭਰਾ ਸ. ਬਲਬੀਰ ਸਿੰਘ ਦਾ ਦੇਹਾਂਤ ਹੋ ਗਿਆ। ਉਨ੍ਹਾਂ 70 ਸਾਲਾਂ ਦੇ ਅਜੇ ਕਲ੍ਹ 28 ਸਤੰਬਰ ਨੂੰ ਹੋਣਾ ਸੀ। ਆਪਣੇ ਪੰਜ ਭਰਾਵਾਂ-ਜਰਨੈਲ ਸਿੰਘ ਲੈਲ, ਗੁਲਬਰਗ ਸਿੰਘ ਲੈਲ, ਹਰਵਿੰਦਰਪਾਲ ਸਿੰਘ ਲੈਲ ਅਤੇ ਕੁਲਬੀਰ ਸਿੰਘ ਲੈਲ ਵਿਚੋਂ ਉਹ ਦੂਜੇ ਨੰਬਰ 'ਤੇ ਸਨ। ਉਹ ਪੰਜਾਬ ਦੇ ਜਿਲਾ ਹੁਸ਼ਿਆਰਪੁਰ ਦੇ ਪਿੰਡ ਠੋਹਾਨਾ ਤੋਂ ਸਨ ਅਤੇ 1993 ਵਿਚ ਅਮਰੀਕਾ ਆ ਗਏ ਸਨ। 2014 ਵਿਚ ਬਾਥਰੂਮ ਵਿਚ ਡਿਗਣ ਨਾਲ ਪੈਰਾਲਾਈਜ਼ਡ ਹੋ ਗਏ ਸਨ, ਤੇ ਉਦੋਂ ਤੋਂ ਵੀਲ੍ਹਚੇਅਰ 'ਤੇ ਸਨ। ਉਹ ਆਪਣੇ ਪਿਛੇ ਪਤਨੀ ਕੁਲਵੰਤ ਕੌਰ, ਬੇਟੀ ਮਨਜੀਤ ਕੌਰ ਅਤੇ ਬੇਟੇ-ਜਗਦੀਸ਼ ਸਿੰਘ ਅਤੇ ਸੰਦੀਪ ਸਿੰਘ ਤੋਂ ਇਲਾਵਾ ਪੋਤੇ-ਪੋਤੀਆਂ ਦਾ ਭਰਿਆ ਪਰਿਵਾਰ ਛਡ ਗਏ ਹਨ।



ਉਨ੍ਹਾਂ ਦਾ ਸਸਕਾਰ ਡੇਵਨਪੋਰਟ ਫਿਊਨਰਲ ਹੋਮ (941 S. Old Rand Road, Lake Zurich, IL 60047) ਵਿਚ 12:00 ਤੋਂ 2:00 ਵਜੇ ਤਕ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪੈਲਾਟਾਈਨ (1280 Winnetka St, Palatine, IL 60067) ਵਿਖੇ 3:00 ਤੋਂ 5:00 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਜਗਦੀਸ਼ ਸਿੰਘ ਫੋਨ (847) 308-2067 ਜਰਨੈਲ ਸਿੰਘ ਲੈਲ (847) 366-5924 ਪਾਲ ਲੈਲ (224) 715-0395 ਤੇ ਕੁਲਬੀਰ ਲੈਲ (847) 650-3175 'ਤੇ ਕੀਤਾ ਜਾ ਸਕਦਾ ਹੈ।

# 'ਇਕ ਬੂੰਦ ਸਵਾਤੀ', ਅਧਿਆਤਮ ਤੇ ਜਗਿਆਸਾ ਦਾ ਅੰਤਰ ਸੰਵਾਦ: ਡਾ. ਮੋਹਨ ਤਿਆਗੀ

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਮਿਲਣੀ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਰੁਬਾਈ ਸੰਗ੍ਰਹਿ 'ਇਕ ਬੂੰਦ ਸਵਾਤੀ' ਲੋਕ ਅਰਪਣ ਕੀਤਾ ਗਿਆ। ਮਿਲਣੀ ਦੇ ਅਰੰਭ ਵਿਚ ਜਨਰਲ ਸਕੱਤਰ ਕੁਲਵਿੰਦਰ ਨੇ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਰੁਬਾਈ ਗਾਇਨ ਲਈ ਸੱਦਾ ਦਿੱਤਾ। ਸਾਹਿਲ ਨੇ ਕੁਝ ਰੁਬਾਈਆਂ ਦਾ ਗਾਇਨ ਕਰ ਕੇ ਸਮੁੱਚੀ ਕਾਇਨਾਤ ਨੂੰ ਇਕ ਸੁਰ ਕਰ ਦਿੱਤਾ। ਇਸ ਉਪਰੰਤ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਪ੍ਰਧਾਨ ਡਾ. ਰਮਨੀਤ ਕੌਰ, ਡਾ. ਸੁਖਵਿੰਦਰ ਕੰਬੋਜ, ਬੀਬੀ ਸੁਰਜੀਤ ਕੌਰ, ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ।

ਡਾ. ਸੁਖਵਿੰਦਰ ਕੰਬੋਜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਚਰਨਜੀਤ ਸਿੰਘ ਪੰਨੂੰ ਨੇ ਡਾ. ਮੋਹਨ ਤਿਆਗੀ ਦਾ ਲਿਖਿਆ ਪਰਚਾ ਪੜ੍ਹਿਆ। ਇਸ ਪਰਚੇ ਮੁਤਾਬਿਕ ਇਸ ਸੰਗ੍ਰਹਿ ਦੀ ਸਮੁੱਚੀ ਕਵਿਤਾ ਇੱਕ ਸਥਿਰ ਪੈਟਰਨ ਵਿਚ ਚੱਲਦੀ ਹੋਈ ਸ਼ਾਇਰਾ ਦੇ ਰੱਬੀ ਸੰਕਲਪ ਅਤੇ ਆਤਮਿਕ ਜਗਤ ਦੀਆਂ ਗੁੱਝੀਆਂ ਰਮਜ਼ਾਂ ਅਤੇ ਵਿਸਮਾਦੀ ਝਲਕਾਰਿਆਂ ਨੂੰ ਬਹੁ-ਪਰਤੀ ਪਾਠ ਰਾਹੀਂ ਪ੍ਰਵਾਹਿਤ ਕਰਨ ਦਾ ਯਤਨ ਕਰਦੀ ਹੈ। ਪਰਚੇ ਤੋਂ ਇਲਾਵਾ ਚਰਨਜੀਤ ਪੰਨੂੰ ਨੇ ਕਿਹਾ ਕਿ ਉਨ੍ਹਾਂ ਇਸ ਸਮੁੱਚੀ ਕਵਿਤਾ ਨੂੰ ਮਾਣਿਆ ਹੈ। ਸੁਰਜੀਤ ਸਖੀ ਵਲੋਂ ਡਾ. ਉਮਿੰਦਰ ਜੌਹਲ ਦਾ ਪਰਚਾ ਪੜ੍ਹਿਆ ਗਿਆ। ਡਾ. ਜੌਹਲ ਦੇ ਪਰਚੇ ਅਨੁਸਾਰ ਇਹ ਸੰਗ੍ਰਹਿ ਮਨੋ ਸਾਧਨਾ ਅਤੇ ਸ਼ਬਦ ਸਾਧਨਾ ਦੇ ਐਸੇ ਸੁਮੇਲ ਦਾ ਪ੍ਰਮਾਣ ਹੈ, ਜਿਸ ਨੂੰ ਕਾਵਿ ਦੀਆਂ ਅਮੀਰ ਪਰੰਪਰਾਵਾਂ ਨਾਲ਼ ਸਾਂਝ ਸੂਤਰ ਨਿਭਾਉਣੇ ਆਉਂਦੇ ਹਨ। ਇਸ ਤੋਂ ਬਾਅਦ ਸਖੀ ਨੇ ਆਪਣੇ ਵਿਚਾਰ ਵੀ ਪਰਚੇ ਦੇ ਰੂਪ ਵਿਚ ਪੇਸ਼ ਕਰਦਿਆਂ ਇਸ ਸੰਗ੍ਰਹਿ ਦੀਆਂ ਰੁਬਾਈਆਂ ਦੇ ਬਹੁ-ਪਰਤੀ ਪਸਾਰ ਪੇਸ਼ ਕੀਤੇ। ਸੁਰਿੰਦਰ ਸਿੰਘ ਧਨੋਆ ਨੇ ਬੀਬੀ ਸੁਰਜੀਤ ਕੌਰ ਦੀ ਸ਼ਖ਼ਸੀਅਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬੀਬੀ ਸੁਰਜੀਤ ਕੌਰ ਸਾਡੇ ਵਿਚ ਇੱਕੋ ਹੀ ਹੈ ਅਤੇ 'ਬੀਬੀ' ਹੋਣਾ ਆਪਣੇ ਆਪ ਵਿਚ ਵਿਸ਼ੇਸ਼ ਹੈ। ਗਗਨਦੀਪ ਨੇ ਬੀਬੀ ਦੀ ਉਸਤਤ ਕਰਦਾ ਕਾਵਿ-ਚਿੱਤਰ ਪੇਸ਼ ਕੀਤਾ। ਜਗਜੀਤ ਨੌਸ਼ਿਹਰਵੀ ਨੇ ਬੀਬੀ ਨੂੰ ਰੂਹਾਨੀਅਤ ਨਾਲ਼ ਜੁੜੀਆਂ ਰੁਬਾਈਆਂ ਲਿਖਣ ਲਈ ਵਧਾਈ ਦਿੱਤੀ। ਜਗਤਾਰ ਗਿੱਲ ਅਤੇ ਅਮਰਜੀਤ ਸਿੰਘ ਮੁਲਤਾਨੀ ਨੇ ਵੀ ਬੀਬੀ ਦੀ ਕਲਮ, ਸ਼ਖ਼ਸੀਅਤ ਅਤੇ ਸਮਾਜ ਪ੍ਰਤੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ। ਯਕੂਬ ਦੀ ਆਵਾਜ਼ ਵਿਚ ਰਿਕਾਰਡ ਇਕ ਰੁਬਾਈ ਵੀ ਪੇਸ਼ ਕੀਤੀ ਗਈ।

ਬੀਬੀ ਸੁਰਜੀਤ ਕੌਰ ਨੇ ਸਰੋਤਿਆਂ ਦੇ ਰੂ-ਬ-ਰੂ ਹੁੰਦਿਆਂ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਕਿਹਾ ਕਿ ਉਹ ਗੁਰੂ ਘਰ ਦੇ ਕੀਰਤਨੀਏ ਵਜੋਂ ਐਲਸਬਰਾਂਟੇ ਆਏ ਅਤੇ ਹੈੱਡ ਗ੍ਰੰਥੀ ਦੀ ਸੇਵਾ ਵੀ ਨਿਭਾਈ। ਇਸ ਸਫ਼ਰ 'ਤੇ ਚੱਲਦਿਆਂ ਆਪਣੇ ਧਰਮ ਅਤੇ ਕੌਮ ਦੇ ਕੱਟੜ ਮੱਤ ਯੋਧਿਆਂ ਦਾ ਸਾਹਮਣਾ ਕੀਤਾ। ਸ਼ਬਦ ਗੁਰੂ ਅਤੇ ਆਪੇ ਨਾਲ਼ ਜੁੜਨ ਕਾਰਨ ਕਲਮ ਦੀ ਬਖਸ਼ਿਸ਼ ਹੋਈ। ਇਸ ਲਈ 2017 ਵਿਚ 'ਪੰਜ ਆਬਾਂ ਦੀ ਜਾਈ' ਕਾਵਿ-ਸੰਗ੍ਰਹਿ ਅਤੇ ਹੁਣ ਇਸ ਰੁਬਾਈ ਸੰਗ੍ਰਹਿ ਨਾਲ਼ ਸਭ ਦੇ ਸਨਮੁਖ ਹੋ ਰਹੀ ਹੈ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਰੁਬਾਈ ਸੰਗ੍ਰਹਿ ਦੇ ਤਕਨੀਕੀ ਪੱਖਾਂ ਦਾ ਵਰਣਨ ਕਰਦੇ ਹੋਏ ਕਿਹਾ ਕਿ ਇਹ ਸੰਗ੍ਰਹਿ ਪੰਜਾਬੀ ਸਾਹਿਤ ਵਿਚ ਇਕ ਨਵਾਂ ਰੰਗ ਅਤੇ ਨਵਾਂ ਰੂਪ ਲੈ ਕੇ ਪ੍ਰਵੇਸ਼ ਕਰ ਰਿਹਾ ਹੈ। ਉਸਦੀ ਨਜ਼ਰ ਵਿਚ ਬੀਬੀ ਸੁਰਜੀਤ ਕੌਰ ਇਕ ਕ੍ਰਾਂਤੀਕਾਰ ਹੈ ਜਿਸ ਨੇ ਸੰਘਰਸ਼ਮਈ ਜੀਵਨ ਜੀਵਿਆ ਹੈ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਇਹ ਰੁਬਾਈਆਂ ਜੀਵਨ ਦੇ ਰਿਸ਼ਤਿਆਂ ਨੂੰ ਸਮਰਪਣ ਦੀ ਭਾਵਨਾ ਨਾਲ਼ ਜੋੜਦੀਆਂ ਹਨ। ਡਾ. ਮਨਰੀਤ ਕੌਰ ਨੇ ਇਸ ਸਮਾਗਮ ਦਾ ਮੁਲਾਂਕਣ ਕਰਦਿਆਂ ਵਿਪਸਾ ਅਤੇ ਬੀਬੀ ਸੁਰਜੀਤ ਕੌਰ ਨੂੰ ਇਕ ਵਧੀਆ ਸਮਾਗਮ ਅਤੇ ਕਿਰਤ ਲਈ ਵਧਾਈ ਦਿੱਤੀ। ਉਸ ਨੇ ਕਿਹਾ ਕਿ ਪੁਸਤਕ ਦੇ ਅੱਗੇ ਪ੍ਰਕਾਸ਼ਿਤ ਮੁੱਖ ਬੰਦ, ਭੂਮਿਕਾ ਜਾਂ ਜੋ ਹੋਰ ਰੀਵੀਊ ਨਹੀਂ ਹੋਣੇ ਚਾਹੀਦੇ ਤਾਂ ਕਿ ਪਾਠਕ ਪੁਸਤਕ ਦਾ ਭਰਪੂਰ ਆਨੰਦ ਮਾਣ ਸਕੇ। ਇਸ ਉਪਰੰਤ ਬੀਬੀ ਸੁਰਜੀਤ ਕੌਰ ਅਤੇ ਉਸਦੇ ਜੀਵਨ ਸਾਥੀ ਸ. ਕਿਹਰ ਸਿੰਘ ਨੇ ਪ੍ਰੋ. ਸੁਰਿੰਦਰ ਸਿੰਘ ਸੀਰਤ ਨੂੰ ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਲਈ ਨਿਭਾਈ ਭੂਮਿਕਾ ਲਈ 'ਲੋਈ' ਦੇ ਕੇ ਸਨਮਾਨਿਤ ਕੀਤਾ ਅਤੇ ਜਨਮ ਦਿਨ ਦਾ ਤੋਹਫ਼ਾ ਵੀ ਦਿੱਤਾ। ਦੁਪਹਿਰ ਦੇ ਖਾਣੇ ਤੋਂ ਬਾਅਦ ਕਵੀ ਦਰਬਾਰ ਵਿਚ ਜਸਵੰਤ ਸਿੰਘ ਸ਼ੀਂਹਮਾਰ, ਜੋਤੀ ਸਿੰਘ, ਕਮਲ ਬੰਗਾ, ਐਸ਼, ਸੁਰਜੀਤ ਸਖੀ, ਡਾ. ਮਨਰੀਤ ਕੌਰ, ਤਾਰਾ ਸਿੰਘ ਸਾਗਰ, ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਕੁਲਵਿੰਦਰ ਨੇ ਭਾਗ ਲਿਆ। ਮੰਚ ਸੰਚਾਲਨ ਕੁਲਵਿੰਦਰ ਵਲੋਂ ਬਾਖੂਬੀ ਨਿਭਾਇਆ ਗਿਆ।


***ਰਿਪੋਰਟ: ਲਾਜ ਨੀਲਮ ਸੈਣੀ***
***ਸਹਾਇਕ ਸਕੱਤਰ (ਵਿਪਸਾ)***

LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*

***To Advertise with Punjab Times Call: 847-359-0746***
***Fax:847-705-9388, e-mail:punjabtimes1@sbcglobal.net***
*Visit us on the web:**www.punjabtimesusa.com***

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਾਨਕਸ਼ਾਹੀ ਕੈਲੰਡਰ ਵਾਲੇ ਪਾਲ ਸਿੰਘ ਪੁਰੇਵਾਲ ਦਾ ਦੇਹਾਂਤ

**ਐਡਮੰਟਨ (ਕੈਨਡਾ):** ਮੂਲ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਵਿਦਵਾਨ ਪਾਲ ਸਿੰਘ ਪੁਰੇਵਾਲ ਦਾ ਦੇਹਾਂਤ ਹੋ ਗਿਆ। 90 ਸਾਲਾ ਸਿੱਖ ਵਿਦਵਾਨ ਅਤੇ ਸਾਬਕਾ ਇੰਜਨੀਅਰ ਪਾਲ ਸਿੰਘ ਪੁਰੇਵਾਲ ਅੱਜ ਕੱਲ੍ਹ ਕੈਨੇਡਾ ਦੇ ਸ਼ਹਿਰ ਐਡਮੰਟਨ ਵਿਚ ਰਹਿ ਰਹੇ ਸਨ। ਉਹ 1965 ਵਿਚ ਇੰਗਲੈਂਡ ਚਲੇ ਗਏ ਸਨ ਅਤੇ ਟੈਕਸਾਸ ਇੰਸਟਰੂਮੈਂਟਸ ਵਿਚ ਇਕ ਸੀਨੀਅਰ ਇੰਜੀਨੀਅਰ ਵਜੋਂ ਕੰਮ ਕੀਤਾ। ਬਾਅਦ ਵਿਚ 1974 'ਚ ਉਹ ਕੈਨੇਡਾ ਚਲੇ ਗਏ।

ਸ. ਪਾਲ ਸਿੰਘ ਪੁਰੇਵਾਲ ਦਾ ਜਨਮ 23 ਨਵੰਬਰ 1932 ਨੂੰ ਹੋਇਆ ਸੀ। 1960 ਵਿਚ ਉਨ੍ਹਾਂ ਸ਼ੰਕਰ ਦੇ ਸਰਕਾਰੀ ਹਾਈ ਸਕੂਲ ਵਿਚ ਬਤੌਰ ਸਾਇੰਸ ਅਧਿਆਪਕ ਪੜ੍ਹਾਇਆ। ਪੰਜਾਬ ਦੇ ਇਤਿਹਾਸ ਵਿਚ ਉਹ ਪਹਿਲੇ ਅਜਿਹੇ ਅਧਿਆਪਕ ਸਨ ਜਿਹੜੇ ਇੰਗਲੈਂਡ ਵਿਚ ਬਿਨਾਂ ਕੋਈ ਵਾਧੂ ਸਿਖਲਾਈ ਲਿਆਂ ਉਥੇ ਅਧਿਆਪਕ ਨਿਯੁਕਤ ਹੋਏ। ਉਨ੍ਹਾਂ ਵੱਖ-ਵੱਖ ਵਿਸ਼ਿਆਂ 'ਤੇ



ਖੋਜ ਪੱਤਰ ਵੀ ਲਿਖੇ।

ਉਨ੍ਹਾਂ ਸਿੱਖਾਂ ਦਾ ਨਿਆਰਾ ਕੈਲੰਡਰ ਤਿਆਰ ਕਰਨ ਲਈ 50 ਸਾਲ ਸਖਤ ਮਿਹਨਤ ਕੀਤੀ ਅਤੇ ਆਖਰਕਾਰ ਇਹ ਕੈਲੰਡਰ ਤਿਆਰ ਕਰ ਲਿਆ। ਇਸ ਸਬੰਧੀ ਉਹ ਚੰਡੀਗੜ੍ਹ ਦੀ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਨਾਲ ਜੁੜੇ ਰਹੇ। ਉਨ੍ਹਾਂ 1996 ਵਿਚ ਤਿਆਰ ਨਾਨਕਸ਼ਾਹੀ ਕੈਲੰਡਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ। ਖਾਸਲਾ ਪੰਥ ਦੇ 300 ਸਾਲਾ ਦਿਹਾੜੇ 'ਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਵੀਕਾਰ ਕਰ ਲਿਆ ਅਤੇ ਮਗਰੋਂ 2003 ਵਿਚ ਅਕਾਲ ਤਖਤ ਨੇ ਤਿੰਨ ਤਾਰੀਖਾਂ ਛੱਡ ਕੇ ਇਸ ਨੂੰ ਸਵੀਕਾਰ ਕਰ ਲਿਆ। ਅਮਰੀਕਨ ਸਿੱਖ ਕੌਂਸਲ ਇਸ ਸਬੰਧੀ ਮਤੇ ਦੀ ਹਮਾਇਤ ਕੀਤੀ ਪਰ 2010 ਵਿਚ ਇਸ ਕੈਲੰਡਰ ਵਿਚ ਤਬਦੀਲੀਆਂ ਕਰ ਕੇ ਇਸ ਨੂੰ ਲਾਗੂ ਕਰ ਦਿੱਤਾ ਗਿਆ।

ਅਮਰੀਕੀ ਸਿੱਖ ਕੌਂਸਲ ਦਾ ਕਹਿਣਾ ਹੈ ਕਿ ਕੌਂਸਲ ਸ. ਪਾਲ ਸਿੰਘ ਪੁਰੇਵਾਲ ਦੇ ਸੁਪਨੇ ਨੂੰ ਹਰ ਹਾਲ ਪੂਰਾ ਕਰੇਗੀ ਅਤੇ ਮੂਲ ਕੈਲੰਡਰ ਲਾਗੂ ਕਰਨ ਲਈ ਯਤਨ ਕਰਦੀ ਰਹੇਗੀ। ਕੌਂਸਲ ਨੇ ਦਾਅਵਾ ਕੀਤਾ ਕਿ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਦੇ ਗੁਰਦੁਆਰਿਆਂ ਵਿਚ ਮੂਲ ਕੈਲੰਡਰ ਜਾਰੀ ਕੀਤਾ ਜਾ ਰਿਹਾ ਹੈ।

ਇਸੇ ਦੌਰਾਨ ਦਲ ਖਾਲਸਾ ਨੇ ਪਾਲ ਸਿੰਘ ਪੁਰੇਵਾਲ ਦੇ ਕੈਨੇਡਾ ਵਿਚ ਹੋਏ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪਾਰਟੀ ਆਗੂਆਂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਮੰਡ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੂਲ ਕੈਲੰਡਰ ਨੂੰ ਬਹਾਲ (ਲਾਗੂ) ਕਰਨ ਦਾ ਅਧੂਰਾ ਕਾਰਜ ਪੂਰਾ ਕੀਤਾ ਜਾਵੇਗਾ ਤੇ ਇਸ ਸਬੰਧੀ ਜੱਦੋ-ਜਹਿਦ ਜਾਰੀ ਰਹੇਗੀ। ਸਿੱਖਾਂ ਦੀ ਵੱਖਰੀ ਪਛਾਣ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਦੇ ਮਾਰਚ 2003 ਵਿਚ ਲਾਗੂ ਹੋਣ ਤੋਂ ਅੱਠ ਵਰ੍ਹਿਆਂ ਬਾਅਦ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਨੇ ਇਕ ਪਰਿਵਾਰ ਦੇ ਹੁਕਮਾਂ 'ਤੇ ਸੋਧਾਂ ਦੇ ਨਾਮ ਹੇਠ ਉਸ ਦੀ ਅਸਲ ਭਾਵਨਾ ਅਤੇ ਮੂਲ ਸਰੂਪ ਦਾ ਕਤਲ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਵੀ ਸ. ਪੁਰੇਵਾਲ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

## ਸ਼ਹੀਦ ਭਗਤ ਸਿੰਘ ਦੇ ਨਾਂ ਨਾਲ ਜਾਣਿਆ ਜਾਵੇਗਾ ਚੰਡੀਗੜ੍ਹ ਹਵਾਈ ਅੱਡਾ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡਾ ਹੁਣ ਸ਼ਹੀਦ ਭਗਤ ਸਿੰਘ ਦੇ ਨਾਂ ਨਾਲ ਜਾਣਿਆ ਜਾਵੇਗਾ। ਇਹ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਇਹ ਫੈਸਲਾ ਉਡੀਕਿਆ ਜਾ ਰਿਹਾ ਸੀ। ਮੋਦੀ ਨੇ ਇਸ ਫੈਸਲੇ ਲਈ ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਦੇ ਲੋਕਾਂ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਆਪਣੇ ਆਜ਼ਾਦੀ ਸੰਘਰਸ਼ ਦੇ ਯੋਧਿਆਂ ਤੋਂ ਪ੍ਰੇਰਣਾ ਲੈ ਕੇ, ਉਨ੍ਹਾਂ ਦੇ ਆਦਰਸ਼ਾਂ ਨੂੰ ਮੰਨ ਕੇ, ਉਨ੍ਹਾਂ ਦੇ ਸੁਫਨਿਆਂ ਦੇ ਭਾਰਤ ਦੀ ਉਸਾਰੀ ਕਰਨੀ ਚਾਹੀਦੀ ਹੈ। ਸ਼ਹੀਦਾਂ ਦੀਆਂ ਯਾਦਗਾਰਾਂ, ਉਨ੍ਹਾਂ ਦੇ ਨਾਂ ਉਤੇ ਥਾਵਾਂ ਤੇ ਸੰਸਥਾਵਾਂ ਦੇ ਨਾਮ ਰੱਖੇ ਜਾਣ ਨਾਲ ਸਾਨੂੰ ਪ੍ਰੇਰਣਾ ਮਿਲਦੀ ਹੈ ਤੇ ਫਰਜ਼ ਦਾ ਅਹਿਸਾਸ ਹੁੰਦਾ ਹੈ। ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਪਿਛਲੇ ਮਹੀਨੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣ ਲਈ ਸਹਿਮਤ ਹੋ ਗਈਆਂ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਇਸ ਮੁੱਦੇ ਉਤੇ ਮੀਟਿੰਗ ਵੀ ਕੀਤੀ ਸੀ। ਹਵਾਈ ਅੱਡੇ ਦੇ ਨਾਂ ਬਾਰੇ ਕਈ ਸਾਲਾਂ ਤੋਂ ਪੰਜਾਬ ਤੇ ਹਰਿਆਣਾ 'ਚ ਮਤਭੇਦ ਸਨ। ਪਿਛਲੇ ਮਹੀਨੇ ਸਹਿਮਤੀ ਬਣਨ 'ਤੇ ਦੋਵਾਂ ਰਾਜਾਂ ਨੇ ਸਾਂਝੇ ਤੌਰ 'ਤੇ ਆਪਣੀ ਲਿਖਤੀ ਸਹਿਮਤੀ ਕੇਂਦਰੀ ਹਵਾਬਾਜ਼ੀ ਮੰਤਰਾਲੇ ਨੂੰ ਭੇਜ ਦਿੱਤੀ ਸੀ। ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਧਾਰ ਬਣਾ ਕੇ ਚੱਲ ਰਹੀ ਹੈ ਅਤੇ ਇਸ ਏਜੰਡੇ ਨੂੰ ਭਾਜਪਾ ਵੀ ਅੱਗੇ ਰੱਖਣਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਹਵਾਈ ਅੱਡੇ ਦੀ ਉਸਾਰੀ ਲਈ ਖਰਚਾ ਪੰਜਾਬ, ਹਰਿਆਣਾ ਦੀਆਂ ਸਰਕਾਰਾਂ ਅਤੇ ਏਅਰਪੋਰਟ ਅਥਾਰਿਟੀ ਨੇ ਕੀਤਾ ਹੈ।

## ਅਫਗਾਨਿਸਤਾਨ ਤੋਂ ਸਿੱਖਾਂ ਅਤੇ ਹਿੰਦੂਆਂ ਦਾ ਜਥਾ ਭਾਰਤ ਪੁੱਜਾ

**ਨਵੀਂ ਦਿੱਲੀ:** ਭਾਰਤ ਤੇ ਅਫ਼ਗਾਨਿਸਤਾਨ ਦੀਆਂ ਸਰਕਾਰਾਂ ਦੇ ਸਾਂਝੇ ਯਤਨਾਂ ਸਦਕਾ ਅਫ਼ਗਾਨਿਸਤਾਨ ਤੋਂ 55 ਸ਼ਰਨਾਰਥੀ ਸਿੱਖਾਂ ਤੇ ਹਿੰਦੂਆਂ ਦਾ ਇਕ ਹੋਰ ਜਥਾ ਨਵੀਂ ਦਿੱਲੀ ਪਹੁੰਚ ਗਿਆ ਹੈ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵੱਲੋਂ ਉਕਤ ਜਥੇ ਵਿਚ ਸ਼ਾਮਲ ਯਾਤਰੀਆਂ ਨੂੰ ਤਤਕਾਲ ਈ-ਵੀਜ਼ੇ ਮੁਹੱਈਆ ਕਰਵਾਏ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਇਸ ਸਬੰਧੀ ਵਿਸ਼ੇਸ਼ ਉਡਾਣ ਦਾ ਪ੍ਰਬੰਧ ਕੀਤਾ ਗਿਆ ਸੀ, ਜੋ 38 ਬਾਲਗਾਂ ਤੇ 17 ਬੱਚਿਆਂ ਨੂੰ ਲੈ ਕੇ ਇਥੇ ਪਹੁੰਚੀ ਹੈ।

ਸ਼੍ਰੋਮਣੀ ਕਮੇਟੀ ਦੇ ਦਿੱਲੀ ਦੇ ਸਿੱਖ ਮਿਸ਼ਨ ਦੇ ਅਹੁਦੇਦਾਰ ਇਸ ਜਥੇ ਦੇ ਸਵਾਗਤ ਲਈ ਹਵਾਈ ਅੱਡੇ 'ਤੇ ਪਹੁੰਚੇ ਹੋਏ ਸਨ। ਜਾਣਕਾਰੀ ਅਨੁਸਾਰ 43 ਹਿੰਦੂ ਤੇ ਸਿੱਖ ਹਾਲੇ ਵੀ ਅਫ਼ਗਾਨਿਸਤਾਨ ਵਿਚ ਫਸੇ ਹੋਏ ਹਨ ਤੇ 9 ਈ-ਵੀਜ਼ਾ ਅਰਜ਼ੀਆਂ ਭਾਰਤ ਸਰਕਾਰ ਕੋਲ ਲੰਬਿਤ ਪਈਆਂ ਹਨ। ਗੁਰੂ ਗ੍ਰੰਥ ਸਾਹਿਬ ਦੇ 2 ਸਰੂਪ ਤੇ ਦੋ ਸੈਂਚੀਆਂ ਵੀ ਅਫ਼ਗਾਨਿਸਤਾਨ ਸਰਕਾਰ ਕੋਲ ਪਈਆਂ ਹਨ, ਜਿਨ੍ਹਾਂ ਨੂੰ ਕਾਬੁਲ ਵਿਚ ਸਥਾਨਕ ਪ੍ਰਸ਼ਾਸਨ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਧਾਰਮਿਕ ਮਰਿਆਦਾ ਅਨੁਸਾਰ ਭਾਰਤ ਵਿੱਚ ਨਹੀਂ ਲਿਆਂਦਾ ਜਾ ਸਕਿਆ। ਜ਼ਿਕਰਯੋਗ ਹੈ ਕਿ 543 ਅਫਗਾਨ ਸਿੱਖ ਤੇ ਹਿੰਦੂ ਪਰਿਵਾਰਾਂ ਨੂੰ ਪੱਛਮੀ ਦਿੱਲੀ ਵਿਚ ਸਾਰੀਆਂ ਸਹੂਲਤਾਂ ਦੇ ਕੇ ਵਸਾਇਆ ਜਾ ਰਿਹਾ ਹੈ। ਉਨ੍ਹਾਂ ਦੇ ਸਵਾਗਤ ਲਈ ਅਫ਼ਗਾਨ ਗੁਰਦੁਆਰਾ ਅਰਜੁਨ ਨਗਰ ਵਿਚ ਸਮਾਗਮ ਕਰਵਾਇਆ ਗਿਆ। ਇਨ੍ਹਾਂ ਪਰਿਵਾਰਾਂ ਨੂੰ ਮੁਫਤ ਕਿਰਾਏ 'ਤੇ ਰਿਹਾਇਸ਼, ਮਹੀਨਾਵਾਰ ਖਰਚੇ, ਵੱਖ-ਵੱਖ ਕਿੱਤਿਆਂ ਦੀ ਸਿਖਲਾਈ, ਸਿਹਤ ਬੀਮਾ ਦੇ ਕੇ ਤੇ ਨੌਜਵਾਨਾਂ ਨੂੰ ਸਿੱਖਿਅਤ ਕਰਕੇ ਮਦਦ ਕੀਤੀ ਜਾ ਰਹੀ ਹੈ।

## ਜਰਮਨੀ 'ਤੇ ਮੰਦੀ ਦੇ ਬੱਦਲ

**ਫਰੈਂਕਫਰਟ:** ਯੂਰਪ ਦੇ ਸਭ ਤੋਂ ਵੱਡੇ ਅਰਥਚਾਰੇ 'ਤੇ ਮੰਦੀ ਦੇ ਬੱਦਲ ਮੰਡਰਾਉਣ ਲੱਗੇ ਹਨ। ਜਰਮਨੀ ਦੇ ਪ੍ਰਮੁੱਖ ਸੰਕੇਤਕ ਆਈ.ਐਫ.ਓ. ਸਰਵੇਖਣ ਮੁਤਾਬਕ ਅਸਮਾਨੀ ਪੁੱਜੀ ਮਹਿੰਗਾਈ ਕਰਕੇ ਲਗਾਤਾਰ ਚੌਥੇ ਮਹੀਨੇ ਖਪਤਕਾਰਾਂ ਦੀ ਖਰੀਦ ਸ਼ਕਤੀ ਤੇ ਕਾਰੋਬਾਰਾਂ 'ਤੇ ਵੱਡਾ ਅਸਰ ਪਿਆ ਹੈ।

ਮਹਿੰਗਾਈ ਵਧਣ ਦਾ ਮੁੱਖ ਕਾਰਨ ਕੁਦਰਤੀ ਗੈਸ ਦੀਆਂ ਕੀਮਤਾਂ ਵਿਚ ਵਾਧਾ ਹੈ। ਮਿਊਨਿਖ ਆਧਾਰਿਤ ਆਈ.ਐਫ.ਓ. ਇੰਸਟੀਚਿਊਟ ਵੱਲੋਂ ਤਿਆਰ ਸਰਵੇਖਣ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਗਸਤ ਮਹੀਨੇ ਜਿਹੜਾ ਸੂਚਕ ਅੰਕ 88.5 ਫੀਸਦ ਸੀ, ਉਹ ਸਤੰਬਰ ਮਹੀਨੇ ਘੱਟ ਕੇ 84.3 ਰਹਿ ਗਿਆ।

## ਜ਼ਿਦ ਪੁੱਗੀ ਪਰ ਸਰਕਾਰ ਲੀਹੋਂ ਲੱਥੀ

*(ਪਹਿਲੇ ਸਫੇ ਦੀ ਬਾਕੀ)*

'ਆਪ' ਸਰਕਾਰ ਨੇ ਸੈਸ਼ਨ ਦੇ ਪਹਿਲੇ ਹੀ ਦਿਨ ਹੋਰਾਂ ਮੁੱਦਿਆਂ ਨੂੰ ਪਿੱਛੇ ਛੱਡ ਆਪਣੇ ਤੈਅ ਏਜੰਡੇ ਮੁਤਾਬਕ ਭਰੋਸੇ ਦਾ ਮਤਾ ਪੇਸ਼ ਕਰ ਦਿੱਤਾ। ਇਸ ਨੂੰ ਵਿਧਾਨ ਸਭਾ ਵਿਚ ਆਪ ਦਾ ਸ਼ਕਤੀ ਪ੍ਰਦਰਸ਼ਨ ਮੰਨਿਆ ਜਾ ਰਿਹਾ ਹੈ। ਇਸੇ ਤਰ੍ਹਾਂ ਦੀ 'ਸ਼ਕਤੀ' ਪਾਰਟੀ ਨੇ ਦੋ ਹਫਤੇ ਪਹਿਲਾਂ ਦਿੱਲੀ ਵਿਧਾਨ ਸਭਾ ਵਿਚ ਦਿਖਾਈ ਸੀ। ਉਥੇ ਵੀ ਵਿਰੋਧੀ ਧਿਰ ਨੇ ਬੇਭਰੋਸਗੀ ਮਤਾ ਪੇਸ਼ ਨਹੀਂ ਕੀਤਾ ਸੀ।

## ਭਗਵੰਤ ਮਾਨ ਵੱਲੋਂ ਕੈਨੇਡਾ ਦੇ ਉਚ ਪੱਧਰੀ ਵਫਦ ਨਾਲ ਮੁਲਾਕਾਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੈਨੇਡਾ ਦੇ ਸੂਬੇ ਸਸਕੈਚਵਨ ਤੋਂ ਆਏ ਉੱਚ ਪੱਧਰੀ ਵਫ਼ਦ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਤੇ ਕੈਨੇਡਾ ਵਿਚਾਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸੋਹਣਾ ਅਤੇ ਵੇਰਕਾ ਦੇ ਉਤਪਾਦਾਂ ਨੂੰ ਕੈਨੇਡਾ ਵਿਚ ਵਸਦਾ ਪੰਜਾਬੀ ਭਾਈਚਾਰਾ ਖ਼ਾਸ ਤੌਰ 'ਤੇ ਪਸੰਦ ਕਰਦਾ ਹੈ। ਮੁੱਖ ਮੰਤਰੀ ਨੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਤੱਕ ਇਹ ਵਸਤਾਂ ਆਸਾਨੀ ਨਾਲ ਪੁੱਜਦੀਆਂ ਕਰਨ ਲਈ ਕੈਨੇਡਾ ਦੇ ਵਫ਼ਦ ਤੋਂ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਸਮਾਜਿਕ ਆਰਥਿਕ ਤਰੱਕੀ ਵਿਚ ਪੰਜਾਬੀ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਵਫ਼ਦ ਨੂੰ ਸੱਦਾ ਦਿੱਤਾ ਕਿ ਉਹ ਉੱਦਮੀਆਂ ਨੂੰ ਪੰਜਾਬ ਵਿਚ ਨਿਵੇਸ਼ ਲਈ ਉਤਸ਼ਾਹਿਤ ਕਰਨ।

## ਸਾਂਝੀ ਜ਼ਮੀਨ ਦੀਆਂ ਮਾਲਕ ਗ੍ਰਾਮ ਪੰਚਾਇਤਾਂ ਹੋਣਗੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਿੰਡਾਂ ਦੀ ਸਾਂਝੀ ਜ਼ਮੀਨ ਦੀ ਮਾਲਕੀ ਗ੍ਰਾਮ ਪੰਚਾਇਤਾਂ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਵਜ਼ਾਰਤ ਨੇ ਪਰਾਲੀ ਨੂੰ ਬਾਲਣ ਵਜੋਂ ਵਰਤਣ ਵਾਲੇ ਬੁਆਇਲਰ ਲਾਉਣ ਵਾਸਤੇ ਰਿਆਇਤਾਂ ਦੇਣ ਲਈ ਹਰੀ ਝੰਡੀ ਦਿੱਤੀ ਹੈ। ਮੁੱਖ ਮੰਤਰੀ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਹੋਈ ਮੀਟਿੰਗ ਵਿਚ ਵੱਖ-ਵੱਖ ਐਕਟਾਂ ਵਿਚ ਸੋਧ ਲਈ ਮਨਜ਼ੂਰੀ ਦਿੱਤੀ ਗਈ ਹੈ। ਪੰਜਾਬ ਵਜ਼ਾਰਤ ਨੇ ਪੰਜਾਬ ਵਿਲੇਜ ਕਾਮਨ ਲੈਂਡਜ (ਰੈਗੂਲੇਸ਼ਨ) ਐਕਟ 1961 ਦੀ ਧਾਰਾ 2(ਜੀ) ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਸੋਧ ਨਾਲ ਹੁਣ ਸਾਂਝੀ ਪੇਂਡੂ ਜ਼ਮੀਨ ਦੀਆਂ ਮਾਲਕ ਸਿਰਫ਼ ਗ੍ਰਾਮ ਪੰਚਾਇਤਾਂ ਹੋਣਗੀਆਂ। ਇਸ ਸੋਧ ਬਾਅਦ ਪਿੰਡ ਦੇ ਸਾਂਝੇ ਮੰਤਵਾਂ ਲਈ ਰਾਖਵੀਂ ਜ਼ਮੀਨ ਦਾ ਪ੍ਰਬੰਧ ਤੇ ਕੰਟਰੋਲ ਗ੍ਰਾਮ ਪੰਚਾਇਤ ਦਾ ਹੋਵੇਗਾ।

## ਚੰਡੀਗੜ੍ਹ 'ਚ ਪ੍ਰਾਈਵੇਟ ਬੱਸਾਂ ਦਾ ਦਾਖਲਾ ਬੰਦ ਹੋਵੇਗਾ

**ਚੰਡੀਗੜ੍ਹ:** ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪ੍ਰਾਈਵੇਟ ਬੱਸਾਂ ਦਾ ਦਾਖਲਾ ਰੋਕਣ ਸਬੰਧੀ ਆ ਰਹੀ ਅੜਚਣ ਹੁਣ ਖਤਮ ਹੋ ਗਈ ਹੈ। ਪੰਜਾਬ ਟਰਾਂਸਪੋਰਟ ਸਕੀਮ 'ਤੇ ਕੇਂਦਰ ਸਰਕਾਰ ਦੇ ਰੋਡ ਟਰਾਂਸਪੋਰਟ ਤੇ ਹਾਈਵੇਜ ਮੰਤਰਾਲੇ ਵੱਲੋਂ ਮੋਹਰ ਲਾ ਦਿੱਤੀ ਗਈ ਹੈ। ਹੁਣ ਨਵੀਂ ਸਕੀਮ ਤਹਿਤ ਸਿਰਫ ਸਰਕਾਰੀ ਬੱਸਾਂ ਹੀ ਚੰਡੀਗੜ੍ਹ ਵਿਚ ਦਾਖਲ ਹੋ ਸਕਣਗੀਆਂ, ਜਿਸ ਨਾਲ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਭਾਰੀ ਰਾਹਤ ਮਿਲੇਗੀ। ਦੱਸਣਯੋਗ ਹੈ ਕਿ ਇਹ ਨਵੀਂ ਟਰਾਂਸਪੋਰਟ ਸਕੀਮ 14 ਜੂਨ 2022 ਨੂੰ ਕੇਂਦਰ ਸਰਕਾਰ ਦੀ ਮਨਜ਼ੂਰੀ ਮਗਰੋਂ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਗਈ ਹੈ, ਪਰ ਪੰਜਾਬ ਦੇ ਟਰਾਂਸਪੋਰਟ ਵਿਭਾਗ ਵੱਲੋਂ ਹਾਲੇ ਇਸ ਸਕੀਮ 'ਤੇ ਅਮਲ ਸ਼ੁਰੂ ਨਹੀਂ ਕੀਤਾ ਗਿਆ।

## ਗੋਲਡੀ ਬਰਾੜ ਦੇ ਅਮਰੀਕਾ ਪਹੁੰਚਣ ਦੇ ਚਰਚੇ

**ਮਾਨਸਾ:** ਗਾਇਕ ਸਿੱਧੂ ਮੂਸੇਵਾਲਾ ਹੱਤਿਆਕਾਂਡ ਦਾ ਸਾਜ਼ਿਸ਼ਘਾੜਾ ਗੈਂਗਸਟਰ ਗੋਲਡੀ ਬਰਾੜ ਕੈਨੇਡਾ ਤੋਂ ਫ਼ਰਾਰ ਹੋ ਗਿਆ ਹੈ। ਉਸ ਦੇ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਵਿਚ ਪਹੁੰਚਣ ਦੇ ਚਰਚੇ ਹਨ। ਦੱਸਣਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਦੇ ਖ਼ਤਰਨਾਕ ਅਪਰਾਧੀ ਗੋਲਡੀ ਬਰਾੜ ਖ਼ਿਲਾਫ਼ ਇੰਟਰਪੋਲ ਵੱਲੋਂ ਰੈੱਡ ਕਾਰਨਰ ਨੋਟਿਸ ਪਹਿਲਾਂ ਹੀ ਜਾਰੀ ਕੀਤਾ ਹੋਇਆ ਹੈ ਅਤੇ ਉਸ ਨੂੰ ਭਾਰਤ ਲਿਆਉਣ ਦੇ ਯਤਨ ਕੀਤੇ ਜਾ ਰਹੇ ਸਨ ਪਰ ਉਹ ਪਹਿਲਾਂ ਹੀ ਕੈਨੇਡਾ ਛੱਡ ਚੁੱਕਿਆ ਹੈ। ਸੂਤਰਾਂ ਦੀ ਮੰਨੀ ਜਾਵੇ ਤਾਂ ਗੋਲਡੀ ਕਾਨੂੰਨ ਜ਼ਰੀਏ ਅਮਰੀਕਾ ਵਿਚ ਰਾਜਸੀ ਸ਼ਰਨ ਲੈਣ ਦੀ ਤਾਕ ਵਿਚ ਹੈ। ਰਾਜਸੀ ਸ਼ਰਨ ਉਸ ਵਿਅਕਤੀ ਨੂੰ ਮਿਲਦੀ ਹੈ, ਜਦੋਂ ਉਹ ਇਹ ਸਾਬਤ ਕਰ ਦੇਵੇ ਕਿ ਉਸ ਨੂੰ ਆਪਣੇ ਦੇਸ਼ ਵਿਚ ਇਨਸਾਫ਼ ਮਿਲਣ ਦੀ ਉਮੀਦ ਨਹੀਂ ਹੈ। ਕਾਬਲੇਗ਼ੌਰ ਹੈ ਕਿ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਗੋਲਡੀ ਬਰਾੜ ਬੰਬੀਹਾ ਗੈਂਗ ਦੀ ਹਿੱਟ ਲਿਸਟ ਉਤੇ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਨਵੀਆਂ ਚੁਣੌਤੀਆਂ ਨੇ ਘੇਰਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੂੰ ਰਾਜਸੀ ਖੇਤਰ ਦੇ ਨਾਲ-ਨਾਲ ਧਾਰਮਿਕ ਖੇਤਰ ਦੀਆਂ ਚੁਣੌਤੀਆਂ ਨੇ ਵੀ ਘੇਰ ਲਿਆ ਹੈ। ਸੁਪਰੀਮ ਕੋਰਟ ਵੱਲੋਂ ਹਰਿਆਣਾ ਦੀ ਵੱਖਰੀ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਨਾਲ ਪਾਰਟੀ ਨੂੰ ਹੀ ਨਹੀਂ ਸਗੋਂ ਪਾਰਟੀ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੂੰ ਵੀ ਵੱਡਾ ਝਟਕਾ ਲੱਗਿਆ ਹੈ।

ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕੀਤਾ ਹੋਇਆ ਹੈ। ਇਸ ਮੁੱਦੇ 'ਤੇ ਪਾਰਟੀ ਪ੍ਰਧਾਨ ਵੱਲੋਂ ਸੀਨੀਅਰ ਆਗੂਆਂ ਦੀ ਮੀਟਿੰਗ ਬੁਲਾਈ ਗਈ। ਅਕਾਲੀ ਦਲ ਨੂੰ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ 'ਚ ਵੀ ਵੱਖਰੀਆਂ ਗੁਰਦੁਆਰਾ ਕਮੇਟੀਆਂ ਦੀ ਮੰਗ ਉੱਠਣ ਦਾ ਖ਼ਦਸ਼ਾ। ਸੁਪਰੀਮ ਕੋਰਟ ਦਾ ਹੁਕਮ ਆਉਣ ਤੋਂ ਬਾਅਦ ਸ੍ਰੀ ਬਾਦਲ ਨੇ ਪਾਰਟੀ ਦੇ ਚੋਣਵੇਂ ਆਗੂਆਂ ਨਾਲ ਹਰਿਆਣਾ ਦੀ ਵੱਖਰੀ



ਕਮੇਟੀ ਦੇ ਹੋਂਦ 'ਚ ਆਉਣ ਨਾਲ ਸ਼੍ਰੋਮਣੀ ਕਮੇਟੀ ਨੂੰ ਵੱਜੀ ਸੱਟ ਦੇ ਨਾਲ-ਨਾਲ ਦਲ ਨੂੰ ਸਿਆਸੀ ਤੌਰ 'ਤੇ ਖੜ੍ਹੀਆਂ ਹੋਣ ਵਾਲੀਆਂ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਗਈ।

ਪਾਰਟੀ ਦੇ ਸੀਨੀਅਰ ਆਗੂਆਂ ਦੇ ਇਕ ਧੜੇ ਦਾ ਕਹਿਣਾ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿਆਸੀ ਪਾਰਟੀਆਂ ਖਾਸ ਕਰ ਕਾਂਗਰਸ ਤੇ ਭਾਜਪਾ ਦੇ ਦਖਲ ਦੇ ਮੁੱਦੇ 'ਤੇ ਸੰਘਰਸ਼ ਵਿੱਢਿਆ ਜਾ ਸਕਦਾ ਹੈ। ਇਸੇ ਤਰ੍ਹਾਂ ਕੁਝ ਆਗੂਆਂ ਦਾ ਕਹਿਣਾ ਹੈ ਕਿ ਕਾਨੂੰਨੀ ਪੱਖ ਵਿਚਾਰਨ ਤੋਂ ਬਾਅਦ ਹੀ ਅਗਲੀ ਰਣਨੀਤੀ ਉਲੀਕੀ ਜਾਵੇ। ਸ਼੍ਰੋਮਣੀ ਅਕਾਲੀ ਦਲ ਨੂੰ ਲੰਘੇ ਮਹੀਨਿਆਂ ਦੌਰਾਨ ਹੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ 'ਤੇ ਵਿਰੋਧੀ ਧੜੇ ਦਾ ਕਬਜ਼ਾ ਹੋਣ ਤੋਂ ਬਾਅਦ ਕੌਮੀ ਰਾਜਧਾਨੀ ਵਿਚ ਵੱਡੀ ਸੱਟ ਵੱਜੀ ਸੀ। ਤਾਜ਼ਾ ਹਾਲਾਤ ਦੇਖੇ ਜਾਣ ਤਾਂ ਅਕਾਲੀ ਦਲ ਦੇ ਹਰਿਆਣਾ ਵਿਚਲੇ ਆਧਾਰ ਨੂੰ ਖੋਰਾ ਲੱਗਣਾ ਸੰਭਵ ਹੈ।

ਪੰਜਾਬ ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਸੀ ਤਾਂ ਸਾਲ 2014 ਵਿਚ ਹਰਿਆਣਾ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਵੱਖਰੀ ਐਚ.ਜੀ.ਪੀ.ਸੀ. ਦਾ ਗਠਨ ਕਰ ਦਿੱਤਾ ਸੀ। ਇਸ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸੰਘਰਸ਼ ਦਾ ਐਲਾਨ ਕੀਤਾ ਸੀ ਪਰ ਭਾਜਪਾ ਦੇ ਦਖਲ ਤੋਂ ਬਾਅਦ ਕਾਨੂੰਨੀ ਕਾਰਵਾਈ ਨੂੰ ਤਰਜੀਹ ਦਿੱਤੀ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਹਰਿਆਣਾ ਵਿਚ ਭਾਜਪਾ ਸਰਕਾਰ ਦੇ ਗਠਨ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਨੇ ਹਰਿਆਣਾ ਕਮੇਟੀ ਦਾ ਵਿਵਾਦ ਖ਼ਤਮ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਦੀ ਮੰਗ ਕੀਤੀ, ਜੋ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਜ਼ਰ ਅੰਦਾਜ਼ ਕਰ ਦਿੱਤੀ। ਬਾਦਲ ਪਰਿਵਾਰ 'ਤੇ ਇਹ ਵੀ ਦੋਸ਼ ਲੱਗਦੇ ਰਹੇ ਹਨ ਕਿ ਪਾਰਟੀ, ਪੰਜਾਬ ਜਾਂ ਪੰਥਕ ਮੁੱਦਿਆਂ ਦਾ ਹੱਲ ਕਰਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਦੀ ਥਾਂ ਬਾਦਲ ਪਰਿਵਾਰ ਨੇ ਹਰਸਿਮਰਤ ਕੌਰ ਬਾਦਲ ਨੂੰ ਵਜ਼ੀਰੀ ਦਿਵਾਉਣ ਨੂੰ ਹੀ ਤਰਜੀਹ ਦਿੱਤੀ।

# 56 ਪਰਿਵਾਰਾਂ ਦੀ ਸਿੱਖ ਧਰਮ 'ਚ ਵਾਪਸੀ ਕਰਵਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਸਰਹੱਦੀ ਖੇਤਰ ਦੇ 12 ਪਿੰਡਾਂ ਤੋਂ 56 ਸਿੱਖ ਪਰਿਵਾਰਾਂ ਦੇ ਲਗਭਗ 500 ਮੈਂਬਰਾਂ ਨੇ ਈਸਾਈ ਧਰਮ ਛੱਡ ਕੇ ਸਿੱਖੀ ਧਰਮ 'ਚ ਘਰ ਵਾਪਸੀ ਕੀਤੀ ਹੈ। ਇਹ ਪਰਿਵਾਰ ਪਿੰਡ ਗੁਰੂ ਕੀ ਵਡਾਲੀ, ਖਾਪੜਖੇੜੀ, ਰਾਮੂਵਾਲ, ਧੱਤਲ, ਚੀਚਾ, ਭਕਨਾ, ਬੁਰਜ, ਸੋਹਲ ਤੇ ਝਬਾਲ ਆਦਿ ਪਿੰਡਾਂ ਨਾਲ ਸਬੰਧਤ ਹਨ। ਜਾਣਕਾਰੀ ਮੁਤਾਬਕ ਗੁਰਦੁਆਰਾ ਛੇਹਰਟਾ ਵਿੱਚ ਉਕਤ ਪਰਿਵਾਰਾਂ ਦੀ ਸਿੱਖ ਧਰਮ ਵਿਚ ਵਾਪਸੀ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।

ਇਸ ਦੌਰਾਨ ਘਰ ਵਾਪਸੀ ਕਰਨ ਵਾਲੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ, ਬਾਵਾ ਸਿੰਘ ਗੁਮਾਨਪੁਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ ਤੇ ਮੀਤ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਸਿਰੋਪੇ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ ਨੇ ਸਿੱਖ ਧਰਮ ਵਿਚ ਵਾਪਸ ਪਰਤੇ ਪਰਿਵਾਰਾਂ ਨੂੰ ਜੀ ਆਇਆਂ ਆਖਿਆ ਅਤੇ ਭਵਿੱਖ 'ਚ ਹੋਰਨਾਂ ਲੋਕਾਂ ਨੂੰ ਅਖੌਤੀ ਪ੍ਰਚਾਰਕਾਂ ਦੇ ਭਰਮਜਾਲ ਤੋਂ ਬਚ ਕੇ ਰਹਿਣ ਲਈ ਅਪੀਲ ਕੀਤੀ। ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਇਹ ਸਿੱਖ ਪਰਿਵਾਰ ਅਖੌਤੀ ਈਸਾਈ ਪ੍ਰਚਾਰਕਾਂ ਦੇ ਗੁਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹੋ ਗਏ ਸਨ। ਇਨ੍ਹਾਂ ਅੰਦਰ ਸਿੱਖੀ ਭਾਵਨਾ ਹੈ ਅਤੇ ਇਨ੍ਹਾਂ ਨੇ ਅਹਿਸਾਸ ਕਰਦਿਆਂ ਘਰ ਵਾਪਸੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਸਰਹੱਦੀ ਖੇਤਰ ਅੰਦਰ ਧਰਮ ਪ੍ਰਚਾਰ ਲਹਿਰ ਚਲਾਈ ਜਾ ਰਹੀ ਹੈ ਅਤੇ ਧਰਮ ਪਰਵਰਤਨ ਦੇ ਮਾਮਲਿਆਂ ਵੱਲ ਵਿਸ਼ੇਸ਼ ਧਿ1ਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਦੌਰਾਨ ਸੰਗਤ ਨੂੰ ਇਹ ਦੱਸਿਆ ਜਾ ਰਿਹਾ ਕਿ ਗਰੀਬ ਵਿਦਿਆਰਥੀਆਂ ਦੇ ਨਾਲ-ਨਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਵਿਦਿਆ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਅੰਮ੍ਰਿਤਧਾਰੀ ਸਿੱਖ ਬੱਚੀਆਂ ਦੀ ਉੱਚ ਸਿੱਖਿਆ ਲਈ ਵੀ ਤਲਵੰਡੀ ਸਾਬੋ ਅਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਵਿੱਚ ਮੁਫ਼ਤ ਰਿਹਾਇਸ਼ੀ ਕੇਂਦਰ ਸਥਾਪਤ ਕੀਤੇ ਗਏ ਹਨ।

# ਪਰਾਲੀ ਬਾਰੇ ਸਖਤੀ ਨੇ ਕਿਸਾਨਾਂ ਦਾ ਪਾਰਾ ਚਾੜ੍ਹਿਆ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਪਾਉਣ ਅਤੇ ਕਿਸਾਨਾਂ ਖ਼ਿਲਾਫ਼ ਕਾਰਵਾਈ ਕਰਨ ਵਾਸਤੇ ਲਏ ਜਾ ਰਹੇ ਫੈਸਲੇ ਦਾ ਗੰਭੀਰ ਨੋਟਿਸ ਲਿਆ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਕਿਸਾਨ ਪਰਾਲੀ ਨੂੰ ਅੱਗ ਲਾਉਣਾ ਨਹੀਂ ਚਾਹੁੰਦੇ ਪਰ ਜੇਕਰ ਸਰਕਾਰ ਪਰਾਲੀ ਦਾ ਕੋਈ ਠੋਸ ਪ੍ਰਬੰਧ ਨਹੀਂ ਕਰਦੀ ਤਾਂ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹੋਣਗੇ।

ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਪਾਉਣ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਕਾਰਵਾਈ ਕਰਨ ਵਰਗੇ ਫੈਸਲੇ ਲੈ ਕੇ ਤਣਾਅ ਵਾਲਾ ਮਾਹੌਲ ਪੈਦਾ ਕਰ ਰਹੀ ਹੈ ਜਦੋਂ ਕਿ ਪਰਾਲੀ ਦਾ ਕੋਈ ਠੋਸ ਪ੍ਰਬੰਧ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਪਰਾਲੀ ਦਾ ਕੋਈ ਠੋਸ ਪ੍ਰਬੰਧ ਨਹੀਂ ਕਰਦੀ ਤਾਂ ਕਿਸਾਨਾਂ ਨੂੰ ਪਰਾਲੀ ਸਾੜਨ ਲਈ ਮਜਬੂਰ ਹੋਣਾ ਪਵੇਗਾ ਅਤੇ ਜੇਕਰ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸਰਕਾਰ ਕੋਈ ਕਾਰਵਾਈ ਕਰੇਗੀ ਤਾਂ ਉਸ ਦਾ



ਡਟਵਾਂ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਹੋਰ ਦੇਸ਼ ਪਰਾਲੀ ਨੂੰ ਪਲਾਈ, ਇੱਟਾਂ, ਗੈਸ ਬਣਾਉਣ ਲਈ ਵਰਤ ਸਕਦੇ ਹਨ ਤਾਂ ਕੇਂਦਰ ਜਾਂ ਪੰਜਾਬ ਸਰਕਾਰ ਇਹ ਕਿਉਂ ਨਹੀਂ ਕਰ ਸਕਦੀ। ਉਧਰ, ਜਥੇਬੰਦੀ ਦੀ ਬਲਾਕ ਮੂਨਕ ਇਕਾਈ ਦੀ ਮੀਟਿੰਗ ਪਿੰਡ ਮੰਡਵੀਂ ਵਿਚ ਹੋਈ, ਜਿਸ ਵਿਚ 26 ਪਿੰਡਾਂ ਦੀਆਂ ਇਕਾਈਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

# ਐਨ.ਜੀ.ਟੀ. ਵੱਲੋਂ ਪੰਜਾਬ ਨੂੰ 2000 ਕਰੋੜ ਤੋਂ ਵੱਧ ਦਾ ਜੁਰਮਾਨਾ

**ਨਵੀਂ ਦਿੱਲੀ:** ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਪੰਜਾਬ ਸਰਕਾਰ ਨੂੰ ਠੋਸ ਤੇ ਤਰਲ ਕੂੜੇ (ਰਹਿੰਦ-ਖੂੰਹਦ) ਦੇ ਪ੍ਰਬੰਧਨ ਵਿਚ ਨਾਕਾਮ ਰਹਿਣ 'ਤੇ 2000 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਟ੍ਰਿਬਿਊਨਲ ਨੇ ਕਿਹਾ ਕਿ ਸੂਬਾ ਸਰਕਾਰ ਦੀ ਨਾਕਾਮੀ ਕਰਕੇ ਕੂੜੇ ਦੀ ਪੈਦਾਵਾਰ ਤੇ ਪ੍ਰਬੰਧਨ ਵਿਚ ਵੱਡਾ ਖੱਪਾ ਬਣ ਗਿਆ ਹੈ। ਐਨ.ਜੀ.ਟੀ. ਚੇਅਰਪਰਸਨ ਜਸਟਿਸ ਏ.ਕੇ.ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸਹੀ ਕਦਮ ਪੁੱਟਣ ਲਈ ਅਣਮਿਥੀ ਉਡੀਕ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਸਿਹਤ ਨਾਲ ਜੁੜੇ ਮਸਲਿਆਂ ਨੂੰ ਲਮਕਾਇਆ ਜਾ ਸਕਦਾ ਹੈ।

ਪੰਜਾਬ ਸਰਕਾਰ 100 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਹੀ ਕਰ ਚੁੱਕੀ ਹੈ ਜਦੋਂਕਿ ਟ੍ਰਿਬਿਊਨਲ ਨੇ ਬਕਾਇਆ ਰਕਮ ਇਕ ਵੱਖਰੇ ਖਾਤੇ 'ਚ ਦੋ ਮਹੀਨਿਆਂ ਵਿਚ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ ਹੈ। ਬੈਂਚ ਨੇ ਕਿਹਾ, "ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਵਿਆਪਕ ਯੋਜਨਾ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ, ਜੋ ਨਹੀਂ ਸਮਝੀ ਗਈ। ਬਜਟ ਵਿਚ ਰੱਖਿਆ ਪੈਸਾ ਵੰਡਣ ਮੌਕੇ ਜੇਕਰ ਕੋਈ ਪੂੰਜੀ ਘਾਟਾ ਪੈਂਦਾ ਹੈ ਤਾਂ ਇਹ ਸਰਕਾਰ ਤੇ ਸਿਰਫ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਢੁਕਵੀਂ ਯੋਜਨਾਬੰਦੀ ਕਰਕੇ ਲਾਗਤ ਖਰਚੇ ਨੂੰ ਘਟਾਏ ਜਾਂ ਸਰੋਤਾਂ ਨੂੰ ਵਧਾਏ।" ਬੈਂਚ ਨੇ ਕਿਹਾ ਕਿ ਰਹਿੰਦ-ਖੂੰਹਦ ਦੇ ਪ੍ਰਬੰਧਨ ਨਾਲ ਜੁੜੇ ਵਿਸੇ ਬਾਰੇ ਵਾਤਾਵਰਨਿਕ ਨਿਯਮਾਂ ਦੀ ਪਾਲਣਾ ਸਿਖਰਲੀ ਤਰਜੀਹ ਹੋਣੀ ਚਾਹੀਦੀ ਹੈ।




ਬੈਂਚ ਨੇ ਕਿਹਾ ਕਿ ਕੂੜੇ ਦਾ ਸਹੀ ਪ੍ਰਬੰਧਨ ਨਾ ਹੋਣ ਕਰਕੇ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਨ.ਜੀ.ਟੀ. ਮੁਤਾਬਕ ਕੁੱਲ ਜੁਰਮਾਨਾ 2180 ਕਰੋੜ ਰੁਪਏ ਹੈ, ਜਿਸ ਵਿਚੋਂ ਟ੍ਰਿਬਿਊਨਲ ਨੂੰ 100 ਕਰੋੜ ਰੁਪਏ ਦੀ ਅਦਾਇਗੀ ਪੰਜਾਬ ਸਰਕਾਰ ਪਹਿਲਾਂ ਹੀ ਕਰ ਚੁੱਕੀ ਹੈ। ਇਹ ਜੁਰਮਾਨਾ ਠੋਸ ਰਹਿੰਦ-ਖੂੰਹਦ ਤੇ ਗੰਦੇ ਪਾਣੀ ਨੂੰ ਸੋਧਣ 'ਚ ਨਾਕਾਮ ਰਹਿਣ ਬਦਲੇ ਲਾਇਆ ਗਿਆ ਸੀ। ਬੈਂਚ ਨੇ ਕਿਹਾ, "ਪੰਜਾਬ ਸਰਕਾਰ 2080 ਕਰੋੜ ਰੁਪਏ ਦੀ ਬਕਾਇਆ ਰਕਮ ਦੋ ਮਹੀਨਿਆਂ ਅੰਦਰ ਵੱਖਰੇ ਖਾਤੇ ਵਿਚ ਜਮ੍ਹਾਂ ਕਰਵਾ ਸਕਦੀ ਹੈ।" ਐਨ.ਜੀ.ਟੀ. ਮਿਉਂਸਪਲ ਸੋਲਿਡ ਵੇਸਟ ਮੈਨੇਜਮੈਂਟ ਨੇਮ 2016 ਤੇ ਵਾਤਾਵਰਨ ਨਾਲ ਜੁੜੇ ਹੋਰਨਾਂ ਮਸਲਿਆਂ ਦੀ ਪਾਲਣਾ ਨੂੰ ਯਕੀਨੀ ਬਣਾਉਂਦੀ ਹੈ।

## ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਹੋਵੇ: ਸੀਚੇਵਾਲ

**ਜਲੰਧਰ:** ਐਨ.ਜੀ.ਟੀ. ਵੱਲੋਂ ਕੂੜੇ ਤੇ ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਲਾਏ ਗਏ 2000 ਕਰੋੜ ਰੁਪਏ ਦੇ ਜਰਮਾਨੇ 'ਤੇ ਟਿੱਪਣੀ ਕਰਦਿਆਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਹ ਸਾਰਾ ਕੁਝ ਪ੍ਰਸ਼ਾਸਕੀ ਅਧਿਕਾਰੀਆਂ ਦੀ ਲਾਪਰਵਾਹੀ ਦਾ ਨਤੀਜਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਮਗਰੋਂ ਉਨ੍ਹਾਂ ਕਿਹਾ ਕਿ ਅਫਸਰਾਂ ਨੇ ਜੇ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਂਦਿਆਂ 1974 ਦੇ ਵਾਟਰ ਐਕਟ ਨੂੰ ਲਾਗੂ ਕੀਤਾ ਹੁੰਦਾ ਤਾਂ ਇਸ ਜਰਮਾਨੇ ਤੋਂ ਬਚਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

# ਕੇਂਦਰ ਸਰਕਾਰ ਨੇ ਹੁਣ ਅਮਨ ਅਰੋੜਾ ਨੂੰ ਵਿਦੇਸ਼ ਜਾਣ ਤੋਂ ਰੋਕਿਆ

**ਚੰਡੀਗੜ੍ਹ:** ਕੇਂਦਰ ਦੀ ਭਾਜਪਾ ਹਕੂਮਤ ਅਤੇ 'ਆਪ' ਸਰਕਾਰ ਦਰਮਿਆਨ 'ਅਪਰੇਸ਼ਨ ਲੋਟਸ' ਨੂੰ ਲੈ ਕੇ ਪਹਿਲਾਂ ਹੀ ਟਕਰਾਅ ਚੱਲ ਰਿਹਾ ਸੀ ਅਤੇ ਹੁਣ ਸਿਆਸੀ ਤਲਖੀ ਹੋਰ ਵਧਣ ਦੇ ਆਸਾਰ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਨੇ ਪੰਜਾਬ ਦੀ 'ਆਪ' ਸਰਕਾਰ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਵਿਦੇਸ਼ ਦੌਰੇ ਲਈ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ 24 ਸਤੰਬਰ ਤੋਂ 2 ਅਕਤੂਬਰ ਤੱਕ ਜਰਮਨੀ, ਬੈਲਜੀਅਮ ਅਤੇ ਨੀਦਰਲੈਂਡ ਦੇ ਦੌਰੇ 'ਤੇ ਜਾਣਾ ਸੀ।

ਇੰਡੋ ਜਰਮਨ ਐਨਰਜੀ ਫੋਰਮ ਵੱਲੋਂ ਭਾਰਤ ਦੇ ਅੱਠ ਸੂਬਿਆਂ ਦੀਆਂ 13 ਹਸਤੀਆਂ ਨੂੰ ਗਰੀਨ ਹਾਈਡਰੋਜਨ ਸਬੰਧੀ ਗਿਆਨ ਦੇ ਆਦਾਨ-ਪ੍ਰਦਾਨ ਲਈ ਅਤੇ ਪ੍ਰਦੂਸ਼ਣ ਸਬੰਧੀ ਸਟੱਡੀ ਟੂਰ ਲਈ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ ਸਿਰਫ ਅਮਨ ਅਰੋੜਾ ਹੀ ਸਿਆਸੀ ਸ਼ਖ਼ਸੀਅਤ ਸਨ ਜਦੋਂ ਕਿ ਬਾਕੀ ਸਭ ਨੌਕਰਸ਼ਾਹ ਅਤੇ ਟੈਕਨੋਕਰੇਟ ਸਨ। ਇਨ੍ਹਾਂ ਵਿਚੋਂ ਵਿਦੇਸ਼ ਮੰਤਰਾਲੇ ਨੇ ਅਮਨ ਅਰੋੜਾ ਨੂੰ ਰਾਜਸੀ ਪ੍ਰਵਾਨਗੀ ਨਹੀਂ ਦਿੱਤੀ। ਇਸੇ ਤਰ੍ਹਾਂ ਆਸਾਮ ਦੇ ਆਈ.ਏ.ਐਸ. ਅਧਿਕਾਰੀ ਨੀਰਜ ਵਰਮਾ ਨੂੰ ਵੀ ਹਰੀ ਝੰਡੀ ਨਹੀਂ ਮਿਲੀ। ਵਿਦੇਸ਼ ਮੰਤਰਾਲੇ ਵੱਲੋਂ ਅਮਨ ਅਰੋੜਾ ਨੂੰ ਰਾਜਸੀ ਪ੍ਰਵਾਨਗੀ ਨਾ ਦੇਣ ਦੀ ਕੋਈ ਵਜ੍ਹਾ ਨਹੀਂ ਦੱਸੀ ਗਈ। ਕੇਂਦਰੀ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਨੇ ਇਸ ਦੌਰੇ ਵਾਸਤੇ 13 ਮੈਂਬਰੀ ਵਫ਼ਦ ਦੀ ਸੂਚੀ ਨੂੰ 14 ਸਤੰਬਰ ਨੂੰ ਪ੍ਰਵਾਨਗੀ ਦਿੱਤੀ ਸੀ, ਪਰ ਵਿਦੇਸ਼ ਮੰਤਰਾਲੇ ਨੇ ਅਮਨ ਅਰੋੜਾ ਦੇ ਨਾਂ ਨੂੰ ਹਰੀ




ਝੰਡੀ ਦੇਣ ਤੋਂ ਨਾਂਹ ਕਰ ਦਿੱਤੀ। ਸਿਆਸੀ ਮਾਹਿਰ ਇਸ ਨਾਂਹ-ਨੁੱਕਰ ਪਿੱਛੇ ਕਈ ਅੰਦਾਜ਼ੇ ਲਗਾ ਰਹੇ ਹਨ। ਇਕ ਅਨੁਮਾਨ ਇਹ ਹੈ ਕਿ 'ਅਪਰੇਸ਼ਨ ਲੋਟਸ' ਨੂੰ ਲੈ ਕੇ 'ਆਪ' ਵੱਲੋਂ ਲਾਏ ਦੋਸ਼ਾਂ ਤੋਂ ਭਾਜਪਾ ਕਾਫ਼ੀ ਔਖ ਵਿਚ ਹੈ। ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਕਰਕੇ ਅਮਨ ਅਰੋੜਾ ਨੂੰ ਪ੍ਰਵਾਨਗੀ ਨਾ ਦੇਣਾ ਭਾਜਪਾ ਦੀ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ।

ਉਂਜ ਵਿਦੇਸ਼ ਮੰਤਰਾਲੇ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਰਮਨੀ ਦੌਰੇ ਮੌਕੇ ਅਜਿਹਾ ਕੋਈ ਅੜਿੱਕਾ ਨਹੀਂ ਪਾਇਆ ਜਦੋਂ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 31 ਜੁਲਾਈ ਤੋਂ 7 ਅਗਸਤ 2022 ਤੱਕ ਦੇ ਸਿੰਗਾਪੁਰ ਦੌਰੇ ਲਈ ਪ੍ਰਵਾਨਗੀ ਦੇਣ ਤੋਂ ਕੇਂਦਰ ਸਰਕਾਰ ਨੇ ਨਾਂਹ ਕਰ ਦਿੱਤੀ ਸੀ। ਉਸ ਤੋਂ ਪਹਿਲਾਂ ਵੀ ਅਕਤੂਬਰ 2019 ਵਿਚ ਵੀ ਕੇਜਰੀਵਾਲ ਨੂੰ ਡੈਨਮਾਰਕ ਦੌਰੇ ਲਈ ਪ੍ਰਵਾਨਗੀ ਨਹੀਂ ਦਿੱਤੀ ਗਈ ਸੀ।

## 'ਆਪ' ਦੀ ਚੜ੍ਹਤ ਕੇਂਦਰ ਤੋਂ ਬਰਦਾਸ਼ਤ ਨਹੀਂ: ਅਮਨ ਅਰੋੜਾ

**ਚੰਡੀਗੜ੍ਹ:** ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕੇਂਦਰ ਸਰਕਾਰ ਅਜਿਹੇ ਹਥਕੰਡਿਆਂ ਨਾਲ ਕਦੋਂ ਤੱਕ ਰੋਕੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਸਿਆਸੀ ਖਤਰਾ ਹੋਣ ਕਰਕੇ ਕੇਂਦਰ ਸਰਕਾਰ ਅਜਿਹੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ। ਉਨ੍ਹਾਂ ਦੇ ਵਿਦੇਸ਼ ਦੌਰੇ ਦਾ ਕੇਂਦਰ ਜਾਂ ਸੂਬਾਈ ਖ਼ਜ਼ਾਨੇ 'ਤੇ ਕੋਈ ਬੋਝ ਨਹੀਂ ਪੈਣਾ ਸੀ ਅਤੇ ਇਸ ਸਟੱਡੀ ਟੂਰ ਦੌਰਾਨ ਪਰਾਲੀ ਅਤੇ ਹੋਰ ਪ੍ਰਦੂਸ਼ਣ ਦੇ ਹੱਲ ਲੱਭੇ ਜਾਣੇ ਸਨ। ਉਨ੍ਹਾਂ ਕਿਹਾ ਕਿ 'ਆਪ' ਦੀ ਚੜ੍ਹਤ ਕੇਂਦਰ ਤੋਂ ਬਰਦਾਸ਼ਤ ਨਹੀਂ ਹੋ ਰਹੀ ਹੈ।

# ਨਫਰਤੀ ਅਪਰਾਧ: ਕੈਨੇਡਾ ਰਹਿੰਦੇ ਭਾਰਤੀਆਂ ਨੂੰ ਖਬਰਦਾਰ ਕੀਤਾ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਨੇ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਅਤੇ ਜਿਹੜੇ ਭਾਰਤੀ ਕੈਨੇਡਾ ਦੀ ਯਾਤਰਾ 'ਤੇ ਜਾ ਰਹੇ ਹਨ, ਨੂੰ ਸਾਵਧਾਨ ਤੇ ਚੌਕਸ ਰਹਿਣ ਦਾ ਮਸ਼ਵਰਾ ਦਿੱਤਾ ਹੈ। ਵਿਦੇਸ਼ ਮੰਤਰਾਲਾ ਨੇ ਇਹ ਮਸ਼ਵਰਾ ਕੈਨੇਡਾ ਵਿਚ ਤੇਜੀ ਨਾਲ ਵਧ ਰਹੀਆਂ ਨਫਰਤੀ ਅਪਰਾਧ ਦੀਆਂ ਘਟਨਾਵਾਂ, ਨਸਲੀ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦੇ ਮੱਦੇਨਜ਼ਰ ਦਿੱਤਾ ਹੈ।

ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਐਡਵਾਇਜ਼ਰੀ ਵਿਚ ਕਿਹਾ ਗਿਆ ਹੈ, ''ਕੈਨੇਡਾ ਵਿਚ ਨਫਰਤੀ ਅਪਰਾਧ, ਨਸਲੀ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਨਾਲ ਸਬੰਧਤ ਘਟਨਾਵਾਂ 'ਚ ਤੇਜੀ ਨਾਲ ਵਾਧਾ ਹੋਇਆ ਹੈ। ਕੈਨੇਡਾ 'ਚ ਸਾਡੇ ਹਾਈ ਕਮਿਸ਼ਨ/ਕੌਂਸਲੇਟ ਜਨਰਲ ਨੇ ਉਥੋਂ ਦੇ ਪ੍ਰਸ਼ਾਸਨ ਨਾਲ ਇਨ੍ਹਾਂ ਘਟਨਾਵਾਂ ਨੂੰ ਉਠਾਇਆ ਹੈ ਤੇ ਅਜਿਹੇ ਮਾਮਲਿਆਂ ਦੀ ਜਾਂਚ ਕਰਨ ਤੇ ਇਸ ਸਬੰਧ 'ਚ ਢੁਕਵੀਂ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।



ਪਰ ਕੈਨੇਡਾ ਵਿਚ ਅਜੇ ਤੱਕ ਅਜਿਹੇ ਅਪਰਾਧਾਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਗਿਆ ਹੈ।'' ਵਿਦੇਸ਼ ਮੰਤਰਾਲੇ ਨੇ ਕਿਹਾ, ''ਅਜਿਹੇ ਅਪਰਾਧਾਂ ਦੇ ਵਧਦੇ ਮਾਮਲਿਆਂ ਨੂੰ ਦੇਖਦੇ ਹੋਏ ਕੈਨੇਡਾ 'ਚ ਭਾਰਤੀ ਨਾਗਰਿਕਾਂ ਤੇ ਵਿਦਿਆਰਥੀਆਂ ਤੇ ਉਥੇ ਯਾਤਰਾ ਜਾਂ ਸਿੱਖਿਆ ਲਈ ਜਾਣ ਵਾਲਿਆਂ ਨੂੰ ਚੌਕਸ ਤੇ ਸਾਵਧਾਨ ਰਹਿਣ ਦਾ ਮਸ਼ਵਰਾ ਦਿੱਤਾ ਜਾਂਦਾ ਹੈ।''

ਬਿਆਨ ਵਿਚ ਕਿਹਾ ਗਿਆ ਹੈ ਕਿ ਕੈਨੇਡਾ 'ਚ ਭਾਰਤੀ ਨਾਗਰਿਕ ਤੇ ਵਿਦਿਆਰਥੀ ਓਟਵਾ 'ਚ ਭਾਰਤੀ ਹਾਈ ਕਮਿਸ਼ਨ ਜਾਂ ਟੋਰਾਂਟੋ ਤੇ ਵੈਨਕੂਵਰ 'ਚ ਕੌਂਸਲੇਟ ਜਨਰਲ ਨਾਲ ਸਬੰਧਤ ਵੈੱਬਸਾਈਟ ਜਾਂ 'ਮਦਦ ਪੋਰਟਲ 'ਮਦਦ.ਗੋਵ.ਇਨ' ਉਤੇ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਰਜਿਸਟਰੇਸ਼ਨ ਕਰਵਾਉਣ ਨਾਲ ਹਾਈ ਕਮਿਸ਼ਨ ਤੇ ਕੌਂਸਲੇਟ ਜਨਰਲ ਲਈ ਕਿਸੇ ਵੀ ਜ਼ਰੂਰਤ ਜਾਂ ਐਮਰਜੈਂਸੀ ਵਿਚ ਕੈਨੇਡਾ 'ਚ ਭਾਰਤੀ ਨਾਗਰਿਕਾਂ ਨੂੰ ਬਿਹਤਰ ਢੰਗ ਨਾਲ ਸੰਪਰਕ ਕਰਨਾ ਆਸਾਨ ਹੋਵੇਗਾ।

## ਕੈਨੇਡਾ: ਕਰੋਨਾ ਟੀਕਾਕਰਨ ਦੀ ਸ਼ਰਤ 30 ਤੋਂ ਖਤਮ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਵਿਚ ਦਾਖਲੇ ਲਈ ਲਾਜ਼ਮੀ ਕਰੋਨਾ ਟੀਕਾਕਰਨ ਦੀ ਸ਼ਰਤ ਖਤਮ ਕਰ ਦਿੱਤੀ ਹੈ। ਇਸ ਤਜਵੀਜ਼ ਤਹਿਤ 30 ਸਤੰਬਰ ਤੋਂ ਦੇਸ਼ ਵਿਚ ਦਾਖਲ ਹੋਣ ਵਾਲੇ ਲੋਕਾਂ ਨੂੰ ਕਰੋਨਾ ਰੋਕੂ ਟੀਕਾ ਲਵਾਉਣ ਦੀ ਲੋੜ ਨਹੀਂ ਰਹੇਗੀ। ਇਹ ਜਾਣਕਾਰੀ ਇਕ ਅਧਿਕਾਰੀ ਨੇ ਦਿੱਤੀ। ਅਮਰੀਕਾ ਵਾਂਗ ਕੈਨੇਡਾ ਵਿਚ ਹਾਲੇ ਸਿਰਫ ਉਨ੍ਹਾਂ ਲੋਕਾਂ ਨੂੰ ਦਾਖਲ ਹੋਣ ਦੀ ਆਗਿਆ ਹੈ ਜਿਨ੍ਹਾਂ ਦਾ ਕਰੋਨਾ ਰੋਕੂ ਟੀਕਾਕਰਨ ਹੋ ਚੁੱਕਾ ਹੈ। ਅਧਿਕਾਰੀ ਨੇ ਨਾਮ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਕੈਬਨਿਟ ਦੇ ਉਸ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ।

# ਖਾਲਿਸਤਾਨੀ ਰੈਫਰੈਂਡਮ ਬਾਰੇ ਕੈਨੇਡਾ ਕੋਲ ਇਤਰਾਜ਼

**ਨਵੀਂ ਦਿੱਲੀ:** ਭਾਰਤ ਨੇ ਕੈਨੇਡਾ ਵਿਚ 'ਕਥਿਤ ਖਾਲਿਸਤਾਨੀ ਰੈਫਰੈਂਡਮ (ਰਾਇਸ਼ੁਮਾਰੀ)' ਖਿਲਾਫ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਕਾਫੀ ਇਤਰਾਜ਼ਯੋਗ ਹੈ ਕਿ ਇਕ ਦੋਸਤਾਨਾ ਦੇਸ਼ ਵਿਚ ਕੱਟੜਪੰਥੀ ਅਨਸਰਾਂ ਨੂੰ ਸਿਆਸਤ ਤੋਂ ਪ੍ਰੇਰਿਤ ਅਜਿਹੀ ਗਤੀਵਿਧੀ ਦੀ ਮਨਜ਼ੂਰੀ ਦਿੱਤੀ ਗਈ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਕੂਟਨੀਤਕ ਚੈਨਲਾਂ ਰਾਹੀਂ ਕੈਨੇਡਾ ਦੇ ਅਧਿਕਾਰੀਆਂ ਕੋਲ ਮਾਮਲਾ ਉਠਾਇਆ ਸੀ ਅਤੇ ਅੱਗੇ ਵੀ ਇਸ ਸਬੰਧੀ ਕੈਨੇਡਾ 'ਤੇ ਦਬਾਅ ਬਣਾਇਆ ਜਾਵੇਗਾ। ਬਾਗਚੀ ਨੇ ਕਿਹਾ, "ਤੁਸੀਂ ਸਾਰੇ ਇਸ ਸਬੰਧੀ ਹੋਣ ਵਾਲੀ ਹਿੰਸਾ ਬਾਰੇ ਜਾਣਦੇ ਹੋ।" ਉਨ੍ਹਾਂ 'ਖਾਲਿਸਤਾਨੀ




ਰੈਫਰੈਂਡਮ' ਨੂੰ ਇਕ ਹਾਸੋਹੀਣੀ ਕਾਰਵਾਈ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਨੇ ਜਵਾਬ ਦਿੱਤਾ ਹੈ ਕਿ ਉਹ ਭਾਰਤ ਦੀ ਪ੍ਰਭੁਸੱਤਾ ਤੇ ਅਖੰਡਤਾ ਦਾ ਸਨਮਾਨ ਕਰਦੇ ਹਨ ਅਤੇ ਉਹ ਦੇਸ਼ ਵਿਚ ਹੋਏ ਰੈਫਰੈਂਡਮ ਨੂੰ ਮਾਨਤਾ ਨਹੀਂ ਦੇਣਗੇ। ਭਾਰਤ ਦਾ ਦੋਸ਼ ਹੈ ਕਿ ਕੈਨੇਡਾ ਦੇ ਅਧਿਕਾਰੀਆਂ ਨੇ ਪੰਜਾਬ ਨੂੰ ਵੱਖਰਾ ਮੁਲਕ ਐਲਾਨਣ ਦੀ ਮੰਗ ਕਰਦੇ 'ਰੈਫਰੈਂਡਮ' ਨੂੰ ਰੋਕਣ ਲਈ ਜ਼ਿਆਦਾ ਕੋਸ਼ਿਸ਼ ਨਹੀਂ ਕੀਤੀ, ਜਿਸ ਕਾਰਨ ਭਾਰਤ ਖਫ਼ਾ ਹੈ।

# ਸਿੱਧੂ ਮੂਸੇਵਾਲਾ ਨੂੰ ਯੂਟਿਊਬ ਡਾਇਮੰਡ ਪਲੇਅ ਬਟਨ ਐਵਾਰਡ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਪੌਣੇ ਚਾਰ ਮਹੀਨਿਆਂ ਬਾਅਦ ਯੂਟਿਊਬ ਨੇ ਗਾਇਕ ਨੂੰ 'ਡਾਇਮੰਡ ਪਲੇਅ ਬਟਨ' ਐਵਾਰਡ ਦਿੱਤਾ ਹੈ। ਇਹ ਉਪਲਬਧੀ ਹਾਸਲ ਕਰਨ ਵਾਲੇ ਉਹ ਪਹਿਲੇ ਪੰਜਾਬੀ ਗਾਇਕ ਹਨ। ਮੂਸੇਵਾਲਾ ਨੂੰ ਯੂਟਿਊਬ ਪਲੇਟਫਾਰਮ 'ਤੇ ਇਕ ਕਰੋੜ ਤੋਂ ਵੱਧ ਚਾਹੁਣ ਵਾਲੇ ਮਿਲਣ 'ਤੇ ਯੂਟਿਊਬ ਤੋਂ 'ਡਾਇਮੰਡ ਪਲੇਅ ਬਟਨ' ਪ੍ਰਾਪਤ ਹੋਇਆ ਹੈ।



ਉਸ ਦੇ ਯੂਟਿਊਬ ਚੈਨਲ ਦੇ ਇਸ ਵੇਲੇ 1 ਕਰੋੜ 69 ਲੱਖ ਪ੍ਰਸ਼ੰਸਕ ਹਨ। ਜਾਣਕਾਰੀ ਅਨੁਸਾਰ 'ਡਾਇਮੰਡ ਪਲੇਅ ਬਟਨ' ਇਕ ਯੂਟਿਊਬ ਸਿਰਜਣਹਾਰ ਐਵਾਰਡ ਹੈ, ਜੋ ਉਨ੍ਹਾਂ ਚੈਨਲਾਂ ਨੂੰ ਦਿੱਤਾ ਜਾਂਦਾ ਹੈ, ਜੋ ਵੀਡੀਓ ਅਪਲੋਡਿੰਗ ਪਲੇਟਫਾਰਮ ਦੁਆਰਾ 10 ਮਿਲੀਅਨ ਗਾਹਕਾਂ ਤੱਕ ਪਹੁੰਚ ਕਰਦੇ ਹਨ ਜਾਂ ਇਸ ਨੂੰ ਪਾਰ ਕਰਦੇ ਹਨ। ਇਸ ਦਾ ਉਦੇਸ਼ ਇਸ ਦੇ ਸਭ ਤੋਂ ਪ੍ਰਸਿੱਧ ਚੈਨਲਾਂ ਨੂੰ ਪਛਾਣਨਾ ਹੈ। ਇਸ ਪੰਜਾਬੀ ਗਾਇਕ ਨੇ ਆਪਣੇ 5 ਸਾਲ ਦੇ ਮਿਊਜ਼ਿਕ ਕਰੀਅਰ 'ਚ ਇੰਡਸਟਰੀ ਨੂੰ ਦਮਦਾਰ ਗੀਤ ਦਿੱਤੇ ਹਨ।

## ਨਵਾਂ ਟੈਲੀਕਾਮ ਬਿੱਲ ਲਿਆਉਣ ਦੀ ਤਿਆਰੀ

**ਨਵੀਂ ਦਿੱਲੀ:** ਦੂਰਸੰਚਾਰ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਨਵਾਂ ਟੈਲੀਕਾਮ ਬਿੱਲ, ਜਿਹੜਾ 137 ਸਾਲ ਪੁਰਾਣੇ ਇੰਡੀਅਨ ਟੈਲੀਗ੍ਰਾਫ ਐਕਟ ਦੀ ਥਾਂ ਲਵੇਗਾ, 6 ਤੋਂ 10 ਮਹੀਨਿਆਂ ਦੇ ਅੰਦਰ ਲਿਆਂਦਾ ਜਾ ਸਕਦਾ ਹੈ ਪਰ ਸਰਕਾਰ ਕਿਸੇ ਕਾਹਲੀ ਵਿਚ ਨਹੀਂ ਹੈ। ਇਹ ਬਿੱਲ ਇੰਡੀਅਨ ਟੈਲੀਗ੍ਰਾਫੀ ਐਕਟ 1933 ਅਤੇ ਟੈਲੀਗ੍ਰਾਫ ਵਾਇਰਜ਼ (ਗੈਰਕਾਨੂੰਨੀ ਕਬਜ਼ਾ) ਐਕਟ 1950 ਦੀ ਜਗ੍ਹਾ ਵੀ ਲਵੇਗਾ। ਅੰਤਿਮ ਰੂਪ ਵਿਚ ਬਿੱਲ ਨੂੰ ਲਾਗੂ ਕਰਨ ਦੀ ਸਮਾਂ ਹੱਦ ਬਾਰੇ ਸਵਾਲ ਦੇ ਜਵਾਬ ਵਿਚ ਵੈਸ਼ਨਵ ਨੇ ਕਿਹਾ, ''ਸਲਾਹ ਮਸ਼ਵਰੇ ਦੀ ਪ੍ਰਕਿਰਿਆ ਮਗਰੋਂ ਆਖਰੀ ਖਰੜਾ ਤਿਆਰ ਕਰਾਂਗੇ ਜੋ ਸਬੰਧਤ ਸੰਸਦੀ ਕਮੇਟੀ ਸਾਹਮਣੇ ਰੱਖਿਆ ਜਾਵੇਗਾ ਅਤੇ ਫਿਰ ਸੰਸਦ ਵਿਚ ਲਿਆਂਦਾ ਜਾਵੇਗਾ। ਮੇਰੇ ਖਿਆਲ ਵਿਚ 6 ਤੋਂ 10 ਮਹੀਨੇ ਦਾ ਸਮਾਂ ਲੱਗੇਗਾ ਪਰ ਅਸੀਂ ਕਿਸੇ ਕਾਹਲੀ ਵਿਚ ਨਹੀਂ ਹਾਂ।'' ਜੇਕਰ ਬਿੱਲ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਕਾਲਿੰਗ ਅਤੇ ਮੈਸੇਜ ਸੇਵਾਵਾਂ ਦੇਣ ਵਾਲੇ ਵਟਸਐਪ, ਜ਼ੂਮ ਅਤੇ ਗੂਗਲ ਡਿਓ ਆਦਿ ਸ਼ਾਮਲ ਹਨ, ਨੂੰ ਦੇਸ਼ ਵਿਚ ਸੇਵਾਵਾਂ ਪ੍ਰਦਾਨ ਕਰਨ ਲਈ ਲਾਇਸੈਂਸ ਦੀ ਲੋੜ ਪੈ ਸਕਦੀ ਹੈ।

# ਗਰੀਨ ਕਾਰਡ ਦੀ ਝਾਕ 'ਚ ਬੈਠੇ ਨੌਜਵਾਨਾਂ ਨੂੰ ਆਸ ਬੱਝੀ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਵੱਲੋਂ ਗਰੀਨ ਕਾਰਡ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ ਘਟਾ ਕੇ ਛੇ ਮਹੀਨੇ ਤੇ ਸਾਰੇ ਬੈਕਲਾਗ ਅਪਰੈਲ 2023 ਤੱਕ ਖਤਮ ਕਰਨ ਸਬੰਧੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਹ ਤਜਵੀਜ਼ ਜੇਕਰ ਲਾਗੂ ਹੋ ਗਈ ਤਾਂ ਇਸ ਨਾਲ ਭਾਰਤ ਅਤੇ ਚੀਨ ਸਮੇਤ ਹੋਰ ਹਜ਼ਾਰਾਂ ਪਰਵਾਸੀ ਪਰਿਵਾਰਾਂ ਨੂੰ ਲਾਭ ਹੋਵੇਗਾ।




**ਗਰੀਨ ਕਾਰਡ ਅਰਜ਼ੀਆਂ ਦਾ ਪ੍ਰੋਸੈਸਿੰਗ ਸਮਾਂ ਘਟਾ ਕੇ ਛੇ ਮਹੀਨੇ ਤੇ ਸਾਰੇ ਬੈਕਲਾਗ ਅਪਰੈਲ 2023 ਤੱਕ ਖਤਮ ਕਰਨ ਸਬੰਧੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਵਿਚਾਰ**

ਏਸ਼ਿਆਈ ਅਮਰੀਕੀ, ਜੱਦੀ ਹਵਾਈ ਅਤੇ ਪੈਸੇਫਿਕ ਟਾਪੂਆਂ ਬਾਰੇ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਨੇ ਇਸ ਸਾਲ ਮਈ 'ਚ ਇਹ ਸਿਫਾਰਸ਼ਾਂ ਕੀਤੀਆਂ ਸਨ। ਕਮਿਸ਼ਨ ਨੇ ਰਿਪੋਰਟ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਇਹ 24 ਅਗਸਤ ਨੂੰ ਰਾਸ਼ਟਰਪਤੀ ਭਵਨ ਨੂੰ ਸੌਂਪ ਦਿੱਤੀ ਸੀ। ਸਿਲੀਕਾਨ ਵੈਲੀ ਆਧਾਰਿਤ ਭਾਰਤੀ-ਅਮਰੀਕੀ ਕਾਰੋਬਾਰੀ ਅਜੈ ਜੈਨ ਨੇ ਭਾਈਚਾਰੇ ਤੋਂ ਮਿਲੀ ਫੀਡਬੈਕ ਮਗਰੋਂ ਕਮਿਸ਼ਨ ਦੀ ਪਹਿਲੀ ਬੈਠਕ ਦੌਰਾਨ ਹੀ ਤਜਵੀਜ਼ਾਂ ਪੇਸ਼ ਕਰ ਦਿੱਤੀਆਂ ਸਨ। ਉਸ ਦੀ ਤਜਵੀਜ਼ ਨੂੰ ਕਮਿਸ਼ਨ ਨੇ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਸੀ।

# ਭਾਰਤ ਸਰਕਾਰ ਨੇ ਵਿਦੇਸ਼ ਤੋਂ ਆਉਂਦੀਆਂ ਰੁਜ਼ਗਾਰ ਦੀਆਂ ਪੇਸ਼ਕਸ਼ਾਂ ਬਾਰੇ ਕੀਤਾ ਚੌਕਸ

**ਨਵੀਂ ਦਿੱਲੀ:** ਭਾਰਤ ਨੇ ਵਿਦੇਸ਼ਾਂ ਵਿਚ ਨੌਕਰੀਆਂ ਦੀ ਭਾਲ ਕਰ ਰਹੇ ਆਪਣੇ ਨਾਗਰਿਕਾਂ ਨੂੰ ਵਿਦੇਸ਼ੀ ਰੁਜ਼ਗਾਰਦਾਤਾਵਾਂ ਅਤੇ ਭਰਤੀ ਏਜੰਟਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਦੀ ਸਲਾਹ ਦਿੱਤੀ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕਾਲ ਸੈਂਟਰ ਘੁਟਾਲੇ ਤੇ ਕ੍ਰਿਪਟੋਕਰੰਸੀ ਦੀ ਧੋਖਾਧੜੀ ਵਿਚ ਸ਼ਾਮਲ ਸ਼ੱਕੀ ਆਈ.ਟੀ. ਫਰਮਾਂ ਵੱਲੋਂ ਥਾਈਲੈਂਡ ਵਿਚ 'ਡਿਜੀਟਲ ਸੇਲਜ਼ ਤੇ ਮਾਰਕੀਟਿੰਗ ਐਗਜ਼ੀਕਿਊਟਿਵਜ਼' ਦੀਆਂ ਅਸਾਮੀਆਂ ਲਈ ਭਾਰਤੀ ਨੌਜਵਾਨਾਂ ਨੂੰ ਲੁਭਾਉਣ ਲਈ ਮੁਨਾਫੇ ਵਾਲੀਆਂ ਜਾਅਲੀ ਨੌਕਰੀਆਂ ਦੀ ਪੇਸ਼ਕਸ਼ ਕਰਨ ਦੇ ਮਾਮਲੇ ਹਾਲ ਹੀ ਵਿਚ ਬੈਂਕਾਕ ਵਿਚ ਸਥਿਤ ਸਾਡੇ ਮਿਸ਼ਨ ਦੇ ਧਿਆਨ ਵਿਚ ਆਏ ਹਨ। ਮੰਤਰਾਲੇ ਨੇ ਭਾਰਤੀ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ਜਾਂ ਹੋਰ ਸਰੋਤਾਂ ਰਾਹੀਂ ਜਾਰੀ ਕੀਤੀਆਂ ਜਾ ਰਹੀਆਂ ਅਜਿਹੀਆਂ ਫਰਜ਼ੀ ਨੌਕਰੀਆਂ ਦੀਆਂ ਪੇਸ਼ਕਸ਼ਾਂ ਵਿਚ ਨਾ ਫਸਣ। ਭਾਰਤੀ ਨਾਗਰਿਕ ਕਿਸੇ ਵੀ ਨੌਕਰੀ ਦੀ ਪੇਸ਼ਕਸ਼ ਲੈਣ ਤੋਂ ਪਹਿਲਾਂ ਵਿਦੇਸ਼ਾਂ ਵਿਚ ਸਬੰਧਤ ਮਿਸ਼ਨਾਂ ਦੁਆਰਾ ਵਿਦੇਸ਼ੀ ਰੁਜ਼ਗਾਰਦਾਤਾਵਾਂ ਦੇ ਪ੍ਰਮਾਣ ਪੱਤਰਾਂ ਅਤੇ ਭਰਤੀ ਏਜੰਟਾਂ ਦੇ ਨਾਲ-ਨਾਲ ਕਿਸੇ ਵੀ ਕੰਪਨੀ ਦੇ ਪ੍ਰਮਾਣ ਪੱਤਰਾਂ ਦੀ ਜਾਂਚ/ਤਸਦੀਕ ਕਰਨ। ਮਿਆਂਮਾਰ ਵਿਚ ਭਾਰਤੀ ਦੂਤਾਵਾਸ ਨੇ ਹਾਲ ਹੀ ਵਿਚ 60 ਭਾਰਤੀਆਂ ਨੂੰ ਬਚਾਇਆ ਹੈ, ਜੋ



ਥਾਈਲੈਂਡ ਵਿਚ ਨੌਕਰੀਆਂ ਦਾ ਵਾਅਦਾ ਕਰਨ ਵਾਲੇ ਇਕ ਅੰਤਰਰਾਸ਼ਟਰੀ ਰੈਕੇਟ ਦਾ ਸ਼ਿਕਾਰ ਹੋਣ ਤੋਂ ਬਾਅਦ ਉਸ ਦੇਸ ਦੇ ਮਿਆਵਾਡੀ ਖੇਤਰ ਵਿਚ ਫਸ ਗਏ ਸਨ।

## ਮੁਕੁਲ ਰੋਹਤਗੀ ਦਾ ਏਜੀ ਬਣਨ ਤੋਂ ਇਨਕਾਰ


**ਨਵੀਂ ਦਿੱਲੀ:** ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਦੀ ਉਨ੍ਹਾਂ ਨੂੰ ਭਾਰਤ ਦਾ ਅਗਲਾ ਅਟਾਰਨੀ ਜਨਰਲ (ਏਜੀ) ਲਗਾਉਣ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਦੇ ਹਨ। ਹਾਲਾਂਕਿ ਕਿ ਰੋਹਤਗੀ ਨੇ ਦੱਸਿਆ ਕਿ ਉਨ੍ਹਾਂ ਦੇ ਇਸ ਫੈਸਲੇ ਦੀ ਕੋਈ ਖਾਸ ਵਜ੍ਹਾ ਨਹੀਂ ਹੈ। ਕੇਂਦਰ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਰੋਹਤਗੀ ਨੂੰ ਏਜੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਸੀ। ਜਾਣਕਾਰੀ ਅਨੁਸਾਰ ਇਸ ਵੇਲੇ ਏਜੀ ਦੇ ਅਹੁਦੇ 'ਤੇ ਤਾਇਨਾਤ ਕੇਕੇ ਵੇਣੂਗੋਪਾਲ ਦਾ ਕਾਰਜਕਾਲ 30 ਸਤੰਬਰ ਨੂੰ ਸਮਾਪਤ ਹੋ ਜਾਵੇਗਾ।

# ਬਾਇਡਨ ਵੱਲੋਂ ਭਾਰਤ, ਜਰਮਨੀ ਤੇ ਜਾਪਾਨ ਨੂੰ ਸਥਾਈ ਮੈਂਬਰੀ ਦੇਣ ਦੀ ਵਕਾਲਤ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤ, ਜਰਮਨੀ ਤੇ ਜਾਪਾਨ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸਥਾਈ ਨੁਮਾਇੰਦਗੀ ਦੇਣ ਦੀ ਵਕਾਲਤ ਕੀਤੀ ਹੈ। ਵ੍ਹਾਈਟ ਹਾਊਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਪਾਸੇ ਅਜੇ ਬਹੁਤ ਕੰਮ ਕਰਨ ਦੀ ਲੋੜ ਹੈ।

ਅਧਿਕਾਰੀ ਨੇ ਇਕ ਸਵਾਲ ਦੇ ਜਵਾਬ 'ਚ ਕਿਹਾ, "ਅਸੀਂ ਭਾਰਤ, ਜਰਮਨੀ ਤੇ ਜਾਪਾਨ ਨੂੰ ਸੁਰੱਖਿਆ ਕੌਂਸਲ ਦਾ ਸਥਾਈ ਮੈਂਬਰ ਬਣਾਉਣ ਦੀ ਪਹਿਲਾਂ ਵੀ ਵਕਾਲਤ ਕਰਦੇ ਰਹੇ ਹਾਂ ਤੇ ਅੱਗੇ ਵੀ ਕਰਾਂਗੇ।" ਬਾਇਡਨ ਨੇ ਯੂ.ਐਨ. ਆਮ ਸਭਾ ਦੇ ਇਜਲਾਸ ਨੂੰ ਸੰਬੋਧਨ ਕਰਦਿਆਂ ਯੂ.ਐਨ. ਸੁਰੱਖਿਆ ਕੌਂਸਲ 'ਚ ਸੁਧਾਰ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਸੀ।

ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਭਾਰਤ, ਜਾਪਾਨ, ਬ੍ਰਾਜ਼ੀਲ ਤੇ ਉਨ੍ਹਾਂ ਦੇ ਆਪਣੇ ਮੁਲਕ ਨੂੰ ਹੁਣ ਤੱਕ ਯੂ.ਐਨ. ਸੁਰੱਖਿਆ ਕੌਂਸਲ ਦਾ ਸਥਾਈ ਮੈਂਬਰ ਨਾ ਬਣਾਉਣ 'ਤੇ ਉਜ਼ਰ ਜਤਾਇਆ ਹੈ। ਉਨ੍ਹਾਂ ਕਿਹਾ ਕਿ 'ਇਕ ਦਿਨ ਆਏਗਾ ਜਦੋਂ ਇਸ ਮਸਲੇ ਦਾ ਨਿਬੇੜਾ ਹੋਵੇਗਾ।" ਯੂਕਰੇਨੀ ਸਦਰ ਯੂ.ਐਨ. ਆਮ ਸਭਾ ਦੇ ਇਜਲਾਸ ਨੂੰ ਪਹਿਲਾਂ ਰਿਕਾਰਡ ਸੁਨੇਹੇ ਜਰੀਏ ਸੰਬੋਧਨ ਕਰ ਰਹੇ ਸਨ।



## ਭਾਰਤ ਯੂ.ਐਨ. ਸੁਰੱਖਿਆ ਕੌਂਸਲ 'ਚ ਸਥਾਈ ਮੈਂਬਰੀ ਦਾ ਹੱਕਦਾਰ

**ਨਿਊ ਯਾਰਕ:** ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਥਾਈ ਮੈਂਬਰੀ ਦਾ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਭਾਰਤ ਕੋਲ ਸਥਾਈ ਨੁਮਾਇੰਦਗੀ ਨਾ ਹੋਣਾ, ਨਾ ਸਿਰਫ ਸਾਡੇ ਲਈ ਬਲਕਿ ਆਲਮੀ ਜਥੇਬੰਦੀ ਲਈ ਵੀ 'ਚੰਗਾ ਨਹੀਂ' ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਕੌਂਸਲ ਦੇ ਕਾਇਆਕਲਪ ਦੀ ਲੋੜ ਹੈ, ਜੋ ਲੰਮੇ ਸਮੇਂ ਤੋਂ ਬਕਾਇਆ ਹੈ। ਜੈਸ਼ੰਕਰ ਨੇ ਜ਼ੋਰ ਦੇ ਕੇ ਆਖਿਆ ਕਿ ਉਹ ਇਸ ਪਾਸੇ ਕੰਮ ਕਰ ਰਹੇ ਹਨ।

# ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ੇ ਖਿਲਾਫ ਚਿਤਾਵਨੀ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਵਿਚ ਇਥੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਸਦੀ ਪੁਰਾਣੀ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਸਥਿਤੀ ਵਿਚ ਸਿੱਖ ਕੌਮ ਸੰਘਰਸ਼ ਲਈ ਮਜਬੂਰ ਹੋਵੇਗੀ।

ਉਨ੍ਹਾਂ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਜਬਰੀ ਖੋਹਣ ਖਿਲਾਫ ਵੀ ਚਿਤਾਵਨੀ ਦਿੱਤੀ ਹੈ। ਇਸ ਦੌਰਾਨ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੀ ਮੀਟਿੰਗ 30 ਸਤੰਬਰ ਨੂੰ ਸੱਦੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਸਾਬਕਾ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਅੰਤ੍ਰਿੰਗ ਕਮੇਟੀ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਬੰਡਾਲਾ, ਜੋਧ ਸਿੰਘ ਸਮਰਾ, ਮੈਂਬਰ ਭਾਈ ਰਾਮ ਸਿੰਘ, ਮੰਗਵਿੰਦਰ ਸਿੰਘ ਖਾਪੜਖੇੜੀ ਤੇ ਬਾਵਾ ਸਿੰਘ ਗੁਮਾਨਪੁਰਾ ਨੇ ਦੋਸ਼ ਲਾਇਆ ਕਿ ਜਿਥੇ ਕਾਂਗਰਸ ਜਮਾਤ ਨੇ ਸਿੱਖਾਂ ਦਾ ਵੱਡਾ ਨੁਕਸਾਨ ਕੀਤਾ, ਉਥੇ ਹੀ ਕੇਂਦਰ ਦੀ ਭਾਜਪਾ ਸਰਕਾਰ ਆਰ.ਐਸ.ਐਸ. ਦੀ ਸੋਚ ਤਹਿਤ ਦੇਸ਼ ਵਿਚ ਵਸਦੀਆਂ ਘੱਟ ਗਿਣਤੀਆਂ ਨੂੰ ਦਬਾਉਣ ਦਾ ਯਤਨ ਕਰ ਰਹੀ ਹੈ। ਇਸੇ ਤਹਿਤ ਹੁੱਡਾ ਸਰਕਾਰ ਸਮੇਂ ਵੱਖਰੀ



ਹਰਿਆਣਾ ਕਮੇਟੀ ਦਾ ਐਕਟ ਪਾਸ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਐਕਟ ਨੂੰ ਮਾਨਤਾ ਦੇਣ ਲਈ ਭਾਜਪਾ ਨੇ ਵੀ ਕੋਈ ਕਸਰ ਨਹੀਂ ਛੱਡੀ।

ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਸ਼੍ਰੋਮਣੀ ਕਮੇਟੀ ਨੂੰ ਤੋੜਨ ਦੀ ਕਾਰਵਾਈ ਵਿਚ ਕੁਝ ਸਿੱਖ ਚਿਹਰੇ ਵੀ ਸ਼ਾਮਲ ਹਨ, ਜੋ ਨਿਜੀ ਲਾਲਚ ਵਿਚ ਪੰਥ ਵਿਰੋਧੀ ਸ਼ਕਤੀਆਂ ਦੇ ਹੱਥ ਠੋਕਾ ਬਣੇ ਹੋਏ ਹਨ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਸਿੱਖ ਪੰਥ ਦੀ ਸਿਰਮੌਰ ਸੰਸਥਾ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਹੈ, ਜਿਸ ਨੂੰ ਤੋੜਨ ਦੇ ਮਨਸੂਬੇ ਖਿਲਾਫ ਸੰਘਰਸ਼ ਲਈ ਸਿੱਖ ਕੌਮ ਪਿੱਛੇ ਨਹੀਂ ਹਟੇਗੀ। ਉਨ੍ਹਾਂ ਕਿਹਾ ਕਿ ਜੇ ਹਰਿਆਣਾ ਸਰਕਾਰ ਨੇ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਜਬਰੀ ਆਪਣੇ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਨਤੀਜੇ ਚੰਗੇ ਨਹੀਂ ਹੋਣਗੇ।

## ਗੁਰਦੁਆਰੇ ਦੀ ਸਾਂਭ ਸੰਭਾਲ ਹਰਿਆਣਾ ਕਮੇਟੀ ਨੇ ਲਈ

**ਸਿਰਸਾ:** ਸੁਪਰੀਮ ਕੋਰਟ ਵੱਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਨਤਾ ਬਰਕਰਾਰ ਰੱਖੇ ਜਾਣ ਦੇ ਸੁਣਾਏ ਗਏ ਫੈਸਲੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲਦੇ ਸਿਰਸਾ ਸਥਿਤ ਗੁਰਦੁਆਰਾ ਦਸਵੀਂ ਪਾਤਸ਼ਾਹੀ ਦੀ ਸਾਂਭ ਸੰਭਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੈ ਲਈ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਦੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਦੀ ਸੇਵਾ ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਰੇਗੀ। ਇੱਥੋਂ ਦੇ ਗੁਰਦੁਆਰਿਆਂ 'ਚ ਕੰਮ ਕਰਦੇ ਕਿਸੇ ਵੀ ਮੁਲਾਜ਼ਮ ਨੂੰ ਹਟਾਇਆ ਨਹੀਂ ਜਾਵੇਗਾ। ਸਾਰਿਆਂ ਨੂੰ ਨਾਲ ਲੈ ਕੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਦਾ ਕੰਮ ਕੀਤਾ ਜਾਵੇਗਾ।

## ਪਟਨਾ ਸਾਹਿਬ ਤੇ ਦਿੱਲੀ ਦੀ ਵੱਖਰੀ ਕਮੇਟੀ ਬਣ ਸਕਦੀ ਹੈ ਤਾਂ ਹਰਿਆਣਾ ਦੀ ਕਿਉਂ ਨਹੀਂ: ਖੱਟਰ

**ਸ਼ਾਹਬਾਦ ਮਾਰਕੰਡਾ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਹਰਿਆਣਾ ਦੇ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੇ ਸੂਬੇ ਲਈ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦੇ ਹੱਕ ਵਿਚ ਜੋ ਫੈਸਲਾ ਸੁਣਾਇਆ ਹੈ, ਉਹ ਸੂਬੇ ਦੇ ਸਿੱਖਾਂ ਦੀ ਵਿਚਾਰਕ ਜਿੱਤ ਹੈ। ਉਨ੍ਹਾਂ ਕਿਹਾ ਕਿ ਜਦੋਂ ਪਟਨਾ ਸਾਹਿਬ ਤੇ ਦਿੱਲੀ ਸੂਬੇ ਦੀ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਸਕਦੀ ਹੈ ਤਾਂ ਹਰਿਆਣਾ ਦੀ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਪੂਰਾ ਸਿੱਖ ਸਮਾਜ ਇਕਜੁੱਟ ਹੋ ਕੇ ਚੱਲੇਗਾ ਤੇ ਸਮਾਜ ਹਿੱਤ ਵਿਚ ਵਧੀਆ ਕੰਮ ਕਰੇਗਾ।

ਜ਼ਿਕਰਯੋਗ ਹੈ ਕਿ ਅੰਤ੍ਰਿਗ ਕਮੇਟੀ ਦੀ ਹੰਗਾਮੀ ਮੀਟਿੰਗ ਚੰਡੀਗੜ੍ਹ ਵਿਚ ਹੋਈ ਸੀ, ਜਿਸ ਵਿਚ ਹਰਿਆਣਾ ਕਮੇਟੀ ਦੇ ਫੈਸਲੇ ਨੂੰ ਮੰਨਣ ਤੋ ਨਾਂਹ ਕਰਦਿਆਂ ਰੱਦ ਕਰ ਦਿੱਤਾ ਸੀ।

# ਨਕੋਦਰ ਕਾਂਡ: 'ਸਿਟ' ਕਰੇਗੀ ਗੁਆਚੀ ਰਿਪੋਰਟ ਦੀ ਜਾਂਚ

**ਜਲੰਧਰ:** ਨਕੋਦਰ ਵਿਚ 36 ਸਾਲ ਪਹਿਲਾਂ 1986 ਨੂੰ ਵਾਪਰੇ ਬੇਅਦਬੀ ਕਾਂਡ ਦੇ ਮੁੜ ਚਰਚਾ ਵਿਚ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਸਮੱਸਿਆਵਾਂ ਵਧ ਸਕਦੀਆਂ ਸਨ। ਹਾਲ ਹੀ ਵਿਚ ਹਾਈ ਕੋਰਟ ਨੇ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਦਾ 'ਗੁੰਮ' ਹੋਇਆ ਦੂਜਾ ਹਿੱਸਾ ਲੱਭਣ ਲਈ 'ਸਿਟ' ਤੋਂ ਇਸ ਮਾਮਲੇ ਦੀ ਜਾਂਚ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਹਨ, ਜਿਸ ਤਹਿਤ ਹਾਈ ਕੋਰਟ ਨੇ 1986 ਦੇ ਨਕੋਦਰ ਬੇਅਦਬੀ ਤੇ ਗੋਲੀ ਕਾਂਡ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।




ਜ਼ਿਕਰਯੋਗ ਹੈ ਕਿ ਨਕੋਦਰ ਦੇ ਇਕ ਗੁਰਦੁਆਰੇ ਵਿਚ 2 ਫਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਗਏ ਸਨ। ਜਾਣਕਾਰੀ ਅਨੁਸਾਰ ਉਸ ਵੇਲੇ ਪੁਲਿਸ ਨੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਿਲਮਣ ਸਿੰਘ ਗੋਰਸੀਆਂ ਤੇ ਭਾਈ ਹਰਮਿੰਦਰ ਸਿੰਘ ਚਲੂਪੁਰ ਸ਼ਹੀਦ ਹੋ ਗਏ ਸਨ। ਇਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਵੀ ਵਾਰਸਾਂ ਹਵਾਲੇ ਨਹੀਂ ਸੀ ਕੀਤੀਆਂ ਗਈਆਂ।

ਇਸ ਗੋਲੀ ਕਾਂਡ ਦੀ ਜਾਂਚ ਉਸ ਵੇਲੇ ਅਕਾਲੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਦੇ ਕਮਿਸ਼ਨ ਤੋਂ ਕਰਵਾਈ ਸੀ। ਜਾਂਚ ਰਿਪੋਰਟ ਦੇ ਦੋ ਭਾਗ ਸਨ, ਪਰ ਹੁਣ ਤੱਕ ਇਸ ਦਾ ਸਿਰਫ ਇਕ ਭਾਗ ਹੀ ਪੇਸ਼ ਕੀਤਾ ਗਿਆ ਹੈ। ਦੂਜੇ ਭਾਗ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਨਕੋਦਰ ਗੋਲੀ ਕਾਂਡ ਵਿਚ ਸ਼ਹੀਦ ਹੋਣ ਵਾਲੇ ਭਾਈ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਵੱਲੋਂ ਹਾਈ ਕੋਰਟ 'ਚ ਦਾਇਰ ਕੀਤੀ ਪਟੀਸ਼ਨ 'ਤੇ ਜਸਟਿਸ ਨਮਿਤ ਕੁਮਾਰ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

# ਅਦਾਲਤ ਧਾਰਾ 370 ਬਾਰੇ ਪਟੀਸ਼ਨਾਂ ਸੂਚੀਬੱਧ ਕਰਨ ਲਈ ਸਹਿਮਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲਾ ਧਾਰਾ 370 ਦੀਆਂ ਤਜਵੀਜ਼ਾਂ ਨੂੰ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਦਸਹਿਰੇ ਦੀਆਂ ਛੁੱਟੀਆਂ ਮਗਰੋਂ ਸੁਣਵਾਈ ਲਈ ਸੂਚੀਬੱਧ ਕਰਨ 'ਤੇ ਸਹਿਮਤੀ ਜਤਾਈ ਹੈ। ਚੀਫ ਜਸਟਿਸ ਉਦੈ ਉਮੇਸ਼ ਲਲਿਤ ਅਤੇ ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਐੱਸ. ਰਵਿੰਦਰ ਭੱਟ ਦੇ ਬੈਂਚ ਨੇ ਇਕ ਵਕੀਲ ਦੀਆਂ ਇਨ੍ਹਾਂ ਦਲੀਲਾਂ ਦਾ ਨੋਟਿਸ ਲਿਆ ਕਿ ਪਟੀਸ਼ਨਾਂ ਨੂੰ ਗਰਮੀਆਂ ਦੀ ਛੁੱਟੀਆਂ ਮਗਰੋਂ ਸੂਚੀਬੱਧ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਇਨ੍ਹਾਂ ਨੂੰ ਸੂਚੀਬੱਧ ਨਹੀਂ ਕੀਤਾ ਜਾ ਸਕਿਆ।

ਚੀਫ ਜਸਟਿਸ ਨੇ ਕਿਹਾ, ''ਅਸੀਂ ਇਨ੍ਹਾਂ ਨੂੰ ਯਕੀਨੀ ਤੌਰ 'ਤੇ ਸੂਚੀਬੱਧ ਕਰਾਂਗੇ।'' ਦੱਸਣਯੋਗ ਹੈ ਕਿ ਇਸ ਸਾਲ 25 ਅਪਰੈਲ ਨੂੰ




ਤਤਕਾਲੀ ਚੀਫ ਜਸਟਿਸ ਐੱਨ.ਵੀ. ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਧਾਰਾ 370 ਦੀਆਂ ਤਜਵੀਜ਼ਾਂ ਰੱਦ ਕਰਨ ਦੇ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਨੂੰ ਗਰਮੀਆਂ ਦੀਆਂ ਛੁੱਟੀਆਂ ਮਗਰੋਂ ਸੂਚੀਬੱਧ ਕਰਨ 'ਤੇ ਵਿਚਾਰ ਕਰਨ ਸਹਿਮਤੀ ਪ੍ਰਗਟਾਈ ਸੀ। ਸਿਖਰਲੀ ਅਦਾਲਤ ਵਿਚ ਦਸਹਿਰੇ ਦੀਆਂ ਛੁੱਟੀਆਂ ਮਗਰੋਂ ਪਟੀਸ਼ਨਾਂ 'ਤੇ ਸੁਣਵਾਈ ਲਈ ਪੰਜ ਜੱਜਾਂ ਦੇ ਬੈਂਚ ਦਾ ਪੁਨਰਗਠਨ ਕਰਨਾ ਪਵੇਗਾ। ਕਿਉਂਕਿ ਚੀਫ ਜਸਟਿਸ ਐੱਨ.ਵੀ. ਰਾਮੰਨਾ ਅਤੇ ਜਸਟਿਸ ਸੁਭਾਸ਼ ਰੈੱਡੀ ਸੇਵਾਮੁਕਤ ਹੋ ਚੁੱਕੇ ਹਨ।

# ਪਾਕਿ 'ਚ ਜਬਰੀ ਧਰਮ ਤਬਦੀਲ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ 'ਚ ਹਿੰਦੂ ਭਾਈਚਾਰੇ ਨਾਲ ਸਬੰਧਤ ਇਕ ਮਹਿਲਾ ਤੇ ਦੋ ਨਾਬਾਲਗ ਲੜਕੀਆਂ ਨੂੰ ਅਗਵਾ ਕਰਕੇ ਉਨ੍ਹਾਂ 'ਚੋਂ ਦੋ ਦਾ ਜਬਰੀ ਧਰਮ ਤਬਦੀਲ ਕਰਕੇ ਮੁਸਲਮਾਨ ਵਿਅਕਤੀਆਂ ਨਾਲ ਵਿਆਹ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਮੀਨਾ ਮੇਘਵਾੜ (14) ਨੂੰ ਨਾਸਰਪੁਰ ਇਲਾਕੇ ਅਤੇ ਇਕ ਹੋਰ ਨਾਬਾਲਗ ਹਿੰਦੂ ਲੜਕੀ ਨੂੰ ਮੀਰਪੁਰਖਾਸ ਸ਼ਹਿਰ ਦੇ ਬਾਜ਼ਾਰ 'ਚੋਂ ਅਗਵਾ ਕੀਤਾ ਗਿਆ ਹੈ।

ਤੀਜੀ ਘਟਨਾ ਵੀ ਮੀਰਪੁਰਖਾਸ 'ਚ ਵਾਪਰੀ ਜਿਥੇ ਇਕ ਵਿਆਹੁਤਾ ਹਿੰਦੂ ਮਹਿਲਾ ਤਿੰਨ ਬੱਚਿਆਂ ਸਮੇਤ ਲਾਪਤਾ ਹੋ ਗਈ ਤੇ ਬਾਅਦ ਵਿਚ ਉਸ ਦਾ ਧਰਮ ਤਬਦੀਲ ਕਰਕੇ ਮੁਸਲਮਾਨ ਵਿਅਕਤੀ ਨਾਲ ਨਿਕਾਹ ਕਰਵਾਏ ਜਾਣ ਦਾ ਪਤਾ ਲੱਗਾ। ਮਹਿਲਾ ਦੇ ਪਤੀ ਰਵੀ ਕੁਰਮੀ ਨੇ ਸ਼ਿਕਾਇਤ ਦਿੱਤੀ ਹੈ ਕਿ ਉਸ ਦੇ ਗੁਆਂਢੀ ਅਹਿਮਦ ਚਾਂਦੀਓ ਨੇ ਉਸ ਦੀ ਪਤਨੀ ਨੂੰ ਅਗਵਾ ਕਰਕੇ ਉਸ ਦਾ ਜਬਰੀ ਧਰਮ ਤਬਦੀਲ ਕਰਵਾਇਆ ਹੈ ਜਦਕਿ ਉਸ ਦੀ ਪਤਨੀ ਰਾਖੀ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਧਰਮ ਤਬਦੀਲ ਤੇ ਵਿਆਹ ਕੀਤਾ ਹੈ। ਪੁਲਿਸ ਨੇ ਕਿਹਾ ਕਿ ਤਿੰਨਾਂ ਘਟਨਾਵਾਂ ਦੇ ਸਬੰਧ ਵਿਚ ਕੇਸ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਪੰਥਕ ਅਕਾਲੀ ਲਹਿਰ ਵੱਲੋਂ ਰੋਸ ਮਾਰਚ

**ਮੁਹਾਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਾ ਕਰਵਾਉਣ ਦੇ ਰੋਸ ਵਜੋਂ ਪੰਥਕ ਅਕਾਲੀ ਲਹਿਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਮੁਹਾਲੀ ਵਿਚ ਮੀਂਹ ਦੌਰਾਨ ਵਿਸ਼ਾਲ ਰੋਸ ਮਾਰਚ ਕੀਤਾ ਗਿਆ।

ਪੰਜਾਬ ਭਰ 'ਚੋਂ ਸਿੱਖ ਇਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿਖੇ ਬੱਸਾਂ, ਕਾਰਾਂ ਦੇ ਕਾਫ਼ਲਿਆਂ ਵਿਚ ਪਹੁੰਚੇ। ਬੁਲਾਰਿਆਂ ਨੇ ਸਿੱਖ ਮਸਲਿਆਂ 'ਤੇ ਚਰਚਾ ਕਰਨ ਮਗਰੋਂ ਭਾਈ ਰਣਜੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਵੱਲ ਚਾਲੇ ਪਾ ਦਿੱਤੇ। ਉਥੇ ਹੀ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਐਂਟਰੀ ਪੁਆਇੰਟ ਬੈਰੀਕੇਡ ਲਗਾ ਕੇ ਬੰਦ ਕੀਤੇ ਗਏ ਸਨ। ਇਸ ਦੌਰਾਨ ਫੇਜ਼-7 ਦੇ ਲਾਲ ਬੱਤੀ ਚੌਕ 'ਤੇ ਮੁਹਾਲੀ ਦੇ ਐਸ.ਡੀ.ਐਮ. ਸਰਬਜੀਤ ਕੌਰ ਨੂੰ ਮੰਗ ਪੱਤਰ ਸੌਂਪਿਆ ਗਿਆ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਜਲਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾ ਕਰਵਾਈਆਂ ਤਾਂ ਉਹ ਆਪਣੇ ਪੁਰਖਿਆਂ ਦੇ ਇਤਿਹਾਸ ਤੋਂ ਸੇਧ ਲੈ ਕੇ ਅਗਲੀ ਰਣਨੀਤੀ ਉਲੀਕਣ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਇਕ ਸਿਆਸੀ ਪਰਿਵਾਰ ਦੇ ਨਾਜਾਇਜ਼ ਕਬਜ਼ੇ 'ਚੋਂ ਗੁਰੂ ਘਰਾਂ ਨੂੰ ਆਜ਼ਾਦ ਕਰਵਾਉਣ ਲਈ ਜੈਤੋ ਦੇ ਮੋਰਚੇ ਵਾਂਗ ਕੁਰਬਾਨੀ ਲਹਿਰ ਸ਼ੁਰੂ ਕੀਤੀ ਜਾਵੇਗੀ ਅਤੇ ਸਭ ਤੋਂ ਪਹਿਲਾਂ ਉਹ ਖੁਦ ਕੁਰਬਾਨੀ

# ਝੀਂਡਾ ਬਣੇ ਹਰਿਆਣਾ ਕਮੇਟੀ ਦੇ ਪ੍ਰਧਾਨ

**ਕਰਨਾਲ:** ਕੈਥਲ ਦੇ ਗੁਰਦੁਆਰਾ ਨਿੰਮ ਸਾਹਿਬ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰਾਂ ਦੀ ਮੀਟਿੰਗ ਦੌਰਾਨ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਮੌਕੇ ਕਮੇਟੀ ਦੇ ਨਾਮਜ਼ਦ 28 ਮੈਂਬਰ ਮੌਕੇ ਉਤੇ ਹਾਜਰ ਸਨ, ਜਦਕਿ ਪੰਜ ਮੈਂਬਰਾਂ ਨੇ ਫੋਨ ਰਾਹੀਂ ਆਪਣੀ ਸਹਿਮਤੀ ਦਿੱਤੀ ਸੀ, ਜਿਸ ਤੋਂ ਬਾਅਦ ਸਾਰੇ ਮੈਂਬਰਾਂ ਦੀ ਸਰਬਸੰਮਤੀ ਨਾਲ ਜਗਦੀਸ਼ ਸਿੰਘ ਝੀਂਡਾ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ।

ਜ਼ਿਕਰਯੋਗ ਹੈ ਕਿ 2014 ਵਿਚ ਹਰਿਆਣਾ ਵਿਧਾਨ ਸਭਾ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਕਟ ਪਾਸ ਕੀਤਾ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਅਤੇ ਹੁਣ ਸੁਪਰੀਮ ਕੋਰਟ ਨੇ ਹਰਿਆਣਾ ਦੇ ਇਸ ਕਾਨੂੰਨ ਨੂੰ ਮਾਨਤਾ ਦੇ ਦਿੱਤੀ ਹੈ ਅਤੇ ਨਾਲ ਹੀ ਉਸ ਸਮੇਂ ਭੁਪਿੰਦਰ ਸਿੰਘ ਹੁੱਡਾ ਸਰਕਾਰ ਵੱਲੋਂ ਜੋ ਮੈਂਬਰ ਨਾਮਜ਼ਦ ਕੀਤੇ ਗਏ ਸਨ, ਉਨ੍ਹਾਂ ਨੂੰ ਹੀ ਕਮੇਟੀ ਦੇ ਮੈਂਬਰ ਵਜੋਂ ਮਾਨਤਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਕੁੱਲ 41 ਮੈਂਬਰ ਸਨ, ਜਿਨ੍ਹਾਂ ਵਿਚੋਂ ਚਾਰ ਮੈਂਬਰਾਂ ਦੀ ਮੌਤ



## 'ਕਾਨੂੰਨੀ ਪ੍ਰਕਿਰਿਆ ਤਹਿਤ ਹੀ ਹਟਾਇਆ ਜਾ ਸਕਦਾ ਪ੍ਰਧਾਨ'

**ਚੰਡੀਗੜ੍ਹ:** ਬਾਬਾ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਕਮੇਟੀ ਪ੍ਰਧਾਨ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਹਟਾਇਆ ਜਾ ਸਕਦਾ ਹੈ। ਉਨ੍ਹਾਂ ਕੈਥਲ ਦੇ ਨੀਮ ਸਾਹਿਬ ਗੁਰਦੁਆਰਾ ਦੀ ਬੈਠਕ ਨੂੰ ਪੂਰੀ ਤਰ੍ਹਾਂ ਗੈਰ-ਕਾਨੂੰਨੀ ਦੱਸਿਆ। ਦਾਦੂਵਾਲ ਨੇ ਦੱਸਿਆ ਕਿ ਪ੍ਰਧਾਨ ਖਿਲਾਫ ਅਵਿਸ਼ਵਾਸ ਪ੍ਰਸਤਾਵ ਲਿਆਉਣ ਲਈ ਪਹਿਲਾਂ ਕਮੇਟੀ ਦੇ 25 ਮੈਂਬਰਾਂ ਦੁਆਰਾ ਵਿਸ਼ੇਸ਼ ਬੈਠਕ ਬੁਲਾਉਣ ਲਈ ਕਮੇਟੀ ਮੁੱਖ ਦਫਤਰ ਵਿਚ ਸਕੱਤਰ ਨੂੰ ਪੱਤਰ ਦਿੱਤਾ ਜਾਂਦਾ ਹੈ, ਇਸ ਦੇ ਬਾਅਦ 15 ਦਿਨਾਂ ਵਿਚ ਕਾਰਜਕਾਰਨੀ ਦੀ ਬੈਠਕ ਬੁਲਾਈ ਜਾਂਦੀ ਹੈ, ਜਿਸ ਵਿਚ ਤੈਅ ਕੀਤਾ ਜਾਂਦਾ ਹੈ ਕਿ ਵਿਸ਼ੇਸ਼ ਆਮ ਸਭਾ ਬੈਠਕ ਕਦੋਂ ਬੁਲਾਈ ਜਾਣੀ ਹੈ। ਇਸ ਬੈਠਕ 'ਚ ਅਵਿਸ਼ਵਾਸ ਪ੍ਰਸਤਾਵ ਉਤੇ ਫੈਸਲਾ ਹੁੰਦਾ ਹੈ ਤੇ ਉਸ ਤੋਂ ਬਾਅਦ ਚੋਣ ਪ੍ਰਕਿਰਿਆ ਸ਼ੁਰੂ ਹੁੰਦੀ ਹੈ।

ਹੋ ਚੁੱਕੀ ਹੈ, ਜਦਕਿ ਕਰਨਾਲ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਅਸੰਧ ਨੇ ਅਸਤੀਫਾ ਦੇ ਦਿੱਤਾ ਸੀ। ਇਸ ਤੋਂ ਬਾਅਦ 36 ਮੈਂਬਰ ਹਰਿਆਣਾ ਕਮੇਟੀ ਵਿਚ ਰਹਿ ਗਏ ਸਨ, ਜਿਨ੍ਹਾਂ ਵਿਚੋਂ 33 ਮੈਂਬਰਾਂ ਨੇ ਬਹੁਮਤ ਨਾਲ ਜਥੇ. ਜਗਦੀਸ਼ ਸਿੰਘ ਝੀਂਡਾ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਥਾਪਿਆ ਹੈ।

# ਭਾਜਪਾ ਨੇ ਪੰਜਾਬ ਵਿਚ ਜੜ੍ਹਾਂ ਮਜ਼ਬੂਤ ਕਰਨ ਲਈ ਛੇੜੀ ਮੁਹਿੰਮ

**ਚੰਡੀਗੜ੍ਹ:** ਅਕਾਲੀ ਦਲ ਨਾਲੋਂ ਸਿਆਸੀ ਨਾਤਾ ਤੋੜਨ ਪਿੱਛੋਂ ਭਾਜਪਾ ਨੇ ਪੰਜਾਬ ਵਿਚ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਵੱਡੇ ਪੱਧਰ ਉਤੇ ਮੁਹਿੰਮ ਛੇੜੀ ਹੋਈ ਹੈ। ਪਿਛਲੇ ਦਿਨੀਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ ਨਾਲ ਰਲਾਉਣ ਪਿੱਛੋਂ ਪਾਰਟੀ ਆਉਣ ਵਾਲੇ ਦਿਨਾਂ ਵਿਚ ਆਪਣੀਆਂ ਸਰਗਰਮੀਆਂ ਹੋਰ ਵਧਾਉਣ ਜਾ ਰਹੀ ਹੈ।

ਕੈਪਟਨ ਦੀ ਐਂਟਰੀ ਪਿੱਛੋਂ ਤਕਰੀਬਨ ਸਪਸ਼ਟ ਹੈ ਕਿ ਭਗਵਾ ਪਾਰਟੀ ਵੱਲੋਂ ਮਾਲਵਾ ਖੇਤਰ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਯਤਨ ਆਰੰਭ ਦਿੱਤੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਿਸਵਾਂ ਫਾਰਮ ਹਾਊਸ 'ਤੇ ਮੁਲਾਕਾਤ ਕੀਤੀ। ਇਸ ਮੌਕੇ ਪੰਜਾਬ ਦੇ ਸਿਆਸੀ ਹਾਲਾਤਾਂ 'ਤੇ ਵਿਚਾਰ ਚਰਚਾ ਕੀਤੀ ਗਈ। ਕੈਪਟਨ ਨਾਲ ਜਿਹੜੇ ਕਾਂਗਰਸੀ ਆਗੂ ਭਾਜਪਾ ਵਿਚ ਸ਼ਾਮਲ ਹੋਏ ਹਨ, ਉਨ੍ਹਾਂ ਵਿਚੋਂ ਬਹੁਤੇ ਮਾਲਵੇ ਨਾਲ ਜੁੜੇ ਹੋਏ ਹਨ। ਕੈਪਟਨ ਦੇ ਮਾਲਵਾ ਖੇਤਰ ਵਿਚ ਵਿਚਲੇ ਬਹੁਤੇ ਸਾਥੀ ਪਹਿਲਾਂ ਹੀ 'ਕਮਲ ਦਾ ਫੁੱਲ' ਫੜ ਚੁੱਕੇ ਹਨ।



ਮਾਲਵਾ ਖੇਤਰ ਪੰਜਾਬ ਦਾ ਪੇਂਡੂ ਇਲਾਕਾ ਮੰਨਿਆ ਜਾਂਦਾ ਹੈ। ਇਸ ਦੀਆਂ ਸਭ ਤੋਂ ਵੱਧ ਵਿਧਾਨ ਸਭਾ ਦੀਆਂ ਸੀਟਾਂ ਹਨ ਅਤੇ ਇਸ ਖੇਤਰ 'ਚੋਂ ਹੀ ਬਹੁਤੇ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ। ਇਸ ਖੇਤਰ ਵਿਚ ਭਾਜਪਾ ਦਾ ਕਦੇ ਵੀ ਖਾਸ ਸਮਰਥਨ ਨਹੀਂ ਰਿਹਾ ਹੈ। ਹੁਣ ਕੈਪਟਨ ਦੀ ਭਾਜਪਾ 'ਚ ਸ਼ਮੂਲੀਅਤ ਮਗਰੋਂ ਸਿਆਸੀ ਹਲਕਿਆਂ ਵਿਚ ਇਹ ਗੱਲ ਚੱਲ ਰਹੀ ਹੈ ਕਿ ਇਨ੍ਹਾਂ ਆਗੂਆਂ ਦੇ ਭਾਜਪਾ 'ਚ ਜਾਣ ਨਾਲ ਮਾਲਵਾ ਖੇਤਰ ਵਿਚ ਪਾਰਟੀ ਦਾ ਆਧਾਰ ਮਜ਼ਬੂਤ ਹੋਵੇਗਾ। ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਵਿਚ ਕੈਪਟਨ ਦੇ ਸਹਿਯੋਗੀ ਅਤੇ ਮਾਲਵਾ ਖੇਤਰ ਦੇ ਆਗੂ ਸੁਨੀਲ ਜਾਖੜ, ਗੁਰਪ੍ਰੀਤ ਸਿੰਘ ਕਾਂਗੜ, ਕੇਵਲ ਸਿੰਘ ਢਿੱਲੋਂ, ਬਲਵੀਰ ਸਿੰਘ ਸਿੱਧੂ ਵਰਗੇ ਆਗੂ ਪਹਿਲਾਂ ਹੀ ਭਾਜਪਾ ਵਿਚ ਸ਼ਾਮਲ ਹੋ ਚੁੱਕੇ ਹਨ। ਇਸੇ ਤਰ੍ਹਾਂ ਹੁਣ ਕੈਪਟਨ ਅਮਰਿੰਦਰ ਸਿੰਘ ਨਾਲ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਮਾਨਸਾ ਤੋਂ ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਬਠਿੰਡਾ ਤੋਂ ਸਾਬਕਾ ਸੰਸਦ ਮੈਂਬਰ ਕੇਵਲ ਸਿੰਘ, ਲੁਧਿਆਣਾ ਤੋਂ ਅਮਰੀਕ ਸਿੰਘ ਆਲੀਵਾਲ, ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ, ਮਹਿਲ ਕਲਾਂ ਤੋਂ ਸਾਬਕਾ ਵਿਧਾਇਕ ਹਰਚੰਦ ਕੌਰ ਤੇ ਬਲਵੀਰ ਰਾਣਾ ਸੋਢੀ ਭਾਜਪਾ ਵਿਚ ਸ਼ਾਮਲ ਹੋਏ।

### ਕੈਪਟਨ ਦੇ ਤਜਰਬੇ ਦਾ ਭਾਜਪਾ ਲਾਹਾ ਲਵੇਗੀ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਿਸਵਾਂ ਫਾਰਮ ਹਾਊਸ 'ਤੇ ਮੁਲਾਕਾਤ ਕੀਤੀ। ਇਸ ਮੌਕੇ ਪੰਜਾਬ ਦੇ ਸਿਆਸੀ ਹਾਲਾਤਾਂ 'ਤੇ ਵਿਚਾਰ ਚਰਚਾ ਕੀਤੀ ਗਈ। ਕੈਪਟਨ ਅਮਰਿੰਦਰ ਸਿੰਘ ਦੀ ਭਾਜਪਾ ਵਿਚ ਸ਼ਮੂਲੀਅਤ ਮਗਰੋਂ ਅਸ਼ਵਨੀ ਸ਼ਰਮਾ ਨਾਲ ਇਹ ਪਹਿਲੀ ਗ਼ੈਰਰਸਮੀ ਮੀਟਿੰਗ ਸੀ, ਜਿਸ ਵਿਚ ਭਾਜਪਾ ਦੇ ਜਨਰਲ ਸਕੱਤਰ ਜੀਵਨ ਗੁਪਤਾ ਅਤੇ ਸੁਭਾਸ਼ ਸ਼ਰਮਾ ਵੀ ਸ਼ਾਮਲ ਸਨ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁਲਾਕਾਤ ਮਗਰੋਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਤਜਰਬੇ ਦਾ ਭਾਜਪਾ ਲਾਹਾ ਲਵੇਗੀ ਅਤੇ ਅਮਰਿੰਦਰ ਸਿੰਘ ਨਾਲ ਸ਼ਿਸ਼ਟਾਚਾਰ ਦੇ ਨਾਤੇ ਮੁਲਾਕਾਤ ਕੀਤੀ ਗਈ ਹੈ।

## ਸਰਕਾਰ ਵੱਲੋਂ 384 ਏਕੜ ਪੰਚਾਇਤੀ ਜ਼ਮੀਨ ਉਦਯੋਗਿਕ ਪਾਰਕ ਲਈ ਦੇਣ ਦੀ ਤਿਆਰੀ

**ਚਮਕੌਰ ਸਾਹਿਬ:** ਪੰਜਾਬ ਸਰਕਾਰ ਨੇ 4 ਪਿੰਡਾਂ ਦੀ 384 ਏਕੜ ਪੰਚਾਇਤੀ ਜ਼ਮੀਨ ਉਦਯੋਗਿਕ ਪਾਰਕ ਲਈ ਦੇਣ ਦੀ ਤਿਆਰੀ ਖਿੱਚ ਲਈ ਹੈ। ਇਸ ਨਾਲ ਇਲਾਕੇ ਦੇ ਵਾਤਾਵਰਨ 'ਚ ਪੈਣ ਵਾਲੇ ਵਿਗਾੜਾਂ ਬਾਰੇ ਲੋਕਾਂ ਨੇ ਅਜਿਹੇ ਅਦਾਰਿਆਂ ਵਿਰੁੱਧ ਲਾਮਬੰਦੀ ਆਰੰਭ ਦਿੱਤੀ ਹੈ।

ਪੰਜਾਬ ਸਰਕਾਰ ਦੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ ਵੱਲੋਂ ਜਾਰੀ ਪੱਤਰ ਰਾਹੀਂ ਨੇੜਲੇ ਪਿੰਡਾਂ ਮਹਿਤੋਤ, ਕੀੜੀ ਅਫਗਾਨਾਂ, ਬਸੀ ਗੁੱਜਰਾਂ ਅਤੇ ਧੌਲਰਾਂ ਪਿੰਡ ਦੀ 384 ਏਕੜ ਪੰਚਾਇਤੀ ਜਮੀਨ ਉਦਯੋਗਿਕ ਪਾਰਕ ਵਾਸਤੇ ਦੇਣ ਲਈ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੂੰ ਅਗਲੇਰੀ ਕਾਰਵਾਈ ਅਮਲ ਵਿਚ ਲਿਆਉਣ ਲਈ ਕਿਹਾ ਹੈ। ਪੱਤਰ ਅਨੁਸਾਰ ਇਹ ਜਮੀਨ ਗ੍ਰਹਿਣ ਕਰਕੇ ਇੱਥੇ ਉਦਯੋਗਿਕ ਪਾਰਕ ਵਿਕਸਤ ਕਰਨ ਸਬੰਧੀ ਤਜਵੀਜ਼ ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵੀ ਜੁਲਾਈ 2022 ਵਿਚ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਇਸ ਤਜਵੀਜ਼ ਨੂੰ ਜਲਦੀ ਅਮਲੀਜਾਮਾ ਪਹਿਨਾਉਣ ਲਈ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਜਿਲ੍ਹਾ ਰੂਪਨਗਰ ਦੇ ਡੀ.ਡੀ.ਪੀ.ਓ. ਅਤੇ ਚਮਕੌਰ ਸਾਹਿਬ ਦੇ ਬੀ.ਡੀ.ਪੀ.ਓ. ਨੂੰ ਮੁਕੰਮਲ ਤਜਵੀਜ਼ ਤਿਆਰ ਕਰਕੇ ਸਪੱਸ਼ਟ ਸਿਫਾਰਸ਼ ਅਨੁਸਾਰ ਜਲਦੀ ਭੇਜਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਇਹ ਵੀ ਪਤਾ ਲੱਗਿਆ ਹੈ ਕਿ ਇਸ ਪਾਰਕ ਵਿਚ ਸਭ ਤੋਂ ਪਹਿਲਾਂ ਕਪੂਰਥਲਾ ਹਲਕੇ ਦੇ ਵੱਡੇ ਘਰਾਣੇ ਦੀ ਗੱਤਾ ਮਿੱਲ ਲਗਾਈ ਜਾ ਰਹੀ ਹੈ। ਦੂਜੇ ਪਾਸੇ ਇਸ ਤਜਵੀਜ਼ ਦਾ ਪਤਾ ਲੱਗਣ 'ਤੇ ਇਲਾਕੇ ਦੇ ਲੋਕ ਖੁਦ ਹੀ ਇਕਜੁੱਟ ਹੋਣਾ ਸ਼ੁਰੂ ਹੋ ਗਏ ਹਨ।

## ਗੁਰਦੁਆਰਾ ਹੇਮਕੁੰਟ ਸਾਹਿਬ ਨੇੜੇ ਹੈਲੀਪੈਡ ਬਣਿਆ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਨੇੜੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਅਤੇ ਬਚਾਅ ਕਾਰਜਾਂ ਵਿਚ ਸੌਖ ਲਈ ਇਕ ਹੈਲੀਪੈਡ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਗੁਰਦੁਆਰਾ ਹੇਮਕੁੰਟ ਸਾਹਿਬ ਯਾਤਰਾ ਲਈ ਰੋਪ ਵੇਅ ਦਾ ਕੰਮ ਵੀ ਛੇਤੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਉਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਨਾਲ ਇਕ ਮੁਲਾਕਾਤ ਦੌਰਾਨ ਸਾਂਝੀ ਕੀਤੀ ਹੈ।



ਸ੍ਰੀ ਬਿੰਦਰਾ ਨੇ ਦੱਸਿਆ ਕਿ ਉਹ ਰਾਜਪਾਲ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ ਹੇਮਕੁੰਟ ਸਾਹਿਬ ਯਾਤਰਾ ਤੇ ਯਾਤਰਾ ਮਾਰਗ ਲਈ ਚੱਲ ਰਹੇ ਨਿਰਮਾਣ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਉਤਰਾਖੰਡ ਸਰਕਾਰ ਦੀ ਮਦਦ ਨਾਲ ਯਾਤਰਾ ਨੂੰ ਸੁਖਾਲਾ ਬਣਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਤਹਿਤ ਬਦਰੀਨਾਥ ਹਾਈਵੇਅ ਲਈ ਕੇਂਦਰ ਸਰਕਾਰ ਵੱਲੋਂ 48 ਕਰੋੜ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਗਈ ਹੈ। ਇਸ ਮਾਰਗ 'ਤੇ 84 ਥਾਂਵਾਂ ਤੋਂ ਸੜਕ ਨੂੰ ਮੋੜਾਂ 'ਤੇ ਚੌੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਗੁਰਦੁਆਰਾ ਸਾਹਿਬ ਨੇੜੇ ਇਕ ਹੈਲੀਪੈਡ ਵੀ ਬਣਾਇਆ ਗਿਆ ਹੈ, ਜਿਸ ਨੂੰ ਹੰਗਾਮੀ ਸਥਿਤੀ ਵਿਚ ਬਚਾਅ ਕਾਰਜਾਂ ਲਈ ਵਰਤਿਆ ਜਾ ਸਕੇਗਾ। ਇਹ ਹੈਲੀਪੈਡ ਲਗਭਗ ਇਕ ਕਿਲੋਮੀਟਰ ਹੇਠਾਂ ਤਿਆਰ ਕੀਤਾ ਗਿਆ ਹੈ। ਪਹਿਲਾਂ ਇੱਕ ਹੈਲੀਪੈਡ ਗੁਰਦੁਆਰਾ ਸ੍ਰੀ ਗੋਬਿੰਦ ਧਾਮ ਵਿਖੇ ਵੀ ਬਣਿਆ ਹੋਇਆ ਹੈ।

### ਘਰ-ਘਰ ਆਟਾ ਵੰਡਣ ਦੀ ਯੋਜਨਾ ਨੂੰ ਥੋੜ੍ਹੀ ਰਾਹਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪੰਜਾਬ ਸਰਕਾਰ ਦੀ 'ਘਰ-ਘਰ ਆਟਾ' ਵੰਡਣ ਦੀ ਯੋਜਨਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਹੁਣ ਡਬਲ ਬੈਂਚ ਕਰੇਗਾ ਜਿਸ ਨਾਲ ਫਿਲਹਾਲ ਪੰਜਾਬ ਸਰਕਾਰ ਨੂੰ ਰਾਹਤ ਮਿਲ ਗਈ ਹੈ। ਪਹਿਲਾਂ ਇਸ ਮਾਮਲੇ ਦੀ ਸੁਣਵਾਈ ਸਿੰਗਲ ਬੈਂਚ ਨੇ ਕੀਤੀ ਸੀ, ਜਦੋਂ ਕਿ ਅਜਿਹੇ ਮਾਮਲੇ ਦੀ ਸੁਣਵਾਈ ਡਬਲ ਬੈਂਚ ਹੀ ਕਰ ਸਕਦਾ ਹੈ।

ਜਦੋਂ ਇਹ ਮਾਮਲਾ ਸਿੰਗਲ ਬੈਂਚ ਦੇ ਦਾਇਰੇ ਵਿਚ ਹੀ ਨਹੀਂ ਆਉਂਦਾ ਸੀ ਤਾਂ ਸਿੰਗਲ ਬੈਂਚ ਵੱਲੋਂ ਲਿਆ ਗਿਆ ਫੈਸਲਾ ਵੀ ਇਕ ਤਰੀਕੇ ਨਾਲ ਰੱਦ ਹੋ ਗਿਆ ਹੈ। ਇਸ ਮਾਮਲੇ ਦੀ ਸੁਣਵਾਈ ਹੁਣ ਚੀਫ ਜਸਟਿਸ ਦੇ ਬੈਂਚ ਵੱਲੋਂ ਕੀਤੇ ਜਾਣ ਦੀ ਸੰਭਾਵਨਾ ਹੈ। 'ਆਪ' ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਘਰ-ਘਰ ਆਟਾ ਵੰਡਣਾ ਸ਼ੁਰੂ ਕੀਤਾ ਜਾਣਾ ਹੈ ਜਿਸ ਕਰ ਕੇ ਸਰਕਾਰ ਲਈ ਫਿਲਹਾਲ ਇਹ ਯੋਜਨਾ ਸ਼ੁਰੂ ਕਰਨ ਦਾ ਰਾਹ ਪੱਧਰਾ ਹੋ ਗਿਆ ਜਾਪਦਾ ਹੈ। ਸਿੰਗਲ ਬੈਂਚ ਵੱਲੋਂ ਲਏ ਗਏ ਫੈਸਲੇ ਕਰ ਕੇ ਕੌਮੀ ਖੁਰਾਕ ਸੁਰੱਖਿਆ ਐਕਟ ਦੀਆਂ ਧਾਰਾਵਾਂ ਤਹਿਤ ਤਕਨੀਕੀ ਆਧਾਰ ਅਤੇ ਵਿੱਤੀ ਬੋਝ ਦੇ ਨਜ਼ਰੀਏ ਤੋਂ ਨਵੀਂ ਯੋਜਨਾ ਨੂੰ ਬਰੇਕ ਲੱਗ ਗਈ ਹੈ। ਸਿੰਗਲ ਬੈਂਚ ਨੇ ਕਿਸੇ ਵੀ ਤੀਜੀ ਧਿਰ ਦਾ ਹੱਕ ਪੈਦਾ ਨਾ ਕਰਨ ਦੀ ਹਦਾਇਤ ਕੀਤੀ ਸੀ।

## ਪੰਜਾਬ ਪੁਲਿਸ ਵੱਲੋਂ ਆਈ.ਐਸ.ਆਈ. ਦੇ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਆਈ.ਐਸ.ਆਈ. ਦੀ ਹਮਾਇਤ ਪ੍ਰਾਪਤ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਇਸ ਮਾਮਲੇ ਵਿਚ ਪੁਲਿਸ ਨੇ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਮੁਤਾਬਕ ਇਸ ਮਾਡਿਊਲ ਨੂੰ ਕੈਨੇਡਾ ਅਧਾਰਿਤ ਗੈਂਗਸਟਰ ਲਖਬੀਰ ਸਿੰਘ ਉਰਫ ਲੰਡਾ ਤੇ ਪਾਕਿਸਤਾਨ ਅਧਾਰਿਤ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਸਾਂਝੇ ਤੌਰ 'ਤੇ ਚਲਾ ਰਹੇ ਸਨ।

ਪੰਜਾਬ ਪੁਲਿਸ ਨੇ ਕਿਹਾ ਕਿ ਲਖਬੀਰ ਸਿੰਘ ਨੂੰ ਹਰਵਿੰਦਰ ਦਾ ਕਰੀਬੀ ਮੰਨਿਆ ਜਾਂਦਾ ਹੈ, ਜਿਨ੍ਹਾਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਲ ਹੱਥ ਮਿਲਾ ਲਏ ਸਨ। ਦੋਵਾਂ ਦੇ ਆਈ.ਐਸ.ਆਈ. ਨਾਲ ਵੀ ਨੇੜਲੇ ਸਬੰਧ ਹਨ। ਵੇਰਵਿਆਂ ਮੁਤਾਬਕ ਲਖਬੀਰ ਸਿੰਘ ਦੀ ਪੰਜਾਬ ਪੁਲਿਸ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਕੀਤੇ ਗਏ ਗ੍ਰਨੇਡ (ਆਰ.ਪੀ.ਜੀ.) ਹਮਲੇ ਵਿਚ ਅਹਿਮ ਭੂਮਿਕਾ ਸੀ। ਅੰਮ੍ਰਿਤਸਰ ਵਿਚ ਸਬ ਇੰਸਪੈਕਟਰ ਦਿਲਬਾਗ ਸਿੰਘ ਦੀ ਕਾਰ ਥੱਲੇ ਆਈ.ਡੀ. ਲਾਉਣ ਵਿਚ ਵੀ ਲਖਬੀਰ ਦੀ ਭੂਮਿਕਾ ਸਾਹਮਣੇ ਆਈ ਸੀ। ਗ੍ਰਿਫਤਾਰ ਵਿਅਕਤੀਆਂ ਦੀ ਸ਼ਨਾਖ਼ਤ ਬਲਜੀਤ ਸਿੰਘ ਮੱਲ੍ਹੀ (25) ਵਾਸੀ ਪਿੰਡ ਜੋਗੇਵਾਲ ਤੇ ਗੁਰਬਖਸ਼ ਸਿੰਘ ਉਰਫ ਗੋਰਾ ਸੰਧੂ ਵਾਸੀ ਪਿੰਡ ਬੂਹ ਗੁੱਜਰਾਂ (ਜ਼ਿਲ੍ਹਾ ਫਿਰੋਜਪੁਰ) ਵਜੋਂ ਹੋਈ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਏ.ਆਈ.ਜੀ. (ਕਾਊਂਟਰ ਇੰਟੈਲੀਜੈਂਸ) ਨਵਜੋਤ ਸਿੰਘ ਮਾਹਲ ਦੀ ਅਗਵਾਈ ਵਿਚ ਪੁਲਿਸ ਟੀਮਾਂ ਨੇ ਦੋਵਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਏਕੇ-56 ਅਸਾਲਟ ਰਾਈਫਲ, ਦੋ ਮੈਗਜੀਨ, 90 ਕਾਰਤੂਸ ਤੇ ਦੋ ਬੁਲੇਟ ਸ਼ੈੱਲ ਬਰਾਮਦ ਕੀਤੇ ਗਏ ਹਨ। ਯਾਦਵ ਨੇ ਕਿਹਾ ਕਿ ਮੁਢਲੀ ਪੁੱਛਗਿੱਛ ਵਿਚ ਸਾਹਮਣੇ ਆਇਆ ਹੈ ਕਿ ਮੱਲ੍ਹੀ ਦੇ ਸਬੰਧ ਇਟਲੀ ਅਧਾਰਿਤ ਹਰਪ੍ਰੀਤ ਸਿੰਘ ਉਰਫ ਹੈਪੀ ਸੰਘੇੜਾ ਨਾਲ ਹਨ ਤੇ ਉਸੇ ਦੀਆਂ ਹਦਾਇਤਾਂ ਉਤੇ ਬਲਜੀਤ ਸਿੰਘ ਨੇ ਜੁਲਾਈ ਵਿਚ ਮੱਖੂ-ਲੋਹੀਆਂ ਸੜਕ ਤੋਂ ਹਥਿਆਰਾਂ ਦੀ ਖੇਪ ਚੁੱਕੀ ਸੀ। ਇਸ ਤੋਂ ਬਾਅਦ ਉਨ੍ਹਾਂ ਹਥਿਆਰ ਟੈਸਟ ਕਰ ਕੇ ਇਨ੍ਹਾਂ ਨੂੰ ਗੁਰਬਖਸ਼ ਸਿੰਘ ਦੇ ਖੇਤਾਂ ਵਿਚ ਲੁਕੋ ਦਿੱਤਾ। ਡੀ.ਜੀ.ਪੀ. ਨੇ ਕਿਹਾ ਕਿ ਇਹ ਵੀ ਸਾਹਮਣੇ ਆਇਆ ਹੈ ਕਿ ਬਲਜੀਤ ਸਿੰਘ ਖਤਰਨਾਕ ਗੈਂਗਸਟਰਾਂ ਦੇ ਸਿੱਧੇ ਸੰਪਰਕ ਵਿਚ ਸੀ ਜਿਨ੍ਹਾਂ ਵਿਚ ਲਖਬੀਰ ਲੰਡਾ ਤੇ ਅਰਸ਼ ਡੱਲਾ ਸ਼ਾਮਲ ਹਨ।

### ਧਮਾਕਾਖੇਜ਼ ਸਮੱਗਰੀ ਲਾਉਣ ਵਾਲਾ ਗ੍ਰਿਫਤਾਰ

**ਅੰਮ੍ਰਿਤਸਰ:** ਪੰਜਾਬ ਪੁਲਿਸ ਦੇ ਇਕ ਸਬ-ਇੰਸਪੈਕਟਰ ਦੀ ਕਾਰ ਹੇਠ ਧਮਾਕਾਖੇਜ ਸਮੱਗਰੀ ਲਾਉਣ ਦੇ ਮਾਮਲੇ ਵਿਚ ਪੁਲਿਸ ਨੇ ਮੁੱਖ ਮੁਲਜ਼ਮ ਨੂੰ ਹਿਮਾਚਲ ਪ੍ਰਦੇਸ਼ ਦੇ ਕੁੱਲੂ ਇਲਾਕੇ 'ਚੋਂ ਉਸ ਦੇ ਦੋ ਸਾਥੀਆਂ ਸਣੇ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਯੁਵਰਾਜ ਸੱਭਰਵਾਲ ਉਰਫ ਯੱਸ਼ ਵਾਸੀ ਨਵੀਂ ਆਬਾਦੀ ਫੈਜ਼ਪੁਰਾ, ਪਵਨ ਕੁਮਾਰ ਉਰਫ ਸ਼ਿਵਾ ਮੱਛੀ ਤੇ ਸਾਹਿਲ ਉਰਫ ਮੱਛੀ ਦੋਵੇਂ ਵਾਸੀ ਚਮਰੰਗ ਰੋਡ ਵਜੋਂ ਹੋਈ ਹੈ। ਇਨ੍ਹਾਂ ਤਿੰਨਾਂ ਖਿਲਾਫ ਕਈ ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਇਹ ਪੁਲਿਸ ਨੂੰ ਲੋੜੀਂਦੇ ਸਨ।

## ਮਨੋਰੋਗਾਂ ਦਾ ਕਾਰਨ ਬਣ ਸਕਦੈ ਪ੍ਰਦੂਸ਼ਣ

**ਨਵੀਂ ਦਿੱਲੀ:** ਖੋਜੀਆਂ ਨੇ ਕਿਹਾ ਹੈ ਕਿ ਜੀਵਨ ਦੇ ਪਹਿਲੇ ਪੰਜ ਸਾਲਾਂ ਦੌਰਾਨ ਹਵਾ ਪ੍ਰਦੂਸ਼ਣ ਬੱਚਿਆਂ ਵਿਚ ਦਿਮਾਗੀ ਵਿਗਾੜ ਦਾ ਕਾਰਨ ਬਣ ਸਕਦਾ ਹੈ। ਹਵਾ ਪ੍ਰਦੂਸ਼ਣ ਫੈਲਾਉਣ ਵਾਲੇ ਕਣਾਂ (ਪੀ.ਐਮ2.5) ਦੇ ਬੱਚਿਆਂ 'ਤੇ ਪੈਣ ਵਾਲੇ ਅਜਿਹਾ ਅਸਰਾਂ ਦਾ ਅਧਿਐਨ ਪਹਿਲੀ ਵਾਰ ਕੀਤਾ ਗਿਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਪ੍ਰਦੂਸ਼ਣ ਦਾ ਅਸਰ ਕੁੱਖ ਵਿਚ ਪਲ ਰਹੇ ਬੱਚੇ ਦੇ ਦਿਮਾਗ 'ਤੇ ਵੀ ਪੈ ਸਕਦਾ ਹੈ। ਦਿਮਾਗੀ ਢਾਂਚੇ ਵਿਚ ਤਬਦੀਲੀਆਂ ਆਉਣ ਕਾਰਨ ਬੱਚਿਆਂ ਨੂੰ ਵਧਦੀ ਉਮਰ ਦੌਰਾਨ ਮਨੋਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਨੇ ਹਵਾ ਪ੍ਰਦੂਸ਼ਣ ਦੇ ਬੱਚਿਆਂ ਉਤੇ ਪੈਣ ਵਾਲੇ ਅਸਰਾਂ ਨੂੰ 8.5 ਸਾਲ ਦੀ ਉਮਰ ਤੋਂ ਬਾਅਦ ਮਹੀਨਾ-ਦਰ-ਮਹੀਨਾ ਦੇਖਿਆ। ਇਹ ਅਧਿਐਨ ਜਰਨਲ 'ਇਨਵਾਇਰਮੈਂਟਲ ਪਲਿਊਸ਼ਨ' ਵਿਚ ਪ੍ਰਕਾਸ਼ਿਤ ਹੋਇਆ ਹੈ। ਇਹ ਖੋਜ ਬਾਰਸੀਲੋਨਾ ਇੰਸਟੀਚਿਊਟ ਆਫ ਗਲੋਬਲ ਹੈਲਥ ਦੀ ਟੀਮ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦਰਜ ਕੀਤਾ ਹੈ ਕਿ ਸ਼ਿਜ਼ੋਫਰੇਨੀਆ, ਆਟਿਜਮ ਜਿਹੇ ਮਨੋਰੋਗ ਹਵਾ ਪ੍ਰਦੂਸ਼ਣ ਕਾਰਨ ਹੋ ਸਕਦੇ ਹਨ।

## ਫੋਰਟਿਸ ਦੇ ਸਾਬਕਾ ਪ੍ਰਮੋਟਰਾਂ ਮਾਲਵਿੰਦਰ ਤੇ ਸ਼ਿਵਇੰਦਰ ਨੂੰ ਛੇ ਮਹੀਨੇ ਦੀ ਸਜ਼ਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸਾਬਕਾ ਪ੍ਰਮੋਟਰਾਂ ਮਾਲਵਿੰਦਰ ਸਿੰਘ ਅਤੇ ਸ਼ਿਵਇੰਦਰ ਸਿੰਘ ਨੂੰ ਛੇ ਮਹੀਨੇ ਜੇਲ੍ਹ ਦੀ ਸਜਾ ਸੁਣਾਈ ਹੈ। ਚੀਫ ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਬੈਂਚ ਨੇ ਦੋਵਾਂ ਨੂੰ ਇਹ ਸਜਾ ਫੋਰਟਿਸ ਦੇ ਸ਼ੇਅਰ ਮਲੇਸ਼ੀਆ ਅਧਾਰਿਤ ਆਈ.ਐਚ.ਐਚ. ਹੈਲਥਕੇਅਰ ਨੂੰ ਵੇਚਣ ਸਬੰਧੀ ਇਕ ਕੇਸ ਵਿਚ ਸੁਣਾਈ ਹੈ।



ਇਸ ਤੋਂ ਪਹਿਲਾਂ ਦੋਵਾਂ ਨੂੰ ਅਦਾਲਤ ਦੀ ਤੌਹੀਨ ਦਾ ਦੋਸ਼ੀ ਵੀ ਠਹਿਰਾਇਆ ਗਿਆ ਸੀ। ਸੁਪਰੀਮ ਕੋਰਟ ਨੇ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸ਼ੇਅਰ ਵੇਚਣ ਦੀ ਫੋਰੈਂਸਿਕ ਜਾਂਚ ਦੇ ਹੁਕਮ ਵੀ ਦਿੱਤੇ ਹਨ। ਦੱਸਣਯੋਗ ਹੈ ਕਿ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਸਾਬਕਾ ਪ੍ਰਮੋਟਰ ਜਾਪਾਨ ਦੀ ਕੰਪਨੀ ਡਾਇਚੀ ਸਾਂਕਯੋ ਨੇ ਫੋਰਟਿਸ-ਆਈ.ਐਚ.ਐਚ. ਕਰਾਰ ਨੂੰ ਚੁਣੌਤੀ ਦਿੱਤੇ ਜਾਣ ਮਗਰੋਂ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਡਾਇਚੀ ਅਤੇ ਫੋਰਟਿਸ ਹੈਲਥਕੇਅਰ ਦੇ ਪ੍ਰਮੋਟਰਾਂ ਵਿਚਾਲੇ ਕਾਨੂੰਨੀ ਲੜਾਈ ਕਾਰਨ ਫੋਰਟਿਸ-ਆਈ.ਐਚ.ਐਚ. ਸੌਦਾ ਰੁਕ ਗਿਆ ਸੀ। ਇਸੇ ਦੌਰਾਨ ਫੋਰਟਿਸ ਹੈਲਥਕੇਅਰ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਫੋਰਟਿਸ ਹੈਲਥਕੇਅਰ ਲਿਮਟਿਡ ਦੇ ਮਲੇਸ਼ੀਆ ਸ਼ੇਅਰ ਵੇਚਣ ਦੀ ਫੋਰੈਂਸਿਕ ਜਾਂਚ ਦੇ ਹੁਕਮਾਂ ਮਗਰੋਂ ਉਹ ਆਪਣਾ ਭਵਿੱਖ ਤੈਅ ਕਰਨ ਲਈ ਕਾਨੂੰਨੀ ਸਲਾਹ ਲੈ ਰਹੀ ਹੈ।

# ਖਤਰਨਾਕ ਮੋੜ ਵੱਲ ਵਧ ਸਕਦੀ ਹੈ ਰੂਸ-ਯੂਕਰੇਨ ਜੰਗ

**ਨਵੀਂ ਦਿੱਲੀ:** ਤਕਰੀਬਨ ਸੱਤ ਮਹੀਨੇ ਤੋਂ ਚੱਲ ਰਹੀ ਰੂਸ-ਯੂਕਰੇਨ ਜੰਗ ਖਤਰਨਾਕ ਮੋੜ ਲੈਂਦੀ ਦਿਖਾਈ ਦੇ ਰਹੀ ਹੈ। ਇਕ ਪਾਸੇ ਰੂਸ ਦੂਜੀ ਸੰਸਾਰ ਜੰਗ ਤੋਂ ਬਾਅਦ ਆਪਣੀ ਸਭ ਤੋਂ ਵੱਡੀ ਫੌਜੀ ਭਰਤੀ ਕਰ ਰਿਹਾ ਹੈ ਤੇ ਦੂਜੇ ਪਾਸੇ ਯੂਕਰੇਨ ਨੇ ਸੱਤ ਮਹੀਨੇ ਪਹਿਲਾਂ ਸ਼ੁਰੂ ਹੋਈ ਇਸ ਜੰਗ ਲਈ ਰੂਸ ਨੂੰ ਸਜਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਨੇ ਜੰਗ ਨੂੰ ਅੱਗੇ ਵਧਾਉਣ ਲਈ ਤਿੰਨ ਲੱਖ ਰੂਸੀ ਜਵਾਨ ਭਰਤੀ ਕਰਨ ਦਾ ਹੁਕਮ ਦਿੱਤਾ ਹੈ। ਇਸ ਜੰਗ 'ਚ ਪਹਿਲਾਂ ਹੀ ਹਜ਼ਾਰਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਲੱਖਾਂ ਲੋਕ ਬੇਘਰ ਹੋ ਚੁੱਕੇ ਹਨ। ਰੂਸੀ ਰਾਸ਼ਟਰਪਤੀ ਦੇ ਫੈਸਲੇ ਨਾਲ ਠੰਢੀ ਜੰਗ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ।

ਉਧਰ, ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਵੱਲੋਂ ਜੰਗ ਦੇ ਪਰਮਾਣੂ ਤਬਾਹੀ ਤੱਕ ਵਧ ਜਾਣ ਦੇ ਸੰਕੇਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪੂਤਿਨ ਦਾ ਕਹਿਣਾ ਹੈ ਕਿ ਉਸ ਦੀ ਜੰਗ ਯੂਕਰੇਨ ਤੱਕ ਸੀਮਤ ਨਹੀਂ; ਯੂਕਰੇਨ ਸਾਂਝੀ ਯੂਰਪੀਅਨ



ਫੌਜੀ ਮਸ਼ੀਨ ਦਾ ਪਿਆਦਾ ਬਣਿਆ ਹੋਇਆ ਹੈ; ਯੂਰਪ ਦੀ ਰਲ ਕੇ ਰੂਸ ਨੂੰ ਕਮਜ਼ੋਰ ਕਰਨ ਜਾਂ ਹਰਾਉਣ ਦੀ ਕੋਸ਼ਿਸ਼ ਰੂਸ ਨੂੰ ਉਕਸਾਉਣ ਵਾਲੀ ਹੈ। ਪੂਤਿਨ ਦੇ ਭਾਸ਼ਣ ਤੋਂ ਪਿੱਛੋਂ ਰੂਸ ਦੇ ਬਹੁਤ ਸਾਰੇ ਲੋਕ ਮਾਰਸ਼ਲ ਲਾਅ ਲੱਗਣ ਦੇ ਡਰ ਕਾਰਨ ਦੇਸ਼ ਤੋਂ ਬਾਹਰ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਏ ਹਨ।

ਪੂਤਿਨ ਦੇ ਇਸ ਬਿਆਨ ਨੂੰ ਦੂਸਰੀ ਆਲਮੀ ਜੰਗ ਤੋਂ ਬਾਅਦ ਦੋ ਦੇਸ਼ਾਂ ਦੇ ਆਪਸੀ ਯੁੱਧ ਨੂੰ ਆਲਮੀ ਪੱਧਰ 'ਤੇ ਲੈ ਕੇ ਜਾਣ ਵਾਲਾ ਪਹਿਲਾ ਬਿਆਨ ਕਿਹਾ ਜਾ ਰਿਹਾ ਹੈ। ਰੂਸ ਨੇ 24 ਫਰਵਰੀ 2022 ਨੂੰ ਯੂਕਰੇਨ ਉੱਤੇ ਹਮਲਾ ਕੀਤਾ ਸੀ। ਉਸ ਦੇ ਸ਼ੁਰੂਆਤੀ ਬਿਆਨ ਇਸ ਨੂੰ ਸੀਮਤ ਜੰਗ ਵਜੋਂ ਦਰਸਾ ਰਹੇ ਸਨ ਕਿ ਯੂਕਰੇਨ ਨੂੰ ਹਥਿਆਰ ਵਿਹੂਣਾ ਕਰਕੇ ਰੂਸ ਨੂੰ ਪੈਦਾ ਹੋ ਰਿਹਾ ਖਤਰਾ ਖ਼ਤਮ ਕੀਤਾ ਜਾਵੇਗਾ। ਯੂਕਰੇਨ ਦੇ ਨਾਟੋ ਦਾ ਮੈਂਬਰ ਬਣਨ ਦੀਆਂ ਸੰਭਾਵਨਾਵਾਂ ਤੋਂ ਰੂਸ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ। ਇਨ੍ਹਾਂ ਦਲੀਲਾਂ ਤਹਿਤ ਸ਼ੁਰੂ ਕੀਤੀ ਜੰਗ ਦੌਰਾਨ ਵੱਡੀ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਹਾਲੀਆ ਅਧਿਐਨ ਮੁਤਾਬਕ ਜੰਗ ਦੌਰਾਨ ਲਗਭਗ 66 ਲੱਖ ਲੋਕ ਘਰ-ਬਾਰ ਛੱਡ ਕੇ ਸ਼ਰਨਾਰਥੀ ਬਣੇ ਹਨ; ਉਨ੍ਹਾਂ ਨੇ ਹੋਰਾਂ ਦੇਸ਼ਾਂ ਵਿਚ ਸ਼ਰਨ ਲਈ ਹੋਈ ਹੈ। ਇਕ ਅਨੁਮਾਨ ਅਨੁਸਾਰ ਰੂਸ ਦਾ ਇਸ ਜੰਗ ਉੱਤੇ ਰੋਜ਼ਾਨਾ ਇਕ ਅਰਬ ਡਾਲਰ ਖਰਚ ਹੋ ਰਿਹਾ ਹੈ। ਯੂਕਰੇਨ ਦੇ ਸ਼ਹਿਰਾਂ ਦੀ ਵੱਡੀ ਤਬਾਹੀ ਹੋਈ ਹੈ।

ਇਸ ਜੰਗ ਦੇ ਨਤੀਜੇ ਬੇਹੱਦ ਤਬਾਹਕੁਨ ਹੋ ਸਕਦੇ ਹਨ। ਜੰਗ ਦੇ ਰੁਝਾਨ ਤੋਂ ਸਪੱਸ਼ਟ ਹੈ ਕਿ ਅਮਰੀਕਾ ਤੇ ਯੂਰਪ ਦੇ ਦੇਸ਼ ਯੂਕਰੇਨ ਦੀ ਹਰ ਤਰੀਕੇ ਨਾਲ ਖਾਸ ਤੌਰ ਉੱਤੇ ਹਥਿਆਰਾਂ ਨਾਲ ਮਦਦ ਕਰ ਰਹੇ ਹਨ।

## ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਸ਼ੱਕ ਦੇ ਘੇਰੇ 'ਚ: ਪ੍ਰਸ਼ਾਂਤ ਭੂਸ਼ਨ

**ਨਾਗਪੁਰ:** ਕਾਰਕੁਨ ਤੇ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਸ਼ੱਕ ਦੇ ਘੇਰੇ ਵਿਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਦੇ ਵੱਡੇ ਆਗੂਆਂ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕੀਤੇ ਜਾਣ 'ਤੇ ਚੋਣ ਕਮਿਸ਼ਨ ਖਾਮੋਸ਼ ਰਹਿੰਦਾ ਹੈ, ਜਦੋਂਕਿ ਅਜਿਹੇ ਮਾਮਲਿਆਂ ਵਿਚ ਵਿਰੋਧੀ ਧਿਰਾਂ ਖਿਲਾਫ ਤੇਜੀ ਨਾਲ ਕਾਰਵਾਈ ਕੀਤੀ ਜਾਂਦੀ ਹੈ।

ਭੂਸ਼ਨ ਨੇ ਦੋਸ਼ ਲਾਇਆ ਕਿ ਨਿਆਂਪਾਲਿਕਾ ਦੀ ਆਜ਼ਾਦੀ ਵੀ ਖਤਰੇ ਵਿਚ ਹੈ। ਸਰਕਾਰ ਖਿਲਾਫ ਬੋਲਣ ਵਾਲਿਆਂ ਨੂੰ ਦੇਸ਼ਧ੍ਰੋਹ ਤੇ ਹੋਰ ਸੰਗੀਨ ਕੇਸਾਂ ਵਿਚ ਫਸਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਈ ਕਈ ਸਾਲ ਜ਼ਮਾਨਤ ਵੀ ਨਹੀਂ ਦਿੱਤੀ ਜਾਂਦੀ। ਉਹ ਇਥੇ ਮਰਾਠੀ ਦੇ ਅਖਬਾਰ 'ਦੇਸ਼ਉੱਨਤੀ' ਵੱਲੋਂ 'ਜਮਹੂਰੀਅਤ ਸਾਹਮਣੇ ਚੁਣੌਤੀਆਂ' ਵਿਸ਼ੇ 'ਤੇ ਕਰਵਾਏ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।

# ਅੰਕਿਤਾ ਕਤਲ ਕੇਸ: ਭਾਜਪਾ ਆਗੂ ਦਾ ਪੁੱਤ ਗ੍ਰਿਫਤਾਰ

**ਦੇਹਰਾਦੂਨ:** ਉੱਤਰਾਖੰਡ ਦੇ ਪੌੜੀ ਜਿਲ੍ਹੇ ਦੇ ਯਮਕੇਸ਼ਵਰ ਬਲਾਕ ਦੇ ਵਣਤੰਤਰ ਰਿਜੌਰਟ 'ਚ ਬਤੌਰ ਰਿਸੈਪਸ਼ਨਿਸਟ ਕੰਮ ਕਰਦੀ 19 ਸਾਲਾ ਲੜਕੀ ਅੰਕਿਤਾ ਭੰਡਾਰੀ ਦੀ ਲਾਸ਼ ਇਥੋਂ ਨਹਿਰ 'ਚੋਂ ਬਰਾਮਦ ਹੋਈ ਹੈ। ਇਹ ਲੜਕੀ ਕੁਝ ਦਿਨ ਪਹਿਲਾਂ ਰਿਜੌਰਟ ਵਿਚਲੇ ਆਪਣੇ ਕਮਰੇ ਤੋਂ ਲਾਪਤਾ ਹੋਈ ਸੀ। ਇਸ ਲੜਕੀ ਨੂੰ ਰਿਜੌਰਟ ਦੇ ਮਹਿਮਾਨਾਂ ਨਾਲ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਸੀ।



ਇਸ ਮਾਮਲੇ 'ਚ ਪੁਲਿਸ ਨੇ ਇਕ ਭਾਜਪਾ ਆਗੂ ਦੇ ਪੁੱਤਰ ਤੇ ਰਿਜੌਰਟ ਦੇ ਮਾਲਕ ਸਮੇਤ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਉੱਤਰਾਖੰਡ ਦੇ ਡੀ.ਜੀ.ਪੀ. ਅਸ਼ੋਕ ਕੁਮਾਰ ਨੇ ਕਿਹਾ ਕਿ ਇਹ ਜਾਣਕਾਰੀ ਲੜਕੀ ਦੇ ਇਕ ਦੋਸਤ ਨਾਲ ਉਸ ਦੀ ਸੋਸ਼ਲ ਮੀਡੀਆ 'ਤੇ ਹੋਈ ਚੈਟ ਤੋਂ ਮਿਲੀ ਹੈ। ਇਸ ਤੋਂ ਪਹਿਲਾਂ ਮ੍ਰਿਤਕਾ ਦੇ ਫੇਸਬੁੱਕ 'ਤੇ ਇਕ ਦੋਸਤ ਨੇ ਕਿਹਾ ਕਿ ਉਸ ਦੀ ਦੋਸਤ ਨੂੰ ਇਸ ਕਰਕੇ ਕਤਲ ਕੀਤਾ ਗਿਆ ਕਿਉਂਕਿ ਰਿਜੌਰਟ ਮਾਲਕ ਦੇ ਕਹਿਣ 'ਤੇ ਉਸ ਨੇ ਰਿਜੌਰਟ ਦੇ ਮਹਿਮਾਨਾਂ ਨਾਲ ਸਰੀਰਕ ਸਬੰਧ ਬਣਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਰਿਜੌਰਟ ਦਾ ਮਾਲਕ ਪੁਲਕਿਤ ਆਰੀਆ ਹਰਿਦੁਆਰ ਤੋਂ ਭਾਜਪਾ ਆਗੂ ਵਿਨੋਦ ਆਰੀਆ ਦਾ ਪੁੱਤਰ ਹੈ। ਵਿਨੋਦ ਆਰੀਆ ਉੱਤਰਾਖੰਡ ਮਾਟੀ ਕਾਲਾ ਬੋਰਡ ਦਾ ਸਾਬਕਾ ਚੇਅਰਮੈਨ ਹੈ। ਲੜਕੀ ਦੇ ਮਾਪਿਆਂ ਨੇ ਲੰਘੇ ਸੋਮਵਾਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਲੜਕੀ ਦੇ ਦੋਸਤ ਨੇ ਦਾਅਵਾ ਕੀਤਾ ਕਿ ਰਿਜੌਰਟ ਮਾਲਕ ਪੁਲਕਿਤ ਤੇ ਉਸ ਦੇ ਦੋ ਹੋਰ ਮੁਲਾਜ਼ਮਾਂ ਨੇ ਲੜਕੀ ਦਾ ਕਤਲ ਕੀਤਾ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਪੁਲਕਿਤ ਆਰੀਆ ਅਤੇ ਉਸ ਦੇ ਮੈਨੇਜਰ ਸੌਰਭ ਭਾਸਕਰ ਤੇ ਸਹਾਇਕ ਮੈਨੇਜਰ ਅੰਕਿਤ ਗੁਪਤਾ ਨੂੰ ਗ੍ਰਿਫਤਾਰ ਕਰਕੇ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਨ੍ਹਾਂ ਨੂੰ 14 ਦਿਨ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ।

ਪੁਲਿਸ ਜਦੋਂ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰਨ ਲਿਜਾ ਰਹੀ ਸੀ ਤਾਂ ਗੁੱਸੇ 'ਚ ਆਏ ਲੋਕਾਂ ਨੇ ਪੁਲਿਸ ਦੀ ਕਾਰ 'ਤੇ ਹਮਲਾ ਕਰ ਦਿੱਤਾ। ਦੂਜੇ ਪਾਸੇ ਸਥਾਨਕ ਅਥਾਰਿਟੀਆਂ ਨੇ ਰਿਜੌਰਟ ਢਾਹੁਣਾ ਸ਼ੁਰੂ ਕਰ ਦਿੱਤਾ ਹੈ। ਅਥਾਰਿਟੀ ਦਾ ਕਹਿਣਾ ਹੈ ਕਿ ਇਹ ਰਿਜੌਰਟ ਗੈਰਕਾਨੂੰਨੀ ਢੰਗ ਨਾਲ ਬਣਿਆ ਹੋਇਆ ਹੈ। ਇਸੇ ਦੌਰਾਨ ਗੁੱਸੇ 'ਚ ਆਏ ਲੋਕਾਂ ਨੇ ਪੁਲਕਿਤ ਆਰੀਆ ਦੀ ਇਕ ਫੈਕਟਰੀ ਨੂੰ ਵੀ ਅੱਗ ਲਾ ਦਿੱਤੀ।

# ਹਿੰਦ-ਪ੍ਰਸ਼ਾਂਤ ਖੇਤਰ 'ਚ ਇਕਪਾਸੜ ਕਾਰਵਾਈ ਦਾ ਵਿਰੋਧ ਕਰਨਗੇ ਕੁਆਡ ਮੁਲਕ



**ਨਿਊ ਯਾਰਕ:** ਭਾਰਤ, ਆਸਟਰੇਲੀਆ, ਜਾਪਾਨ ਤੇ ਅਮਰੀਕਾ ਦੀ ਸ਼ਮੂਲੀਅਤ ਵਾਲੇ ਕੁਆਡ ਗੱਠਜੋੜ ਨੇ ਇਕਸੁਰ ਹੋ ਕੇ ਕਿਹਾ ਕਿ ਉਹ ਹਿੰਦ-ਪ੍ਰਸ਼ਾਂਤ ਖੇਤਰ ਵਿਚ ਅਜਿਹੀ ਕਿਸੇ ਵੀ ਇਕਪਾਸੜ ਕਾਰਵਾਈ ਦਾ ਵਿਰੋਧ ਕਰਨਗੇ ਜਿਸ ਵਿਚ ਇਸ ਖਿੱਤੇ ਦੀ ਵਰਤਮਾਨ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਾਂ ਤਣਾਅ ਵਧਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਖੇਤਰ ਵਿਚ ਚੀਨ ਦਾ ਰਵੱਈਆ ਹਮਲਾਵਰ ਰਿਹਾ ਹੈ।

ਕੁਆਡ ਮੁਲਕਾਂ ਦੇ ਵਿਦੇਸ਼ ਮੰਤਰੀ ਇਥੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਦੌਰਾਨ ਮਿਲੇ ਹਨ। ਇਸ ਮੁਲਾਕਾਤ ਦਾ ਮੰਤਵ ਬਹੁਪੱਖੀ ਸਹਿਯੋਗ ਨੂੰ ਡੂੰਘਾ ਕਰਨਾ ਸੀ। ਇਸ ਮੌਕੇ ਕੁਆਡ ਮੁਲਕਾਂ ਨੇ ਖੁੱਲ੍ਹੇ ਤੇ ਆਜ਼ਾਦ ਹਿੰਦ-ਪ੍ਰਸ਼ਾਂਤ ਖੇਤਰ ਦੀ ਹਾਮੀ ਭਰੀ। ਮੀਟਿੰਗ ਵਿਚ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੋਂ ਇਲਾਵਾ ਆਸਟਰੇਲੀਆ ਦੀ ਵਿਦੇਸ਼ ਮੰਤਰੀ ਪੈਨੀ ਵੌਂਗ, ਜਾਪਾਨ ਦੇ ਵਿਦੇਸ਼ ਮੰਤਰੀ ਹਯਾਸ਼ੀ ਯੋਸ਼ੀਮਾਸਾ ਤੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਹਿੱਸਾ ਲਿਆ। ਸਾਂਝਾ ਬਿਆਨ ਜਾਰੀ ਕਰਦਿਆਂ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਕਿ ਕੁਆਡ ਦੇ ਨਜ਼ਰੀਏ ਮੁਤਾਬਕ ਉਹ ਅਜਿਹਾ ਖੇਤਰ ਸਿਰਜਣਾ ਚਾਹੁੰਦੇ ਹਨ ਜਿੱਥੇ ਨੇਮਾਂ ਅਧਾਰਿਤ ਕੌਮਾਂਤਰੀ ਵਿਵਸਥਾ ਹੋਵੇ, ਤੇ ਆਜ਼ਾਦੀ, ਕਾਨੂੰਨ, ਲੋਕਤੰਤਰਿਕ ਕਦਰਾਂ-ਕੀਮਤਾਂ ਤੇ ਖੇਤਰੀ ਅਖੰਡਤਾ ਦਾ ਸਤਿਕਾਰ ਹੋਵੇ। ਉਨ੍ਹਾਂ ਕਿਹਾ ਕਿ ਕੁਆਡ ਮੁਲਕ ਕਿਸੇ ਵੀ ਇਕਪਾਸੜ ਕਾਰਵਾਈ ਦਾ ਡਟਵਾਂ ਵਿਰੋਧ ਕਰਨਗੇ। ਉਨ੍ਹਾਂ ਨਾਲ ਹੀ ਦੁਹਰਾਇਆ ਕਿ ਕੌਮਾਂਤਰੀ ਸ਼ਾਂਤੀ ਤੇ ਸੁਰੱਖਿਆ ਲਈ ਹਿੰਦ-ਪ੍ਰਸ਼ਾਂਤ ਖੇਤਰ ਦਾ ਵਿਕਾਸ ਤੇ ਖੁਸ਼ਹਾਲੀ ਅਹਿਮ ਹੈ।

ਮੀਟਿੰਗ ਵਿਚ ਕੁਆਡ ਮੁਲਕਾਂ ਨੇ ਸੰਯੁਕਤ ਰਾਸ਼ਟਰ ਐਲਾਨਨਾਮੇ ਦਾ ਵੀ ਸਮਰਥਨ ਕੀਤਾ। ਇਨ੍ਹਾਂ ਵੱਲੋਂ ਸੰਯੁਕਤ ਰਾਸ਼ਟਰ ਢਾਂਚੇ ਵਿਚ ਸੁਧਾਰ ਦੀ ਵੀ ਵਕਾਲਤ ਕੀਤੀ ਗਈ। ਕੁਆਡ ਮੁਲਕਾਂ ਨੇ ਆਸੀਆਨ ਦੇਸ਼ਾਂ ਲਈ ਆਪਣੀ ਹਮਾਇਤ ਦਾ ਪ੍ਰਗਟਾਵਾ ਵੀ ਕੀਤਾ। ਜ਼ਿਕਰਯੋਗ ਹੈ ਕਿ ਚੀਨ ਲਗਭਗ ਸਾਰੇ ਵਿਵਾਦਤ ਦੱਖਣੀ ਚੀਨ ਸਾਗਰ ਉਤੇ ਆਪਣਾ ਦਾਅਵਾ ਕਰਦਾ ਹੈ। ਜਦਕਿ ਤਾਇਵਾਨ, ਫਿਲਪੀਨਜ, ਬਰੂਨੇਈ, ਮਲੇਸ਼ੀਆ ਤੇ ਵੀਅਤਨਾਮ ਸਾਰੇ ਦੱਖਣੀ ਚੀਨ ਸਾਗਰ ਦੇ ਵੱਖ-ਵੱਖ ਹਿੱਸਿਆਂ ਨੂੰ ਆਪਣਾ ਮੰਨਦੇ ਹਨ। ਪੇਈਚਿੰਗ ਨੇ ਦੱਖਣੀ ਚੀਨ ਸਾਗਰ ਵਿਚ ਟਾਪੂ ਤੇ ਕਈ ਫੌਜੀ ਟਿਕਾਣੇ ਵੀ ਬਣਾਏ ਹਨ। ਚੀਨ ਦਾ ਇੱਥੇ ਜਾਪਾਨ ਨਾਲ ਵੀ ਟਕਰਾਅ ਹੈ।

# ਏਅਰ ਫੋਰਸ ਦੇ ਛੇ ਅਫਸਰਾਂ ਖਿਲਾਫ ਕੇਸ ਦਰਜ

**ਬੰਗਲੂਰੂ:** ਇਥੇ ਇਕ ਟਰੇਨੀ ਕੈਡੇਟ ਦੀ ਮੌਤ ਤੋਂ ਬਾਅਦ ਭਾਰਤੀ ਹਵਾਈ ਸੈਨਾ ਦੇ ਛੇ ਅਧਿਕਾਰੀਆਂ ਖਿਲਾਫ ਹੱਤਿਆ ਦਾ ਕੇਸ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਵਿਰੁੱਧ ਕੋਰਟ ਆਫ ਇਨਕੁਆਰੀ ਦੇ ਹੁਕਮ ਵੀ ਦਿੱਤੇ ਗਏ ਹਨ। ਪੁਲਿਸ ਮੁਤਾਬਕ ਕੈਡੇਟ ਨੇ ਫਾਹਾ ਲੈ ਲਿਆ ਸੀ। ਵੇਰਵਿਆਂ ਮੁਤਾਬਕ ਅੰਕਿਤ ਝਾਅ (27) ਏਅਰ ਫੋਰਸ ਟੈਕਨੀਕਲ ਕਾਲਜ (ਏ.ਐਫ.ਟੀ.ਸੀ.) ਦੇ ਇਕ ਕਮਰੇ ਵਿਚ ਲਟਕਦਾ ਮਿਲਿਆ ਹੈ। ਪੁਲਿਸ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਮੌਤ ਚਾਰ-ਪੰਜ ਦਿਨ ਪਹਿਲਾਂ ਹੋਈ ਹੈ।

ਮ੍ਰਿਤਕ ਦੇ ਭਰਾ ਅਮਨ ਝਾਅ ਦੀ ਸ਼ਿਕਾਇਤ 'ਤੇ ਪੁਲਿਸ ਨੇ ਛੇ ਅਧਿਕਾਰੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਅਮਨ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਸਬੂਤਾਂ ਨਾਲ ਛੇੜਛਾੜ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਕਾਲਜ ਨਾਲ ਸਬੰਧਤ ਵਿਅਕਤੀ ਸੁਵੱਖਤੇ ਉਸੇ ਸਬੂਤ ਨਾਲ ਥਾਣੇ ਵਿਚ ਆਏ ਸਨ ਜਿਸ ਨੂੰ ਉਹ ਲੱਭ ਰਿਹਾ ਸੀ। ਮ੍ਰਿਤਕ ਦੇ ਭਰਾ ਨੇ ਹੈਰਾਨੀ ਪ੍ਰਗਟ ਕੀਤੀ ਕਿ ਏ.ਐਫ.ਟੀ.ਸੀ. ਨਾਲ ਸਬੰਧਤ ਵਿਅਕਤੀਆਂ ਨੂੰ ਕਿਵੇਂ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਉਹ (ਅਮਨ) ਥਾਣੇ ਆਇਆ ਹੋਇਆ ਹੈ। ਫਿਰ ਉਹ ਸੁਵੱਖਤੇ ਹੀ ਥਾਣੇ ਪਹੁੰਚ ਗਏ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਮੌਤ ਪਿਛਲੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਜਿਨ੍ਹਾਂ ਅਧਿਕਾਰੀਆਂ ਵਿਰੁੱਧ ਸ਼ਿਕਾਇਤ ਆਈ ਹੈ, ਉਨ੍ਹਾਂ ਨੂੰ ਹਾਲੇ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

## ਅਮਰੀਕਾ ਵਿਚ ਸਿੱਖ ਨੌਜਵਾਨ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ ਦੀ ਨਾਰਥ ਕੈਰੋਲੀਨਾ ਯੂਨੀਵਰਸਿਟੀ ਸ਼ਾਰਲਟ ਵਿਚ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਨੂੰ ਕਿਰਪਾਨ ਪਹਿਨੀ ਹੋਣ ਕਰਕੇ ਪੁਲਿਸ ਵੱਲੋਂ ਯੂਨੀਵਰਸਿਟੀ ਕੈਂਪਸ 'ਚੋਂ ਗ੍ਰਿਫ਼ਤਾਰ ਕਰਨ ਤੇ ਉਸ ਦੀ ਕਿਰਪਾਨ ਉਤਾਰਨ ਦੀ ਘਟਨਾ ਦੀ ਨਿੰਦਾ ਕੀਤੀ ਹੈ।

ਉਨ੍ਹਾਂ ਵਿਦੇਸ਼ ਮੰਤਰੀ ਡਾ. ਐਸ .ਜੈ. ਸ਼ੰਕਰ ਤੇ ਅਮਰੀਕਾ 'ਚ ਭਾਰਤੀ ਸਫ਼ੀਰ ਤਰਨਜੀਤ ਸਿੰਘ ਸੰਧੂ ਨੂੰ ਇਸ ਮਾਮਲੇ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਰਪਾਨ ਸਿੱਖ ਧਰਮ ਦੇ ਪੰਜ ਕਕਾਰਾਂ ਵਿਚੋਂ ਇਕ ਹੈ ਤੇ ਅੰਮ੍ਰਿਤਧਾਰੀ ਸਿੱਖ ਕਕਾਰਾਂ ਨੂੰ ਹਮੇਸ਼ਾ ਆਪਣੇ ਅੰਗ ਸੰਗ ਰੱਖਣ ਲਈ ਪਾਬੰਦ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਨੂੰ ਕਕਾਰ ਪਹਿਨੇ ਹੋਣ ਕਰਕੇ ਜਲੀਲ ਕਰਨਾ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ। ਇਸ ਸਬੰਧੀ ਅਮਰੀਕਾ ਸਰਕਾਰ ਨੂੰ ਮੁਲਜ਼ਮਾਂ ਖਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ।

# ਕੇਜਰੀਵਾਲ ਵੱਲੋਂ ਗੁਜਰਾਤ ਦੇ ਲੋਕਾਂ ਲਈ ਵਾਅਦਿਆਂ ਦੀ ਝੜੀ

**ਅਹਿਮਦਾਬਾਦ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇਕਰ ਗੁਜਰਾਤ ਵਿਚ ਆਮ ਆਦਮੀ ਪਾਰਟੀ ਸੱਤਾ 'ਚ ਆਉਂਦੀ ਹੈ ਤਾਂ ਸੂਬੇ ਦਾ ਹਰ ਬੱਚਾ ਖੁਸ਼ਹਾਲ ਹੋਵੇਗਾ। ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਹਿਮਦਾਬਾਦ 'ਚ ਨੌਜਵਾਨਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਇਸ ਮੌਕੇ ਕੇਜਰੀਵਾਲ ਨੇ ਗੁਜਰਾਤ ਦੀ ਭਾਜਪਾ ਸਰਕਾਰ ਤੇ ਵਿਰੋਧੀ ਧਿਰ ਕਾਂਗਰਸ ਨੂੰ ਨਿਸ਼ਾਨੇ 'ਤੇ ਰੱਖਿਆ। ਗੁਜਰਾਤ ਵਿਚ ਇਸ ਸਾਲ ਦਸੰਬਰ ਮਹੀਨੇ ਚੋਣਾਂ ਹੋਣੀਆਂ ਹਨ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ, 'ਗੁਜਰਾਤ ਦੇ ਇਕ ਵੱਟਸਐਪ ਗਰੁੱਪ 'ਚ ਮੈਂ ਇਕ ਬਹੁਤ ਵਧੀਆ ਸੁਨੇਹਾ ਸਾਂਝਾ ਹੁੰਦਾ ਦੇਖਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਜੇ ਤੁਸੀਂ ਕਾਂਗਰਸ ਨੂੰ ਵੋਟ ਦਿੱਤੀ ਤਾਂ ਸੋਨੀਆ ਗਾਂਧੀ ਦਾ ਪੁੱਤਰ ਖੁਸ਼ਹਾਲ ਹੋਵੇਗਾ। ਜੇ ਤੁਸੀਂ ਭਾਜਪਾ ਨੂੰ ਵੋਟ ਦਿੱਤੀ ਤਾਂ ਅਮਿਤ ਸ਼ਾਹ ਦਾ ਪੁੱਤਰ ਖੁਸ਼ਹਾਲ



ਹੋਵੇਗਾ ਅਤੇ ਜੇ ਤੁਸੀਂ 'ਆਪ' ਨੂੰ ਵੋਟ ਪਾਈ ਤਾਂ ਗੁਜਰਾਤ ਦਾ ਹਰ ਬੱਚਾ ਖੁਸ਼ਹਾਲ ਹੋਵੇਗਾ।'

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ 'ਆਪ' ਦੀਆਂ ਸਰਕਾਰਾਂ ਨੇ ਹੁਣ ਤੱਕ ਦਿੱਲੀ 'ਚ 12 ਲੱਖ ਤੇ ਪੰਜਾਬ 'ਚ ਛੇ ਮਹੀਨਿਆਂ ਤੋਂ ਵੀ ਘੱਟ ਸਮੇਂ ਅੰਦਰ 20 ਹਜ਼ਾਰ ਨੌਕਰੀਆਂ ਮੁਹੱਈਆ ਕੀਤੀਆਂ ਹਨ, ਉਸੇ ਤਰ੍ਹਾਂ ਪਾਰਟੀ ਗੁਜਰਾਤ ਵਿਚ ਸੱਤਾ 'ਚ ਆਉਣ 'ਤੇ 10 ਲੱਖ ਨੌਕਰੀਆਂ ਮੁਹੱਈਆ ਕਰੇਗੀ। ਉਨ੍ਹਾਂ ਬੇਰੁਜ਼ਗਾਰਾਂ ਨੂੰ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਭੱਤਾ ਦੇਣ ਦਾ ਵੀ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਤੇ ਕਾਂਗਰਸ ਦੋਵਾਂ ਪਾਰਟੀਆਂ ਦੇ ਆਗੂਆਂ ਨੇ ਲੋਕਾਂ ਦਾ ਪੈਸਾ ਚੋਰੀ ਕੀਤਾ ਹੈ ਅਤੇ ਜੇਕਰ ਇਨ੍ਹਾਂ ਦੀਆਂ ਜਾਇਦਾਦਾਂ ਵੇਚ ਦਿੱਤੀਆਂ ਜਾਣ ਤਾਂ ਗੁਜਰਾਤ ਦਾ ਸਾਰਾ ਕਰਜ਼ਾ ਭਰਿਆ ਜਾ ਸਕਦਾ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਊਰਜਾ ਗੁਜਰਾਤ ਦੀ ਸਰਕਾਰ ਬਦਲਣ 'ਚ ਲਾਉਣ। ਉਨ੍ਹਾਂ ਕਿਹਾ ਕਿ 'ਆਪ' ਨੇ ਇਹ ਸਾਬਤ ਕੀਤਾ ਹੈ ਕਿ ਧਰਮ, ਜਾਤ ਤੇ ਪੈਸੇ 'ਤੇ ਆਧਾਰਿਤ ਸਿਆਸਤ ਜ਼ਿਆਦਾ ਦੇਰ ਨਹੀਂ ਚੱਲ ਸਕਦੀ। ਲੋਕ ਸਿਰਫ ਉਸੇ ਨੂੰ ਵੋਟ ਪਾਉਂਦੇ ਹਨ ਜੋ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਤੇ ਇਸ ਦੇ ਆਗੂ ਸਿਰਫ ਬੋਲਣਾ ਜਾਣਦੇ ਹਨ ਅਤੇ ਇਹ ਲੋਕਾਂ ਦੀ ਨਹੀਂ ਸੁਣਦੇ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਦੇ ਆਗੂ ਲੋਕਾਂ ਨੂੰ 'ਮਨ ਕੀ ਬਾਤ' ਸੁਣਨ ਦਾ ਸੱਦਾ ਤਾਂ ਦਿੰਦੇ ਹਨ ਪਰ ਖੁਦ ਲੋਕਾਂ ਦੇ ਮਨ ਕੀ ਬਾਤ ਨਹੀਂ ਸੁਣਦੇ।

# ਪੰਜਾਬ ਟਾਈਮਜ਼

*ਸਨਿਚਰਵਾਰ, 1 ਅਕਤੂਬਰ 2022*

## ਹੁਣ ਵਿਧਾਨ ਸਭਾ ਰਾਹੀਂ ਸਿਆਸਤ

ਪੰਜਾਬ ਦਾ ਸਿਆਸੀ ਪਿੜ ਅੱਜ ਕੱਲ੍ਹ ਵਾਹਵਾ ਭਖਿਆ ਹੋਇਆ ਹੈ। ਆਮ ਆਦਮੀ ਪਾਰਟੀ (ਆਪ) ਵੱਲੋਂ ਲਾਏ ਇਨ੍ਹਾਂ ਦੋਸ਼ਾਂ ਤੋਂ ਬਾਅਦ ਕਿ ਭਾਰਤੀ ਜਨਤਾ ਪਾਰਟੀ 'ਆਪ' ਵਿਧਾਇਕਾਂ ਨੂੰ ਖਰੀਦਣ ਦੇ ਯਤਨ ਕਰ ਰਹੀ ਹੈ, ਤਕਰੀਬਨ ਸਾਰੀਆਂ ਹੀ ਪਾਰਟੀਆਂ ਸਰਗਰਮ ਹੋ ਗਈਆਂ ਹਨ। ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਵਿਚ ਭਰੋਸੇ ਦਾ ਵੋਟ ਹਾਸਲ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਲਿਆ। ਪੰਜਾਬ ਦੇ ਰਾਜਪਾਲ ਨੇ ਤਕਨੀਕੀ ਆਧਾਰ 'ਤੇ ਇਸ ਸੈਸ਼ਨ ਦੀ ਆਗਿਆ ਨਾ ਦੇ ਕੇ ਸਿਆਸੀ ਚੁਆਤੀ ਲਾ ਦਿੱਤੀ। ਰਾਜਪਾਲ ਦਾ ਤਰਕ ਸੀ ਕਿ ਕਿਸੇ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਤਾਂ ਪੇਸ਼ ਕੀਤਾ ਜਾ ਸਕਦਾ ਹੈ ਪਰ ਇਉਂ ਭਰੋਸੇ ਦੇ ਮਤੇ ਲਈ ਵਿਧਾਨ ਸਭਾ ਦਾ ਸੈਸ਼ਨ ਸੱਦਣ ਦੀ ਕੋਈ ਤੁਕ ਨਹੀਂ ਬਣਦੀ। ਆਮ ਆਦਮੀ ਪਾਰਟੀ ਨੇ ਰਾਜਪਾਲ ਦੇ ਇਸ ਫੈਸਲੇ ਨੂੰ ਆਪਣੀ ਹੇਠੀ ਸਮਝਦਿਆਂ ਕੁਝ ਹੋਰ ਮੁੱਦਿਆਂ ਬਾਰੇ ਚਰਚਾ ਨੂੰ ਆਧਾਰ ਬਣਾ ਕੇ ਵਿਧਾਨ ਸਭਾ ਦਾ ਸੈਸ਼ਨ ਸੱਦ ਲਿਆ। ਇਸ ਇਕ ਨੁਕਤੇ ਤੋਂ ਹੀ ਆਮ ਆਦਮੀ ਪਾਰਟੀ ਦੀ ਸਿਆਸੀ ਦਿਆਨਤਦਾਰੀ ਅਤੇ ਸੰਜੀਦਗੀ ਉਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜ਼ਾਹਿਰ ਹੈ ਕਿ ਆਮ ਆਦਮੀ ਪਾਰਟੀ ਨੇ ਇਹ ਸੈਸ਼ਨ, ਮਗਰੋਂ ਦੱਸੇ ਗਏ ਮੱਦਿਆਂ 'ਤੇ ਚਰਚਾ ਕਰਨ ਅਤੇ ਇਨ੍ਹਾਂ ਦਾ ਹੱਲ ਕਰਨ ਲਈ ਨਹੀਂ ਸੱਦਿਆ ਸਗੋਂ ਸਿਰਫ ਭਰੋਸੇ ਦਾ ਵੋਟ ਹਾਸਲ ਕਰਨ ਲਈ ਸੈਸ਼ਨ ਸੱਦਿਆ। ਇਸੇ ਕਰਕੇ ਇਹ ਮਤਾ ਪੇਸ਼ ਹੁੰਦੇ ਸਾਰ ਹੀ ਵਿਧਾਨ ਸਭਾ ਵਿਚ ਰੱਫੜ ਵੀ ਪੈ ਗਿਆ।

ਇਸੇ ਕਾਰਨ ਹੀ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਰੋਸੇ ਦਾ ਵੋਟ ਹਾਸਲ ਕਰਨ ਲਈ ਮਤਾ ਪੇਸ਼ ਕਰਨ ਮੌਕੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਰਮਿਆਨ ਝੜਪਾਂ ਹੋ ਗਈਆਂ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਭਰੋਸਗੀ ਮਤੇ ਨੂੰ ਗੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਕਰਾਰ ਦਿੱਤਾ। ਰੌਲੇ-ਰੱਪੇ ਕਰ ਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸਦਨ ਦੀ ਕਾਰਵਾਈ ਤਿੰਨ ਵਾਰੀ ਮੁਲਤਵੀ ਕਰਨੀ ਪਈ ਅਤੇ ਆਖਰਕਾਰ ਕਾਂਗਰਸ ਦੇ ਸਾਰੇ ਮੈਂਬਰਾਂ ਨੂੰ ਸਦਨ ਵਿਚੋਂ ਕੱਢਣ ਦੇ ਹੁਕਮ ਹੋ ਗਏ। ਇਸ ਦੌਰਾਨ ਹੀ ਇਕ ਦਿਨ ਲਈ ਇਸ ਸੈਸ਼ਨ ਦੀ ਮਿਆਦ ਚਾਰ ਦਿਨ ਕਰ ਦਿੱਤੀ ਗਈ। ਇਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸੇ ਦਾ ਵੋਟ ਹਾਸਲ ਕਰਨ ਲਈ ਮਤਾ ਪੇਸ਼ ਕਰਦਿਆਂ ਕਿਹਾ ਕਿ 'ਇਹ ਸਦਨ ਮੰਤਰੀ ਮੰਡਲ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰਦਾ ਹੈ'। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਨੇ ਮੁੱਖ ਮੰਤਰੀ ਵੱਲੋਂ ਪੇਸ਼ ਮਤੇ ਦੀ ਤਾਈਦ ਕੀਤੀ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਨੂੰ ਭਾਰਤੀ ਜਨਤਾ ਪਾਰਟੀ ਦੀ 'ਬੀ' ਟੀਮ ਕਰਾਰ ਦਿੰਦਿਆਂ ਦੋਵਾਂ ਪਾਰਟੀਆਂ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਯਾਦ ਕਰਵਾਇਆ ਕਿ ਭਾਰਤੀ ਜਨਤਾ ਪਾਰਟੀ ਦੇਸ਼ ਭਰ ਵਿਚ ਪਿਛਲੇ ਦਰਵਾਜ਼ਿਓਂ ਆਪਣੀਆਂ ਸਰਕਾਰਾਂ ਬਣਾਉਣ ਲਈ ਦਲ-ਬਦਲੀ ਵਿਰੋਧੀ ਕਾਨੂੰਨ ਦੀ ਵਰਤੋਂ ਨਵੇਂ ਹਥਿਆਰ ਵਜੋਂ ਕਰ ਰਹੀ ਹੈ ਅਤੇ ਇਸ ਦੀ ਸਭ ਤੋਂ ਵੱਡੀ ਪੀੜਤ ਹੋਣ ਦੇ ਬਾਵਜੂਦ ਕਾਂਗਰਸ ਹੁਣ ਇਸੇ ਦੀ ਹਮਾਇਤ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਵਿਧਾਇਕਾਂ ਨੂੰ ਲੁਭਾ ਕੇ ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਤੇ ਹੋਰ ਸੂਬਿਆਂ ਵਿਚ ਚੁਣੀਆਂ ਹੋਈਆਂ ਸਰਕਾਰਾਂ ਭੰਗ ਕੀਤੀਆਂ ਅਤੇ ਆਪਣੀ ਸਰਕਾਰਾਂ ਲੋਕਾਂ ਉਤੇ ਥੋਪ ਦਿੱਤੀਆਂ। ਇਸੇ ਤਰ੍ਹਾਂ ਦਿੱਲੀ ਵਿਚ ਤਿੰਨ ਦਫ਼ਾ ਸਰਕਾਰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ ਹੁਣ ਪੰਜਾਬ ਵਿਚ ਪੈਸੇ ਦੇ ਜ਼ੋਰ ਨਾਲ ਵਿਧਾਇਕਾਂ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨਾ ਸਾਧਿਆ ਕਿ ਇਸ ਪਾਰਟੀ ਦੀ ਲੀਡਰਸ਼ਿਪ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 'ਭਾਰਤ ਜੋੜੋ ਯਾਤਰਾ' ਕਰ ਰਹੀ ਹੈ ਪਰ ਰਾਜਸਥਾਨ ਵਿਚ ਖੁਦ ਖੱਖੜੀਆਂ-ਕਰੇਲੇ ਹੋ ਰਹੀ ਹੈ। ਇਸ ਯਾਤਰਾ ਦੌਰਾਨ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਤੋਂ ਜਾਣਬੁੱਝ ਕੇ ਦੂਰੀ ਰੱਖੀ ਗਈ ਹੈ ਤਾਂ ਕਿ ਚੋਣਾਂ ਵਿਚ ਪੂਰੀ ਤਰ੍ਹਾਂ ਭਾਜਪਾ ਨੂੰ ਪੂਰਾ ਲਾਹਾ ਦਿੱਤਾ ਜਾ ਸਕੇ।

ਅਸਲ ਵਿਚ ਪਿਛਲੇ ਛੇ ਮਹੀਨਆਂ ਦੌਰਾਨ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤਕਰੀਬਨ ਸਿਫਰ ਰਹੀ ਹੈ। ਪਾਰਟੀ ਕੋਲ ਦੱਸਣ ਲਈ ਅਜਿਹਾ ਕੋਈ ਕੰਮ ਨਹੀਂ ਜੋ ਇਸ ਨੇ ਸਿਰੇ ਚਾੜ੍ਹਿਆ ਹੋਵੇ। ਇਹ ਵੱਖਰੀ ਗੱਲ ਹੈ ਕਿ ਇਸ਼ਤਿਹਾਰਾਂ ਦੇ ਜ਼ੋਰ 'ਤੇ ਇਹ 'ਆਪਣੇ ਕੀਤੇ ਕੰਮ' ਰੋਜ਼ ਗਿਣਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਾਂਗ ਇਸ ਨੇ ਵੀ ਮੀਡੀਆ ਉਤੇ ਇਸ ਕਦਰ ਪ੍ਰਭਾਵ ਪਾ ਲਿਆ ਗਿਆ ਹੈ ਕਿ ਸਰਕਾਰ ਦੀ ਬਣਦੀ ਆਲੋਚਨਾ ਵੀ ਮੀਡੀਆ ਵਿਚ ਨਸ਼ਰ ਨਹੀਂ ਹੋ ਰਹੀ। ਸੂਬੇ ਦਾ ਹਰ ਵਰਗ ਸਰਕਾਰ ਦੀ ਨਾ-ਅਹਿਲੀਅਤ ਤੋਂ ਔਖਾ ਹੈ। ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਮੁੱਦਿਆਂ ਬਾਰੇ ਕਿਤੇ ਕੋਈ ਗੱਲ ਨਹੀਂ ਛੇੜੀ ਜਾ ਰਹੀ। ਇਨ੍ਹਾਂ ਦੋਹਾਂ ਖੇਤਰਾਂ ਵਿਚ ਵਾਰ-ਵਾਰ ਗੱਲ ਦਿੱਲੀ ਮਾਡਲ ਉਤੇ ਕੇਂਦਰਤ ਕੀਤੀ ਜਾ ਰਹੀ ਹੈ ਜਦਕਿ ਇਹ ਇਕ ਵਾਰ ਨਹੀਂ ਬਲਕਿ ਕਈ ਵਾਰ ਸਾਬਤ ਹੋ ਚੁੱਕਾ ਹੈ ਕਿ ਇਨ੍ਹਾਂ ਦੋਹਾਂ ਖੇਤਰਾਂ ਵਿਚ ਪੰਜਾਬ, ਦਿੱਲੀ ਵਾਲੇ ਅਖੌਤੀ ਮਾਡਲ ਤੋਂ ਕਿਤੇ ਅਗੇਰੇ ਹੈ ਪਰ ਆਮ ਆਦਮੀ ਪਾਰਟੀ ਦੇ ਆਗੂ 2024 ਵਿਚ ਆ ਰਹੀਆਂ ਅਗਲੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਦਿੱਲੀ ਮਾਡਲ ਦਾ ਗੁੱਡਾ ਬੰਨ੍ਹ ਰਹੇ ਹਨ। ਇਹੀ ਨਹੀਂ, ਗੁਜਰਾਤ ਅਤੇ ਹਿਮਾਚਲ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਮਾਡਲ ਦੀਆਂ ਮਿਸਾਲਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਮਾਡਲ ਹੈ ਕੀ ਅਤੇ ਇਸ ਮਾਡਲ ਤਹਿਤ ਪੰਜਾਬ ਕੀ ਕੰਮ ਕੀਤਾ ਗਿਆ ਹੈ, ਕਿਤੇ ਵੀ ਕੋਈ ਚਰਚਾ ਨਹੀਂ ਹੈ। ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਜਾ ਕੇ ਆਮ ਆਦਮੀ ਪਾਰਟੀ ਦੇ ਆਗੂ ਆਏ ਦਿਨ ਬਿਆਨ ਦਾਗ ਦਿੰਦੇ ਹਨ ਕਿ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਖਤਮ ਕਰ ਦਿੱਤਾ ਗਿਆ ਹੈ ਜਦਕਿ ਇਸ ਮਸਲੇ 'ਤੇ ਹਕੀਕਤ ਕੁਝ ਹੋਰ ਹੀ ਹੈ। ਅਸਲ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਗੱਲੀਂ-ਬਾਤੀਂ ਹੀ ਬੁੱਤਾ ਸਾਰ ਰਹੀ ਹੈ ਪਰ ਸਮਾਂ ਆ ਰਿਹਾ ਹੈ ਕਿ ਲੋਕ ਸਵਾਲਾਂ ਉਤੇ ਸਵਾਲ ਕਰ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰਾਮ-ਰੌ.ਲੇ ਵਿਚ ਸੱਚ ?*

ਲੱਗੇ ਕਿਸੇ ਨੂੰ ਆਗੂ ਕੋਈ ਚੰਦ ਵਰਗਾ, ਕਹਿੰਦਾ ਉਸੇ ਨੂੰ ਦੂਸਰਾ 'ਗੰਦ' ਕੋਈ।
ਧਰਨੇ ਵੱਜਦੇ ਸਾਰੇ ਹੀ ਦੇਸ ਅੰਦਰ, ਆਏ ਦਿਨ ਕਰਾਉਂਦਾ ਏ 'ਬੰਦ' ਕੋਈ।
ਸੂਈ 'ਸ਼ੱਕ' ਦੀ ਘੁੰਮਦੀ ਸਾਰਿਆਂ 'ਤੇ, ਦੱਸਦਾ ਇਕ ਨੂੰ ਦੂਜੇ ਦਾ 'ਸੰਦ' ਕੋਈ।
ਉੱਲੂ ਆਪਣਾ ਸਿੱਧਾ ਹੀ ਕਰਨ ਲੱਗੇ, ਨਾ ਅਸੂਲ ਦਾ ਰਿਹਾ ਪਾਬੰਦ ਕੋਈ।
ਵਿੰਗ-ਵ.ਲ ਸਿਆਸਤ ਵਿਚ ਪਏ ਐਨੇ, ਚਾਹੁੰਦੇ ਲੋਕ ਨੇ ਦੇਵੇ ਆ 'ਰੰਦ' ਕੋਈ।
ਔਖਾ ਹੋਇਆ ਐ ਲੱਭਣਾ ਏਸ ਵੇਲੇ, ਰਾਮ-ਰੌ.ਲੇ 'ਚੋਂ 'ਸੱਚ ਦਾ ਤੰਦ' ਕੋਈ!

# ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਮੁੱਦਾ ਅਤੇ ਆਮ ਲੋਕ

*ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਛੇ ਮਹੀਨਿਆਂ ਦਾ ਰਿਕਾਰਡ ਦੱਸਦਾ ਹੈ ਕਿ ਇਸ ਸਰਕਾਰ ਨੇ ਅਜੇ ਤੱਕ ਪੰਜਾਬ ਦੇ ਕਿਸੇ ਵੀ ਮੁੱਦੇ ਨੂੰ ਸੰਜੀਦਗੀ ਨਾਲ ਹੱਲ ਕਰਨ ਦਾ ਯਤਨ ਤੱਕ ਨਹੀਂ ਕੀਤਾ ਹੈ। ਆਮ ਲੋਕਾਂ ਨੂੰ ਗੈਰ-ਜ਼ਰੂਰੀ ਮਸਲਿਆਂ ਵਿਚ ਉਲਝਾਇਆ ਜਾ ਰਿਹਾ ਹੈ। ਪਾਰਟੀ ਦੇ ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਦੇ ਦੋਸ਼ ਅਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਇਸ ਦੀਆਂ ਤਾਜ਼ਾ ਅਤੇ ਉਘੜਵੀਆਂ ਮਿਸਾਲਾਂ ਹਨ। ਇਸੇ ਪ੍ਰਸੰਗ ਵਿਚ ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਵਿਚਾਰ-ਚਰਚਾ ਕੀਤੀ ਹੈ।*



**ਨਵਕਿਰਨ ਸਿੰਘ ਪੱਤੀ**
ਈਮੇਲ:n4navkiran@gmail.com

ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਪਿਛਲੀ ਦਿਨੀਂ ਪ੍ਰੈੱਸ ਕਾਨਫਰੰਸਾਂ ਕਰ ਕੇ ਇਹ ਰੌਲਾ ਪਾਇਆ ਕਿ ਬੀ.ਜੇ.ਪੀ. ਉਹਨਾਂ ਦੇ ਵਿਧਾਇਕਾਂ ਨੂੰ 25-25 ਕਰੋੜ ਰੁਪਏ ਵਿਚ ਖਰੀਦਣ ਦਾ ਯਤਨ ਕਰ ਰਹੀ ਹੈ। ਅਜੇ ਤੱਕ ਭਾਵੇਂ ਆਮ ਆਦਮੀ ਪਾਰਟੀ ਨੇ ਕਿਤੇ ਵੀ ਇਹ ਜ਼ਿਕਰ ਨਹੀਂ ਕੀਤਾ ਕਿ ਕਿਸ ਨੂੰ ਖਰੀਦਣ ਦਾ ਯਤਨ ਹੋ ਰਿਹਾ ਸੀ ਤੇ ਕੌਣ ਖਰੀਦ ਰਿਹਾ ਸੀ, ਦਰਜ ਕਰਵਾਈ ਐਫ.ਆਰ.ਆਈ. ਵਿਚ ਵੀ ਕਿਸੇ ਠੋਸ ਸਬੂਤ ਅਤੇ ਵਿਅਕਤੀ ਵਿਸ਼ੇਸ਼ ਦਾ ਜ਼ਿਕਰ ਨਹੀਂ ਹੈ। ਪੰਜਾਬ ਦਾ ਮੀਡੀਆ 'ਆਪ' ਸਰਕਾਰ ਤੋਂ ਸਬੂਤ ਮੰਗਣ ਦੀ ਥਾਂ ਇਸ ਮਸਲੇ 'ਤੇ ਮਸਾਲੇਦਾਰ ਬਹਿਸਾਂ ਕਰਵਾ-ਕਰਵਾ ਕੇ ਟੀ.ਆਰ.ਪੀ. ਦੀ ਦੌੜ ਵਿਚ ਸਾਹੋ-ਸਾਹ ਹੋਇਆ ਨਜ਼ਰ ਆ ਰਿਹਾ ਹੈ।

ਜਰਮਨੀ ਦੀ ਵਿਵਾਦ ਵਾਲੀ ਫੇਰੀ ਤੋਂ ਵਾਪਸ ਪਰਤਦਿਆਂ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਭ੍ਰਿਸ਼ਟਾਚਾਰ ਸਬੰਧੀ ਵਾਇਰਲ ਆਡੀਓ 'ਤੇ ਐਕਸ਼ਨ ਲੈਣ ਅਤੇ ਜਹਾਜ਼ ਵਿਚੋਂ ਉਤਾਰੇ ਜਾਣ ਦੇ ਮੁੱਦੇ 'ਤੇ ਪੱਖ ਰੱਖਣ ਦੀ ਬਜਾਇ ਮੁੱਖ ਮੰਤਰੀ ਨੇ ਬਹੁਮਤ ਸਾਬਤ ਕਰਨ ਲਈ ਵਿਸ਼ੇਸ਼ ਸੈਸ਼ਨ ਸੱਦਣ ਵਾਲਾ 'ਕੱਛ ਵਿਚੋਂ ਮੂੰਗਲਾ' ਕੱਢ ਮਾਰਿਆ ਜਿਸ ਨੂੰ ਪੰਜਾਬ ਦੇ ਰਾਜਪਾਲ ਨੇ ਪਹਿਲਾਂ ਮਨਜ਼ੂਰੀ ਦੇ ਦਿੱਤੀ ਪਰ ਬਾਅਦ ਵਿਚ ਰੱਦ ਕਰ ਦਿੱਤੀ। ਮੌਜੂਦਾ ਹਾਲਤ ਵਿਚ ਪੰਜਾਬ ਸਰਕਾਰ ਲਈ ਬਹੁਮਤ ਸਾਬਤ ਕਰਨ ਦੀ ਕੋਈ ਨੌਬਤ ਨਹੀਂ ਹੈ। ਪੰਜਾਬ ਦਾ ਸਿਆਸੀ ਦ੍ਰਿਸ਼ ਅੱਜ ਦੀ ਹਾਲਤ ਵਿਚ ਦੋ ਵਿਧਾਇਕਾਂ ਵਾਲੀ ਭਾਜਪਾ ਦੇ ਪੱਖ 'ਚ ਭੁਗਤਦਾ ਦਿਖਾਈ ਨਹੀਂ ਦੇ ਰਿਹਾ ਹੈ ਬਲਕਿ ਭਵਿੱਖ ਵਿਚ 'ਆਪ' ਦੀ ਹਾਲਤ 'ਸ਼ੇਰ ਤੇ ਗੱਪੀ ਆਜੜੀ' ਕਹਾਣੀ ਵਰਗੀ ਨਾ ਹੋ ਜਾਵੇ।

ਸੈਸ਼ਨ ਬੁਲਾਉਣ ਦੀ ਮਨਜ਼ੂਰੀ ਰੱਦ ਕਰਨ ਬਾਅਦ ਆਮ ਆਦਮੀ ਪਾਰਟੀ ਵੱਲੋਂ ਚੰਡੀਗੜ੍ਹ ਵਿਚ ਰਾਜਪਾਲ ਭਵਨ ਵੱਲ ਕੀਤੇ ਮਾਰਚ ਦੌਰਾਨ 'ਆਪ' ਦੇ ਕੁਝ ਵਿਧਾਇਕਾਂ ਦੇ ਹੱਥਾਂ 'ਚ ਫੜੀਆਂ ਹਿੰਦੀ ਵਿਚ ਲਿਖੀਆਂ ਤਖਤੀਆਂ ਤੋਂ ਇਹ ਝਲਕਾਰਾ ਪੈ ਰਿਹਾ ਸੀ ਜਿਵੇਂ ਇਸ ਮਾਰਚ ਰਾਹੀਂ ਪੰਜਾਬੀਆਂ ਦਾ ਘੱਟ ਬਲਕਿ ਨੇੜਲੀਆਂ ਚੋਣਾਂ ਵਾਲੇ ਸੂਬਿਆਂ ਦਾ ਧਿਆਨ ਜ਼ਿਆਦਾ ਖਿੱਚਣ ਦੀ ਕੋਸ਼ਿਸ਼ ਕੀਤੀ ਜਾ ਰਹੇ ਹੋਵੇ। ਉਸੇ ਦਿਨ ਚੰਡੀਗੜ੍ਹ ਵਿਚ ਭਾਰਤੀ ਜਨਤਾ ਪਾਰਟੀ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਕੀਤੇ ਰੋਸ ਮੁਜ਼ਾਹਰੇ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ; ਉਂਝ, ਕੀ ਭਾਜਪਾ ਆਗੂ ਇਹ ਦੱਸਣ ਦੀ ਖੇਚਲ ਕਰਨਗੇ ਕਿ ਭਾਜਪਾ ਨੇ ਪੰਜਾਬ ਦੇ ਮਸਲਿਆਂ 'ਤੇ ਕਿੰਨੀ ਕੁ ਵਾਰ ਪਾਣੀ ਦੀਆਂ ਬੁਛਾੜਾਂ ਖਾਧੀਆਂ ਹਨ। ਪੰਜਾਬ ਦੇ ਹੱਕੀ ਮਸਲਿਆਂ 'ਤੇ ਹਮੇਸ਼ਾ ਅੱਖਾਂ ਮੀਚ ਲੈਣ ਵਾਲੀ ਭਾਜਪਾ ਦੀ ਪੰਜਾਬ ਇਕਾਈ ਇਸ ਮਸਲੇ 'ਤੇ ਜਿਸ ਦਾ ਆਮ ਲੋਕਾਂ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਹੈ, 'ਤੇ ਜਿਵੇਂ ਵਧ ਚੜ੍ਹ ਕੇ ਸਰਗਰਮ ਹੋਈ ਹੈ, ਉਸ ਤੋਂ ਜ਼ਾਹਿਰ ਹੈ ਕਿ ਇਹ ਤੈਅਸ਼ੁਦਾ ਸਕਰਿਪਟ ਵਾਂਗ ਹੋ ਰਿਹਾ ਹੈ।

ਅਸਲ ਵਿਚ ਲੋਕਾਂ ਸਾਹਮਣੇ ਮੀਡੀਆ ਰਾਹੀਂ ਬਿਰਤਾਂਤ ਸਿਰਜਦਿਆਂ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਤਿਲਾਂਜਲੀ ਦੇ ਕੇ ਲੋਕਾਂ ਦਾ ਧਿਆਨ ਗੈਰ-ਜ਼ਰੂਰੀ ਮਾਮਲਿਆਂ ਵੱਲ ਲਾਇਆ ਜਾ ਰਿਹਾ ਹੈ ਤੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਭਾਜਪਾ ਦੀ ਸਭ ਤੋਂ ਵੱਡੀ ਸਿਆਸੀ ਵਿਰੋਧੀ ਆਮ ਆਦਮੀ ਪਾਰਟੀ ਹੈ। ਸਿਧਾਂਤਕ ਤੌਰ 'ਤੇ ਇਹਨਾਂ ਦੋਵਾਂ ਪਾਰਟੀਆਂ ਵਿਚ ਕੋਈ ਬੁਨਿਆਦੀ ਵਖਰੇਵਾਂ ਨਜ਼ਰ ਨਹੀਂ ਆਉਂਦਾ ਹੈ। ਜੰਮੂ ਕਸ਼ਮੀਰ ਦੇ ਵੱਧ ਅਧਿਕਾਰਾਂ ਨੂੰ ਖਤਮ ਕਰਨ ਸਮੇਂ ਭਾਜਪਾ ਦੇ ਹੱਕ ਵਿਚ ਖੜ੍ਹਨ ਵਾਲੀ 'ਆਪ' ਕੁਝ ਖਾਸ ਮੌਕਿਆਂ 'ਤੇ ਭਾਜਪਾ ਤੋਂ ਵੱਡੀ ਰਾਸ਼ਟਰਵਾਦੀ ਹੋਣ ਦਾ ਮਾਹੌਲ ਸਿਰਜਦੀ ਹੈ। ਪੰਜਾਬ ਵਿਚ ਚਲਾਏ ਕਥਿਤ 'ਅਪਰੇਸ਼ਨ ਲੋਟਸ' ਖਿਲਾਫ ਅੰਦੋਲਨ ਵਿੱਢਣ ਵਾਲੀ 'ਆਪ' ਨੇ ਕਦੇ ਕੇਂਦਰ ਸਰਕਾਰ ਵੱਲੋਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਸਰਕਾਰ ਵਿਰੋਧੀ ਵਿਚਾਰ ਪ੍ਰਗਟ ਕਰਨ ਵਾਲੇ ਬੁੱਧੀਜੀਵੀਆਂ ਖਿਲਾਫ ਚਲਾਏ 'ਅਪਰੇਸ਼ਨ' ਦੀ ਖੁੱਲ੍ਹੇਆਮ ਨਿੰਦਾ ਤੱਕ ਨਹੀਂ ਕੀਤੀ ਹੈ। ਦੇਸ਼ ਵਿਚ ਬਣੇ ਅਣ-ਐਲਾਨੀ ਐਮਰਜੈਂਸੀ ਦੇ ਮਾਹੌਲ ਵਿਚ 'ਆਪ' ਬੋਲਣ ਦੀ ਥਾਂ ਦੜ ਵੱਟ ਕੇ ਰਾਜਨੀਤੀ ਕਰ ਰਹੀ ਹੈ।

'ਆਪ' ਇਹ ਕਹਿ ਰਹੀ ਹੈ ਕਿ ਇਹਦੇ ਨੁਮਾਇੰਦੇ 'ਵਿਕਾਊ' ਨਹੀਂ। ਉਹ ਵਿਅੰਗ ਕਰਦੇ ਹਨ ਕਿ ਕਾਂਗਰਸ ਦੇ ਵਿਧਾਇਕ/ਸੰਸਦ ਮੈਂਬਰ ਤਾਂ ਭਾਜਪਾ 'ਚ ਜਾ ਸਕਦੇ ਹਨ ਪਰ 'ਆਪ' ਦੇ ਨਹੀਂ ਜਾਂਦੇ ਜਦਕਿ ਸਿਰਫ ਪੰਜਾਬ ਨਾਲ ਜੋੜ ਕੇ ਹੀ ਦੇਖੀਏ ਤਾਂ ਬੀਤੇ ਦਿਨਾਂ ਦੀ ਪ੍ਰੈਕਟਿਸ ਦੱਸਦੀ ਹੈ ਕਿ 'ਆਪ' ਦਾ ਸਾਬਕਾ ਸੰਸਦ ਮੈਂਬਰ ਭਾਜਪਾ ਵਿਚ ਸ਼ਾਮਲ ਹੋ ਚੁੱਕਾ ਹੈ ਤੇ ਵਿਰੋਧੀ ਧਿਰ ਦੇ ਆਗੂ ਰਹੇ ਸੁਖਪਾਲ ਸਿੰਘ ਖਹਿਰਾ ਸਮੇਤ ਕਈ ਸਾਬਕਾ ਵਿਧਾਇਕ ਪਿਛਲੀਆਂ ਚੋਣਾਂ ਤੋਂ ਪਹਿਲਾਂ ਹੀ ਕਾਂਗਰਸ ਵਿਚ ਛਾਲਾਂ ਮਾਰ ਗਏ ਸਨ। ਨਾਲੇ ਜਿਹੜੇ ਪੈਰਾਸ਼ੂਟ ਰਾਹੀਂ ਉੱਤਰੇ ਹੀ ਰਵਾਇਤੀ ਪਾਰਟੀਆਂ ਵਿਚੋਂ ਹਨ, ਉਹਨਾਂ ਨੂੰ ਘਰ ਵਾਪਸੀ ਦੀ ਸੰਗ ਵੀ ਕਾਹਦੀ!

ਸਿਆਸੀ ਤ੍ਰਾਸਦੀ ਇਹ ਵੀ ਹੈ ਕਿ ਪੰਜਾਬ ਦੀਆਂ ਹਾਕਮ ਧਿਰਾਂ ਦੇ ਪ੍ਰਮੁੱਖ ਨੁਮਾਇੰਦੇ ਪੰਜਾਬ ਪ੍ਰਸਤ ਘੱਟ, ਆਪਣੀ ਹਾਈਕਮਾਨ ਪ੍ਰਸਤ ਜ਼ਿਆਦਾ ਹਨ। ਕਈ ਵਾਰ ਤਾਂ ਭਗਵੰਤ ਮਾਨ-ਸੁਖਬੀਰ ਬਾਦਲ-ਰਾਜਾ ਵੜਿੰਗ ਦੇ ਆਪਸੀ ਬਿਆਨਾ ਤੋਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਪੰਜਾਬ ਵਿਚ ਕੋਈ ਕਾਮੇਡੀ ਸਰਕਸ ਚੱਲ ਰਹੀ ਹੋਵੇ। ਵਿਧਾਇਕਾਂ ਦੀ ਖਰੀਦੋ-ਫਰੋਖਤ ਦਰਮਿਆਨ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦਾ ਇਹ ਬਿਆਨ ਕਿ 'ਆਪ' ਦੇ 9 ਵਿਧਾਇਕ ਸਾਡੇ ਸੰਪਰਕ ਵਿਚ ਹਨ, ਇਸੇ ਤਰ੍ਹਾਂ ਦਾ ਡਾਇਲਾਗ ਹੈ।

ਪੰਜਾਬ ਨਾਲ ਜੁੜੇ ਬਹੁਤ ਸਾਰੇ ਚਲੰਤ ਮੁੱਦੇ ਹਨ ਜਿਨ੍ਹਾਂ 'ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾ ਸਕਦਾ ਹੈ, ਜਿਵੇਂ ਸਮੂਹ ਕੱਚੇ ਕਾਮਿਆਂ ਨੂੰ ਪੱਕੇ ਕਰਨ ਲਈ, ਕਿਸਾਨਾਂ ਨੂੰ ਸਬਜੀਆਂ/ਦਾਲਾਂ ਦੀ ਐਮ.ਐਸ.ਪੀ. ਯਕੀਨੀ ਬਣਾਉਣ ਲਈ, ਮਜ਼ਦੂਰਾਂ ਨੂੰ ਪੂਰਾ ਸਾਲ ਰੁਜ਼ਗਾਰ ਦੀ ਗਾਰੰਟੀ ਐਕਟ ਬਣਾਉਣ ਲਈ, ਹਰ ਨੌਜਵਾਨ ਨੂੰ ਰੁਜ਼ਗਾਰ ਤੇ ਰੁਜ਼ਗਾਰ ਨਾ ਮਿਲਣ ਤੱਕ ਬੇਰੁਜ਼ਗਾਰੀ ਭੱਤਾ, ਬੇਅਦਬੀ ਤੇ ਗੋਲੀਕਾਂਡ ਮਾਮਲੇ ਦੀ ਚਰਚਾ ਲਈ, ਮਾਲਵੇ ਕਿਸਾਨਾਂ ਨੂੰ ਗੁਲਾਬੀ ਸੁੰਢੀ ਦਾ ਮੁਆਵਜ਼ਾ ਦੇਣ ਲਈ, ਪਰਾਲੀ ਦੇ ਠੋਸ ਹੱਲ ਤੇ ਫਸਲੀ ਵਿਭਿੰਨਤਾ ਲਈ, ਚੰਡੀਗੜ੍ਹ ਦਾ ਮਸਲਾ, ਬੀ.ਬੀ.ਐਮ.ਬੀ., ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਆਦਿ ਪਰ ਇਹਨਾਂ ਮੁੱਦਿਆਂ 'ਤੇ ਵਿਸ਼ੇਸ਼ ਇਜਲਾਸ ਤਾਂ ਕੀ ਬੁਲਾਉਣਾ ਸੀ ਸਗੋਂ ਸਰਕਾਰ ਵੱਲੋਂ ਪੁਰਾਣੇ ਇਜਲਾਸ ਵਿਚ ਚਰਚਾ ਵੀ ਨਹੀਂ ਕਰਵਾਈ ਗਈ। ਕਹਿਣ ਨੂੰ ਤਾਂ ਪੰਜਾਬ ਵਿਧਾਨ ਸਭਾ ਦੇ 27 ਸਤੰਬਰ ਨੂੰ ਬੁਲਾਏ ਇਜਲਾਸ ਦਾ ਮੰਤਵ 22 ਸਤੰਬਰ ਨੂੰ ਸੱਦੇ ਗਏ ਇਜਲਾਸ ਤੋਂ ਵੱਖਰਾ ਦੱਸਿਆ ਗਿਆ ਸੀ ਪਰ ਹਕੀਕਤ ਇਹ ਹੈ ਕਿ ਇਹ ਉਸੇ ਸਿਆਸੀ ਗਿਣਤੀ-ਮਿਣਤੀ ਦੇ ਹਿਸਾਬ ਨਾਲ ਬੁਲਾਇਆ ਗਿਆ ਅਤੇ ਹੁਣ ਗੰਭੀਰ ਸਵਾਲ ਇਹ ਹੈ ਕਿ ਜੇ ਸੱਚਮੁੱਚ ਸਰਕਾਰ ਬਿਜਲੀ, ਪਰਾਲੀ, ਬੇਰੁਜ਼ਗਾਰੀ ਵਰਗੇ ਮੁੱਦਿਆਂ 'ਤੇ ਵਿਧਾਨ ਸਭਾ ਵਿਚ ਚਰਚਾ ਕਰਨਾ ਚਾਹੁੰਦੀ ਹੈ ਤਾਂ ਕੀ ਇਹ ਮੁੱਦੇ ਇੱਕ ਦਿਨ ਦੇ ਮਹਿਜ਼ ਕੁਝ ਘੰਟਿਆਂ/ਮਿੰਟਾਂ ਦੀ ਚਰਚਾ ਗੋਚਰੇ ਹੀ ਹਨ? ਇਹ ਪੰਜਾਬ ਦੇ ਸਭ ਤੋਂ ਅਹਿਮ ਮੁੱਦੇ ਹਨ ਜਿਨ੍ਹਾਂ 'ਤੇ ਚਰਚਾ ਲਈ ਕਈ ਦਿਨਾਂ ਦਾ ਇਜਲਾਸ ਬੁਲਾਉਣ ਦੀ ਲੋੜ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੇਂਦਰੀ ਸੱਤਾ ਹਾਸਲ ਕਰਨ ਤੋਂ ਬਾਅਦ ਭਾਜਪਾ ਦਾ ਕਿਰਦਾਰ ਹਰ ਹੀਲੇ ਸੂਬਿਆਂ ਦੀ ਸੱਤਾ ਹਾਸਲ ਕਰਨ ਦਾ ਨਜ਼ਰ ਆ ਰਿਹਾ ਹੈ। ਪਿਛਲੇ ਸਮੇਂ ਭਾਜਪਾ ਨੇ ਪੂਰੇ ਮੁਲਕ ਵਿਚ ਵਿਰੋਧੀ ਧਿਰਾਂ ਦੇ ਸੈਂਕੜੇ ਵਿਧਾਇਕਾਂ/ਸਾਬਕਾ ਵਿਧਾਇਕਾਂ ਨੂੰ ਲਾਲਚ ਦੇ ਕੇ ਜਾਂ ਕੇਂਦਰੀ ਏਜੰਸੀਆਂ ਰਾਹੀਂ ਡਰਾ/ਧਮਕਾ ਕੇ ਭਾਜਪਾ ਵਿਚ ਸ਼ਾਮਲ ਕੀਤਾ ਹੈ। ਗੋਆ ਵਿਚ ਅਜੇ ਕੁਝ ਦਿਨ ਪਹਿਲਾਂ ਹੀ ਅੱਠ ਕਾਂਗਰਸੀ ਵਿਧਾਇਕਾਂ ਤੇ ਮਨੀਪੁਰ ਵਿਚ ਜਨਤਾ ਦਲ (ਯੂਨਾਈਟਿਡ) ਦੇ ਪੰਜ ਵਿਧਾਇਕਾਂ ਨੂੰ ਭਾਜਪਾ ਆਪਣੇ ਵਿਚ ਸ਼ਾਮਲ ਕਰ ਚੁੱਕੀ ਹੈ। ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਅਰੁਣਾਚਲ ਪ੍ਰਦੇਸ਼ ਵਰਗੇ ਸੂਬਿਆਂ ਵਿਚ ਮੋਦੀ ਅਤੇ ਸ਼ਾਹ ਦਾ 'ਜਾਦੂ' ਅਜਿਹਾ ਚੱਲਿਆ ਕਿ ਭਾਜਪਾ ਸਰਕਾਰਾਂ ਬਣਾਈਆਂ ਗਈਆਂ ਹਨ।

ਹਾਕਮ ਜਮਾਤੀ ਸਿਆਸੀ ਪਾਰਟੀਆਂ ਦਾ ਤੌਰ-ਤਰੀਕਾ ਇਹ ਹੈ ਕਿ ਸੱਤਾ ਹਾਸਲ ਕਰਨ ਸਮੇਂ ਉਹ ਆਪਣੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਠੱਗ, ਚੋਰ, ਭ੍ਰਿਸ਼ਟ ਜਿਹੇ ਲਕਬਾਂ ਨਾਲ ਨਿਵਾਜਦੀਆਂ ਹਨ। ਸੱਤਾ ਵਿਚ ਆ ਕੇ ਅਜਿਹੀ 'ਵਾਸ਼ਿੰਗ ਮਸ਼ੀਨ' ਵਰਤਦੀ ਜਾਂਦੀ ਹੈ ਜਿਸ ਵਿਚੋਂ ਦੀ ਦੂਜੀਆਂ ਧਿਰਾਂ ਦੇ ਆਗੂਆਂ ਨੂੰ ਲੰਘਾ ਕੇ ਦੁੱਧ ਧੋਤਾ ਬਣਾ ਲੈਂਦੇ ਹਨ। ਵਿਰੋਧੀ ਧਿਰਾਂ ਦੀਆਂ ਸਰਕਾਰਾਂ ਸੁੱਟਣ ਲਈ ਜੋ ਢੰਗ-ਤਰੀਕਾ ਮੋਦੀ-ਸ਼ਾਹ ਦੀ ਜੋੜੀ ਅਪਣਾ ਰਹੀ ਹੈ, ਲੱਗਭੱਗ ਇਹੋ ਤਰੀਕਾ ਕਿਸੇ ਸਮੇਂ ਕਾਂਗਰਸ ਹਕੂਮਤ ਦੌਰਾਨ ਇੰਦਰਾ ਗਾਂਧੀ ਅਪਣਾਉਂਦੀ ਰਹੀ ਹੈ। ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ 'ਚੋਂ ਕਈਆਂ ਨੇ ਰਵਾਇਤੀ ਪਾਰਟੀਆਂ 'ਚੋਂ ਐਂਟਰੀ ਮਾਰੀ ਹੋਈ ਹੈ ਤੇ ਹੁਣ ਵੀ ਹਰ ਦਿਨ ਕਾਂਗਰਸ, ਅਕਾਲੀ ਦਲ, ਭਾਜਪਾ ਦੇ ਮਿਉਂਸਪਲ ਕੌਂਸਲਰ ਸ਼ਾਮਲ ਕਰ ਰਹੀ ਹੈ। 'ਬਦਲਾਅ' ਦੀ ਰਾਜਨੀਤੀ ਦੇ ਪ੍ਰਚਾਰ ਨਾਲ ਜਨਮੀ 'ਆਪ' ਜਿਸ ਤਰੀਕੇ ਨਾਲ ਐਮ.ਸੀ. ਸ਼ਾਮਲ ਕਰ ਰਹੀ ਹੈ, ਉਹ ਤਰੀਕਾ ਭਾਜਪਾ ਤੋਂ ਵੱਖਰਾ ਕਿਵੇਂ ਹੈ?

ਪੰਜਾਬੀਆਂ ਨੂੰ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਮੀਡੀਆ ਬ੍ਰਿਗੇਡ ਵੱਲੋਂ ਸਿਰਜੇ ਜਾ ਰਹੇ ਬਿਰਤਾਂਤ ਤੋਂ ਹਟ ਕੇ ਪੰਜਾਬ ਦੇ ਆਮ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਮੁੱਖ ਧਾਰਾ ਦੇ ਨਿਊਜ਼ ਚੈਨਲਾਂ ਮੂਹਰੇ ਬੈਠ ਕੇ ਸਿਆਸਤਦਾਨਾਂ ਦੀ ਚੁੰਝ ਚਰਚਾ 'ਚੋਂ ਭਵਿੱਖ ਤਲਾਸ਼ਣ ਦੀ ਬਜਾਇ ਰੋਜ਼ਮੱਰਾ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਹੰਭਲੇ ਦੀ ਜ਼ਰੂਰਤ ਹੈ।

# ਹਿੰਦੂਤਵ ਬ੍ਰਿਗੇਡ ਦਾ ਨਫਰਤੀ ਭਾਸ਼ਣ ਧਰਮ ਯੁੱਧ ਅਤੇ ਅਦਾਲਤ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਮਈ 2014 'ਚ ਹਿੰਦੂਤਵ ਬ੍ਰਿਗੇਡ ਵੱਲੋਂ ਸੱਤਾ ਉੱਪਰ ਕਾਬਜ਼ ਹੋਣ ਤੋਂ ਬਾਅਦ ਇੰਨੀ ਜ਼ਹਿਰੀਲੀ ਅਤੇ ਵਿਆਪਕ ਨਫ਼ਰਤੀ ਮੁਹਿੰਮ ਚਲਾਈ ਜਾ ਰਹੀ ਹੈ ਕਿ ਸੁਪਰੀਮ ਕੋਰਟ ਨੂੰ ਵੀ ਕਦੇ-ਕਦੇ ਸਖ਼ਤ ਟਿੱਪਣੀਆਂ ਕਰਨੀਆਂ ਪੈ ਜਾਂਦੀਆਂ ਹਨ। ਹਾਲ ਹੀ ਵਿਚ ਨਫ਼ਰਤੀ ਭਾਸ਼ਣਾਂ ਬਾਰੇ 11 ਰਿੱਟਾਂ ਉੱਪਰ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਥੋੜ੍ਹਾ ਸਖ਼ਤ ਰੁਖ਼ ਅਪਨਾਇਆ ਹੈ। ਸੁਦਰਸ਼ਨ ਨਿਊਜ਼ ਚੈਨਲ ਵੱਲੋਂ ਪ੍ਰਸਾਰਤ ਕੀਤੇ 'ਯੂ.ਪੀ.ਐੱਸ.ਸੀ. ਜਹਾਦ ਸ਼ੋਅ', ਧਰਮ ਸੰਸਦਾਂ ਦੇ ਮੰਚਾਂ ਤੋਂ ਹਿੰਦੂਤਵੀ ਸਾਧਾਂ ਵੱਲੋਂ ਹਿੰਦੂਆਂ ਨੂੰ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਬਲਾਤਕਾਰਾਂ ਲਈ ਉਕਸਾਉਂਦੇ ਭਾਸ਼ਣਾਂ, ਸੋਸ਼ਲ ਮੀਡੀਆ ਰਾਹੀਂ ਫੈਲਾਏ ਜਾਂਦੇ ਨਫ਼ਰਤੀ ਸੰਦੇਸ਼ਾਂ ਅਤੇ ਅਫਵਾਹਾਂ (ਮਿਸਾਲ ਵਜੋਂ, ਮੁਸਲਮਾਨ ਭਾਈਚਾਰੇ ਵਿਰੁੱਧ ਨਫ਼ਰਤ ਭੜਕਾਉਣ ਲਈ ਤਬਲੀਗੀ ਇਕੱਠ ਨੂੰ 'ਕਰੋਨਾ ਜਹਾਦ' ਦੀ ਮੁਸਲਿਮ ਸਾਜ਼ਿਸ਼ ਕਹਿਕੇ ਭੰਡਣਾ) ਆਦਿ ਦਾ ਨੋਟਿਸ ਲੈਂਦਿਆਂ ਸਦਭਾਵਨਾ ਪ੍ਰੇਮੀ ਨਾਗਰਿਕਾਂ ਵੱਲੋਂ ਸਰਵਉੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਰਿੱਟਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਸਰਕਾਰ ਨੂੰ ਪੁੱਛਿਆ ਕਿ ਜਦੋਂ ਇਹ ਸਭ ਵਾਪਰ ਰਿਹਾ ਹੈ ਤਾਂ ਸਰਕਾਰ ਮੂਕ ਦਰਸ਼ਕ ਕਿਉਂ ਹੈ? ਸੁਪਰੀਮ ਕੋਰਟ ਨੇ ਸਰਕਾਰ ਨੂੰ ਇਹ ਵੀ ਪੁੱਛਿਆ ਕਿ ਕੀ ਲਾਅ ਕਮਿਸ਼ਨ ਵੱਲੋਂ ਕੀਤੀ ਸਿਫ਼ਾਰਸ਼ ਅਨੁਸਾਰ ਨਫ਼ਰਤੀ ਮੁਹਿੰਮ ਨੂੰ ਰੋਕਣ ਲਈ ਸਰਕਾਰ ਦਾ ਕਾਨੂੰਨ ਬਣਾਉਣ ਦਾ ਕੋਈ ਇਰਾਦਾ ਹੈ?

ਨਫ਼ਰਤੀ ਮੁਹਿੰਮ ਮਹਿਜ਼ ਧਰਮ ਸੰਸਦਾਂ, ਸੋਸ਼ਲ ਮੀਡੀਆ ਦੇ ਮੋਰਚੇ ਉੱਪਰ ਤਾਇਨਾਤ ਭਗਵਾ ਆਈ.ਟੀ. ਸੈੱਲ ਦੀ ਦਿਨ-ਰਾਤ ਜ਼ਹਿਰੀਲੀਆਂ ਮੁਹਿੰਮਾਂ ਤੱਕ ਮਹਿਦੂਦ ਨਹੀਂ। ਗੋਦੀ ਮੀਡੀਆ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਪ੍ਰਚਾਰਨ ਅਤੇ ਮੁਸਲਮਾਨਾਂ ਵਿਰੁੱਧ ਅੱਗ ਲਾਊ ਪ੍ਰਚਾਰ ਕਰਨ ਦਾ ਵੱਡਾ ਹਥਿਆਰ ਹੈ। ਇਸ ਦਾ ਇਕ ਰੂਪ ਟੀ.ਵੀ. ਪ੍ਰੋਗਰਾਮਾਂ ਉੱਪਰ ਕਥਿਤ ਚਰਚਾਵਾਂ ਹਨ। ਕਾਰਪੋਰੇਟ ਮਾਲਕੀ ਵਾਲੇ ਚੈਨਲ ਟੀ.ਵੀ. ਬਹਿਸਾਂ ਦੇ ਨਾਂ ਹੇਠ ਹਿੰਦੂਤਵ ਦੇ ਬੁਲਾਰਿਆਂ ਨਫ਼ਰਤੀ ਟਿੱਪਣੀਆਂ ਕਰਨ ਲਈ ਮੰਚ ਮੁਹੱਈਆ ਕਰਦੇ ਹਨ। ਖ਼ੁਦ ਜਸਟਿਸ ਜੋਸੇਫ਼ ਨੇ ਕਿਹਾ ਕਿ ਟੀ.ਵੀ. ਚੈਨਲ ਖਾਸ ਮੰਚ ਵਜੋਂ ਕੰਮ ਕਰ ਰਹੇ ਹਨ ਅਤੇ ਇਸ ਦਾ ਲਾਹਾ ਸਿਆਸੀ ਪਾਰਟੀਆਂ ਲੈ ਰਹੀਆਂ ਹਨ। ਸੁਦਰਸ਼ਨ ਟੀ.ਵੀ. ਵਰਗੇ ਚੈਨਲ ਸਿੱਧੇ ਤੌਰ 'ਤੇ ਹਿੰਦੂਤਵ ਦੇ ਬੁਲਾਰੇ ਹਨ ਅਤੇ ਸੁਰੇਸ਼ ਚੁਵਾਨਕੇ ਵਰਗੇ ਐਡੀਟਰ ਧਰਮ ਸੰਸਦਾਂ ਵਿਚ ਜਾ ਕੇ ਖੁੱਲ੍ਹੇਆਮ ਨਫ਼ਰਤੀ ਭਾਸ਼ਣ ਦਿੰਦੇ ਹਨ। ਟੀ.ਵੀ. ਚੈਨਲਾਂ ਉੱਪਰ ਫੈਲਾਈ ਜਾ ਰਹੀ ਨਫ਼ਰਤ ਬਾਰੇ ਬੈਂਚ ਨੇ ਕਿਹਾ ਕਿ ਟੀ.ਵੀ. ਬਹਿਸਾਂ 'ਚ ਐਂਕਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਨਫ਼ਰਤ ਭੜਕਾਊ ਗੱਲਾਂ ਨੂੰ ਰੋਕਣਾ ਐਂਕਰ ਦਾ ਫਰਜ਼ ਹੈ।

ਇਹ ਕਿਹਾ ਜਾਂਦਾ ਹੈ ਕਿ ਨਫ਼ਰਤ ਭੜਕਾਊ ਬਿਆਨਬਾਜ਼ੀ ਅਤੇ ਅਫ਼ਵਾਹਾਂ ਨੂੰ ਰੋਕਣ ਲਈ ਇਸ ਮੁਲਕ 'ਚ ਕੋਈ ਵਿਸ਼ੇਸ਼ ਕਾਨੂੰਨ ਨਹੀਂ ਹੈ। ਕਾਨੂੰਨ ਕਮਿਸ਼ਨ ਨੇ 2017 'ਚ ਆਪਣੀ ਰਿਪੋਰਟ 'ਚ ਸੁਝਾਅ ਦਿੱਤਾ ਸੀ ਕਿ ਇਸ ਵਰਤਾਰੇ ਨੂੰ ਰੋਕਣ ਲਈ ਅਪਰਾਧਿਕ ਕਾਨੂੰਨ ਵਿਚ ਸੋਧ ਕੀਤੀ ਜਾ ਸਕਦੀ ਹੈ। ਕਾਨੂੰਨ ਕਮਿਸ਼ਨ ਨੇ ਇਹ ਵੀ ਕਿਹਾ ਸੀ ਕਿ ਨਫ਼ਰਤੀ ਫੈਲਾਊ ਅਤੇ ਭੜਕਾਊ ਭਾਸ਼ਣਾਂ ਨੂੰ ਪਰਿਭਾਸ਼ਤ ਕਰਕੇ ਆਈ.ਪੀ.ਸੀ. (ਭਾਰਤੀ ਦੰਡ ਵਿਧਾਨ) ਵਿਚ ਇਸ ਬਾਬਤ ਸਜ਼ਾਯੋਗ ਧਾਰਾਵਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਹਿੰਦੂਤਵ ਸਰਕਾਰ ਨੇ ਪਿਛਲੇ ਪੰਜ ਸਾਲਾਂ 'ਚ ਇਸ 'ਚ ਕੋਈ ਰੁਚੀ ਨਹੀਂ ਦਿਖਾਈ। ਇਸ ਦੀ ਵਜ੍ਹਾ ਇਹ ਹੈ ਕਿ ਹੁਕਮਰਾਨ ਧਿਰ ਤਾਂ ਖ਼ੁਦ ਨਫ਼ਰਤ ਦੀ ਸਿਆਸਤ ਅਤੇ ਫਿਰਕੂ ਪਾਲਾਬੰਦੀ ਨੂੰ ਰਾਜਨੀਤਕ ਹਥਿਆਰ ਬਣਾ ਕੇ ਵਰਤਦੀ ਹੈ। ਉਹ ਐਸਾ ਕਾਨੂੰਨ ਕਿਉਂ ਬਣਾਏਗੀ? ਹਿੰਦੂਤਵ ਬ੍ਰਿਗੇਡ ਵੱਲੋਂ ਲੰਮੇ ਸਮੇਂ ਤੋਂ ਬੀਜੀ ਜਾ ਰਹੀ ਨਫ਼ਰਤ ਦਾ ਨਤੀਜਾ ਹੈ ਕਿ ਕਰਨਾਟਕ ਵਿਚ ਹਿਜਾਬ ਨੂੰ ਮੁੱਦਾ ਬਣਾਏ ਜਾਣ 'ਤੇ ਅਚਾਨਕ ਕਈ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਆਪਣੀਆਂ ਹੀ ਜਮਾਤਣਾਂ ਵਿਰੁੱਧ ਅੰਦੋਲਨਕਾਰੀ ਬਣ ਗਏ ਅਤੇ ਹਿੰਦੂਤਵਵਾਦੀ ਜਥੇਬੰਦੀਆਂ (ਹਿੰਦੂ ਜਾਗਰਣ ਵੇਦਿਕੇ, ਯੁਵਾ ਬ੍ਰਿਗੇਡ, ਬਜਰੰਗ ਦਲ ਵਗੈਰਾ) ਨਾਲ ਮਿਲ ਕੇ ਆਪਣੀਆਂ ਵਿਦਿਅਕ ਸੰਸਥਾਵਾਂ ਅੰਦਰ ਹਿਜਾਬ ਦਾ ਵਿਰੋਧ ਕਰਨ ਲਈ ਭਗਵੇ ਪਰਨੇ ਗਲਾਂ 'ਚ ਪਾ ਕੇ ਹੜਦੁੰਗ ਮਚਾਉਣ ਲਈ ਸੜਕਾਂ 'ਤੇ ਆ ਗਏ।

ਬੈਂਚ ਨੇ ਕਿਹਾ ਕਿ 'ਨਫ਼ਰਤੀ ਭਾਸ਼ਣ ਤਾਣੇ-ਬਾਣੇ ਨੂੰ ਹੀ ਜ਼ਹਿਰੀਲਾ ਬਣਾ ਦਿੰਦਾ ਹੈ... ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।' ਇਹ ਸਖ਼ਤ ਟਿੱਪਣੀ ਸੁਣਨ ਨੂੰ ਚੰਗੀ ਲੱਗਦੀ ਹੈ ਪਰ ਇਹ ਹਕੀਕਤ ਨੂੰ ਬਿਆਨ ਨਹੀਂ ਕਰਦੀ। ਨਫ਼ਰਤੀ ਭਾਸ਼ਣਾਂ ਅਤੇ ਅਫ਼ਵਾਹਾਂ ਦਾ ਸਿਲਸਿਲਾ ਤਾਂ 2014 ਤੋਂ ਲੈ ਕੇ ਲਗਾਤਾਰ ਜਾਰੀ ਹੈ ਜਿਸ ਰਾਹੀਂ ਮੁਲਕ ਦੇ ਸਮਾਜੀ ਤਾਣੇ-ਬਾਣੇ ਨੂੰ ਇਕ ਹੱਦ ਤੱਕ ਪਹਿਲਾਂ ਹੀ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ। ਨਫ਼ਰਤੀ ਭਾਸ਼ਣ ਦੇਣ ਵਿਚ ਹੁਕਮਰਾਨ ਪਾਰਟੀ ਦੇ ਆਗੂ ਖ਼ੁਦ ਸ਼ਾਮਿਲ ਹੀ ਨਹੀਂ ਸਗੋਂ ਆਗੂ ਹਨ। ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਨਫ਼ਰਤ ਭੜਕਾਉਣ ਵਿਚ ਭਾਜਪਾ ਦੇ ਆਗੂ ਮੋਹਰੀ ਸਨ। ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀ ਮੋਰਚੇ ਅਤੇ ਸ਼ਾਹੀਨ ਬਾਗ਼ ਦੇ ਮੋਰਚੇ ਵਿਰੁੱਧ ਫਿਰਕੂ ਪਾਲਾਬੰਦੀ ਕਰਨ ਲਈ ਭਾਜਪਾ ਦੇ ਆਗੂਆਂ ਵੱਲੋਂ ਭੜਕਾਊ ਹਿੰਸਕ ਜਲੂਸਾਂ ਦੀ ਅਗਵਾਈ ਕੀਤੀ ਗਈ। ਕਪਿਲ ਮਿਸ਼ਰਾ ਵੱਲੋਂ ਨਫ਼ਰਤੀ ਹਜੂਮ ਦੀ




ਅਗਵਾਈ ਕੀਤੀ ਗਈ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਵੱਲੋਂ 'ਦੇਸ਼ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਦੇ ਨਾਅਰੇ ਲਗਾਏ ਗਏ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਬੰਗਲਾਦੇਸ਼ੀ ਰਫਿਊਜੀਆਂ ਨੂੰ ਮੁਲਕ ਨੂੰ ਲੱਗੀ 'ਸਿਉਂਕ' ਕਹਿ ਕੇ ਨਿਸ਼ਾਨਾ ਬਣਾਇਆ ਗਿਆ। ਇਹ ਸਭ ਰਾਜਧਾਨੀ ਦਿੱਲੀ 'ਚ ਹੋਇਆ। ਉੱਤਰ ਪ੍ਰਦੇਸ਼ ਚੋਣਾਂ ਦੌਰਾਨ ਅਤੇ ਇਸ ਤੋਂ ਪਹਿਲਾਂ ਭਾਜਪਾ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਵੱਲੋਂ ਹਿੰਦੂ ਭਾਈਚਾਰੇ ਨੂੰ ਮੁਸਲਿਮ ਭਾਈਚਾਰੇ ਵਿਰੁੱਧ ਭੜਕਾਉਣ ਲਈ ਫਿਰਕੂ ਮੁਹਿੰਮ ਚਲਾਈ ਗਈ। ਨਿਊਜ਼ ਵੈੱਬਸਾਈਟ 'ਦਿ ਵਾਇਰ' ਵੱਲੋਂ ਨਵੰਬਰ 2021 ਦੇ ਪਹਿਲੇ ਹਫ਼ਤੇ ਤੋਂ ਲੈ ਕੇ ਫਰਵਰੀ 2022 ਦੇ ਪਹਿਲੇ ਹਫ਼ਤੇ ਤੱਕ ਤਿੰਨ ਮਹੀਨਿਆਂ ਦੇ ਸਮੇਂ ਦੇ 34 ਭਾਸ਼ਣ ਜੁਟਾ ਕੇ ਵਿਸ਼ਲੇਸ਼ਣ ਕੀਤਾ ਗਿਆ। ਇਨ੍ਹਾਂ ਵਿਚੋਂ 32 ਭਾਸ਼ਣਾਂ ਵਿਚ ਯੋਗੀ ਅਦਿੱਤਿਆਨਾਥ ਨੇ 133 ਵਾਰ ਮੁਸਲਮਾਨ ਭਾਈਚਾਰੇ ਲਈ 'ਦੰਗਾ' ਅਤੇ 'ਦੰਗਈ' ਸ਼ਬਦ ਵਰਤਿਆ। ਉਹ ਹਿੰਦੂਆਂ ਨੂੰ ਇਹ ਸੰਦੇਸ਼ ਦੇ ਰਿਹਾ ਸੀ ਕਿ ਉਸ ਦੀ ਸਰਕਾਰ ਨੇ 'ਜਨਮ ਅਸ਼ਟਮੀ ਦੇ ਜਲੂਸ ਰੋਕਣ ਵਾਲੇ', 'ਦੁਰਗਾ ਮਾਂ ਦੀ ਪੂਜਾ ਨਾ ਕਰਨ ਦੇਣ ਵਾਲੇ', 'ਰਾਮ ਲੀਲਾ ਦਾ ਆਯੋਜਨ ਕਰਨ ਅਤੇ ਕਾਂਵੜ ਯਾਤਰਾ ਕੱਢਣ ਤੋਂ ਰੋਕਣ ਵਾਲੇ ਦੰਗਈਆਂ' ਨਾਲ ਸਖ਼ਤੀ ਨਾਲ ਨਜਿੱਠਿਆ ਹੈ। ਇਨ੍ਹਾਂ ਭਾਸ਼ਣਾਂ ਵਿਚ ਅਦਿੱਤਿਆਨਾਥ ਨੇ 'ਆਤੰਕਵਾਦੀ' ਸ਼ਬਦ ਘੱਟੋ-ਘੱਟ 28 ਵਾਰ ਵਰਤ ਕੇ ਇਹ ਜ਼ੋਰ ਦਿੱਤਾ ਕਿ ਪਹਿਲੀਆਂ ਸਰਕਾਰਾਂ ਆਤੰਕਵਾਦੀਆਂ ਦੇ ਮੁਕੱਦਮੇ ਵਾਪਸ ਲੈਂਦੀਆਂ ਸਨ ਅਤੇ ਸਾਡੀ ਸਰਕਾਰ ਉਨ੍ਹਾਂ ਨੂੰ ਟਿਕਾਣੇ ਲਗਾਉਣ ਲਈ ਏ.ਟੀ.ਐੱਸ. ਦਾ ਸੈਂਟਰ ਬਣਾ ਰਹੀ ਹੈ। ਦੰਗਈਆਂ ਅਤੇ ਆਤੰਕਵਾਦੀਆਂ ਤੋਂ ਉਸ ਦਾ ਭਾਵ ਮੁਸਲਮਾਨ ਭਾਈਚਾਰੇ ਤੋਂ ਹੈ।

'ਸ਼ਮਸ਼ਾਨ' ਬਨਾਮ 'ਕਬਰਸਤਾਨ' ਦੇ ਹਵਾਲੇ ਨਾਲ ਭਾਜਪਾ ਦੀਆਂ ਸ਼ਰੀਕ ਪਾਰਟੀਆਂ ਨੂੰ 'ਮੁਸਲਮਾਨ ਦੀ ਖ਼ੁਸ਼ਾਮਦ' ਅਤੇ 'ਹਿੰਦੂਆਂ ਪ੍ਰਤੀ ਵਿਤਕਰੇਬਾਜ਼' ਦਰਸਾ ਕੇ ਭੰਡਣਾ ਨਰਿੰਦਰ ਮੋਦੀ ਦਾ ਮਨਪਸੰਦ ਹਥਿਆਰ ਰਿਹਾ ਹੈ। ਉੱਤਰ ਪ੍ਰਦੇਸ਼ 'ਚ 2017 ਦੀਆਂ ਵਿਧਾਨ ਸਭਾ ਚੋਣਾਂ ਮੋਦੀ ਨੇ ਇਹ ਹਥਿਆਰ ਬਾਖ਼ੂਬੀ ਵਰਤਿਆ ਜੋ ਬਾਅਦ ਵਿਚ ਬਾਕੀ ਭਾਜਪਾ ਆਗੂਆਂ ਲਈ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਉਣ ਦਾ ਹਥਿਆਰ ਬਣ ਗਿਆ। ਗਊ ਹੱਤਿਆ, ਲਵ ਜਹਾਦ, ਮੁਸਲਮਾਨ ਔਰਤਾਂ ਦਾ ਹਿਜਾਬ ਪਾਉਣਾ, ਬਹੁਤ ਸਾਰੇ ਐਸੇ ਮੁੱਦੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਹਿੰਦੂਤਵ ਬ੍ਰਿਗੇਡ ਮੁਸਲਮਾਨਾਂ ਪ੍ਰਤੀ ਨਫ਼ਰਤ ਫੈਲਾਉਂਦਾ ਹੈ। ਸੁਪਰੀਮ ਕੋਰਟ ਨੇ ਕਦੇ ਵੀ ਆਪਣੇ ਤੌਰ 'ਤੇ ਇਨ੍ਹਾਂ ਨਫ਼ਰਤੀ ਭਾਸ਼ਣਾਂ ਦਾ ਨੋਟਿਸ ਨਹੀਂ ਲਿਆ ਜਦਕਿ ਬਹੁਤ ਸਾਰੇ ਭਾਸ਼ਣਾਂ ਅਤੇ ਟਿੱਪਣੀਆਂ ਦੇ ਵੀਡੀਓ ਦੇ ਲਿੰਕ ਇੰਟਰਨੈੱਟ ਉੱਪਰ ਆਮ ਮਿਲ ਜਾਂਦੇ ਹਨ ਅਤੇ ਮੁੱਖ ਅਖ਼ਬਾਰਾਂ ਵਿਚ ਇਸ ਬਾਰੇ ਅਕਸਰ ਚਰਚਾ ਹੁੰਦੀ ਹੈ। ਸੁਪਰੀਮ ਕੋਰਟ ਨਫ਼ਰਤੀ ਭਾਸ਼ਣਾਂ ਬਾਰੇ ਕਿੰਨੀ ਕੁ ਗੰਭੀਰ ਹੈ ਇਸ ਨੂੰ ਸੁਪਰੀਮ ਕੋਰਟ ਦੇ ਬੈਂਚ ਦੇ 24 ਅਗਸਤ 2022 ਦੇ ਫ਼ੈਸਲੇ ਤੋਂ ਸਮਝਿਆ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਬੈਂਚ ਵੱਲੋਂ ਅਲਾਹਾਬਾਦ ਹਾਈਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਅਪੀਲ ਖਾਰਜ ਕਰ ਦਿੱਤੀ ਗਈ। 2017 'ਚ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਯੂ.ਪੀ. ਸਰਕਾਰ ਨੇ ਉਸ ਵਿਰੁੱਧ 2007 'ਚ ਬਤੌਰ ਸੰਸਦ ਮੈਂਬਰ ਭੜਕਾਊ ਭਾਸ਼ਣ ਦੇ ਕੇਸ ਵਿਚ ਉਸ ਵਿਰੁੱਧ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਅਲਾਹਾਬਾਦ ਹਾਈਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਦੇ ਫ਼ੈਸਲੇ ਉੱਪਰ ਸਹੀ ਪਾਈ ਸੀ। ਸਿਤਮਜ਼ਰੀਫ਼ੀ ਇਹ ਕਿ ਸੁਪਰੀਮ ਕੋਰਟ ਨੇ ਵੀ ਹਾਈ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ। ਅਦਾਲਤੀ ਪ੍ਰਣਾਲੀ ਦਾ ਹਾਲ ਇਹ ਹੈ ਕਿ ਤਿਲੰਗਾਨਾ ਤੋਂ ਭਾਜਪਾ ਦੇ ਵਿਧਾਇਕ ਗੋਸ਼ਾਮਹਲ ਰਾਜਾ ਸਿੰਘ ਵਿਰੁੱਧ ਦਰਜ 101 ਕੇਸਾਂ ਵਿੱਚੋਂ 18 ਕੇਸ ਨਫ਼ਰਤੀ ਭਾਸ਼ਣਾਂ ਦੇ ਹਨ ਪਰ ਅਜੇ ਤੱਕ ਉਸ ਨੂੰ ਇਕ ਵੀ ਕੇਸ ਵਿਚ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ।

ਜਦੋਂ ਭਾਜਪਾ ਦੇ ਆਗੂ ਚੋਣਾਂ 'ਚ ਨਫ਼ਰਤੀ ਭਾਸ਼ਣ ਦਿੰਦੇ ਹਨ ਤਾਂ ਚੋਣ ਕਮਿਸ਼ਨ ਇਹ ਕਹਿ ਕੇ ਖਹਿੜਾ ਛੁਡਾ ਲੈਂਦਾ ਹੈ ਕਿ ਕਮਿਸ਼ਨ ਕੋਲ ਇਸ ਮਾਮਲੇ 'ਚ ਕਿਸੇ ਪਾਰਟੀ ਦੀ ਮਾਨਤਾ ਰੱਦ ਕਰਨ ਜਾਂ ਉਮੀਦਵਾਰ ਨੂੰ ਅਯੋਗ ਕਰਾਰ ਦੇਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ। ਸੁਪਰੀਮ ਕੋਰਟ 'ਚ ਹਲਫ਼ਨਾਮਾ ਦੇ ਕੇ ਕਮਿਸ਼ਨ ਨੇ ਇਹ ਵੀ ਕਿਹਾ ਕਿ ਜਿੰਨਾ ਚਿਰ ਕੇਂਦਰ ਸਰਕਾਰ ਵੱਲੋਂ ਨਫ਼ਰਤ ਅਤੇ ਦੁਸ਼ਮਣੀ ਪੈਦਾ ਕਰਨ ਵਾਲੇ ਭਾਸ਼ਣਾਂ ਨੂੰ ਪਰਿਭਾਸ਼ਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕਮਿਸ਼ਨ ਉਮੀਦਵਾਰਾਂ ਉੱਪਰ ਰੋਕ ਨਹੀਂ ਲਾ ਸਕਦਾ। ਇਹ ਹਕੀਕਤ ਚੋਣ ਕਮਿਸ਼ਨ ਨੂੰ ਵੀ ਪਤਾ ਹੈ ਕਿ ਉਹ ਪਾਰਟੀ ਨਫ਼ਰਤੀ ਭਾਸ਼ਣ ਨੂੰ ਪਰਿਭਾਸ਼ਤ ਕਿਉਂ ਕਰੇਗੀ ਜਿਸ ਦਾ ਏਜੰਡਾ ਨਫ਼ਰਤ ਦੀ ਸਿਆਸਤ ਨੂੰ ਹਥਿਆਰ ਬਣਾ ਕੇ ਪਾਲਾਬੰਦੀ ਕਰਨਾ ਹੈ।

11 ਰਿੱਟਾਂ ਉੱਪਰ ਸੁਣਵਾਈ ਦੌਰਾਨ ਬੈਂਚ ਨੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਕਿ ਸਾਡਾ ਮੁਲਕ ਕਿੱਧਰ ਜਾ ਰਿਹਾ ਹੈ। ਜੱਜ ਸਾਹਿਬਾਨ ਬਾਖ਼ੂਬੀ ਜਾਣਦੇ ਹਨ ਕਿ ਮੁਲਕ ਉੱਧਰ ਹੀ ਜਾ ਰਿਹਾ ਹੈ ਜਿੱਧਰ ਨੂੰ ਆਰ.ਐੱਸ.ਐੱਸ.-ਭਾਜਪਾ ਦੇ ਆਗੂ ਲਿਜਾਣਾ ਚਾਹੁੰਦੇ ਹਨ। ਅਦਾਲਤ ਨੇ ਇਨ੍ਹਾਂ ਸਵਾਲਾਂ ਬਾਰੇ ਆਪਣਾ ਪੱਖ ਪੇਸ਼ ਕਰਨ ਲਈ ਸਰਕਾਰ ਨੂੰ ਦੋ ਹਫ਼ਤੇ ਦਾ ਵਕਤ ਦਿੱਤਾ ਹੈ। ਅਗਲੀ ਸੁਣਵਾਈ 23 ਨਵੰਬਰ ਨੂੰ ਹੋਵੇਗੀ। ਇਹ ਸਮਝਣਾ ਮੁਸ਼ਕਿਲ ਨਹੀਂ ਕਿ ਸਰਕਾਰ ਨਫ਼ਰਤੀ ਭਾਸ਼ਣ ਰੋਕਣ ਦੇ ਸਵਾਲ ਦਾ ਕੋਈ ਸਪਸ਼ਟ ਜਵਾਬ ਨਹੀਂ ਦੇਵੇਗੀ। ਵੈਸੇ ਵੀ ਇਹ ਕਾਨੂੰਨ ਬਣਾਉਣ ਦਾ ਮਸਲਾ ਨਹੀਂ ਹੈ। ਨਫ਼ਰਤੀ ਭਾਸ਼ਣ ਅਤੇ ਨਫ਼ਰਤੀ ਸੰਦੇਸ਼ ਇਸ ਕਰਕੇ ਨਹੀਂ ਫੈਲ ਰਹੇ ਕਿ ਕਾਨੂੰਨ ਨਹੀਂ ਹੈ ਸਗੋਂ ਕਾਨੂੰਨਾਂ ਨੂੰ ਟਿੱਚ ਸਮਝ ਕੇ ਨਫ਼ਰਤ ਫੈਲਾਈ ਜਾਂਦੀ ਹੈ। ਦਰਅਸਲ, ਇਹ ਸਰਕਾਰ ਤਾਂ ਖ਼ੁਦ ਨਫ਼ਰਤ ਦੀ ਸਿਆਸਤ ਦੀ ਝੰਡਾਬਰਦਾਰ ਹੈ। ਭਾਈਚਾਰਿਆਂ 'ਚ ਦਰਮਿਆਨ ਨਫ਼ਰਤ ਅਤੇ ਦੁਸ਼ਮਣੀ ਪੈਦਾ ਕਰਨ ਨੂੰ ਰੋਕਣ ਲਈ ਜੋ ਕਾਨੂੰਨ ਪਹਿਲਾਂ ਹੀ ਬਣੇ ਹੋਏ ਹਨ, ਉਹ ਉਮਰ ਖ਼ਾਲਿਦ, ਸਿਦੀਕ ਕੱਪਨ ਵਰਗੇ ਉਨ੍ਹਾਂ ਲੋਕਾਂ ਵਿਰੁੱਧ ਵਰਤੇ ਜਾ ਰਹੇ ਹਨ ਜੋ ਭਾਈਚਾਰਕ ਸਾਂਝ ਦੇ ਜ਼ੋਰਦਾਰ ਮੁਦਈ ਹਨ।

ਇਹ ਤੈਅ ਹੈ ਕਿ ਗੱਲ ਸੁਪਰੀਮ ਕੋਰਟ ਦੀਆਂ ਕਥਿਤ ਸਖ਼ਤ ਟਿੱਪਣੀਆਂ ਤੋਂ ਅੱਗੇ ਨਹੀਂ ਤੁਰੇਗੀ। ਨਫ਼ਰਤ ਦੀ ਸਿਆਸਤ ਵਿਰੁੱਧ ਵਿਸ਼ਾਲ ਲੋਕ ਰਾਇ ਲਾਮਬੰਦ ਕਰਨ ਵਾਲਾ ਅੰਦੋਲਨ ਹੀ ਹਕੂਮਤ ਨੂੰ ਨਫ਼ਰਤ ਦੀ ਸਿਆਸਤ ਦੀ ਪੁਸ਼ਤਪਨਾਹੀ ਕਰਨ ਤੋਂ ਰੋਕ ਸਕਦਾ ਹੈ।

# ਗੁਲਾਮੀ ਦੀਆਂ ਜੜ੍ਹਾਂ...

ਦੇਵੇਂਦ੍ਰ ਪਾਲ

ਰਾਸ਼ਟਰਪਤੀ ਭਵਨ ਤੋਂ ਇੰਡੀਆ ਗੇਟ ਤੱਕ ਜਾਂਦੀ ਸੜਕ 'ਰਾਜ ਪਥ' ਦਾ ਨਾਂ 'ਕਰਤੱਵਯ ਪਥ' ਹੋ ਗਿਆ ਹੈ। ਬ੍ਰਿਟਿਸ਼ ਰਾਜ ਵੇਲੇ ਇਸ ਨੂੰ ਕਿੰਗਜ਼ ਵੇਅ ਕਿਹਾ ਜਾਂਦਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦਾ ਨਾਂ ਕਰਤੱਵਯ ਪਥ ਰੱਖ ਕੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਗ਼ੁਲਾਮੀ ਦਾ ਵੱਡਾ ਪ੍ਰਤੀਕ ਖ਼ਤਮ ਕਰ ਦਿੱਤਾ ਹੈ। ਇਸ ਦੇ ਨਾਲ ਹੀ ਬੌਧਿਕ ਜਗਤ ਵਿਚ ਗੁਲਾਮੀ ਅਤੇ ਆਜ਼ਾਦੀ ਨਾਲ ਜੁੜੇ ਕਈ ਸਵਾਲ ਵਿਚਾਰਾਂ ਦੇ ਕੇਂਦਰ ਵਿਚ ਆ ਗਏ ਹਨ। ਉਨ੍ਹਾਂ ਵਿਚੋਂ ਅਹਿਮ ਸਵਾਲ ਇਹ ਵੀ ਹੈ ਕਿ ਗੁਲਾਮੀ ਦੇ ਪ੍ਰਤੀਕ ਤਾਂ ਟੁੱਟ ਰਹੇ ਨੇ ਪਰ ਗੁਲਾਮੀ ਦਾ ਆਦਮਖ਼ੋਰ ਦਰਖ਼ਤ ਜਿਹੜਾ ਅਸਾਂ ਇੰਨੀਆਂ ਜਾਨਾਂ ਗਵਾ ਕੇ ਵੱਢਿਆ ਸੀ, ਉਹਦੀਆਂ ਜੜ੍ਹਾਂ ਦੁਬਾਰਾ ਕਿਵੇਂ ਪੁੰਗਰ ਆਈਆਂ?

ਸ਼ਹਿਰਾਂ ਸੜਕਾਂ ਦੇ ਨਾਂ ਪਹਿਲਾਂ ਵੀ ਬਦਲੇ ਜਾਂਦੇ ਰਹੇ ਨੇ, ਅਜਿਹੀਆਂ ਕਾਰਵਾਈਆਂ ਦਾ ਮਨੋਵਿਗਿਆਨਕ ਪ੍ਰਭਾਵ ਆਮ ਆਦਮੀ 'ਤੇ ਪੈਂਦਾ ਹੀ ਹੈ, ਤੇ ਇਹਦੀ ਵਜ੍ਹਾ ਨਾਲ ਆਮ ਆਦਮੀ ਦਾ ਖ਼ੁਸ਼ ਹੋ ਜਾਣਾ ਤੇ ਉਸ ਅੰਦਰਲੇ ਰਾਸ਼ਟਰਵਾਦ ਦਾ ਉੱਸਲਵੱਟੇ ਲੈਣਾ ਸੁਭਾਵਿਕ ਹੈ। ਅਜਿਹਾ ਰਾਸ਼ਟਰਵਾਦ ਸਰਬ ਸੱਤਾਵਾਦੀ ਸ਼ਾਸਕਾਂ ਲਈ ਅਗਿਆਪਾਲਕ ਸਮਾਜ ਖੜ੍ਹਾ ਕਰਨ ਵਿਚ ਸਹਾਇਕ ਹੁੰਦਾ ਹੈ।

ਫਰਾਂਸੀਸੀ ਦਾਰਸ਼ਨਿਕ ਮਿਸ਼ੇਲ ਫੂਕੋ ਮੁਤਾਬਿਕ, "ਮਨੁੱਖ ਤਰਕਸੰਗਤ ਹੋ ਕੇ ਨਹੀਂ ਸੋਚਦਾ ਅਤੇ ਜੀਵਨ ਦੀਆਂ ਬਹੁ-ਵਿਧ ਪ੍ਰਕਿਰਿਆਵਾਂ ਦੇ ਮਾਮਲੇ ਵਿਚ ਉਹ ਸੰਪ੍ਰਭੂ ਨਹੀਂ ਹੁੰਦਾ। ਲੋਕਾਂ ਦੇ ਵਿਚਾਰ ਅਜਿਹੇ ਨਿਯਮਾਂ ਜਾਂ ਸਥਾਈ ਬਣਤਰਾਂ ਨਾਲ ਤੈਅ ਹੁੰਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਆਪ ਨੂੰ ਵੀ ਪਤਾ ਨਹੀਂ ਹੁੰਦਾ।" ਫੂਕੋ ਬੜੇ ਮਜ਼ਾਹੀਆ ਅੰਦਾਜ਼ ਵਿਚ ਕਹਿੰਦਾ ਹੈ- "ਮਨੁੱਖ ਦੀ ਸਮੁੱਚੀ ਧਾਰਨਾ ਹੀ ਹਾਲ-ਫਿਲਹਾਲ ਦੀ ਕਾਢ ਹੈ ਅਤੇ ਉਹ ਚੀਜ਼ਾਂ ਦੀ ਖ਼ਾਸ ਵਿਵਸਥਾ ਉੱਤੇ ਨਿਰਭਰ ਕਰਦੀ ਹੈ। ਜੇ ਉਸ ਵਿਵਸਥਾ ਦੀ ਆਧਾਰ ਸਮੱਗਰੀ ਗਾਇਬ ਹੋ ਜਾਵੇ ਤੇ ਅਸੀਂ ਮਨੁੱਖਤਾ ਬਾਰੇ ਕਿਸੇ ਹੋਰ ਢੰਗ ਨਾਲ ਸੋਚਣ ਲੱਗ ਪਵਾਂਗੇ।" ਫੂਕੋ ਦੀ ਹਾਸੇ 'ਚ ਕਹੀ ਗੱਲ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਨੱਬੇ ਦੇ ਦਹਾਕੇ ਤੋਂ ਨਵ-ਉਦਾਰਵਾਦ ਅਤੇ ਵਿੱਤੀ ਪੂੰਜੀ ਦਾ ਸੰਸਾਰੀਕਰਨ ਨਵੀਂ ਸੰਸਾਰ ਵਿਵਸਥਾ ਲਿਆਇਆ। ਸੰਸਾਰੀਕਰਨ ਦੀ ਇਸ ਪ੍ਰਕਿਰਿਆ ਨੇ ਰਾਸ਼ਟਰੀ ਪ੍ਰਭੂਸੱਤਾ ਕਮਜ਼ੋਰ ਕਰ ਕੇ ਸੰਸਾਰ ਵਿਚ ਸੱਤਾ ਦੀ ਸੰਰਚਨਾ ਉੱਤੇ ਨਕਾਰਾਤਮਕ ਯੁੱਗ-ਪਲਟਾਊ ਪ੍ਰਭਾਵ ਪਾਇਆ ਹੈ। ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.), ਸੰਸਾਰ ਬੈਂਕ, ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਅਤੇ ਸੰਸਾਰ ਵਪਾਰ ਸੰਗਠਨ ਇਸ ਦੇ ਮੁੱਖ ਵਕੀਲ ਹਨ। ਕੌਮਾਂਤਰੀ ਮੁਦਰਾ ਫੰਡ ਦਾ ਜ਼ਿਕਰ ਆਉਂਦਿਆਂ ਹੀ ਜਿਸ ਸ਼ਖ਼ਸ ਦਾ ਨਾਂ ਸਭ ਤੋਂ ਪਹਿਲਾਂ ਧਿਆਨ ਵਿਚ ਆਉਂਦਾ ਹੈ, ਉਹ ਹੈ ਡੇਵੀਸਨ ਬੁਧੂ। ਬੁਧੂ ਭਾਰਤੀ ਮੂਲ ਦੇ ਗ੍ਰੇਨੇਡਾਈ ਅਰਥ-ਸ਼ਾਸਤਰੀ ਹਨ। ਬੁਧੂ ਨੇ ਉਨ੍ਹਾਂ ਦਿਨਾਂ ਵਿਚ ਆਈ.ਐੱਮ.ਐੱਫ. ਤੋਂ ਅਸਤੀਫ਼ਾ ਦੇ ਦਿੱਤਾ ਸੀ ਜਦੋਂ ਭਾਰਤ ਦੇ ਤੱਤਕਾਲੀਨ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਆਪਣੇ ਵਿੱਤ ਮੰਤਰੀ ਮਨਮੋਹਨ ਸਿੰਘ ਅਤੇ ਵਣਜ ਮੰਤਰੀ ਪੀ ਚਿਦੰਬਰਮ ਨਾਲ ਮਿਲ ਕੇ ਨਵ-ਉਦਾਰਵਾਦੀ ਅਰਥਚਾਰੇ ਦੀ ਸ਼ੁਰੂਆਤ ਕਰ ਰਹੇ ਸਨ। ਉਨ੍ਹੀਂ ਦਿਨੀਂ ਡੇਵੀਸਨ ਬੁਧੂ ਨੇ 'ਇਨਫ ਇਜ਼ ਇਨਫ' ਦੇ ਸਿਰਲੇਖ ਹੇਠ ਸੌ ਸਫ਼ਿਆਂ ਦਾ ਅਸਤੀਫ਼ਾ ਪੱਤਰ ਫੰਡ ਦੇ ਚੇਅਰਮੈਨ ਦੇ ਨਾਂ ਲਿਖਿਆ ਸੀ, ਉਸ ਵਿਚ ਫੰਡ ਦੀਆਂ ਸੰਸਾਰ ਅਤੇ ਮਨੁੱਖਤਾ ਵਿਰੋਧੀ ਨੀਤੀਆਂ ਖ਼ਿਲਾਫ਼ ਅਰਥ-ਭਰਪੂਰ ਦਲੀਲ ਦੇਣ ਨਾਲ ਉਹ ਸੰਸਾਰ ਪੂੰਜੀਵਾਦੀ ਵਿਵਸਥਾ ਖ਼ਿਲਾਫ਼ ਸੰਘਰਸ਼ ਦੇ ਮਕਬੂਲ ਪ੍ਰਤੀਕ ਬਣ ਗਏ ਸਨ। ਅਸਤੀਫ਼ੇ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਬੁਧੂ ਨੇ ਕਿਹਾ- "ਗ਼ਰੀਬ ਮੁਲਕਾਂ ਦੇ ਕਰੋੜਾਂ ਲੋਕਾਂ ਦਾ ਮੇਰੇ ਹੱਥਾਂ 'ਤੇ ਇੰਨਾ ਜ਼ਿਆਦਾ ਖ਼ੂਨ ਹੈ ਕਿ ਸਾਰੀ ਦੁਨੀਆ ਦਾ ਸਾਬਣ ਵਰਤ ਕੇ ਵੀ ਮੈਂ ਇਹਨੂੰ ਧੋ ਨਹੀਂ ਸਕਦਾ।"

ਉਨ੍ਹਾਂ ਦਿਨਾਂ 'ਚ ਡੇਵੀਸਨ ਭਾਰਤ ਆਏ ਤਾਂ ਉਨ੍ਹਾਂ ਦਾ ਚੋਖਾ ਸਵਾਗਤ ਹੋਇਆ। ਬੁਧੂ ਨੇ ਇਕ ਸਭਾ 'ਚ ਕਿਹਾ: "ਜੇ ਤੁਸੀਂ ਆਈ.ਐੱਮ.ਐੱਫ. ਅਤੇ ਸੰਸਾਰ ਬੈਂਕ ਨਾਲ ਨਾਤਾ ਤੋੜ ਕੇ, ਯਾਨੀ ਸੰਸਾਰ ਪੂੰਜੀਵਾਦੀ ਅਰਥਵਿਵਸਥਾ ਨਾਲੋਂ ਤੋੜ-ਵਿਛੋੜਾ ਕਰ ਕੇ ਆਪਣੀ ਅਰਥਵਿਵਸਥਾ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਵਾਂ ਇਨਕਲਾਬ ਕਰਨਾ ਪਵੇਗਾ; ਸਮਾਜਿਕ-ਸਿਆਸੀ ਇਨਕਲਾਬ ਜੋ ਜਨਤਾ ਦੀ ਸਭਿਆਚਾਰਕ ਸੋਚ ਨਾਲ ਜੁੜਿਆ ਹੋਵੇ। ਅਜਿਹੇ ਇਨਕਲਾਬ ਲਈ ਫਿਲਹਾਲ ਤੁਹਾਡੇ ਮੁਲਕ ਵਿਚ ਕੋਈ ਗੁੰਜਾਇਸ਼ ਨਹੀਂ।" ਸਭਾ ਵਿਚ ਗਾਂਧੀਵਾਦੀ, ਸਮਾਜਵਾਦੀ ਅਤੇ ਮਾਰਕਸਵਾਦੀ-ਲੈਨਿਨਵਾਦੀ, ਯਾਨੀ ਤਿੰਨੇ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦੇ ਲੋਕ ਬੈਠੇ ਸਨ; ਕਿਸੇ ਨੂੰ ਕੋਈ ਜਵਾਬ ਨਹੀਂ ਸੁੱਝਿਆ।

ਮੌਜੂਦਾ ਅਰਥਨੀਤੀ ਨੇ ਅਜਿਹਾ ਬਾਜ਼ਾਰਮੁਖੀ ਲੋਕਤੰਤਰ ਉਸਾਰਿਆ ਜਿਸ ਨੇ ਭਾਰਤੀ ਕਿਸਮ ਦੀ ਅਨੋਖੀ ਕੌਮੀ ਰਾਜ (ਨੇਸ਼ਨ-ਸਟੇਟ) ਸੰਰਚਨਾ ਵਿਚ ਤਰੇੜਾਂ ਪਾ ਕੇ ਸੰਘੀ ਢਾਂਚੇ ਨੂੰ ਕਮਜ਼ੋਰ ਹੀ ਨਹੀਂ ਕੀਤਾ ਬਲਕਿ ਰਾਸ਼ਟਰੀ ਸੰਪ੍ਰਭੁਤਾ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਅਮਰੀਕਾ ਨੇ ਆਰਥਿਕ ਸੱਤਾ ਦੀ ਇਸ ਨਵੀਂ ਸੰਰਚਨਾ ਵਿਰੁੱਧ ਬਗ਼ਾਵਤ ਕਰਨ ਵਾਲੇ ਦੇਸ਼ਾਂ ਨੂੰ ਅਨੁਸ਼ਾਸਿਤ ਕਰਨ ਲਈ ਸੁਪਰ 301 ਵਰਗੇ ਕਾਨੂੰਨਾਂ ਦੀ ਵਰਤੋਂ ਕੀਤੀ। ਭਾਰਤ ਅਤੇ ਥਾਈਲੈਂਡ ਵਰਗੇ ਦੇਸ਼ਾਂ 'ਤੇ ਆਪਣੇ ਪੇਟੈਂਟ ਕਾਨੂੰਨ ਬਦਲਣ ਲਈ ਦਬਾਅ ਪਾਇਆ ਤਾਂ ਜੋ ਉਨ੍ਹਾਂ ਦੀ ਕੁਦਰਤੀ ਖਜ਼ਾਨਿਆਂ ਨੂੰ ਸੰਸਾਰੀਕਰਨ ਦੇ ਘੇਰੇ ਵਿਚ ਲਿਆ ਜਾ ਸਕੇ। ਇਹ ਗੱਲਾਂ ਹੁਣ ਕਿਸੇ ਤੋਂ ਛੁਪੀਆਂ ਹੋਈਆਂ ਨਹੀਂ ਕਿ ਉਹਦੇ ਬਾਅਦ ਇੰਨੀ ਤੇਜ਼ੀ ਨਾਲ ਜੰਗਲਾਂ-ਪਹਾੜਾਂ ਦੀ ਲੁੱਟਮਾਰ ਸ਼ੁਰੂ ਹੋਈ ਕਿ ਕਰੋੜਾਂ ਆਦਿਵਾਸੀਆਂ ਦਾ ਵਜੂਦ ਖ਼ਤਰੇ ਵਿਚ ਪੈ ਗਿਆ ਹੈ। ਕੁਝ ਆਦਿਵਾਸੀਆਂ ਨੇ ਆਤਮ-ਰੱਖਿਆ ਲਈ ਹਥਿਆਰ ਚੁੱਕ ਲਏ ਅਤੇ ਸਰਕਾਰ ਭਾਵੇਂ ਭਾਜਪਾ ਦੀ ਹੋਵੇ, ਸੀ.ਪੀ.ਐੱਮ. ਜਾਂ ਕਾਂਗਰਸ ਦੀ, ਹਰ ਸਰਕਾਰ ਨੂੰ ਦੇਸੀ-ਵਿਦੇਸ਼ੀ ਕੰਪਨੀਆਂ ਨੂੰ ਵੇਚਣ ਲਈ ਇਹ ਜੰਗਲ-ਪਹਾੜ ਹੀ ਚਾਹੀਦੇ ਹਨ। ਅਜਿਹੀ ਵਿਵਸਥਾ ਨੂੰ ਅੱਗੇ ਵਧਾਉਣ ਲਈ ਸੁਰੱਖਿਆ ਬਲਾਂ ਦੀ ਜ਼ਰੂਰਤ ਹੈ। ਇਨ੍ਹਾਂ ਆਦਿਵਾਸੀਆਂ ਲਈ ਜਿਸ ਕਿਸੇ ਨੇ ਵੀ ਆਵਾਜ਼ ਚੁੱਕੀ, ਉਹਨੂੰ ਸਰਕਾਰਾਂ ਨੇ ਮਾਓਵਾਦੀ ਦੱਸ ਕੇ ਜੇਲ੍ਹ ਵਿਚ ਡੱਕ ਦਿੱਤਾ। 84 ਸਾਲਾਂ ਦੇ ਫਾਦਰ ਸਟੇਨ ਸਵਾਮੀ ਨੇ ਜੇਲ੍ਹ ਵਿਚ ਪ੍ਰਾਣ ਤਿਆਗੇ। 2009 ਵਿਚ ਸੁਰੱਖਿਆ ਬਲਾਂ ਹੱਥੋਂ ਮਾਰੇ ਗਏ 27 ਬੇਕਸੂਰ ਆਦਿਵਾਸੀਆਂ ਦੀ ਮੌਤ ਦੀ ਜਾਂਚ ਲਈ ਗਾਂਧੀਵਾਦੀ ਕਾਰਕੁਨ ਹਿਮਾਂਸ਼ੂ ਕੁਮਾਰ ਦੀ ਪਟੀਸ਼ਨ ਖਾਰਿਜ ਕਰਦਿਆਂ ਸੁਪਰੀਮ ਕੋਰਟ ਨੇ ਸਜ਼ਾ ਦੇ ਨਾਲ ਨਾਲ 5 ਲੱਖ ਰੁਪਏ ਦਾ ਜੁਰਮਾਨਾ ਲਾ ਦਿੱਤਾ।

ਇਸ ਅਰਥਨੀਤੀ ਵਾਲੇ ਨਵੇਂ ਨਿਜ਼ਾਮ ਅੰਦਰ ਤੇਜ਼ ਰਫ਼ਤਾਰ ਰੇਲਾਂ ਅਤੇ ਹਵਾਈ ਜਹਾਜ਼ ਹੋਣ ਦੇ ਨਾਲ ਨਾਲ ਧਾਰਮਿਕ ਅਤੇ ਰੂੜੀਵਾਦੀ ਮੁੱਲਾਂ ਦੇ ਆਧਾਰ 'ਤੇ ਕੀਤੀ ਜਾਂਦੀ ਸਿਆਸਤ ਵੀ ਪਸੰਦ ਹੈ। ਇਹੀ ਵਜ੍ਹਾ ਹੈ ਕਿ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਨਫ਼ਰਤ ਦੀ ਸਿਆਸਤ ਕਰਨ ਵਾਲੇ ਆਗੂਆਂ ਨੇ ਤੇਜ਼ੀ ਨਾਲ ਮਕਬੂਲੀਅਤ ਹਾਸਿਲ ਕੀਤੀ ਹੈ; ਨਵੀਂ ਕਿਸਮ ਦੀ 'ਅਧਿਆਤਮਿਕ ਆਜ਼ਾਦੀ' ਵਾਲੀ ਸੂਖਮ ਦਾਸਤਾਂ ਜਨਮ ਲੈ ਰਹੀ ਹੈ। ਇਸ ਦਾਸਤਾਂ ਨੂੰ 'ਮੁਕਤ ਬਾਜ਼ਾਰ' ਦੇ ਸਮਰਥਕ ਬੁੱਧੀਜੀਵੀ ਆਰਥਿਕ ਰੂਪ ਨਾਲ ਸਮਰੱਥ ਸੰਸਥਾ ਦੇ ਰੂਪ ਵਿਚ ਵੱਕਾਰੀ ਬਣਾਉਣ ਵਿਚ ਸਫਲ ਹੋ ਗਏ ਹਨ। ਇਸ ਕੰਮ 'ਤੇ ਖੋਜ ਕਰਨ ਲਈ 1993 ਦਾ ਨੋਬੇਲ ਪੁਰਸਕਾਰ ਆਰਥਿਕ ਇਤਿਹਾਸਕਾਰ ਰੌਬਰਟ ਡਬਲਿਊ ਫੌਜੇਲ ਨੂੰ ਮਿਲਿਆ ਸੀ।

ਨਵੇਂ ਸਾਮਰਾਜੀ ਨਿਜ਼ਾਮ ਨੇ ਅਦਿੱਖ ਗੁਲਾਮੀ ਦੇ ਜਾਲ 'ਚ ਮਨੁੱਖ ਦੀ ਸੋਚ ਤੇ ਸੁਪਨਿਆਂ ਨੂੰ ਸੋਸ਼ਲ ਮੀਡੀਆ ਰਾਹੀਂ ਕਾਬੂ ਕਰ ਲਿਆ ਹੈ। ਬੰਦਾ ਕੀ ਸੋਚ ਰਿਹਾ, ਕਿੱਥੇ ਜਾ ਰਿਹਾ, ਕੀ ਪੜ੍ਹ ਰਿਹਾ, ਉਹਦੀ ਪਸੰਦ-ਨਾਪਸੰਦ, ਵਿਚਾਰਕ ਝੁਕਾਅ ਬਾਰੇ ਉਹਨੂੰ ਆਪ ਨੂੰ ਇੰਨਾ ਨਹੀਂ ਪਤਾ ਜਿੰਨਾ ਗੂਗਲ, ਫੇਸਬੁੱਕ, ਟਵਿੱਟਰ ਆਦਿ ਕੰਪਨੀਆਂ ਨੂੰ ਪਤਾ ਹੈ। ਹਰ ਸ਼ਖ਼ਸ ਅੰਕੜਿਆਂ ਦਾ ਡੇਟਾ ਬਣ ਕੇ ਰਹਿ ਗਿਆ ਹੈ ਜਿਸ ਨੂੰ ਬਾਜ਼ਾਰ 'ਚ ਖਰੀਦਿਆ-ਵੇਚਿਆ ਜਾ ਰਿਹਾ ਹੈ। ਪੈਗਾਸਸ ਵਰਗੇ ਸਾਫਟਵੇਅਰ ਰਾਹੀਂ ਨਿਗਰਾਨੀ ਰੱਖੀ ਜਾ ਰਹੀ ਹੈ। ਕਾਨੂੰਨ ਬੁਲਡੋਜ਼ਰ ਦੀ ਡਰਾਈਵਿੰਗ ਸੀਟ 'ਤੇ ਹੈ। ਇਹ ਸਮੇਂ ਜਮਹੂਰੀਅਤ ਲਈ ਦੁਆ ਕਰਨ ਦੇ ਹਨ।

*1923 ਵਿਚ ਘਰੋਂ ਦੌੜ ਕੇ ਭਗਤ ਸਿੰਘ ਕਾਨਪੁਰ ਆ ਗਏ ਸਨ। ਦੇਸ਼-ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਦੀ ਦੇਖ-ਰੇਖ ਵਿਚ ਹਫਤਾਵਾਰੀ ਪਰਚੇ 'ਪ੍ਰਤਾਪ' ਦੇ ਸੰਪਾਦਕੀ ਮੰਡਲ ਨਾਲ ਵੀ ਕੰਮ ਕਰਦੇ ਰਹੇ। ਕਾਨਪੁਰ ਵਿਚ ਉਨ੍ਹਾਂ ਦਾ ਸਾਥ ਇਨਕਲਾਬੀ ਸਾਥੀਆਂ ਬੀ.ਕੇ. ਦੱਤ, ਸ਼ਿਵ ਵਰਮਾ, ਜੈ ਦੇਵ ਕਪੂਰ, ਵਿਜੈ ਕੁਮਾਰ ਸਿਨਹਾ ਤੇ ਇਨਕਲਾਬੀ ਪਾਰਟੀ ਦੇ ਦੂਸਰੇ ਸਾਥੀਆਂ ਨਾਲ ਗੂੜ੍ਹਾ ਹੋਇਆ। ਭਾਰਤ ਦੇ ਭਵਿੱਖ ਬਾਰੇ ਲੰਮੇ ਵਿਚਾਰ-ਵਟਾਂਦਰੇ ਹੋਏ। ਕਾਜ਼ੀ ਨਜ਼ਰੁਲ ਇਸਲਾਮ ਦੀਆਂ ਬੰਗਾਲੀ ਕਵਿਤਾਵਾਂ ਵੀ ਪੜ੍ਹੀਆਂ। ਕਾਨਪੁਰ ਪਹਿਲੀ ਬਾਲਸ਼ਵਿਕ ਸਾਜ਼ਿਸ਼ ਕੇਸ ਦਾ ਕੇਂਦਰ ਵੀ ਸੀ ਜਿਸ ਨਾਲ ਰੂਸ ਵਿਚ ਆਏ ਇਨਕਲਾਬ ਅਤੇ ਉਸ ਦੇ ਬਾਅਦ ਬਦਲੇ ਹਾਲਾਤ ਬਾਰੇ ਜਾਣਕਾਰੀ ਦਾ ਮੌਕਾ ਵੀ ਮਿਲਿਆ। ਪੰਜਾਬ ਵਿਚ ਬੱਬਰ ਅਕਾਲੀ ਲਹਿਰ ਚੱਲ ਰਹੀ ਸੀ। ਉਸ ਲਹਿਰ ਦੇ 6 ਸ਼ਹੀਦਾਂ ਦੀ ਫਾਂਸੀ ਉੱਤੇ 'ਇੱਕ ਪੰਜਾਬੀ ਯੁਵਕ' ਦੇ ਨਾਂ ਹੇਠ ਭਗਤ ਸਿੰਘ ਨੇ ਇਹ ਲੇਖ 15 ਮਾਰਚ 1926 ਦੇ 'ਪ੍ਰਤਾਪ' ਵਿਚ ਲਿਖਿਆ ਸੀ। ਇਹ ਲੇਖ ਭਗਤ ਸਿੰਘ ਦੇ ਜਨਮ ਦਿਨ ਮੌਕੇ (28 ਸਤੰਬਰ) ਛਾਪਿਆ ਜਾ ਰਿਹਾ ਹੈ।*

# ਹੋਲੀ ਦੇ ਦਿਨ ਖੂਨ ਦੇ ਛਿੱਟੇ: ਬੱਬਰ ਅਕਾਲੀ ਫਾਂਸੀ 'ਤੇ

## ਇਤਿਹਾਸ-ਝਾਤ



**ਸ਼ਹੀਦ ਭਗਤ ਸਿੰਘ ਦੀ ਕਲਮ ਤੋਂ**

ਹੋਲੀ ਵਾਲੇ ਦਿਨ 27 ਫਰਵਰੀ ਦੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿਚ ਰੁੱਝੇ ਹੋਏ ਸਾਂ, ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਇਹ ਜ਼ਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਓਗੇ। ਕੰਬ ਉੱਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿਚ ਠੀਕ ਉਸ ਦਿਨ 6 ਬੱਬਰ ਅਕਾਲੀ ਫਾਂਸੀ ਉੱਤੇ ਲਟਕਾ ਦਿੱਤੇ ਗਏ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ, ਧਰਮ ਸਿੰਘ ਜੀ। ਲਗਭਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਜੋ ਲਾਪ੍ਰਵਾਹੀ ਦਿਖਾ ਰਹੇ ਸਨ, ਉਸ ਤੋਂ ਇਹ ਜਾਣਿਆ ਜਾ ਸਕਦਾ ਸੀ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫੈਸਲਾ ਸੁਣਾਇਆ। ਪੰਜਾਂ ਨੂੰ ਫਾਂਸੀ, ਬਹੁਤਿਆਂ ਨੂੰ ਕਾਲੇ ਪਾਣੀ, ਦੇਸ ਨਿਕਾਲਾ ਅਤੇ ਲੰਬੀਆਂ ਕੈਦਾਂ। ਸਾਰੇ ਗਰਜ ਉਠੇ। ਉਹਨਾਂ ਆਕਾਸ਼ ਨੂੰ ਆਪਣੇ ਨਾਅਰਿਆਂ ਨਾਲ ਗੁੰਜਾ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੀ ਸਜ਼ਾ ਦੇ ਭਾਗੀ ਬਣੇ। ਉਸ ਦਿਨ ਖਬਰ ਪੜ੍ਹੀ ਕਿ ਰਹਿਮ ਲਈ ਅਪੀਲ ਕੀਤੀ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫਾਂਸੀ ਨਹੀਂ ਦਿੱਤੀ ਜਾਵੇਗੀ।

ਉਡੀਕ ਸੀ ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲੀ ਵਾਲੇ ਦਿਨ ਗ਼ਮ ਵਿਚ ਡੁੱਬੇ ਲੋਕਾਂ ਦਾ ਇਕੱਠ ਉਨ੍ਹਾਂ ਬਹਾਦਰਾਂ ਦੇ ਮ੍ਰਿਤਕ ਸਰੀਰਾਂ ਨੂੰ ਸ਼ਮਸ਼ਾਨ ਨੂੰ ਲਈ ਜਾ ਰਿਹਾ ਹੈ। ਚੁਪ-ਚਾਪ ਉਨ੍ਹਾਂ ਦੀ ਅੰਤਮ ਕ੍ਰਿਆ ਹੋ ਗਈ।

ਸ਼ਹਿਰ ਵਿਚ ਉਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲਿਆਂ 'ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ। ਕੇਹੀ ਵੱਡੀ ਲਾਪ੍ਰਵਾਹੀ ਸੀ। ਜੇ ਉਹ ਰਾਹੋਂ ਥਿੜਕੇ ਹੋਏ ਸਨ ਤਾਂ ਹੋਣ ਦਿਉ, ਜੇ ਪਾਗਲ ਸਨ ਤਾਂ ਹੋਣ ਦਿਉ। ਉਹ ਨਿਡਰ ਦੇਸ ਭਗਤ ਤਾਂ ਸਨ, ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ। ਉਹ ਅਨਿਆਂ ਨਾ ਸਹਾਰ ਸਕੇ, ਦੇਸ਼ ਦੀ ਵਹਿੰਦੀ ਹਾਲਤ ਨਾ ਵੇਖ ਸਕੇ, ਨਿਰਬਲਾਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਉਹਨਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਖਸੁੱਟ ਉਹਨਾਂ ਕੋਲੋਂ ਸਹਾਰੀ ਨਾ ਗਈ। ਉਹਨਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ ਵਾਲੇ- ਧੰਨ ਹੈਂ ਤੂੰ! ਮੌਤ ਦੇ ਬਾਅਦ ਦੋਸਤ ਦੁਸ਼ਮਣ ਸਭ ਬਰਾਬਰ ਹੋ ਜਾਂਦੇ ਹਨ। ਇਹ ਆਦਰਸ਼ ਹੈ ਬਹਾਦਰ ਬੰਦਿਆਂ ਦਾ। ਜੇ ਉਹਨਾਂ ਕੋਈ ਘ੍ਰਿਣਤ ਕੰਮ ਕੀਤਾ ਹੋਵੇ ਤਾਂ ਵੀ ਆਪਣੇ ਦੇਸ਼ ਦੇ ਚਰਨਾਂ ਵਿਚ ਜਿਸ ਦਲੇਰੀ ਅਤੇ ਤੱਤਪਰਤਾ ਨਾਲ ਉਨ੍ਹਾਂ ਆਪਣੇ ਪ੍ਰਾਣ ਚੜ੍ਹਾ ਦਿੱਤੇ, ਉਸ ਨੂੰ ਵੇਖਦਿਆਂ ਹੋਇਆਂ ਤਾਂ ਉਹਨਾਂ ਦੀ ਪੂਜਾ ਹੋਣੀ ਚਾਹੀਦੀ ਸੀ। ਸ੍ਰੀ ਟੈਗਰਟ ਵਿਰੋਧੀ ਦਲ ਦੇ ਹੁੰਦਿਆਂ ਹੋਇਆਂ ਵੀ ਯਤਿੰਦਰ ਮੁਕਰਜੀ, ਬੰਗਾਲ ਦੇ ਵੀਰ ਇਨਕਲਾਬੀ ਦੀ ਮੌਤ ਉੱਤੇ ਅਫਸੋਸ ਜ਼ਾਹਰ ਕਰਦੇ ਹੋਏ, ਉਹਨਾਂ ਦੀ ਬੀਰਤਾ, ਦੇਸ਼ ਪ੍ਰੇਮ ਅਤੇ ਕਰਮਸ਼ੀਲਤਾ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰ ਸਕਦੇ ਹਨ ਪਰ ਅਸੀਂ ਕਾਇਰ ਨਰ ਪਸ਼ੂ ਇਕ ਛਿੰਨ ਲਈ ਵੀ ਐਸ਼ ਆਰਾਮ ਛੱਡ ਕੇ ਬਹਾਦਰਾਂ ਦੀ ਮੌਤ ਉੱਤੇ ਆਹ ਭਰਨ ਦਾ ਹੌਸਲਾ ਨਹੀਂ ਕਰਦੇ। ਕਿੰਨੀ ਨਿਰਾਸ਼ਾਜਨਕ ਗੱਲ ਹੈ। ਉਹਨਾਂ ਗਰੀਬਾਂ ਦਾ ਅਪਰਾਧ ਜੋ ਨੌਕਰਸ਼ਾਹੀ ਦੀ ਨਜ਼ਰ ਵਿਚ ਸੀ, ਉਸ ਦੀ ਸਜ਼ਾ ਮਿਲ ਗਈ। ਇਸ ਭਿਆਨਕ ਦੁਖਾਂਤ ਨਾਟਕ ਦੀ ਇਕ ਹੋਰ ਝਾਕੀ ਖਤਮ ਹੋ ਗਈ। ਅਜੇ ਇਸ ਨਾਟਕ ਦਾ ਆਖਰੀ ਪਰਦਾ ਨਹੀਂ ਡਿੱਗਿਆ। ਨਾਟਕ ਅੱਗੇ ਕੁਝ ਦਿਨ ਹੋਰ ਭਿਆਨਕ ਦਿਖਾਲੇਗਾ। ਕਹਾਣੀ ਲੰਬੀ ਹੈ ਸੁਣਨ ਲਈ ਜ਼ਰਾ ਦੂਰ ਪਿੱਛੇ ਤੀਕ ਜਾਣਾ ਪਵੇਗਾ।

ਨਾਫਰਮਾਨੀ ਲਹਿਰ ਪੂਰੇ ਜੋਬਨ ਉੱਤੇ ਸੀ। ਪੰਜਾਬ ਕਿਸੇ ਨਾਲੋਂ ਪਿੱਛੇ ਨਹੀਂ ਰਿਹਾ। ਪੰਜਾਬ ਵਿਚ ਸਿੱਖ ਉਠੇ। ਘੂਕ ਨੀਂਦਰ ਤੋਂ ਉੱਠੇ ਅਤੇ ਉੱਠੇ ਵੀ ਪੂਰੇ ਜ਼ੋਰਾਂ ਨਾਲ। ਅਕਾਲੀ ਲਹਿਰ ਸ਼ੁਰੂ ਹੋਈ, ਸ਼ਹੀਦੀਆਂ ਦੀ ਝੜੀ ਲੱਗ ਗਈ। ਮਾਸਟਰ ਮੋਤਾ ਸਿੰਘ, ਖਾਲਸਾ ਮਿਡਲ ਸਕੂਲ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿਛਲੇ ਹੈੱਡਮਾਸਟਰ ਨੇ ਇਕ ਤਕਰੀਰ ਕੀਤੀ। ਉਹਨਾਂ ਦੇ ਵਾਰੰਟ ਨਿਕਲੇ ਪਰ ਬਾਦਸ਼ਾਹ ਦੀ ਪ੍ਰਾਹੁਣਚਾਰੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਦੀਆਂ ਤਕਰੀਰਾਂ ਫਿਰ ਵੀ ਹੁੰਦੀਆਂ ਰਹੀਆਂ। ਕੋਟ ਫਤੂਹੀ ਨਾਂ ਦੇ ਪਿੰਡ ਵਿਚ ਭਾਰੀ ਦੀਵਾਨ ਸਜਿਆ। ਪੁਲਿਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ। ਫਿਰ ਵੀ ਮਾਸਟਰ ਮੋਤਾ ਸਿੰਘ ਨੇ ਤਕਰੀਰ ਕੀਤੀ। ਅਖੀਰ ਪ੍ਰਧਾਨ ਦੀ ਆਗਿਆ ਨਾਲ ਸਾਰੇ ਸਰੋਤੇ ਉੱਠ ਪਏ। ਮਾਸਟਰ ਜੀ ਵੀ ਪਤਾ ਨਹੀਂ ਕਿਧਰ ਗਏ। ਬਹੁਤ ਦਿਨ ਇਸ ਤਰ੍ਹਾਂ ਹੀ ਲੁਕਣ ਮੀਟੀ ਖੇਡੀ ਜਾਂਦੀ ਰਹੀ। ਸਰਕਾਰ ਨੂੰ ਬੁਖਲਾਹਟ ਹੋਈ। ਅੰਤ ਵਿਚ ਇਕ ਹਮਜੋਲੀ ਨੇ ਧੋਖਾ ਦਿੱਤਾ ਅਤੇ ਡੇਢ ਸਾਲ ਬਾਅਦ ਇਕ ਦਿਨ ਮਾਸਟਰ ਸਾਹਿਬ ਫੜ ਲਏ ਗਏ। ਇਹ ਪਹਿਲਾ ਦ੍ਰਿਸ਼ ਸੀ— ਉਸ ਭਿਆਨਕ ਨਾਟਕ ਦਾ।

ਗੁਰੂ ਕੇ ਬਾਗ਼ ਦਾ ਮੋਰਚਾ ਲੱਗਾ। ਨਿਹੱਥਿਆਂ ਉੱਤੇ ਜਦ ਭਾੜੇ ਦੇ ਟੱਟੂ ਟੁੱਟ ਪੈਂਦੇ, ਉਹਨਾਂ ਨੂੰ ਕੁੱਟ-ਕੁੱਟ ਅਧਮਰੇ ਕਰ ਦਿੰਦੇ, ਦੇਖਣ ਸੁਣਨ ਵਾਲਿਆਂ ਵਿਚੋਂ ਕੌਣ ਹੋਵੇਗਾ ਜਿਸ ਦਾ ਦਿਲ ਕੰਬ ਨਾ ਉੱਠਿਆ ਹੋਵੇ। ਚਾਰੇ ਪਾਸੇ ਗ੍ਰਿਫਤਾਰੀਆਂ ਦਾ ਦੌਰ ਸੀ। ਸਰਦਾਰ ਕਿਸ਼ਨ ਸਿੰਘ ਗੜਗੱਜ ਦੇ ਨਾਂ ਵਰੰਟ ਨਿਕਲੇ ਪਰ ਉਹ ਵੀ ਤਾਂ ਇਸੇ ਪਾਰਟੀ ਦੇ ਸਨ। ਉਨ੍ਹਾਂ ਗ੍ਰਿਫਤਾਰ ਹੋਣਾ ਨਾ ਮੰਨਿਆ। ਪੁਲਿਸ ਹੱਥ ਧੋ ਕੇ ਪਿੱਛੇ ਪੈ ਗਈ ਪਰ ਫਿਰ ਵੀ ਬਚਦੇ ਹੀ ਰਹੇ। ਉਹਨਾਂ ਦਾ ਜਥੇਬੰਦ ਕੀਤਾ ਹੋਇਆ ਆਪਣਾ ਕਰਾਂਤੀ ਦਲ ਸੀ। ਨਿਹੱਥਿਆਂ ਉੱਤੇ ਕੀਤੇ ਜਾਣ ਵਾਲੇ ਜ਼ੁਲਮ ਨੂੰ ਉਹ ਸਹਾਰ ਨਾ ਸਕੇ। ਇਸ ਕਰਾਂਤੀਪੂਰਨ ਲਹਿਰ ਦੇ ਨਾਲ-ਨਾਲ ਉਹਨਾਂ ਹਥਿਆਰਾਂ ਦੀ ਵਰਤੋਂ ਵੀ ਜ਼ਰੂਰੀ ਸਮਝੀ।

ਇਕ ਪਾਸੇ ਕੁੱਤੇ ਸ਼ਿਕਾਰੀ ਉਹਨਾਂ ਦੀ ਸੂਹ ਕੱਢਣ ਲਈ ਸੁੰਘਦੇ ਫਿਰਦੇ ਸਨ, ਦੂਜੇ ਪਾਸੇ ਫੈਸਲਾ ਹੋਇਆ ਕਿ ਝੋਲੀ ਚੁੱਕਾਂ ਦਾ ਸੁਧਾਰ ਕੀਤਾ ਜਾਵੇ। ਸਰਦਾਰ ਕਿਸ਼ਨ ਸਿੰਘ ਜੀ ਕਹਿੰਦੇ ਸਨ ਕਿ ਆਪਣੀ ਹਿਫਾਜ਼ਤ ਲਈ ਸਾਨੂੰ ਹਥਿਆਰਬੰਦ ਜ਼ਰੂਰ ਹੋਣਾ ਚਾਹੀਦਾ ਹੈ ਪਰ ਅਜੇ ਕੋਈ ਹੋਰ ਕਦਮ ਨਹੀਂ ਚੁੱਕਣਾ ਚਾਹੀਦਾ ਪਰ ਬਹੁਸੰਮਤੀ ਦੂਜੇ ਪਾਸੇ ਸੀ। ਅੰਤ ਵਿਚ ਇਹ ਫੈਸਲਾ ਹੋਇਆ ਕਿ ਤਿੰਨ ਆਦਮੀ (ਆਪਣੇ) ਨਾਵਾਂ ਦਾ ਐਲਾਨ ਕਰ ਦੇਣ ਅਤੇ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲੈਣ ਅਤੇ ਝੋਲੀ ਚੁੱਕਾਂ ਦਾ ਸੁਧਾਰ ਆਰੰਭ ਕਰ ਦੇਣ। ਸ. ਕਰਮ ਸਿੰਘ, ਧੰਨਾ ਸਿੰਘ ਅਤੇ ਉਦੇ ਸਿੰਘ ਜੀ ਅੱਗੇ ਵਧੇ। ਇਹ ਠੀਕ ਸੀ ਜਾਂ ਗਲਤ, ਇਸ ਨੂੰ ਇਕ ਪਾਸੇ ਰੱਖ ਕੇ ਜ਼ਰਾ ਉਸ ਸਮੇਂ ਦੀ ਕਲਪਨਾ ਤਾਂ ਕਰੋ ਜਦ ਇਹਨਾਂ ਨਵੀਨ ਬਹਾਦਰਾਂ ਨੇ ਸੁਗੰਧ ਚੁੱਕੀ ਸੀ।

"ਅਸੀਂ ਦੇਸ਼ ਸੇਵਾ ਵਿਚ ਆਪਣਾ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿਗਿਆ ਕਰਦੇ ਹਾਂ ਕਿ ਲੜਦੇ-ਲੜਦੇ ਮਰ ਜਾਵਾਂਗੇ ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।"

ਜਿਹਨਾਂ ਨੇ ਆਪਣੇ ਪਰਿਵਾਰਾਂ ਦਾ ਮੋਹ ਤਿਆਗ ਦਿੱਤਾ ਸੀ, ਉਹ ਜਦੋਂ ਇਹੋ ਜਿਹੀ ਸਹੁੰ ਚੁੱਕ ਰਹੇ ਸਨ, ਉਸ ਸਮੇਂ ਕਿੰਨਾ ਸੋਹਣਾ ਦਿਲਚਸਪ ਪਵਿੱਤਰਤਾ ਨਾਲ ਸੰਜੋਇਆ ਹੋਇਆ ਨਜ਼ਾਰਾ ਹੋਵੇਗਾ। ਆਤਮ-ਤਿਆਗ ਦੀ ਹੱਦ ਕਿੱਥੇ ਹੈ? ਸਾਹਸ ਦੇ ਅੰਤ ਦਾ ਨਿਵਾਸ ਕਿੱਧਰ ਹੈ?

ਸ਼ਾਮ ਚੁਰਾਸੀ ਹੁਸ਼ਿਆਰਪੁਰ ਬਰਾਂਚ ਰੇਲਵੇ ਲਾਈਨ ਦੇ ਇਕ ਸਟੇਸ਼ਨ ਦੇ ਨੇੜੇ ਸਭ ਤੋਂ ਪਹਿਲਾਂ ਇਕ ਸੂਬੇਦਾਰ 'ਤੇ ਹੱਥ ਸਾਫ ਕੀਤਾ ਗਿਆ। ਉਸ ਤੋਂ ਬਾਅਦ ਇਹਨਾਂ ਤਿੰਨਾਂ ਜਣਿਆਂ ਨੇ ਆਪਣੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ। ਸਰਕਾਰ ਨੇ ਪੂਰੀ ਤਾਕਤ ਲਾ ਕੇ ਇਹਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਰੁੜਕੇ ਕਲਾਂ ਨੂੰ ਸ. ਕਿਸ਼ਨ ਸਿੰਘ ਗੜਗੱਜ ਫਿਰ ਗਏ। ਉਹਨਾਂ ਦੇ ਨਾਲ ਇਕ ਨੌਜਵਾਨ ਵੀ ਸੀ ਜੋ ਉੱਥੇ ਹੀ ਜ਼ਖਮੀ ਹੋਣ ਕਾਰਨ ਫੜਿਆ ਗਿਆ ਪਰ ਕਿਸ਼ਨ ਸਿੰਘ ਉੱਥੇ ਵੀ ਆਪਣੇ ਹਥਿਆਰਾਂ ਦੀ ਸਹਾਇਤਾ ਨਾਲ ਬਚ ਨਿਕਲੇ। ਰਸਤੇ ਵਿਚ ਇਕ ਸਾਧ ਮਿਲਿਆ। ਉਹਨੇ ਇਹਨਾਂ ਨੂੰ ਦੱਸਿਆ ਕਿ ਉਸ ਕੋਲ ਇੱਕ ਇਹੋ ਜਿਹੀ ਬੂਟੀ ਹੈ ਜਿਸ ਨਾਲ ਮਨ ਚਾਹਿਆ ਕੰਮ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਝਾਂਸੇ ਵਿਚ ਆ ਕੇ ਇਕ ਦਿਨ ਇਹ ਹਥਿਆਰ ਰੱਖ ਕੇ ਸਾਧੂ ਕੋਲ ਗਏ। ਦਵਾਈ ਰਗੜਨ ਲਈ ਦੇ ਕੇ ਸਾਧੂ ਬੂਟੀ ਲੈਣ ਗਿਆ ਪੁਲਿਸ ਨੂੰ ਲੈ ਕੇ ਆਇਆ। ਸਰਦਾਰ ਸਾਹਿਬ ਫੜੇ ਗਏ। ਇਹ ਸਾਧੂ ਸੀ.ਆਈ.ਡੀ. ਦੇ ਮਹਿਕਮੇ ਦਾ ਸਬ-ਇੰਸਪੈਕਟਰ ਸੀ।

ਬੱਬਰ ਅਕਾਲੀਆਂ ਨੇ ਆਪਣਾ ਕੰਮ ਖੂਬ ਜ਼ੋਰ ਨਾਲ ਸ਼ੁਰੂ ਕਰ ਦਿੱਤਾ। ਕਿੰਨੇ ਹੀ ਸਰਕਾਰ ਦੇ ਪਿੱਠੂ ਮਾਰ ਦਿੱਤੇ ਗਏ। ਦੁਆਬਾ (ਬਿਆਸ ਤੇ ਸਤਲੁਜ ਵਿਚਕਾਰ) ਜਲੰਧਰ ਅਤੇ ਹੁਸ਼ਿਆਰਪੁਰ ਦਾ ਜ਼ਿਲ੍ਹਾ ਪਹਿਲਾਂ ਹੀ ਭਾਰਤ ਦੇ ਸਿਆਸੀ ਨਕਸ਼ੇ ਵਿਚ ਪ੍ਰਸਿੱਧ ਹੈ। 1915 ਦੇ ਸ਼ਹੀਦਾਂ ਵਿਚ ਵੀ ਜ਼ਿਆਦਾਤਰ ਇਹਨਾਂ ਹੀ ਜ਼ਿਲ੍ਹਿਆਂ ਦੇ ਲੋਕ ਸਨ। ਹੁਣ ਫਿਰ ਇਥੋਂ ਹੀ ਸਰਗਰਮੀਆਂ ਹੋਈਆਂ। ਪੁਲਿਸ ਮਹਿਕਮੇ ਨੇ ਸਾਰੀ ਤਾਕਤ ਖਰਚ ਕਰ ਦਿੱਤੀ ਪਰ ਕੁਝ ਨਾ ਬਣਿਆ। ਜਲੰਧਰ ਤੋਂ ਕੁਝ ਦੂਰ ਇਕ ਬਿਲਕੁਲ ਛੋਟੀ ਜਿਹੀ ਨਦੀ ਹੈ। ਉਹਦੇ ਕੰਢੇ ਇਕ ਪਿੰਡ ਵਿਚ ਸ. ਕਰਮ ਸਿੰਘ ਜੀ, ਸ. ਧੰਨਾ ਸਿੰਘ ਜੀ, ਸ. ਉਦੇ ਸਿੰਘ ਜੀ ਅਤੇ ਸ. ਅਨੂਪ ਸਿੰਘ ਇਕ-ਦੋ ਆਦਮੀਆਂ ਨਾਲ ਬੈਠੇ ਸਨ। ਬੈਠਿਆਂ-ਬੈਠਿਆਂ ਸ. ਧੰਨਾ ਸਿੰਘ ਨੇ ਕਿਹਾ- ਬਾਬਾ ਕਰਮ ਸਿੰਘ ਜੀ! ਸਾਨੂੰ ਇਥੋਂ ਇਸੇ ਵਕਤ ਤੁਰ ਪੈਣਾ ਚਾਹੀਦਾ ਹੈ, ਮੈਨੂੰ ਕਿਸੇ ਮਾੜੀ ਗੱਲ ਦੇ ਹੋਣ ਦਾ ਸੰਸਾ ਹੋ ਰਿਹਾ ਹੈ। 75 ਸਾਲ ਦੇ ਬਜ਼ੁਰਗ ਸ. ਕਰਮ ਸਿੰਘ ਜੀ ਨੇ ਜ਼ਰਾ ਵੀ ਧਿਆਨ ਨਾ ਦਿੱਤਾ ਪਰ ਸ. ਧੰਨਾ ਸਿੰਘ ਆਪਣੇ ਨਾਲ 18 ਸਾਲ ਦੇ ਸ. ਦਲੀਪ ਸਿੰਘ ਨੂੰ ਲੈ ਕੇ ਚਲੇ ਗਏ। ਬੈਠਿਆਂ-ਬੈਠਿਆਂ ਸ. ਕਰਮ ਸਿੰਘ ਜੀ ਨੇ ਸ. ਅਨੂਪ ਸਿੰਘ ਵੱਲ ਬੜੇ ਧਿਆਨ ਨਾਲ ਵੇਖਦਿਆਂ ਕਿਹਾ- ਅਨੂਪ ਸਿੰਘ ਤੂੰ ਚੰਗਾ ਆਦਮੀ ਨਹੀਂ ਪਰ ਇਸ ਦੇ ਬਾਅਦ ਉਹਨਾਂ ਆਪਣੀ ਇਸ ਗੱਲ ਵੱਲ ਧਿਆਨ ਨਾ ਦਿੱਤਾ। ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਪੁਲਿਸ ਆ ਧਮਕੀ। ਸਾਰੇ ਬੰਬ ਸ. ਅਨੂਪ ਸਿੰਘ ਦੇ ਕਬਜ਼ੇ ਵਿਚ ਸਨ। ਇਹ ਪਿੰਡ ਵਿਚ ਲੁਕ ਗਏ। ਪੁਲਿਸ ਨੇ ਲੱਖ ਟੱਕਰਾਂ ਮਾਰੀਆਂ ਪਰ ਅਸਫਲ ਰਹੀ। ਅੰਤ ਵਿਚ ਪੁਲਿਸ ਵੱਲੋਂ ਐਲਾਨ ਕੀਤਾ ਗਿਆ ਕਿ ਬਾਗ਼ੀਆਂ ਨੂੰ ਬਾਹਰ ਕੱਢੋ ਨਹੀਂ ਤਾਂ ਪਿੰਡ ਨੂੰ ਅੱਗ ਲਾ ਦਿੱਤੀ ਜਾਵੇਗੀ ਪਰ ਪਿੰਡ ਵਾਲੇ ਡਟੇ ਰਹੇ।

ਹਾਲਾਤ ਨੂੰ ਵੇਖ ਕੇ ਸਾਰੇ ਆਪ ਹੀ ਬਾਹਰ ਨਿਕਲ ਗਏ। ਸਾਰੇ ਬੰਬ ਅਨੂਪ ਸਿੰਘ ਲੈ ਭੱਜਿਆ ਅਤੇ ਜਾ ਕੇ ਪੁਲਿਸ ਦੇ ਹਵਾਲੇ ਹੋ ਗਿਆ। ਬਾਕੀ ਚਾਰੇ ਜਣੇ ਉੱਥੇ ਹੀ ਘਿਰੇ ਹੋਏ ਖੜ੍ਹੇ ਸਨ। ਪੁਲਿਸ ਦੇ ਅੰਗਰੇਜ਼ ਕਪਤਾਨ ਨੇ ਕਿਹਾ- ਕਰਮ ਸਿੰਘ ਹਥਿਆਰ ਸੁੱਟ ਦਿਓ, ਤੁਹਾਨੂੰ ਮਾਫ ਕਰ ਦਿੱਤਾ ਜਾਵੇਗਾ। ਬਹਾਦਰ ਨੇ ਲਲਕਾਰ ਕੇ ਜਵਾਬ ਦਿੱਤਾ ਕਿ ਅਸੀਂ ਆਪਣੇ ਦੇਸ਼ ਲਈ ਸੁੱਚੇ ਇਨਕਲਾਬੀ ਵਾਂਗ ਲੜਦੇ-ਲੜਦੇ ਸ਼ਹੀਦ ਹੋ ਜਾਵਾਂਗੇ ਪਰ ਹਥਿਆਰ ਨਹੀਂ ਸੁੱਟ ਸਕਦੇ। ਉਹਨਾਂ ਆਪਣੇ ਤਿੰਨ ਸਾਥੀਆਂ ਨੂੰ ਲਲਕਾਰਿਆ। ਉਹ ਸ਼ੇਰ ਵਾਂਗ ਗਰਜ ਉੱਠੇ। ਲੜਾਈ ਛਿੜ ਪਈ। ਖੂਬ ਤਾੜ-ਤਾੜ ਗੋਲੀਆਂ ਚੱਲੀਆਂ। ਗੋਲੀ ਬਾਰੂਦ ਖਤਮ ਹੋਣ 'ਤੇ ਉਹ ਛੱਪੜ ਵਿਚ ਕੁੱਦ ਪਏ। ਗੋਲੀਆਂ ਦੇ ਮੀਂਹ ਨਾਲ ਸਾਰੇ ਸੂਰਮੇ ਸ਼ਹੀਦ ਹੋ ਗਏ।

ਸ. ਕਰਮ ਸਿੰਘ ਦੀ ਉਮਰ 75 ਸਾਲ ਸੀ। ਉਹ ਕੈਨੇਡਾ ਰਹਿ ਚੁੱਕੇ ਸਨ। ਉਨ੍ਹਾਂ ਦਾ ਇਖਲਾਕ ਪਵਿੱਤਰ ਅਤੇ ਚਰਿੱਤਰ ਆਦਰਸ਼ਕ ਸੀ, ਸਰਕਾਰ ਨੇ ਸਮਝਿਆ ਕਿ ਬੱਬਰ ਅਕਾਲੀ ਖਤਮ ਹੋ ਗਏ ਪਰ ਨਿੱਤ ਉਨਤੀ ਕਰ ਰਹੇ ਸਨ। 18 ਵਰ੍ਹਿਆਂ ਦਾ ਦਲੀਪ ਸਿੰਘ ਬਹੁਤ ਸੁਨੱਖਾ, ਸਿਹਤਮੰਦ ਨੌਜਵਾਨ ਸੀ ਅਤੇ ਉਸ ਦਾ ਡਾਕੂਆਂ ਨਾਲ ਸਾਥ ਹੋ ਗਿਆ ਸੀ। ਧੰਨਾ ਸਿੰਘ ਦੀ ਸਿੱਖਿਆ ਨੇ ਉਸ ਨੂੰ ਡਾਕੂ ਤੋਂ ਸੱਚਾ ਇਨਕਲਾਬੀ ਬਣਾ ਦਿੱਤਾ। ਸਰਦਾਰ ਬੰਤਾ ਸਿੰਘ, ਵਰਿਆਮ ਸਿੰਘ ਆਦਿ ਕਈ ਪ੍ਰਸਿੱਧ ਡਾਕੂ ਡਾਕੇਜ਼ਨੀ ਛੱਡ ਕੇ ਇਹਨਾਂ ਵਿਚ ਆ ਰਲੇ।

ਇਹਨਾਂ ਸਭਨਾਂ ਵਿਚ ਮੌਤ ਦਾ ਡਰ ਨਹੀਂ ਸੀ। ਉਹ ਆਪਣੇ ਪਿਛਲੇ ਕੁਕਰਮਾਂ ਨੂੰ ਧੋ ਦੇਣਾ ਚਾਹੁੰਦੇ ਸਨ। ਇਹਨਾਂ ਦੀ ਗਿਣਤੀ ਜਲਦੀ ਵਧਦੀ ਜਾ ਰਹੀ ਸੀ, ਇਕ ਦਿਨ 'ਮਾਨਹਾਣਾ' ਨਾਂ ਦੇ ਪਿੰਡ ਵਿਚ ਸ. ਧੰਨਾ ਸਿੰਘ ਬੈਠੇ ਸਨ, ਪੁਲਿਸ ਆ ਗਈ। ਕਈ ਦਿਨਾਂ ਦੇ ਉਨੀਂਦੇ ਕਾਰਨ ਧੰਨਾ ਸਿੰਘ ਜੀ ਸੁੱਤੇ ਪਏ ਹੀ ਫੜ ਲਏ ਗਏ। ਹੱਥਾਂ ਵਿਚ ਹਥਕੜੀ ਲਾ ਦਿੱਤੀ ਗਈ ਅਤੇ ਉਹਨਾਂ ਨੂੰ ਬਾਹਰ ਲਿਆਂਦਾ ਗਿਆ। ਬਾਹਰ ਸਿਪਾਹੀ ਅਤੇ ਦੋ ਅੰਗਰੇਜ਼ ਅਫਸਰ ਉਹਨਾਂ ਨੂੰ ਘੇਰ ਕੇ ਖੜ੍ਹੇ ਹੋ ਗਏ। ਠੀਕ ਉਸੇ ਵਕਤ ਧਮਾਕਾ ਹੋਇਆ। ਧੰਨਾ ਸਿੰਘ ਨੇ ਬੰਬ ਚਲਾ ਦਿੱਤਾ ਸੀ, ਉਹ ਆਪ ਵੀ ਮਰੇ ਅਤੇ ਨਾਲ ਹੀ ਇਕ ਅੰਗਰੇਜ਼ ਅਫਸਰ ਅਤੇ ਦਸ ਸਿਪਾਹੀ। ਬਾਕੀ ਬੁਰੀ ਤਰ੍ਹਾਂ ਜ਼ਖਮੀ ਹੋਏ।

ਇੰਝ ਹੀ ਮੁੰਡੇਰ ਨਾਂ ਦੇ ਪਿੰਡ ਵਿਚ ਬੰਤਾ ਸਿੰਘ, ਜਵਾਲਾ ਸਿੰਘ ਆਦਿ ਕਈ ਲੋਕ ਘਿਰ ਗਏ। ਇਹ ਸਾਰੇ ਛੱਤ ਉੱਤੇ ਬੈਠੇ ਸਨ। ਗੋਲੀ ਚੱਲੀ, ਕੁਝ ਚਿਰ ਤਕ ਚੰਗੀ ਝੜਪ ਹੁੰਦੀ ਰਹੀ ਪਰ ਪੁਲਿਸ ਨੇ ਮਿੱਟੀ ਦਾ ਤੇਲ ਛਿੜਕ ਕੇ ਘਰ ਨੂੰ ਅੱਗ ਲਾ ਦਿੱਤੀ। ਫਿਰ ਵੀ ਵਰਿਆਮ ਸਿੰਘ ਬਚ ਨਿਕਲੇ ਅਤੇ ਬੰਤਾ ਸਿੰਘ ਉੱਥੇ ਹੀ ਮਾਰੇ ਗਏ।

ਜੇ ਇਸ ਤੋਂ ਪਹਿਲਾਂ ਦੀਆਂ ਇਕ-ਦੋ ਹੋਰ ਵਾਰਦਾਤਾਂ ਦਾ ਵਰਨਣ ਕਰ ਦਿੱਤਾ ਜਾਵੇ ਤਾਂ ਗ਼ੈਰ-ਜ਼ਰੂਰੀ ਨਹੀਂ ਹੋਵੇਗਾ। ਬੰਤਾ ਸਿੰਘ ਬਹੁਤ ਹੌਸਲੇ ਵਾਲੇ ਸਨ। ਇਕ ਵੇਰ ਸ਼ਾਇਦ ਜਲੰਧਰ ਛਾਉਣੀ ਵਿਚ ਜਾ ਕੇ ਰਸਾਲੇ ਵਿਚ ਪਹਿਰੇ ਉੱਤੇ ਖੜ੍ਹੇ ਸਿਪਾਹੀ ਦੀ ਘੋੜੀ ਅਤੇ ਰਫਲ ਖੋਹ ਕੇ ਲਿਆਏ ਸਨ। ਜਿਨ੍ਹਾਂ ਦਿਨਾਂ ਵਿਚ ਪੁਲਿਸ ਦੇ ਦਸਤੇ ਇਹਨਾਂ ਦੀ ਭਾਲ ਵਿਚ ਮਾਰੇ-ਮਾਰੇ ਫਿਰਦੇ ਸਨ, ਕਿਤੇ ਜੰਗਲ ਵਿਚ ਕਿਸੇ ਦਸਤੇ ਨਾਲ ਇਹਨਾਂ ਦੀ ਮੁਲਾਕਾਤ ਹੋ ਗਈ। ਸਰਦਾਰ ਬੰਤਾ ਸਿੰਘ ਨੇ ਫੌਰਨ ਚੁਣੌਤੀ ਦਿੱਤੀ- "ਜੇ ਹਿੰਮਤ ਹੈ ਤਾਂ ਦੋ ਹੱਥ ਕਰ ਲਉ।" ਖੈਰ ਉੱਧਰ ਤਾਂ ਸਨ ਪੈਸੇ ਦੇ ਗ਼ੁਲਾਮ ਤੇ ਇੱਧਰ ਆਤਮ-ਤਿਆਗ ਵਾਲੇ ਇਨਸਾਨ। ਤੁਲਨਾ ਕਿਵੇਂ ਹੋ ਸਕਦੀ ਹੈ? ਸਿਪਾਹੀਆਂ ਦਾ ਦਸਤਾ ਚੁਪ-ਚਾਪ ਚਲਾ ਗਿਆ।

ਇਹਨਾਂ ਨੂੰ ਫੜਨ ਲਈ ਖਾਸ ਤੌਰ 'ਤੇ ਪੁਲਿਸ ਤਾਇਨਾਤ ਕੀਤੀ ਗਈ ਸੀ ਪਰ ਉਹਦੀ ਸੀ ਇਹ ਹਾਲਤ। ਖੈਰ, ਗ੍ਰਿਫਤਾਰੀਆਂ ਦੀ ਭਰਮਾਰ ਸੀ। ਪਿੰਡ-ਪਿੰਡ ਪੁਲਿਸ ਤਾਜੀਰੀ ਚੌਕੀਆਂ ਬਿਠਾਈਆਂ ਜਾਣ ਲੱਗੀਆਂ। ਹੌਲੇ-ਹੌਲੇ ਬੱਬਰਾਂ ਦਾ ਜ਼ੋਰ ਘਟਣ ਲੱਗਾ। ਹੁਣ ਤਕ ਤਾਂ ਜਿਵੇਂ ਇਹਨਾਂ ਦਾ ਰਾਜ ਸੀ। ਜਿਥੇ ਜਾਂਦੇ, ਕੁਝ ਲੋਕ ਖੁਸ਼ੀ ਤੇ ਚਾਅ ਨਾਲ, ਕੁਝ ਡਰ ਅਤੇ ਸਹਿਮ ਨਾਲ ਇਹਨਾਂ ਦੀ ਆਉ ਭਗਤ ਕਰਦੇ। ਸਰਕਾਰ ਦੇ ਪਿੱਠੂ ਇਕਦਮ ਡਰੇ ਬੈਠੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਘਰ ਤੋਂ ਨਿਕਲਣ ਦਾ ਹੌਸਲਾ ਹੀ ਉਹਨਾਂ ਨੂੰ ਨਹੀਂ ਸੀ ਪੈਂਦਾ। ਇਹ ਉਹਨੀਂ ਦਿਨੀਂ ਹੀਰੋ ਸਮਝੇ ਜਾਂਦੇ ਸਨ। ਉਹ ਬੀਰ ਸਨ ਤੇ ਉਹਨਾਂ ਦੀ ਪੂਜਾ- ਪੀਰ ਪੂਜਾ ਸਮਝੀ ਜਾਂਦੀ ਸੀ ਪਰ ਹੌਲੀ ਹੌਲੀ ਉਹਨਾਂ ਦਾ ਜ਼ੋਰ ਖਤਮ ਹੋ ਗਿਆ। ਸੈਂਕੜੇ ਹੀ ਫੜੇ ਗਏ। ਮੁਕੱਦਮੇ ਸ਼ੁਰੂ ਹੋਏ।

ਵਰਿਆਮ ਸਿੰਘ ਇਕੱਲੇ ਬਚੇ ਹੋਏ ਸਨ। ਜਲੰਧਰ ਹੁਸ਼ਿਆਰਪੁਰ ਵਿਚ ਪੁਲਿਸ ਦਾ ਜ਼ਿਆਦਾ ਜ਼ੋਰ ਦੇਖ ਕੇ ਉਹ ਲਾਇਲਪੁਰ ਜਾ ਰਹੇ। ਉੱਥੇ ਇੱਕ ਦਿਨ ਬਿਲਕੁਲ ਘਿਰ ਗਏ ਪਰ ਚੰਗੀ ਤਰ੍ਹਾਂ ਸ਼ਾਨ ਨਾਲ ਲੜਦਿਆਂ ਬਚ ਨਿਕਲੇ ਪਰ ਬਹੁਤ ਥੱਕ ਗਏ। ਕੋਈ ਸਾਥੀ ਵੀ ਨਹੀਂ ਸੀ। ਹਾਲਤ ਬੜੀ ਅਜੀਬ ਸੀ। ਇਕ ਦਿਨ ਦੇਸੀਆਂ ਨਾਂ ਦੇ ਪਿੰਡ ਆਪਣੇ ਮਾਮੇ ਕੋਲ ਗਏ। ਹਥਿਆਰ ਬਾਹਰ ਰੱਖੇ ਹੋਏ ਸਨ। ਸ਼ਾਮ ਦੀ ਰੋਟੀ ਖਾਣ ਦੇ ਬਾਅਦ ਆਪਣੇ ਹਥਿਆਰਾਂ ਕੋਲ ਜਾ ਰਹੇ ਸਨ ਕਿ ਪੁਲਿਸ ਆ ਧਮਕੀ, ਘਿਰ ਗਏ। ਅੰਗਰੇਜ਼ ਨਾਇਕ ਨੇ ਉਹਨਾਂ ਨੂੰ ਪਿੱਛੋਂ ਦੀ ਆ ਕੇ ਫੜ ਲਿਆ। ਉਹਨਾਂ ਦੀ ਕਿਰਪਾਨ ਨੇ ਹੀ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਫਿਰ ਉਹ ਥੱਲੇ ਡਿੱਗ ਪਏ। ਹਥਕੜੀ ਲਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਗਈਆਂ ਤਾਂ ਗੋਲੀ ਨਾਲ ਮਾਰ ਦਿੱਤੇ ਗਏ। ਇਸ ਮੌਕੇ 'ਤੇ ਇੱਕ ਅੰਗਰੇਜ਼ ਵੀ ਬੁਰੀ ਤਰ੍ਹਾਂ ਫੱਟੜ ਹੋਇਆ ਸੀ। ਇਹ ਘਟਨਾ 1924 ਦੇ ਅਖੀਰ ਦੀ ਹੈ (8 ਜੂਨ 1924)। ਦੋ ਵਰ੍ਹੇ ਦੀ ਪੂਰੀ ਸਖਤੀ ਦੇ ਬਾਅਦ ਅਕਾਲੀ ਜੱਥੇ ਦਾ ਅੰਤ ਹੋ ਗਿਆ। ਉੱਧਰ ਮੁਕੱਦਮਾ ਚੱਲਣ ਲੱਗਾ ਜਿਸ ਦਾ ਨਤੀਜਾ ਉਪਰ ਲਿਖ ਆਏ ਹਾਂ। ਉਸ ਦਿਨ ਇਨ੍ਹਾਂ ਸੂਰਬੀਰਾਂ ਨੇ ਛੇਤੀ ਫਾਂਸੀ 'ਤੇ ਚੜ੍ਹਾਏ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਇਹ ਇੱਛਾ ਪੂਰੀ ਹੋ ਗਈ। ਉਹ ਸ਼ਾਂਤ ਹੋ ਗਏ।



ਸ਼ਹੀਦਾਂ ਹੋਏ 6 ਬੱਬਰਾਂ ਦੀਆਂ ਦੇਹਾਂ ਨਾਲ ਲੋਕ।

# ‘ਪੰਜਾਬੀ ਟ੍ਰਿਬਿਊਨ’ ਤੇ ‘ਪੰਜਾਬ ਟਾਈਮਜ਼’ ਵਾਲਾ ਅਮੋਲਕ

ਹਥਲੇ ਲੇਖ ਵਿਚ ਮੈਂ 35 ਸਾਲ ਪਹਿਲਾਂ ‘ਪੰਜਾਬੀ ਟ੍ਰਿਬਿਊਨ’ ਵਿਚ ਰਹਿ ਚੁੱਕੇ ਆਪਣੇ ਸਹਿ-ਕਰਮੀ ਅਮੋਲਕ ਸਿੰਘ ਜੰਮੂ ਦੀ ਪੁਸਤਕ (ਅਮੋਲਕ ਹੀਰਾ: ਯਾਦਾਂ ਤੇ ਯੋਗਦਾਨ, ਸੰਪਾਦਕ: ਸੁਰਿੰਦਰ ਤੇਜ) ਦੇ ਹਵਾਲੇ ਨਾਲ 40-50 ਸਾਲ ਪਹਿਲਾਂ ਦੇ ਸਿਆਸੀ ਤੇ ਸਦਾਚਾਰਕ ਪੁਰਾਣੇ ਪੰਜਾਬ ਦੀ ਬਾਤ ਪਾਉਣੀ ਹੈ। ਇਨ੍ਹਾਂ ਵਿਚ ਅਮੋਲਕ ਦੇ ਬਚਪਨ ਦਾ ਪਿੰਡ ਕੁੱਤੇ ਵੱਢ (ਹਰਿਆਣਾ) ਵੀ ਹੈ, ਉਸ ਦਾ ਪੰਜਾਬ ਯੂਨਵਰਸਿਟੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਵਾਲਾ ਵਿਦਿਆਰਥੀ ਕਾਲ ਵੀ। ਉਦੋਂ ਅਮੋਲਕ ਸਿੰਘ ਜੰਮੂ ‘ਪੰਜਾਬੀ ਟ੍ਰਿਬਿਊਨ’ ਵਿਚ ਪਰੂਫ ਰੀਡਰ ਸੀ। ‘ਪੰਜਾਬੀ ਟ੍ਰਿਬਿਊਨ’ ਦੀ ਸੰਪਾਦਕੀ ਉਸ ਵੇਲੇ ਉਚੇ ਤਖਤ ’ਤੇ ਬੈਠਣ ਵਰਗੀ ਸੀ ਜਿਸ ਦੀ ਨੀਂਹ ਬਰਜਿੰਦਰ ਸਿੰਘ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**

ਹਮਦਰਦ ਨੇ ਰੱਖੀ ਸੀ। ਉਸ ਨੇ ਪਰੂਫ ਰੀਡਿੰਗ ਸੈਕਸ਼ਨ ਦੀ ਕਮਾਂਡ ਕਹਾਣੀਕਾਰ ਪ੍ਰੇਮ ਗੋਰਖੀ ਨੂੰ ਦੇ ਰੱਖੀ ਸੀ, ਭਾਵੇਂ ਉਹ ਦਸ ਜਮਾਤਾਂ ਹੀ ਪੜ੍ਹਿਆ ਹੋਇਆ ਸੀ। ਉਂਝ ਉਹਦੇ ਨਾਲ ਕੰਮ ਕਰਨ ਵਾਲੇ ਰਜਿੰਦਰ ਸੋਢੀ, ਅਮੋਲਕ ਜੰਮੂ, ਮੁਹਰਜੀਤ, ਰਣਜੀਤ ਰਾਹੀ, ਤਰਲੋਚਨ, ਸੁਰਿੰਦਰ ਸਿੰਘ ਆਦਿ ਪ੍ਰੇਮ ਗੋਰਖੀ ਨਾਲੋਂ ਵੱਧ ਪੜ੍ਹੇ ਹੋਏ ਸਨ। ਸੰਪਾਦਕੀ ਅਮਲੇ ਵਿਚ ਹਰਭਜਨ ਹਲਵਾਰਵੀ, ਸ਼ੰਗਾਰਾ ਸਿੰਘ ਭੁੱਲਰ, ਕਰਮਜੀਤ ਸਿੰਘ, ਦਲਬੀਰ ਸਿੰਘ, ਸੁਰਿੰਦਰ ਸਿੰਘ ਤੇਜ, ਦਲਜੀਤ ਸਰਾ, ਜਗਤਾਰ ਸਿੱਧੂ, ਸ਼ਾਮ ਸਿੰਘ, ਸੁਰਜੀਤ ਸਿੰਘ, ਅਸ਼ੋਕ ਸ਼ਰਮਾ, ਜਗਦੀਸ਼ ਬਾਂਸਲ, ਸ਼ਮਸ਼ੇਰ ਸੰਧੂ ਤੇ ਇਕ ਦੋ ਹੋਰ ਸਬ-ਐਡੀਟਰ, ਸੀਨੀਅਰ ਸਬ-ਐਡੀਟਰ ਤੇ ਐਸਿਸਟੈਂਟ ਐਡੀਟਰ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ।

ਇਸ ਅਦਾਰੇ ਦਾ ਪ੍ਰਬੰਧ ਰੁਲੀਆ ਰਾਮ ਸ਼ਰਮਾ ਦੇ ਹੱਥ ਸੀ, ਜੋ ਇਸ ਸੰਸਥਾ ਦਾ ਲਾਹੌਰ, ਸ਼ਿਮਲਾ ਤੇ ਅੰਬਾਲਾ ਹੁੰਦਿਆਂ ਵੀ ਜਨਰਲ ਮੈਨੇਜਰ ਰਹਿ ਚੁਕਿਆ ਸੀ, ਪੂਰੇ ਤੀਹ ਸਾਲ। ਟ੍ਰਿਬਿਊਨ ਦੇ ਹਿੰਦੀ ਅਤੇ ਪੰਜਾਬੀ ਐਡੀਸ਼ਨ ਨਿਕਲਣ ਨਾਲ ਇਸ ਸੰਸਥਾ ਵਿਚ ਅਜਿਹਾ ਖਿਲਾਰਾ ਪਿਆ ਕਿ ਰੁਲੀਆ ਰਾਮ ਨੇ ਇਸ ਤੋਂ ਸਨਿਆਸ ਲੈ ਲਿਆ। ਸੰਸਥਾ ਦੀ ਪ੍ਰਬੰਧਕੀ ਕਮਾਂਡ ਭਾਰਤੀ ਪ੍ਰਸ਼ਾਸਨ ਸੇਵਾ ਦੇ ਅਜਿਹੇ ਅਫਸਰ ਦੇ ਹੱਥ ਆ ਗਈ ਜਿਹੜਾ ਪੜ੍ਹਨ ਲਿਖਣ ਦਾ ਸ਼ੌਕੀਨ ਤਾਂ ਸੀ ਪਰ ਦ੍ਰਿਸ਼ਟੀਕੋਣ ਤੋਂ ਸੱਖਣਾ। ਉਸ ਦੇ ਦਫ਼ਤਰ ਵਾਲੇ ਰੈਕਾਂ ਵਿਚ ਪਲੈਟੋ, ਅਰਸਤੂ, ਰੂਸੋ ਤੋਂ ਲੈ ਕੇ ਸਵਾਮੀ ਵਿਵੇਕਾਨੰਦ ਤੇ ਅਰਵਿੰਦ ਵਰਗੇ ਚਿੰਤਕਾਂ ਦੀਆਂ ਪੁਸਤਕਾਂ ਚਿਣੀਆਂ ਹੋਈਆਂ ਸਨ ਪਰ ਉਸ ਦਾ ਸਾਰਾ ਜ਼ੋਰ ਮੁਖ ਸੰਪਾਦਕ ਪ੍ਰੇਮ ਭਾਟੀਆ ਨੂੰ ਤੁਰਦਾ ਕਰਨ ਅਤੇ ਆਪਣੇ ਆਪ ਨੂੰ ਮੈਨੇਜਿੰਗ ਐਡੀਟਰ ਥਾਪਣ ’ਤੇ ਲਗਿਆ ਹੋਇਆ ਸੀ। ਰਾਜਨੀਤਕ ਪੱਖ ਤੋਂ ਇਹ ਸਮਾਂ ਨੀਲਾ ਤਾਰਾ ਅਪਰੇਸ਼ਨ ਵਾਲਾ ਵੀ ਸੀ, 1984 ਦੇ ਦਿੱਲੀ ਦੰਗਿਆਂ ਵਾਲਾ ਵੀ ਤੇ ਖਾੜਕੂ ਲਹਿਰ ਦੇ ਉਭਾਰ ਵਾਲਾ ਵੀ।

ਅਮੋਲਕ ਦੀਆਂ ਯਾਦਾਂ ਵਿਚ ਕਰਮਜੀਤ ਸਿੰਘ ਦੀ ਦਰਿਆਦਿਲੀ, ਗੁਰਦਿਆਲ ਬੱਲ ਦੀ ਵਿਦਵਤਾ ਤੇ ਮਲੰਗੀ ਤੇ ਅੱਠਵਾਂ ਕਾਲਮ ਲਿਖਣ ਵਾਲੇ ਦਲਬੀਰ ਸਿੰਘ ਦੀ ਨਿਧੜਕਤਾ ਦਾ ਚੰਗਾ ਵਰਣਨ ਹੈ, ਕਰਮਜੀਤ ਸਿੰਘ ਦੀ ਸਿੱਖੀ ਸੋਚ ਤੇ ਉਸ ਦੇ ਮਨ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪ੍ਰਤੀ ਸਤਿਕਾਰ ਸਮੇਤ। ਉਹ ਉਸ ਨੂੰ ਸਿੱਖ ਮੱਤ ਦੀਆਂ ਕਦਰਾਂ-ਕੀਮਤਾਂ ਦਾ ਪਹਿਰੇਦਾਰ ਮੰਨਦਾ ਸੀ। ਇਸ ਦੇ ਉਲਟ ਦਲਬੀਰ ਭਿੰਡਰਾਂਵਾਲੇ ਨੂੰ ਸਿੱਖੀ ਰਵਾਇਤਾਂ ਦਾ ਘਾਣ ਕਰਨ ਵਾਲਾ। ਇਹ ਗੱਲ ਵੱਖਰੀ ਹੈ, ਉਨ੍ਹਾਂ ਦੋਨਾਂ ਦੇ ਮਿਲ ਕੇ ਕੰਮ ਕਰਨ ਵਿਚ ਪੂਰੀ ਇਕਸਾਰਤਾ ਸੀ।

ਅਮੋਲਕ ਨੇ ਆਪਣੀਆਂ ਯਾਦਾਂ ਵਿਚ ਸ਼ਮਸ਼ੇਰ ਸੰਧੂ, ਕਰਮਜੀਤ ਸਿੰਘ ਤੇ ਗੁਰਦਿਆਲ ਬੱਲ ਦੇ ਕੁਝ ਹੋਰ ਗੁਣਾਂ ਦਾ ਵੀ ਜ਼ਿਕਰ ਕੀਤਾ ਹੈ। ਕਰਮਜੀਤ ਸਿੰਘ ਦੇ ਕੰਮ ਦੀ ਅਖ਼ਬਾਰੀ ਸੂਝ ਤੇ ਸਿਆਣਪ ਦਾ, ਸ਼ਮਸ਼ੇਰ ਸੰਧੂ ਦੀ ਸਭਿਆਚਾਰਕ ਸੂਝ ਦਾ। ਬੱਲ ਦੀ ਮਲੰਗੀ ਤੇ ਪੜ੍ਹਨ ਪੜ੍ਹਾਉਣ ਦੀ ਰੁਚੀ ਦਾ। ਬੱਲ ਨੇ ਤਾਲਸਤਾਇ, ਇਬਸਨ, ਡੀ ਐਚ ਲਾਰੈਂਸ ਤੇ ਆਗਸਤ ਸਟਰਿੰਡਬਰਗ ਦੀਆਂ ਰਚਨਾਵਾਂ ਹੀ ਨਹੀਂ, ਮਿਰਜ਼ਾ ਗਾਲਿਬ ਦੀ ਸ਼ਾਇਰੀ ਵੀ ਪੜ੍ਹੀ ਹੋਈ ਸੀ। ਉਹ ਉਨ੍ਹਾਂ ਲੋਕਾਂ ਨੂੰ ਚੰਗੇ ਸਮਝਦਾ ਸੀ ਜਿਹੜੇ ਫਰਾਂਸੀਸੀ ਲੇਖਕ ਫਲਾਬੇਅਰ ਦੇ ਨਾਵਲ ਵਾਲੀ ਮਾਦਾਮ ਬਾਵਰੀ ਤੇ ਈਰਾਨੀ ਲੇਖਿਕਾ ਅਜ਼ਰਾ ਨਫ਼ੀਸੀ ਦੀ ਲੋਲਿਤਾ ਵਾਲੀ ਸੋਚ ਦੇ ਮਾਲਕ ਸਨ। ਇਰਵਿੰਗ ਸਟੋਨ ਦੇ ਨਾਵਲ ‘ਲਸਟ ਫਾਰ ਲਾਈਫ’ ਦੇ ਪਾਤਰਾਂ ਸਮੇਤ। ਗੁਰਦਿਆਲ ਬੱਲ ਆਪਣੇ ਦੋਸਤਾਂ ਮਿੱਤਰਾਂ ਤੇ ਸਹਿਕਰਮੀਆਂ ਨੂੰ ਅਜਿਹੀਆਂ ਪੁਸਤਕਾਂ ਤੋਹਫੇ ਵਜੋਂ ਵੀ ਦਿੰਦਾ ਰਹਿੰਦਾ ਸੀ। ਇਹ ਭਾਣਾ ਮੇਰੇ ਨਾਲ ਵੀ ਉਸ ਦੀ ਪਹਿਲੀ ਮਿਲਣੀ ਸਮੇਂ ਹੀ ਵਰਤਿਆ ਸੀ। ਉਹ ਪਹਿਲੀ ਵਾਰ ਮੇਰੇ ਘਰ ਆਇਆ ਤਾਂ ਚਾਰ ਪੰਜ ਪੁਸਤਕਾਂ ਸਮੇਤ। ਖੂਬੀ ਇਹ ਕਿ ਮੇਰੇ ਮਨ੍ਹਾ ਕਰਨ ਦੇ ਬਾਵਜੂਦ ਇਹ ਪੁਸਤਕਾਂ ਮੇਰੇ ਕੋਲ ਛੱਡ ਗਿਆ। ਉਹ ਕੀ ਜਾਣੇ, ਮੈਂ ਬਹੁਤ ਘੱਟ ਪੜ੍ਹਦਾ ਹਾਂ।

ਅਮੋਲਕ ਨੂੰ ਪਰੂਫ ਰੀਡਰ ਤੋਂ ਸਬ-ਐਡੀਟਰ ਬਣਨ ਲਈ 12 ਸਾਲ ਲੱਗੇ। ਉਹ ਇਸ ਨੂੰ ਬਾਰਾਂ ਵਰ੍ਹਿਆਂ ਵਿਚ ਰੂੜੀ ਦੀ ਸੁਣੀ ਗਈ ਗਾਥਾ ਕਹਿੰਦਾ ਸੀ। ਇਹ ਗੱਲ ਵੱਖਰੀ ਹੈ ਕਿ ਉਸ ਨੇ ਏਸ ਸਮੇਂ ਵਿਚ ਪਹਿਲਾਂ ਐਮ. ਫਿਲ., ਫੇਰ ਲਾਅ ਦੀ ਡਿਗਰੀ ਲੈ ਕੇ ਟ੍ਰਾਂਸਲੇਸ਼ਨ ਦਾ ਡਿਪਲੋਮਾ ਵੀ ਕੀਤਾ ਅਤੇ ਜਰਨਲਿਜ਼ਮ ਤੇ ਮਾਸ ਕਮੀਊਨੀਕੇਸ਼ਨ ਦੀ ਮਾਸਟਰ ਡਿਗਰੀ ਵੀ ਲਈ। ਉਹ ਏਨਾ ਸਿਰੜੀ ਜਿਊੜਾ ਸੀ ਕਿ ਕਿਸੇ ਬਿੰਧ ‘ਟ੍ਰਿਬਿਊਨ’ ਦੀ ਨੌਕਰੀ ਛੱਡ ਕੇ ਸ਼ਿਕਾਗੋ ਪਹੁੰਚ ‘ਪੰਜਾਬ ਟਾਈਮਜ਼’ ਅਖਬਾਰ ਦਾ ਮਾਲਕ-ਸੰਪਾਦਕ ਹੋ ਗਿਆ।

ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਨੂੰ ਸੰਪਾਦਕ ਨੇ ਲੇਖਕ ਦੀਆਂ ‘ਯਾਦਾਂ ਤੇ ਯੋਗਦਾਨ’ ਕਿਹਾ ਹੈ। ਇਸ ਵਿਚ ਅਮੋਲਕ ਦੇ ਵਿਦਿਅਕ ਜੀਵਨ ਦੀਆਂ ਗੱਲਾਂ ਵੀ ਹਨ, ‘ਪੰਜਾਬੀ ਟ੍ਰਿਬਿਊਨ’ ਵੇਲਿਆਂ ਦੀਆਂ ਵੀ ਤੇ ਅਮਰੀਕਾ ਜਾ ਕੇ ‘ਪੰਜਾਬ ਟਾਈਮਜ਼’ ਦਾ ਮਾਲਕ-ਸੰਪਾਦਕ ਹੋਣ ਤੋਂ ਪਿੱਛੋਂ ਦੀਆਂ ਵੀ। ਵਿਦਿਅਕ ਕਾਲ ਦੀ ਪੰਜਾਬ ਯੂਨੀਵਰਸਟੀ ਦਾ ਨਕਸ਼ਾ ਖਿੱਚਣ ਲਈ ਅਮੋਲਕ ਨੇ ਚਾਚੇ ਗੁਲਾਟੀ ਦੀ ਕੰਟੀਨ ਨੂੰ ਇਸ ਦਾ ਧੁਰਾ ਬਣਾਇਆ ਹੈ। ਗੁਲਾਟੀ ਦੀ ਕੰਟੀਨ ’ਤੇ ਆਉਣ ਵਾਲੇ ਉਸ ਦੇ ਅਣਧੋਤੇ ਗਲਾਸਾਂ ਵਾਲੀ ਚਾਹ ਪੀਣ ਨਾਲੋਂ ਇਕ ਦੂਜੇ ਨੂੰ ਮਿਲ ਕੇ ਵਧੇਰੇ ਖੁਸ਼ ਹੁੰਦੇ ਸਨ। ਇੱਥੇ ਆਉਣ ਵਾਲਿਆਂ ਵਿਚ ਹਸੂੰ-ਹਸੂੰ ਕਰਦੀ ਮਨਿੰਦਰ ਨਾਂ ਦੀ ਸ਼ਰਾਰਤੀ ਕੁੜੀ ਵੀ ਸੀ ਜਿਹੜੀ ਆਪਣੇ ਟੀਚਰਾਂ ਦੀਆਂ ਨਕਲਾਂ ਲਾਉਣ ਦੀ ਮਾਹਰ ਸੀ। ਜੇ ਕੋਈ ਉਸ ਦਾ ਮਜ਼ਾਕ ਉਡਾਉਂਦਾ ਤਾਂ ਉਹ ਮਜ਼ਾਕ ਉਡਾਉਣ ਵਾਲਿਆਂ ਨੂੰ ‘ਕਮਲਿਆਂ ਦਾ ਟੱਬਰ’ ਕਹਿ ਕੇ ਉਰੇ-ਪਰੇ ਹੋ ਜਾਂਦੀ। ਇਕ ਦਿਨ ਜਦੋਂ ਉਹ ਫਰ ਦਾ ਕੋਟ ਪਹਿਨ ਕੇ ਆਈ ਤੇ ਉਸ ਦੇ ਜਾਣੂ ਮੁੰਡੇ ਕੁੜੀਆਂ ਉਸ ਦੇ ਕੋਟ ਉਤੇ ਹਥ ਫੇਰ ਕੇ ਉਸ ਨੂੰ ਲੂੰਬੜੀ, ਰਿੱਛ ਜਾਂ ਮਿਆਊਂ ਬਿੱਲੀ ਕਹਿ ਕੇ ਛੇੜਦੇ ਤਾਂ ਉਹ ਛੇੜਨ ਵਾਲਿਆਂ ਨੂੰ ਇਸ ਦੇ ਮੈਂਬਰ ਕਹਿ ਛੱਡਦੀ। ‘ਕਮਲਿਆਂ ਦਾ ਟੱਬਰ’ ਉਸ ਦਾ ਤਕੀਆ ਕਲਾਮ ਸੀ।

ਇਨ੍ਹਾਂ ਵਿਚ ਉਹ ਵਿਦਿਆਰਥਣ ਵੀ ਸੀ ਜਿਸ ਨੂੰ ਉਸ ਦੇ ਧੱਕੜ ਸੁਭਾਅ ਕਾਰਨ ਸਾਰੇ ਨੇਤਾ ਜੀ ਕਹਿੰਦੇ ਸਨ ਤੇ ਮਾਹੀ ਮੁੰਡਾ ਵੀ। ਇਕ ਵਾਰੀ ਨੇਤਾ ਜੀ ਦੀ ਇਕ ਸਹੇਲੀ ਨੂੰ ਇਕ ਮੁੰਡੇ ਨੇ ਥੋੜ੍ਹਾ ਜਿਹਾ ਮੋਢਾ ਮਾਰਿਆ ਤਾਂ ਪਿਛੇ ਪਿਛੇ ਆ ਰਹੀ ਨੇਤਾ ਜੀ ਨੇ ਉਸ ਮੁੰਡੇ ਦੀ ਅਜਿਹੀ ਗਤ ਬਣਾਈ ਕਿ ਉਸ ਦੀ ਪਗੜੀ ਲਥ ਗਈ। ਪਿਛੋਂ ਜਾ ਕੇ ਪਤਾ ਲੱਗਿਆ ਕਿ ਉਹ ਮੁੰਡਾ ਸ਼ਰਮ ਦਾ ਮਾਰਿਆ ਯੂਨੀਵਰਸਟੀ ਹੀ ਛੱਡ ਗਿਆ ਅਤੇ ਨੇਤਾ ਜੀ ਦੀ ਧਾਂਕ ਹੋਰ ਵੀ ਉੱਚੀ ਹੋ ਗਈ।

ਗੁਲਾਟੀ ਦੀ ਕੰਟੀਨ ਯੂਨੀਵਰਸਿਟੀ ਦੀ ਸਥਾਪਨਾ ਜਿੰਨੀ ਪੁਰਾਣੀ ਸੀ ਤੇ ਉਸ ਦੀ ਆਪਣੀ ਉਮਰ ਕਈ ਵਿਦਿਆਰਥੀਆਂ ਦੇ ਦਾਦੇ ਜਿੰਨੀ ਸੀ। ਨਿਸਚੇ ਹੀ ਉਹਦੇ ਕੋਲ ਏਨੇ ਸਮੇਂ ਦੇ ਅਨੇਕਾਂ ਮੁੰਡੇ-ਕੁੜੀਆਂ ਦੇ ਰਾਜ਼ ਸਨ। ਉਸ ਨੇ ਉਸ ਲੋਹੜੀ ਵਾਲਾ ਜਸ਼ਨ ਵੀ ਤੱਕਿਆ ਸੀ ਜਦੋਂ ਸੁੰਦਰ-ਮੁੰਦਰੀਏ ਦੀ ਹੇਕ ਲਾ ਕੇ ਕਮਲਿਆਂ ਦਾ ਟੱਬਰ ਵਜੋਂ ਜਾਣੀ ਜਾਂਦੀ ਮਨਿੰਦਰ ਨੇ ਕੰਟੀਨ ’ਤੇ ਚਾਹ ਪੀ ਰਹੇ ਕਈਆਂ ਨੂੰ ਆਪਣੇ ਨਾਲ ਨੱਚਣ ਲਾ ਲਿਆ ਸੀ। ਮੁੰਡਿਆਂ ਸਮੇਤ ਇਸ ਤੋਂ ਪਿਛੋਂ ਚਾਚੇ ਵਲੋਂ ਰਿਉੜੀਆਂ ਖਾਣ ਲਈ ਦਿੱਤੇ ਦਸਾਂ ਦੇ ਨੋਟ ਨੇ ਤਾਂ ਕੁੜੀਆਂ ਦਾ ਹੌਸਲਾ ਏਨਾ ਵਧਾ ਦਿੱਤਾ ਕਿ ਉਨ੍ਹਾਂ ਨੇ ਇਕ ਦੋ ਅਧਿਆਪਕਾਂ ਕੋਲੋਂ ਵੀ ਨੋਟ ਕਢਵਾ ਲਏ।

ਪੁਸਤਕ ਦਾ ਆਰੰਭ ਸ਼ਿਕਾਗੋ ਪਹੁੰਚੇ ਅਮੋਲਕ ਨੂੰ ਪਟਿਆਲਾ ਤੋਂ ਵੈਨਕੂਵਰ ਪਹੁੰਚੀ ਮਨਿੰਦਰ ਦੇ ਮਨ-ਮਸਤਕ ਵਿਚ ਤੀਹ ਸਾਲ ਪੁਰਾਣੀਆਂ ਯਾਦਾਂ ਨਾਲ ਹੁੰਦਾ ਹੈ; ਚਾਚੇ ਗੁਲਾਟੀ ਦੀ ਉਸ ਗੱਲ ਸਮੇਤ ਜਿਹੜੀ ਉਸ ਨੇ ਉਸ ਮੁੰਡੇ ਨੂੰ ਕਹੀ ਸੀ ਜਿਸ ਨੇ ਉਸ ਦੀ ਚਾਹ ਨੂੰ ਨਿਕੰਮੀ ਕਿਹਾ ਸੀ: ‘ਰਹਿਣ ਦੇ ਓ ਰਹਿਣ ਦੇ। ਤੇਰਾ ਤਾਂ ਅਜੇ ਜੰਮ ਨਹੀਂ ਮੁੱਕਿਆ। ਤੇਰਾ ਭਾਪਾ ਇਹੀਓ ਚਾਹ ਪੀ ਕੇ ਤੇਰੀ ਮਾਂ ਨਾਲ ਇਸ਼ਕ ਲੜਾਉਂਦਾ ਰਿਹੈ ਤੇ ਤੂੰ ਮੇਰੀ ਚਾਹ ਵਿਚ ਨੁਕਸ ਕੱਢਦੈਂ।’

ਅਮੋਲਕ ਨੇ ਵਿਦਿਅਕ ਸਮੇਂ ਦੀਆਂ ਇਹ ਗੱਲਾਂ ‘ਕਮਲਿਆਂ ਦਾ ਟੱਬਰ’ ਸਿਰਲੇਖ ਥੱਲੇ ਆਪਣੇ ਪਰਚੇ ‘ਪੰਜਾਬ ਟਾਈਮਜ਼’ ਵਿਚ ਲਿਖੀਆਂ ਤਾਂ ਉਹਨੂੰ ਮਨਿੰਦਰ ਨੇ ਹੀ ਨਹੀਂ, ਤੀਹ ਸਾਲ ਪੁਰਾਣੇ ਕਈ ਮਿੱਤਰਾਂ ਨੇ ਲੱਭ ਲਿਆ। ਇਨ੍ਹਾਂ ਵਿਚ ਲੋਕ ਨਾਥ, ਅਮਿਤੋਜ, ਕੁਮਾਰ ਵਿਕਲ, ਜਗਤਾਰ, ਵਰਿੰਦਰ ਮਹਿੰਦੀਰੱਤਾ, ਅਤਰ ਸਿੰਘ, ਵਿਸ਼ਵਾ ਨਾਥ ਤਿਵਾੜੀ, ਭੂਸ਼ਨ ਧਿਆਨਪੁਰੀ ਤੇ ਅੱਜ ਕਲ੍ਹ ਅਮਰੀਕਾ ਦੇ ਸ਼ਹਿਰ ਡਿਟਰਾਇਟ ਵਿਚ ਕਾਰਾਂ ਦੇ ਪੁਰਜ਼ੇ ਬਣਾਉਣ ਵਾਲੀ ਕੰਪਨੀ ਵਿਚ ਕੰਮ ਕਰਦਾ ਬਲਜੀਤ ਬਾਸੀ ਵੀ ਸੀ। ਉਹ ਬਾਸੀ ਜਿਹੜਾ ਆਪਣੇ ਮੁਢਲੇ ਜਵੀਨ ਵਿਚ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਉਂਦਾ ਤੇ ਚਿੜੀਆਂ ਕਬੂਤਰਾਂ ਦਾ ਹਵਾਲਾ ਦੇ ਕੇ ਕਹਿ ਛੱਡਦਾ ਸੀ ਕਿ ਜੇ ਰੱਬ ਉਨ੍ਹਾਂ ਨੂੰ ਕੰਮ ਕੀਤੇ ਬਿਨ ਭੁੱਖੇ ਨਹੀਂ ਰਹਿਣ ਦਿੰਦਾ ਤਾਂ ਉਹਨੇ ਕਿਹੜਾ ਰੱਬ ਦੇ ਮਾਂਹ ਮਾਰੇ ਹਨ।

ਅਮੋਲਕ ਦੀਆਂ ਯਾਦਾਂ ਵਿਚ ਕਾਮਰੇਡ ਕੁਲਦੀਪ ਦੀਆਂ ਉਨ੍ਹਾਂ ਪਿੰਨੀਆਂ ਦਾ ਜ਼ਿਕਰ ਵੀ ਹੈ, ਜਿਹੜੀਆਂ ਲੋਹੜੀ ਦੇ ਦਿਨਾਂ ਵਿਚ ਉਸ ਨੂੰ ਆਪਣੀ ਮਾਂ ਵੱਲੋਂ ਮਿਲੀਆਂ ਸਨ। ਉਸ ਦੇ ਸਾਥੀਆਂ ਨੂੰ ਪਤਾ ਸੀ ਕਿ ਉਹ ਕਿਸੇ ਸਾਥੀ ਨੂੰ ਸੁਲ੍ਹਾ ਮਾਰੇ ਬਿਨਾਂ ਆਪ ਹੀ ਖਾਂਦਾ ਰਹਿੰਦਾ ਸੀ। ਇਕ ਦਿਨ ਦੁਪਹਿਰ ਵੇਲੇ ਉਸ ਦੀ ਗ਼ੈਰ-ਹਾਜ਼ਰੀ ਵਿਚ ਪੂਰਨ ਨਾਂ ਦੇ ਇਕ ਮੁੰਡੇ ਨੇ ਸਾਰੀਆਂ ਪਿੰਨੀਆਂ ਕੱਢ ਕੇ ਆਪਣੇ ਸਾਥੀਆਂ ਨੂੰ ਵੰਡ ਦਿੱਤੀਆਂ ਤੇ ਪੀਪੀ ਵਿਚ ਨਿੱਕ-ਸੁੱਕ ਪਾ ਕੇ ਪਹਿਲਾਂ ਵਾਲੀ ਥਾਂ ਉੱਤੇ ਰੱਖ ਆਇਆ। ਕੁਲਦੀਪ ਨੇ ਹਾਲ ਪਾਹਰਿਆ ਮਚਾਈ ਤਾਂ ਖਾਣ ਵਾਲੇ ਕਹਿਣ ਲੱਗੇ ਕਿ ਉਸ ਨੇ ਕਾਮਰੇਡਾਂ ਵਾਂਗ ਵੰਡ ਕੇ ਨਹੀਂ ਖਾਧੀਆਂ ਹੋਣੀਆਂ, ਇਸ ਲਈ ਉਸ ਦੇ ਪਰੋਲਤਾਰੀ ਸਾਥੀਆਂ ਨੂੰ ਆਪੋ ਵਿਚ ਵੰਡਣੀਆਂ ਪੈ ਗਈਆਂ।

ਇਹ ਵੀ ਕਿ ਜਦੋਂ ਇਕ ਵਾਰੀ ਸਾਰੇ ਵਿਦਿਆਰਥੀ ਪਹਾੜ ’ਤੇ ਪਿਕਨਿਕ ਲਈ ਗਏ ਤਾਂ ਕੋਲੋਂ ਦੀ ਲੰਘ ਰਹੀ ਕੁੜੀਆਂ ਦੀ ਇਕ ਟੋਲੀ ਨੇ ਮੁੰਡਿਆਂ ਦੀ ਟੋਲੀ ਨੂੰ ਰੋੜੇ ਮਾਰੇ ਸਨ। ਮੁੰਡਿਆਂ ਨੇ ਉਨ੍ਹਾਂ ਦੀ ਸ਼ਿਕਾਇਤ ਆਪਣੇ ਅਧਿਆਪਕ ਕੋਲ ਲਾਈ ਤਾਂ ਅਧਿਆਪਕ ਦਾ ਉੱਤਰ ਸੀ, ‘ਓਇ ਮੁੰਡਿਓ, ਤੁਸੀਂ ਸ਼ਿਕਾਇਤਾਂ ਕਰਦੇ ਹੋ, ਤੁਹਾਨੂੰ ਤਾਂ ਇਹ ਰੋੜੇ ਸਾਂਭ ਕੇ ਰੱਖਣੇ ਚਾਹੀਦੇ ਹਨ ਕਿ ਕੁੜੀਆਂ ਨੇ ਮਾਰੇ ਹਨ।’

ਅਮੋਲਕ ਨੇ ਆਪਣੇ ਪਿੰਡ ਕੁੱਤੇਵੱਢ ਬਾਰੇ ਵੀ ਜੋ ਕੁਝ ਲਿਖਿਆ ਹੈ, ਉਹ ਪੰਜਾਬ ਤੇ ਹਰਿਆਣਾ ਦੇ ਸਾਰੇ ਪਿੰਡਾਂ ਉੱਤੇ ਢੁਕਦਾ ਹੈ। ਹੁਣ ਕਿਸੇ ਪਿੰਡ ਵਿਚ ਦਾਣੇ ਭੁੰਨਣ ਵਾਲੀ ਭੱਠੀ ਨਹੀਂ। ਉਹ ਖੂਹ ਵੀ ਨਹੀਂ ਜਿੱਥੋਂ ਮਹਿਰੇ ਪਾਣੀ ਭਰ ਕੇ ਘਰ-ਘਰ ਪਹੁੰਚਾਉਂਦੇ ਸਨ। ਉਸ ਦੀ ਜਵਾਨੀ ਸਮੇਂ ਸਾਰੇ ਪਿੰਡ ਦਾ ਇਕ ਹੀ ਗੁਰਦੁਆਰਾ ਸੀ ਜਿਹੜਾ ਪਿੰਡ ਵਾਲਿਆਂ ਨੇ 1947 ਵਿਚ ਮੁਸਲਮਾਨਾਂ ਦੀ ਖਾਲੀ ਕੀਤੀ ਮਸੀਤ ਵਿਚ ਹੀ ਸਥਾਪਤ ਕਰ ਲਿਆ ਸੀ। ਹੁਣ ਉਸ ਪਿੰਡ ਵਿਚ ਤਿੰਨ ਗੁਰਦੁਆਰੇ ਹਨ, ਇਕ ਬਿਸ਼ਨੋਈ ਮੰਦਰ ਤੇ ਇਕ ਹਨੂੰਮਾਨ ਮੰਦਰ। ਅੱਜ ਪਿੰਡਾਂ ਦੇ ਬੋਹੜ ਤੇ ਪਿਪਲ ਭਾਵੇਂ ਕਾਇਮ ਹਨ ਪਰ ਉਨ੍ਹਾਂ ਥੱਲੇ ਨਾ ਡੰਗਰ ਬੈਠਦੇ ਹਨ, ਨਾ ਸੱਥਾਂ ਲਗਦੀਆਂ ਹਨ ਤੇ ਨਾ ਹੀ ਤਾਸ਼ ਦੀ ਬਾਜ਼ੀ।

ਗੱਲ ਮਨਿੰਦਰ ਨਾਲ ਅਮੋਲਕ ਦੀ ਫੋਨ ਕਾਲ ਤੋਂ ਸ਼ੁਰੂ ਹੋਈ ਸੀ, ਇਹ ਵੀ ਕਿ ਵਿਦਿਆਰਥੀ ਜੀਵਨ ਦੇ ਉਨ੍ਹਾਂ ਦਿਨਾਂ ਵਿਚ ਜਦੋਂ ਮਨਿੰਦਰ ਨੇ ਅਮੋਲਕ ਨੂੰ ਉਸ ਦੀ ‘ਕਾਸਟ’ ਪੁੱਛੀ ਸੀ ਤਾਂ ਅਮੋਲਕ ਨੇ ਮਜ਼ਾਕ ਵਿਚ ਆਪਣੇ ਆਪ ਨੂੰ ‘ਸ਼ਡਿਊਲਡ ਕਾਸਟ’ ਕਹਿ ਦਿੱਤਾ ਸੀ। ਤੀਹ ਸਾਲ ਪਿੱਛੋਂ ਗੱਲ ਕਰਦਿਆਂ ਜਦੋਂ ਮਨਿੰਦਰ ਨੇ ਇਹ ਪੁੱਛਿਆ ਕਿ ਜਸਪ੍ਰੀਤ ਕੀ ਕਰਦੀ ਹੈ, ਤਾਂ ਉਸ ਨੂੰ ਉੱਤਰ ਮਿਲਿਆ, ਰੋਟੀਆਂ ਪਕਾਉਂਦੀ ਹੈ। ਉਦੋਂ ਮਨਿੰਦਰ ਨੇ ਟੈਲੀਫੋਨ ’ਤੇ ਹੀ ਆਪਣੇ ਦਿਲ ਦੀ ਗੱਲ ਕਹਿ ਦਿਤੀ ਕਿ ਤੀਹ ਸਾਲ ਪਹਿਲਾਂ ਜੇ ਅਮੋਲਕ ਆਪਣੀ ਕਾਸਟ ਬਾਰੇ ਪੁੱਠਾ ਜਵਾਬ ਨਾ ਦਿੰਦਾ ਤਾਂ ਅੱਜ ਮਨਿੰਦਰ ਨੇ ਅਮੋਲਕ ਦੀ ਰੋਟੀ ਪਕਾਉਂਦੀ ਹੋਣਾ ਸੀ।

ਅਮੋਲਕ ਦੇ ਸਿਰੜ ਅਤੇ ਸਿਦਕ ਦੀ ਗਾਥਾ ਨੋਟ ਕਰਨ ਵਾਲੀ ਹੈ। ਉਸ ਨੂੰ ਪੱਠਿਆਂ ਦੀ ਬੇਤਰਤੀਬ ਕਮਜ਼ੋਰੀ ਦਾ ਅਜਿਹਾ ਰੋਗ ਸੀ ਕਿ ਅੰਤਿਮ ਸਮੇਂ ਉਸ ਦੇ ਗਲੇ ਦੀਆਂ ਰਗਾਂ ਵੀ ਕੰਮ ਕਰਨੋਂ ਹਟ ਗਈਆਂ ਸਨ ਤੇ ਉਹ ਮਸਨੂਈ ਯੰਤਰ

ਸਰਕਾਰ ਕੋਈ ਵੀ ਹੋਵੇ, ਉਸ ਕੋਲ ਸੋਚਣ ਸਮਝਣ ਵਾਲੇ ਬੰਦੇ ਨੂੰ ਕਾਬੂ ਕਰਨ ਦੇ ਦੋ ਹੀ ਮੁੱਖ ਤਰੀਕੇ ਹੁੰਦੇ ਹਨ: ਇਕ ਇਨਾਮ ਦਾ, ਦੂਜਾ ਸਨਮਾਨ ਦਾ। ... ਕੀ ਭਰੋਸਾ, ਕਦੋਂ ਕਿਸੇ ਦੇ ਗਲ ’ਚ ਹਾਰ ਪਾ ਦੇਣ। ਧੌਣਾਂ ਕੇਵਲ ਤਲਵਾਰਾਂ ਨਾਲ ਨਹੀਂ, ਮਾੜੀ ਨੀਅਤ ਵਾਲੇ ਬੰਦਿਆਂ ਹੱਥੋਂ ਪਏ ਫੁੱਲਾਂ ਦੇ ਹਾਰਾਂ ਨਾਲ ਵੀ ਵੱਢੀਆਂ ਜਾਂਦੀਆਂ ਹਨ। -ਲਾਲੀ ਬਾਬਾ, ਪਟਿਆਲਾ

---



*ਅਮੋਲਕ ਸਿੰਘ ਜੰਮੂ, ਕੁਲਦੀਪ ਸਿੰਘ ਭੁੱਲਰ (ਜਿਸ ਦੀਆਂ ਪਿੰਨੀਆਂ ਚੁਰਾ ਕੇ ਖਾਧੀਆਂ) ਨਾਲ।*

ਦੁਆਰਾ ਕੰਮ ਕਰਦਾ ਸੀ; ਪਰਚੇ ਦੀ ਸੰਪਾਦਕੀ ਤੇ ਪਰਿਵਾਰ ਨਾਲ ਗੱਲਬਾਤ ਵੀ।

ਪੁਸਤਕ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਪੁਸਤਕ ਵਿਚ ਸ਼ਾਮਲ ਸਮੱਗਰੀ ਨੂੰ ਵਧੀਆ ਤਰਤੀਬ ਦਿਤੀ ਹੈ। ਤੇਜ ਉਂਝ ਵੀ ਅਮੋਲਕ ਦੇ ਸਿਰੜ ਤੇ ਉਸ ਦੀ ਪਤਨੀ ਜਸਪ੍ਰੀਤ ਦੇ ਸਿਦਕ ਤੋਂ ਭਲੀਭਾਂਤ ਜਾਣੂ ਹੈ, ਕਿਉਂਕਿ ਤੇਜ ਦੀ ਆਪਣੀ ਜੀਵਨ ਸਾਥਣ ਤਜਿੰਦਰ (ਹੁਣ ਮਰਹੂਮ) ਅਮੋਲਕ ਦੀ ਪਤਨੀ ਤੋਂ ਬੜੀ ਮੁਤਾਸਰ ਸੀ। ਉਹੀਓ ਹੈ ਜਿਸ ਨੇ ਅਮੋਲਕ ਦੇ ਅੰਤਲੇ ਸਾਹਾਂ ਤੱਕ ਉਸ ਨੂੰ ਸਾਂਭਿਆ ਤੇ ਉਸ ਦੇ ਤੁਰ ਜਾਣ ਪਿੱਛੋਂ ਅਮੋਲਕ ਦੇ ਮਿੱਤਰ ਪਿਆਰਿਆਂ ਦੀ ਸਹਾਇਤਾ ਨਾਲ ਉਹਦੇ ਵੱਲੋਂ ਕੱਢੇ ਗਏ ਪਰਚੇ ‘ਪੰਜਾਬ ਟਾਈਮਜ਼’ ਨੂੰ ਜਾਰੀ ਰੱਖ ਰਹੀ ਹੈ।

ਪੁਸਤਕ ਵਿਚ ਅਮੋਲਕ ਵਲੋਂ ਆਪਣੇ ਪਰਚੇ ‘ਪੰਜਾਬ ਟਾਈਮਜ਼’ ਵਿਚ ਛਾਪੇ ਕੁਝ ਲੇਖ ਵੀ ਸ਼ਾਮਲ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ‘ਪੰਜਾਬੀ ਟ੍ਰਿਬਿਊਨ’ ਵਿਚ ਪਰੂਫ ਰੀਡਰ ਦੀ ਅਸਾਮੀ ਉੱਤੇ ਇਕ ਦਹਾਕਾ ਉਲਝਿਆ ਰਹਿਣ ਵਾਲਾ ਅਮੋਲਕ ਸੰਪਾਦਕੀ ਜ਼ਿੰਮੇਵਾਰੀ ਨਿਭਾਉਂਦਿਆਂ ਕਿੰਨਾ ਸਿਆਣਾ ਸੀ। ਉਨ੍ਹਾਂ ਲੇਖਾਂ ਦੀਆਂ ਕੁਝ ਟੂਕਾਂ ਜਿਹੜੇ ਅਮੋਲਕ ਦੇ ਹੁੰਦਿਆਂ ‘ਪੰਜਾਬ ਟਾਈਮਜ਼’ ਵਿਚ ਛਪੇ:

ਵਿਗਿਆਨ ਨੇ ਸਾਨੂੰ ਲੰਮੀ ਉਮਰ ਦਿੱਤੀ ਹੈ। ਸਭ ਸੁੱਖ ਸਹੂਲਤਾਂ ਵਿਗਿਆਨ ਦੀ ਦੇਣ ਹਨ। ਵਿਗਿਆਨ ਜੰਗਾਂ ਨਹੀਂ ਦਿੰਦਾ। ਅਰਥਚਾਰੇ ਦੀ ਸਿਆਸਤ ਅਜਿਹਾ ਕਰਦੀ ਹੈ। ਜ਼ਾਲਮਾਨਾ ਵਰਤੋਂ ਵਿਗਿਆਨ ਦੀ ਵੀ ਹੁੰਦੀ ਹੈ ਤੇ ਧਰਮ ਦੀ ਵੀ। ਜਿਵੇਂ ਖਾੜਕੂਆਂ ਹੱਥੋਂ ਧਰਮ ਦੀ ਹੋਈ।... ਖਾੜਕੂ ਲਹਿਰ ਨੇ ਪੰਜਾਬ ਨੂੰ ਮਨੀਪੁਰ, ਨਾਗਾਲੈਂਡ ਜਾਂ ਕਸ਼ਮੀਰ ਬਣਾਉਣਾ ਚਾਹਿਆ ਸੀ। ਸਦੀਵੀ ਗੜਬੜ ਦਾ ਖਿੱਤਾ, ਫ਼ੌਜਾਂ ਦੀ ਸਪੈਸ਼ਲ ਤਾਕਤ ਐਕਟ ਦੇ ਪੈਰਾਂ ਹੇਠ ਮਿਧੀਂਦਾ ਜਿਸ ਵਿਚ ਖਾੜਕੂਆਂ ਦਾ ਬੋਲ-ਬਾਲਾ ਹੋਵੇ। ਪੰਜਾਬ ਦੇ ਲੋਕਾਂ ਇਹ ਪ੍ਰਵਾਨ ਨਹੀਂ ਕੀਤਾ। -ਗੁਰਦੀਪ ਸਿੰਘ ਦੇਹਰਾਦੂਨ

---

‘ਜਾਪੁ ਸਾਹਿਬ’ ਅਨੁਸਾਰ ਵਾਹਿਗੁਰੂ ਸਿੱਖ ਇਨਕਲਾਬ ਦਾ ਪ੍ਰਮੁੱਖ ਚਿੰਨ੍ਹ ਹੈ। ਉਸ ਨੂੰ ਹਰ ਤਰ੍ਹਾਂ ਦੀ ਇਕਪਰਤਾ ਤੋਂ ਮੁਕਤ ਰੱਖਿਆ ਗਿਆ ਹੈ। ਉਸ ਦੇ ਵਿਸਥਾਰ ਲਈ ਜੋ ਭਾਸ਼ਾ ਵਰਤੀ ਗਈ ਹੈ, ਉਹ ਇਸਲਾਮੀ-ਫਾਰਸੀ-ਅਰਬੀ ਸਰੋਤ ਤੋਂ ਵੀ ਹੈ ਅਤੇ ਸੰਸਕ੍ਰਿਤ ਵੈਦਿਕ ਸਰੋਤ ਤੋਂ ਵੀ... ਸਿੱਖ ਇਨਕਲਾਬ ਵਲੋਂ ਜਿਸ ਬਰਾਬਰੀ, ਨਿਆਂ, ਸ਼ਾਇਰੀ ਅਤੇ ਵਿਸਮਾਦ ਦਾ ਵਾਅਦਾ ਕੀਤਾ ਗਿਆ ਸੀ, ਉਹ ਸਭ ਕੁਝ ਆਮ ਜੀਵਨ ਵਿਚ ਨਹੀਂ ਲਿਆਂਦਾ ਜਾ ਸਕਿਆ। -ਗੁਰਭਗਤ ਸਿੰਘ (ਡਾ.)

---

ਪਰਮਾਤਮਾ ਇਸ ਕਰਕੇ ਮਹਾਨ ਨਹੀਂ ਕਿ ਬਹੁਤ ਸਾਰੇ ਲੋਕ ਉਸ ਨੂੰ ਮੰਨਦੇ ਹਨ ਬਲਕਿ ਇਸ ਕਰਕੇ ਮਹਾਨ ਹੈ ਕਿ ਉਸ ਨੇ ਸਾਨੂੰ ਨਾ ਮੰਨਣ ਦੀ ਖੁੱਲ੍ਹ ਦਿੱਤੀ ਹੋਈ ਹੈ। -ਰਣਧੀਰ ਸਿੰਘ (ਡਾ.)

---

ਇਹ ਸਾਰੀਆਂ ਉਮੀਦਾਂ ਅਤੇ ਅੰਦਾਜ਼ੇ ਗਲਤ ਸਾਬਤ ਹੋਏ ਅਤੇ 23 ਮਾਰਚ 1931 ਨੂੰ ਸ਼ਾਮ ਸੱਤ ਵਜੇ ਇਨ੍ਹਾਂ ਤਿੰਨਾਂ (ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ) ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ‘ਸਾਡੀ ਜਾਨ ਬਖ਼ਸ਼ ਦਿਓ’ ਵਰਗੀ ਰਹਿਮ ਦੀ ਅਪੀਲ ਤਿੰਨਾਂ ਵਿਚੋਂ ਕਿਸੇ ਨੇ ਵੀ ਨਹੀਂ ਕੀਤੀ। ਹਾਂ! ‘ਸਾਨੂੰ ਫਾਂਸੀ ਦੀ ਬਜਾਏ ਗੋਲੀਆਂ ਨਾਲ ਉਡਾ ਦਿਓ’, ਭਗਤ ਸਿੰਘ ਦੀ ਅੰਤਮ ਇੱਛਾ ਸੀ ਜਿਸ ਦਾ ਸਨਮਾਨ ਨਹੀਂ ਕੀਤਾ ਗਿਆ।... ‘ਆਖਰੀ ਸਾਹ ਤੱਕ ਫਾਂਸੀ ’ਤੇ ਲਟਕਾਈ ਰੱਖਿਆ ਜਾਵੇ’ ਵਾਲੇ ਇਨਸਾਫ ਦੇ ਦੇਵਤੇ ਦੇ ਫ਼ੈਸਲੇ ’ਤੇ ਸ਼ਬਦੀ ਅਰਥਾਂ ਵਿਚ ਹੂ-ਬ-ਹੂ ਅਮਲ ਕੀਤਾ ਗਿਆ। -ਡਾ. ਅੰਬੇਦਕਰ ਦੇ ਮਰਾਠੀ ਪਰਚੇ ਜਨਤਾ ਦਾ 31 ਅਪਰੈਲ 1931 ਦਾ ਸੰਪਾਦਕੀ

---

ਜਦੋਂ ਪੱਛਮੀ ਬੰਗਾਲ ਵਿਚ ਦੰਗੇ ਹੋਏ, ਆਰ. ਐਸ. ਐਸ. ਨੇ ਦੋ ਪੋਸਟਰ ਜਾਰੀ ਕੀਤੇ। ਇਕ ਪੋਸਟਰ ਦਾ ਕੈਪਸ਼ਨ ਸੀ: ਬੰਗਾਲ ਜਲ ਰਿਹਾ ਹੈ। ਇਸ ਵਿਚ ਪ੍ਰਾਪਰਟੀ ਸੜਨ ਦੀ ਤਸਵੀਰ ਸੀ। ਦੂਜੀ ਫੋਟੋ ਵਿਚ ਇਕ ਔਰਤ ਦੀ ਸਾੜ੍ਹੀ ਖਿੱਚੀ ਜਾ ਰਹੀ ਸੀ ਤੇ ਕੈਪਸ਼ਨ ਸੀ: ਬੰਗਾਲ ਵਿਚ ਹਿੰਦੂ ਔਰਤਾਂ ’ਤੇ ਜ਼ੁਲਮ ਹੋ ਰਿਹਾ ਹੈ। ਬਹੁਤ ਛੇਤੀ ਇਨ੍ਹਾਂ ਫੋਟੋਆਂ ਦਾ ਸੱਚ ਸਾਹਮਣੇ ਆ ਗਿਆ। ਪਹਿਲੀ ਤਸਵੀਰ 2002 ਦੇ ਗੁਜਰਾਤ ਦੰਗਿਆਂ ਬਾਰੇ ਸੀ, ਜਦੋਂ ਉਸ ਰਾਜ ਦਾ ਮੁੱਖ ਮੰਤਰੀ ਮੋਦੀ ਸੀ (ਗੌਰੀ ਲੰਕੇਸ਼ ਅਕਸਰ ਮੋਦੀ ਨੂੰ ਬਸੀ ਬਸੀਆ, ਭਾਵ ਜਦੋਂ ਵੀ ਮੂੰਹ ਖੋਲ੍ਹੇ, ਝੂਠ ਬੋਲਣ ਵਾਲਾ ਕਹਿੰਦੀ ਸੀ); ਦੂਜੀ ਤਸਵੀਰ ਵਿਚ ਭੋਜਪੁਰੀ ਫਿਲਮ ਦਾ ਕੋਈ ਸੀਨ ਸੀ। -ਗੌਰੀ ਲੰਕੇਸ਼ ਦਾ ਆਖਰੀ ਸੰਪਾਦਕੀ: ਫੇਕ ਨਿਊਜ਼ ਦੇ ਜ਼ਮਾਨੇ ਵਿਚ

ਪੁਸਤਕ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਪੁਸਤਕ ਵਿਚ ਸ਼ਾਮਲ ਸਮੱਗਰੀ ਨੂੰ ਵਧੀਆ ਤਰਤੀਬ ਦੇ ਕੇ ਇਸ ਰਚਨਾ ਨੂੰ ਪੜ੍ਹਨਯੋਗ ਬਣਾਇਆ ਹੈ। ਮੇਰੇ ਵਲੋਂ ਆਪਣੇ ਸਾਬਕਾ ਸਹਿਕਰਮੀ ਅਤੇ ਉਸ ਦੇ ਪਰਿਵਾਰ ਨੂੰ ਸ਼ੁਭ ਇੱਛਾਵਾਂ, ਫ਼ੈਜ਼ ਦੇ ਇਸ ਸ਼ਿਅਰ ਰਾਹੀਂ:

ਜਿਸ ਧਜ ਸੇ ਕੋਈ ਮਕਤਲ ਮੇ ਗਿਆ
ਵੁਹ ਸ਼ਾਨ ਸਲਾਮਤ ਰਹਿਤੀ ਹੈ
ਯੇਹ ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਤੋ ਕੋਈ ਬਾਤ ਨਹੀਂ।

# ਰੰਗ-ਬਿਰੰਗੀਆਂ ਦਸਤਾਰਾਂ ਨਾਲ ਸਜਿਆ ਸਪਰਿੰਗਫੀਲਡ ਦਾ ਵਿਸ਼ਵ ਸੱਭਿਆਚਾਰਕ ਮੇਲਾ

## ਮੇਲੇ ਵਿਚ ਸਿੱਖਾਂ ਨੇ ਕੀਤੀ ਸ਼ਾਨੋ-ਸ਼ੌਕਤ ਨਾਲ ਸ਼ਿਰਕਤ

**ਡੇਟਨ:** ਅਮਰੀਕਾ ਵਿਚ ਦੁਨੀਆ ਦੇ ਵੱਖ-ਵੱਖ ਮੁਲਕਾਂ ਤੋਂ ਆ ਕੇ ਵਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਸਾਂਝ ਪੈਦਾ ਕਰਨ ਲਈ ਕਈ ਸ਼ਹਿਰਾਂ ਵਿਚ ਵਿਸ਼ਵ ਸੱਭਿਆਚਾਰਕ ਮੇਲੇ ਲੱਗਦੇ ਹਨ। ਇਨ੍ਹਾਂ ਮੇਲਿਆਂ ਵਿਚ ਲੋਕਾਂ ਨੂੰ ਵੱਖ-ਵੱਖ ਦੇਸ਼ਾਂ ਦੇ ਸੱਭਿਆਚਾਰ, ਸੰਗੀਤ ਅਤੇ ਨਾਚਾਂ ਵਿਚ ਸਾਂਝਾਂ ਅਤੇ ਵਖਰੇਵਿਆਂ ਤੋਂ ਜਾਣਕਾਰੀ ਮਿਲਦੀ ਹੈ।

ਆਪੋ-ਆਪਣੇ ਦੇਸ਼ ਦਾ ਪਹਿਰਾਵਾ, ਖਾਣਾ, ਰਹਿਣੀ-ਬਹਿਣੀ ਆਦਿ ਬਾਰੇ ਵੀ ਵੱਖ-ਵੱਖ ਦੇਸ਼ਾਂ ਦੇ ਲੋਕਾਂ ਵਲੋਂ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਜਿੱਥੇ ਇਹ ਮੇਲੇ ਅਮਰੀਕਨਾਂ ਨੂੰ ਜਾਣਕਾਰੀ ਦਿੰਦੇ ਹਨ, ਉਥੇ ਅਮਰੀਕਾ ਵਿਚ ਵਸਦੇ ਲੋਕਾਂ ਨੂੰ ਆਪੋ ਆਪਣੇ ਮੂਲਕ ਨਾਲ ਜੁੜੇ ਰਹਿਣ ਦਾ ਮੌਕਾ ਮਿਲਦਾ ਹੈ। ਅਜਿਹਾ ਹੀ ਸਾਲਾਨਾ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਅਮਰੀਕਾ ਦੇ ਪ੍ਰਸਿੱਧ ਸੂਬੇ ਓਹਾਇਓ ਦੇ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ ਲਗਾਇਆ ਗਿਆ।

ਸਿੱਖ, ਦੁਨੀਆ ਦੇ ਭਾਵੇਂ ਕਿਸੇ ਵੀ ਹਿੱਸੇ ਵਿਚ ਗਏ ਹੋਣ ਉਨ੍ਹਾਂ ਨੇ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਅਮਰੀਕਾ ਵਿਚ ਇਹ ਪਛਾਣ ਕਈ ਵਾਰ ਨਸਲੀ ਹਮਲਿਆਂ ਦਾ ਕਾਰਨ ਵੀ ਬਣ ਰਹੀ ਹੈ। ਇਸ ਦੇ ਬਾਵਜੂਦ ਸਿੱਖ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਧ ਚੜ੍ਹ ਕੇ ਅਮਰੀਕਨਾਂ ਨੂੰ ਦਸਤਾਰ ਅਤੇ ਸਿੱਖ ਸਭਿਆਚਾਰ ਤੋਂ ਜਾਣੂ ਕਰਵਾਉਣ ਲਈ ਉਪਰਾਲੇ ਕਰ ਰਹੇ ਹਨ। ਅਜਿਹਾ ਹੀ ਉਪਰਾਲਾ ਪਿਛਲੇ ਦੋ ਦਹਾਕਿਆਂ ਤੋਂ ਸਪਰਿੰਗਫੀਲਡ ਦੇ ਵਸਨੀਕ ਅਵਤਾਰ ਸਿੰਘ, ਸਰਬਜੀਤ ਕੋਰ ਪਰਿਵਾਰ ਸਮੇਤ ਨੇੜਲੇ ਸ਼ਹਿਰ ਡੇਟਨ, ਸਿਨਸਿਨਾਟੀ ਦੇ ਸਿੱਖ ਭਾਈਚਾਰੇ ਦੇ ਵਸਨੀਕਾਂ ਦੇ ਸਹਿਯੋਗ ਨਾਲ ਇਸ ਮੇਲੇ ਵਿਚ ਸ਼ਮੂਲੀਅਤ ਕਰ ਰਹੇ ਹਨ।

ਕੋਵਿਡ ਕਾਰਨ ਤਿੰਨ ਸਾਲ ਬਾਅਦ ਇਹ ਮੇਲਾ ਮੁੜ ਲਗਾਇਆ ਗਿਆ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿਚ ਜਦ ਅਮਰੀਕਨਾਂ ਨੂੰ ਦਸਤਾਰਾਂ ਸਜਾਉਣੀਆਂ ਸ਼ੁਰੂ ਕੀਤੀਆਂ ਗਈਆਂ ਤਾਂ ਹਰ ਸਾਲ ਵਾਂਗ ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ। ਸ਼ਹਿਰ ਦੇ ਮੇਅਰ ਵਾਰਨ ਕੋਪਲੈਂਡ ਨੇ ਉਦਘਾਟਨ ਦੀ ਰਸਮ ਅਦਾ ਕਰਨ ਉਪਰੰਤ ਖੁਸ਼ੀ-ਖੁਸ਼ੀ ਦਸਤਾਰ ਵੀ ਸਜਾਈ। ਦਸਤਾਰਾਂ ਸਜਾਉਣ ਵਿਚ ਕੇਵਲ ਪੁਰਸ਼ ਨਹੀਂ ਬਲਕਿ ਮਹਿਲਾਵਾਂ ਵੀ ਸ਼ਾਮਲ ਸਨ। ਦਸਤਾਰਾਂ ਸਜਾ ਇਹ ਸਭ ਬਾਕੀ ਸਮਾਂ ਮੇਲੇ ਵਿਚ ਫਿਰਦੇ ਰਹੇ। ਰੰਗ-ਬਰੰਗੀਆਂ ਦਸਤਾਰਾਂ ਨਾਲ ਇਹ ਕੋਈ ਪੰਜਾਬ ਦਾ ਹੀ ਮੇਲਾ ਲੱਗ ਰਿਹਾ ਸੀ।

ਸਿੱਖਾਂ ਦੀ ਦਸਤਾਰ, ਕੇਸ, ਸਿੱਖ ਧਰਮ, ਸ੍ਰੀ ਹਰਿਮੰਦਰ ਸਾਹਿਬ, ਸਿੱਖ ਵੈਡਿੰਗ (ਵਿਆਹ) ਨਾਲ ਸੰਬੰਧਤ ਤਸਵੀਰਾਂ, ਪੁਸਤਕਾਂ ਵੀ ਇਸ ਪ੍ਰਦਰਸ਼ਨੀ ਵਿਚ ਰੱਖੀਆਂ ਗਈਆਂ। ਅਮਰੀਕਨਾਂ ਨੇ ਇਨ੍ਹਾਂ ਵਿਚ ਕਾਫੀ ਦਿਲਚਸਪੀ ਦਿਖਾਈ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਿੱਖਾਂ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ।

ਮੇਲੇ ਵਿਚ ਵੱਖ-ਵੱਖ ਮੁਲਕਾਂ ਤੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿਚ ਭੰਗੜੇ ਤੇ ਗਿੱਧੇ ਨੇ ਵੀ ਖੂਬ ਰੰਗ ਬੰਨ੍ਹਿਆ। ਜਦ ਢੋਲ ਵੱਜਿਆਂ ਤਾਂ ਸਾਰੇ ਲੋਕ ਦੌੜੇ-ਦੌੜੇ ਆਏ ਤੇ ਉਨ੍ਹਾਂ ਨੇ ਇਸ ਦਾ ਖੂਬ ਆਨੰਦ ਮਾਣਿਆ। ਕਈ ਤਾਂ ਖੁਦ ਵੀ ਨੱਚਣ ਲੱਗ ਪਏ। ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਲਗਾਈ ਗਈ ਪ੍ਰਦਰਸ਼ਨੀ ਵਿਚ ਹਾਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜ੍ਹੀ, ਆਟਾ ਪੀਸਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ।

ਗਿੱਧਾ ਤੇ ਭੰਗੜਾ ਪੇਸ਼ ਕਰਨ ਵਾਲਿਆਂ ਵਿਚ ਨਵਜੋਤ ਕੌਰ, ਸਿਮਰਨ ਕੌਰ, ਹਰਮਨ ਕੌਰ, ਅਰਲੀਨ ਕੌਰ, ਗੁਰਲੀਨ ਕੌਰ, ਗੁਨਤਾਜ ਕੌਰ, ਕਰਮਨ ਸਿੰਘ, ਆਨਵੀ ਮੱਲ੍ਹੀ, ਆਰਵੀ ਮੱਲ੍ਹੀ, ਆਰੀਅਨ ਮੱਲ੍ਹੀ, ਹਰਸ਼ਦੀਪ ਸਿੰਘ, ਹਰਰੂਪ ਸਿੰਘ ਅਤੇ ਕਰਨਵੀਰ ਸਿੰਘ ਸ਼ਾਮਲ ਸਨ। ਏ ਐਂਡ ਏ ਫੋਟੋਗ੍ਰਾਫੀ ਤੋਂ ਸੁਨੀਲ ਮੱਲ੍ਹੀ ਨੇ ਮੇਲੇ ਦੀਆਂ ਅਨਮੋਲ ਯਾਦਾਂ ਨੂੰ ਕੈਮਰਾਬੰਦ ਕੀਤਾ।















# ਵਿਸ਼ਵ ਸੱਭਿਆਚਾਰ ਮੇਲੇ ਦੀਆਂ ਝਲਕੀਆਂ



















# ਗਿਆਨ ਕੁੰਭ 'ਗੁਲਿਸਤਾਂ ਬੋਸਤਾਂ'

ਕਲਾ ਪਰਿਕਰਮਾ

ਵਿਦਿਆਰਥੀ ਜੀਵਨ ਤੋਂ ਹੀ ਸ਼ੇਖ ਸਾਅਦੀ ਦੀਆਂ ਚਰਚਿਤ ਪੁਸਤਕਾਂ 'ਗੁਲਿਸਤਾਂ' ਤੇ 'ਬੋਸਤਾਂ' ਪੜ੍ਹਨ ਦੀ ਇੱਛਾ ਰਹੀ ਪਰ ਪੁਸਤਕਾਂ ਪੰਜਾਬੀ ਵਿਚ ਉਪਲਬਧ ਨਾ ਹੋ ਸਕੀਆਂ। ਪਿਛਲੇ ਵਰ੍ਹੇ (2021) ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਇੱਕ ਸਮਾਗਮ ਦੀ ਪ੍ਰਤੀਨਿਧਤਾ ਕਰਨ ਮੌਕੇ ਮੈਨੂੰ ਮਾਣ-ਸਨਮਾਨ ਵਿਚ ਪੁਸਤਕਾਂ ਦਾ ਸੈੱਟ ਭੇਟਾ ਕੀਤਾ ਗਿਆ। ਘਰ ਆ ਕੇ ਪੁਸਤਕਾਂ ਦੇ ਦਰਸ਼ਨ ਕੀਤੇ ਤਾਂ ਖੁਸ਼ੀ ਉਮੜ ਪਈ ਜਦੋਂ ਪੰਜਾਬੀ ਵਿਚ 'ਗੁਲਿਸਤਾਂ-ਬੋਸਤਾਂ' ਇੱਕੋ ਜਿਲਦ ਵਿਚ ਅਨੁਵਾਦ ਕੀਤੀਆਂ ਪ੍ਰਾਪਤ ਹੋਈਆਂ। ਭਾਸ਼ਾ ਵਿਭਾਗ ਪੰਜਾਬ ਨੇ ਪਿਛਲੇ ਵਰ੍ਹਿਆਂ ਵਿਚ ਸੰਸਾਰ ਦਾ ਕਲਾਸੀਕਲ ਸਾਹਿਤ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ। ਹੱਥ ਲੱਗੀ ਪੁਸਤਕ ਦਾ ਅਨੁਵਾਦਕ ਪ੍ਰੋ. ਜਨਕ ਸਿੰਘ ਅਤੇ ਸੋਧਕ ਪ੍ਰੋ. ਦੀਵਾਨ ਸਿੰਘ ਹਨ। ਪਹਿਲਾ ਐਡੀਸ਼ਨ 1981, ਦੂਜਾ 1994 ਅਤੇ ਤੀਜਾ ਐਡੀਸ਼ਨ 2011 'ਚ ਪ੍ਰਕਾਸ਼ਿਤ ਕੀਤਾ ਗਏ।

**ਮਨਮੋਹਨ ਸਿੰਘ ਦਾਊਂ**
**ਫੋਨ: +91-98151-23900**

ਇਹ ਪੁਸਤਕ 12ਵੀਂ ਸਦੀ ਦੇ ਵਿਸ਼ਵ ਪ੍ਰਸਿੱਧ ਇਰਾਨੀ ਲੇਖਕ ਸ਼ੇਖ ਸਾਅਦੀ ਦੀਆਂ ਫ਼ਾਰਸੀ ਵਿਚ ਲਿਖੀਆਂ ਦੋ ਪੁਸਤਕਾਂ 'ਗੁਲਿਸਤਾਂ' ਅਤੇ 'ਬੋਸਤਾਂ' ਦਾ ਪੰਜਾਬੀ ਰੂਪਾਂਤਰ ਹੈ। ਵਿਦਵਾਨ ਖੋਜੀ ਜਨਾਬ ਤਾਰਿਕ ਕਿਫ਼ਾਇਤ ਉਲਾ ਅਨੁਸਾਰ ਸ਼ੇਖ ਸਾਅਦੀ ਨੂੰ ਸਾਅਦੀ ਸ਼ੀਰਾਜ਼ੀ ਕਰਕੇ ਵੀ ਜਾਣਿਆ ਜਾਂਦਾ ਹੈ ਜਿਸ ਦਾ ਜਨਮ 6ਵੀਂ ਸਦੀ ਹਿਜਰੀ ਜਾਂ 12ਵੀਂ ਸਦੀ ਈਸਵੀ ਨੂੰ ਸ਼ੀਰਾਜ਼ ਦੇਸ਼ ਵਿਚ ਹੋਇਆ। ਤਖੱਲਸ ਸਾਅਦੀ ਬਾਰੇ ਕਿਹਾ ਜਾਂਦਾ ਹੈ ਕਿ ਇਹ ਫ਼ਾਰਸ ਦੇ ਅਤਾਬੁਕ (ਰਾਜੇ) ਸਾਅਦ ਬਿਨ ਜੰਗੀ ਨਾਲ ਨਿਸਬਤ ਨੂੰ ਦਰਸਾਉਂਦਾ ਹੈ ਜਿਸ ਦੀ ਸੇਵਾ ਵਿਚ ਸਾਅਦੀ ਦੇ ਪਿਤਾ ਰਹੇ ਸਨ। ਸ਼ੇਖ ਸਾਅਦੀ ਦੀ ਮੁੱਢਲੀ ਸਿੱਖਿਆ ਘਰ ਵਿਚ ਹੀ ਰਹੀ ਪਰ ਪਿਤਾ ਦੇ ਦੇਹਾਂਤ ਤੋਂ ਬਾਅਦ ਸਾਅਦੀ ਨੂੰ ਸ਼ੀਰਾਜ਼ ਛੱਡ ਕੇ ਬਗਦਾਦ ਜਾਣਾ ਪਿਆ। ਉਥੇ ਮਦਰਸਾ-ਏ-ਨਿਜ਼ਾਮੀਆਂ 'ਚ ਦਾਖਲਾ ਲਿਆ।

ਉਸਤਾਦਾਂ ਤੋਂ ਸਿੱਖਿਆ ਲੈਣ ਉਪਰੰਤ ਸਾਅਦੀ ਨੇ ਸੰਸਾਰ ਦੀ ਸੈਰ ਕਰਨ ਦਾ ਫ਼ੈਸਲਾ ਲਿਆ। ਦੱਸਿਆ ਜਾਂਦਾ ਹੈ ਕਿ ਉਸ ਨੇ ਅਜ਼ਰਬਾਈਜਾਨ, ਆਰਮੀਨੀਆ, ਤੂਰਾਨ, ਏਸ਼ੀਆ ਮਾਈਨਰ, ਖੁਰਾਸਾਨ, ਗਜ਼ਨੀ, ਬਲਖ, ਕਾਸ਼ਗਰ (ਪੱਛਮੀ ਚੀਨ), ਬਸਰਾ, ਯਮਨ, ਹਿਜਾਜ਼ (ਸਾਊਦੀ ਅਰਬ), ਫਲਸਤੀਨ, ਸੀਰੀਆ, ਤਾਤਾਰ, ਮਿਸਰ, ਏਬੀਸੀਨੀਆ, ਮੋਰੱਕੋ ਆਦਿ ਅਨੇਕਾਂ ਸਥਾਨਾਂ ਦਾ ਭਰਮਣ ਕੀਤਾ। ਹਿੰਦੋਸਤਾਨ ਦਾ ਦੌਰਾ ਵੀ ਕੀਤਾ ਜਿਸ ਦਾ ਜ਼ਿਕਰ 'ਬੋਸਤਾਂ' ਦੇ ਅੱਠਵੇਂ ਅਧਿਆਇ ਦੀ ਇੱਕ ਹਿਕਾਇਤ ਅਨੁਸਾਰ ਸਾਅਦੀ ਨੇ ਗੁਜਰਾਤ ਪ੍ਰਾਂਤ ਵਿਚ ਸੋਮਨਾਥ ਵਿਚ ਕੁਝ ਸਮਾਂ ਠਹਿਰਨ ਅਤੇ ਉਥੋਂ ਦੇ ਮੰਦਰ-ਪੁਜਾਰੀਆਂ ਦੀਆਂ ਦੰਭੀ ਰੋਚਿਕ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਆਪਣੀ ਸਿਆਣਪ ਰਾਹੀਂ ਆਪਣਾ ਬਚਾਅ ਵੀ ਕੀਤਾ।

ਲਗਭਗ 30-40 ਸਾਲ ਲਗਾਤਾਰ ਸਫ਼ਰ ਕਰਨ ਮਗਰੋਂ 1256 'ਚ ਸਾਅਦੀ ਸ਼ੀਰਾਜ਼ ਪਰਤ ਗਿਆ। ਸਫ਼ਰ ਦੌਰਾਨ ਔਕੜਾਂ ਦਾ ਮੁਕਾਬਲਾ ਕੀਤਾ। ਜਿੱਥੋਂ ਵੀ ਗਿਆਨ ਪ੍ਰਾਪਤ ਹੋਇਆ ਉਸ ਨੂੰ ਪੱਲੇ ਬੰਨ੍ਹਿਆ ਅਤੇ ਆਪਣੀਆਂ ਲਿਖਤਾਂ ਦਾ ਸ਼ਿੰਗਾਰ ਬਣਾਇਆ। ਸਾਅਦੀ ਨੇ ਕਾਫ਼ੀ ਲੰਮੀ ਉਮਰ ਭੋਗੀ, 120 ਸਾਲ। ਆਪਣੀ ਉਮਰ ਵਿਚ 14 ਵਾਰੀ ਹੱਜ ਦੀ ਯਾਤਰਾ ਵੀ ਕੀਤੀ। ਸਫ਼ਰ ਦੌਰਾਨ ਅਨੇਕਾਂ ਤਰ੍ਹਾਂ ਦੇ ਅਨੁਭਵ ਗ੍ਰਹਿਣ ਕੀਤੇ। ਭਿੰਨ-ਭਿੰਨ ਪ੍ਰਕਾਰ ਦੇ ਲੋਕਾਂ ਨੂੰ ਮਿਲਿਆ, ਉਨ੍ਹਾਂ ਦੀਆਂ ਭਾਸ਼ਾਵਾਂ ਸਿੱਖੀਆਂ, ਉਨ੍ਹਾਂ ਦੇ ਸਭਿਆਚਾਰ ਬਾਰੇ ਜਾਣੂ ਹੋਇਆ। ਕਈ ਵਾਰ ਜਾਨ ਨੂੰ ਖ਼ਤਰੇ ਵੀ ਹੋਏ ਪਰ ਜਗਿਆਸੂ ਤੇ ਹਲੀਮੀ ਦੇ ਪਾਤਰ ਵਾਂਗੂ ਹਾਲਾਤ ਦਾ ਸਾਹਮਣਾ ਕੀਤਾ। ਚਰਚਿਤ ਦੋ ਪੁਸਤਕਾਂ ਦੇ ਨਾਲ ਨਾਲ ਉਸ ਨੇ ਹੋਰ ਪੁਸਤਕਾਂ ਦੀ ਸਿਰਜਣਾ ਵੀ ਕੀਤੀ। ਅਖ਼ੀਰਲੀ ਉਮਰੇ ਸੂਫ਼ੀਅਤ ਵੱਲ ਝੁਕਾਅ ਹੋ ਗਿਆ ਤੇ ਸ਼ੀਰਾਜ਼ ਸ਼ਹਿਰ ਤੋਂ ਬਾਹਰ ਇੱਕ 'ਜ਼ਾਵੀਏ' ਵਿਚ ਸੂਫ਼ੀਆਨਾ, ਧਾਰਮਿਕ ਤੇ ਨੈਤਿਕ ਪ੍ਰਚਾਰ 'ਚ ਗੁਜ਼ਾਰਿਆ।






'ਗੁਲਿਸਤਾਂ' ਦੀਆਂ ਕਥਾਵਾਂ ਫ਼ਾਰਸੀ ਨਸਰ ਵਿਚ ਹਨ ਪਰ ਆਪਣੇ ਕਥਨ ਨੂੰ ਵਧੇਰੇ ਸਪਸ਼ਟ ਅਤੇ ਰੌਚਿਕ ਬਣਾਉਣ ਲਈ ਮੌਕੇ ਅਨੁਸਾਰ ਮਸਨਵੀ, ਰੁਬਾਈ, ਕਤਆ ਆਦਿ ਦੇ ਢੁਕਵੇਂ ਕਾਵਿ ਟੋਟਿਆਂ ਨੂੰ ਕਲਮਬੰਦ ਕੀਤਾ। ਇਹ ਪ੍ਰਵਚਨ ਪਰੀਆਂ, ਦੇਵਤਿਆਂ ਜਾਂ ਦਾਨਵਾਂ ਨਾਲ ਸਬੰਧਤ ਨਾ ਹੋ ਕੇ, ਸਾਧਾਰਨ ਮਨੁੱਖਾਂ ਨਾਲ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਦੇ ਹਨ। 'ਗੁਲਿਸਤਾਂ' ਦੇ ਅੱਠ ਅਧਿਆਇ ਹਨ : 1. ਬਾਦਸ਼ਾਹਾਂ ਦੇ ਸੁਭਾਉ ਸਬੰਧੀ, 2. ਸੰਤਾਂ ਦੇ ਸਭਿਆਚਾਰ ਬਾਰੇ, 3. ਸੰਤੁਸ਼ਟਤਾ ਦੀ ਵਡਿੱਤਣ ਬਾਰੇ, 4. ਚੁੱਪ ਦੇ ਲਾਭ, 5. ਇਸ਼ਕ ਤੇ ਜੁਆਨੀ, 6. ਬੁਢਾਪੇ ਦੀ ਨਿਰਬਲਤਾ, 7. ਸਿੱਖਿਆ ਦੇ ਪ੍ਰਭਾਵ, 8. ਸੰਗਤ ਦੇ ਢੰਗ ਆਚਾਰ। ਅੰਤਿਕਾ 'ਚ ਵਿਸ਼ੇਸ਼ ਸ਼ਬਦਾਂ ਦੀ ਜਾਣਕਾਰੀ ਦਿੱਤੀ ਗਈ ਹੈ ਜੋ ਬਹੁਤ ਗਿਆਨਮਈ ਹੈ।

'ਬੋਸਤਾਂ' ਦਾ ਮੁੱਖ ਵਿਸ਼ਾ ਵੀ ਨੈਤਿਕਤਾ ਅਤੇ ਸਦਾਚਾਰ ਹੀ ਹੈ। ਸ਼ੈਲੀ ਵੀ 'ਗੁਲਿਸਤਾਂ' ਵਰਗੀ ਹੈ। 'ਗੁਲਿਸਤਾਂ' ਵਿਚ ਸਾਹਿਤ ਦੇ ਰੂਪ ਗਦ ਅਤੇ ਪਦ ਦਾ ਸੁਮੇਲ ਹੈ। ਉਥੇ 'ਬੋਸਿਤਾਂ' 'ਚ ਕਾਵਿ-ਰੂਪ ਹੀ ਆਧਾਰਿਤ ਹੈ। 'ਬੋਸਤਾਂ' ਦੇ 10 ਅਧਿਆਇ ਹਨ। ਆਦਿ 'ਚ ਸੰਸਾਰ ਦੇ ਮੁਹੰਮਦ ਦੀ ਪ੍ਰਸੰਸਾ, ਪੁਸਤਕ ਰਚਣ ਦਾ ਕਾਰਨ। ਪਹਿਲੇ ਅਧਿਆਇ 'ਚ ਨਿਆਇ, ਰਾਜ ਕਰਨ ਦੀ ਨੀਤੀ ਅਤੇ ਜੁਗਤ ਬਾਰੇ, ਦੂਜੇ 'ਚ ਅਹਿਸਾਨ ਦੇ ਬਿਆਨ ਵਿਚ, ਤੀਜੇ 'ਚ ਇਸ਼ਕ ਬਾਰੇ, ਚੌਥੇ 'ਚ ਦੀਨਤਾ ਬਾਰੇ, ਪੰਜਵੇਂ 'ਚ ਭਾਣਾ ਮੰਨਣ ਦੀ ਰਜ਼ਾ ਬਾਰੇ, ਛੇਵੇਂ 'ਚ ਸਬਰ-ਸੰਤੋਖ ਬਾਰੇ, ਸੱਤਵੇਂ ਅਤੇ ਅੱਠਵੇਂ 'ਚ ਧੰਨਵਾਦ-ਕ੍ਰਿਤੱਗਤਾ ਬਾਰੇ, ਨੌਵੇਂ 'ਚ ਤੋਬਾ (ਪਾਪਾਂ ਦੇ ਛੱਡਣ ਬਾਰੇ), ਦਸਵੇਂ 'ਚ ਪ੍ਰਾਰਥਨਾ ਅਤੇ ਪੁਸਤਕ ਦੀ ਸਮਾਪਤੀ, ਅੰਤਿਕਾ 'ਚ ਵਿਸ਼ੇਸ਼ ਸ਼ਬਦਾਂ ਦੀ ਕੋਸ਼ਕਾਰੀ ਕੀਤੀ ਗਈ ਹੈ। ਕੁੱਲ ਮਿਲਾ ਕੇ ਇਨ੍ਹਾਂ ਕਲਾਸੀਕਲ ਲਿਖਤਾਂ ਦੇ 512 ਪੰਨੇ ਹਨ। ਪੰਜਾਬੀ ਭਾਸ਼ਾ ਵਿਚ ਅਜਿਹੀ ਦੁਰਲੱਭ ਪੁਸਤਕ ਦਾ ਰੂਪਾਂਤਰ 'ਚ ਹੋਣਾ ਖ਼ਜ਼ਾਨੇ ਨੂੰ ਸੰਭਾਲਣ ਵਾਲਾ ਕਾਰਜ ਹੈ। ਪ੍ਰੋ. ਜਨਕ ਸਿੰਘ ਦੀ ਮਿਹਨਤ ਮੂੰਹੋਂ ਬੋਲਦੀ ਹੈ।

ਪਾਠਕਾਂ ਦੀ ਦਿਲਚਸਪੀ ਲਈ ਵੱਖੋ-ਵੱਖ ਵਿਸ਼ਿਆਂ ਨਾਲ ਸਬੰਧਿਤ ਕਥਨਾਂ ਦਾ ਪਾਠ ਸਾਅਦੀ ਦੀ ਵਿਦਵਤਾ, ਗਿਆਨ ਅਤੇ ਸਿਆਣਪਾਂ ਨਾਲ ਲਬਰੇਜ਼ ਝੰਜੋੜਨ ਵਾਲਾ ਹੈ ਜਿਸ ਕਾਰਨ ਲੇਖਕ ਦਾ ਵਿਸ਼ਾਲ ਗਿਆਨ, ਤੀਖਣ ਬੁੱਧੀ, ਨਿਰਪੱਖ ਨਜ਼ਰੀਆ, ਅਦੁੱਤੀ ਸਿਆਣਪ ਅਤੇ ਪੈਗੰਬਰੀ ਸੋਚ ਇਸ ਪੁਸਤਕ ਨੂੰ ਧਾਰਮਿਕ ਪਾਠ ਪੁਸਤਕ ਵਾਂਗ ਪੂਜਣ ਯੋਗ ਬਣਾ ਦਿੰਦੀ ਹੈ। ਇਨ੍ਹਾਂ ਦਾ ਅਨੁਵਾਦ ਯੂਰਪ ਤੇ ਏਸ਼ੀਆ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਕੀਤਾ ਜਾ ਚੁੱਕਾ ਹੈ।

**ਕੁਝ ਕਥਨ ਇਸ ਪ੍ਰਕਾਰ ਹਨ:**

* ਜਿਸ ਕੋਲ ਸਬਰ ਨਹੀਂ, ਉਹ ਸਿਆਣਾ ਨਹੀਂ।

* ਅਕਲਮੰਦ ਬੰਦੇ ਦੀ ਹੋਂਦ ਖਾਲਸ ਸੋਨੇ ਜਿਹੀ ਹੈ।

* ਲਾਲਚ ਨਾ ਕਰਨ ਵਾਲੇ ਦੀ ਧੌਣ ਉੱਚੀ ਰਹਿੰਦੀ ਹੈ।

* ਫੱਕਰ ਦਾ ਸਬਰ, ਅਮੀਰ ਦੇ ਦਾਨ ਕਰਨ ਨਾਲੋਂ ਚੰਗਾ ਹੈ।

* ਅਸਲ ਮਰਦ ਉਹ ਹੈ ਜੋ ਕ੍ਰੋਧ ਆਏ 'ਤੇ ਝੂਠ ਨਾ ਬੋਲੇ।

* ਮਿੱਠੇ ਬੋਲਾਂ, ਕਿਰਪਾਲਤਾ ਅਤੇ ਪ੍ਰਸੰਨਤਾ ਨਾਲ ਤੂੰ ਹਾਥੀ ਨੂੰ ਵੀ ਵਾਲ ਨਾਲ ਬੰਨ੍ਹ ਕੇ ਲੈ ਜਾ ਸਕਦਾ ਹੈਂ।

* ਦਾਨੀ ਪੁਰਸ਼ ਇੱਕ ਫਲਦਾਰ ਰੁੱਖ ਹੈ। ਹਰ ਸਿੱਪੀ ਵਿਚ ਮੋਤੀ ਨਹੀਂ ਹੁੰਦਾ।

* ਲਾਲਚ ਅਤੇ ਤ੍ਰਿਸ਼ਨਾ ਉੱਡਦੀ ਹੋਈ ਮਿੱਟੀ ਹੈ।

* ਖਜੂਰ ਦੇ ਰੁੱਖ ਦੀ ਤਰ੍ਹਾਂ ਕਿਰਪਾਲੂ ਹੋ, ਜੇ ਇਹ ਨਾ ਬਣ ਸਕੇ ਤਾਂ ਸਰੂ ਦੇ ਰੁੱਖ ਦੀ ਤਰ੍ਹਾਂ ਸੁਤੰਤਰ ਹੋ।

* ਹੇ ਬੰਦੇ, ਪਰਮਾਤਮਾ ਨੇ ਤੈਨੂੰ ਮਿੱਟੀ ਤੋਂ ਪੈਦਾ ਕੀਤਾ ਹੈ। ਤੂੰ ਮਿੱਟੀ ਦੀ ਤਰ੍ਹਾਂ ਦੀਨ ਹੋ ਜਾ, ਅੱਗ ਨਾ ਬਣ। ਭੈੜੇ ਕੰਮਾਂ 'ਤੇ ਸ਼ਰਮ ਕਰ।

**ਇਸਤ੍ਰੀ ਦੇ ਇਖ਼ਲਾਕ ਦੇ ਗੁਣਾਂ ਬਾਰੇ ਸਾਅਦੀ ਲਿਖਦਾ ਹੈ:**

* ਹੁਕਮ ਦੀ ਪਾਲਣਾ ਕਰਨ ਵਾਲੀ ਚੰਗੀ ਇਸਤਰੀ ਆਪਣੇ ਫ਼ਕੀਰ ਪਤੀ ਨੂੰ ਬਾਦਸ਼ਾਹ ਬਣਾ ਦਿੰਦੀ ਹੈ।

* ਜਦ ਸੁੰਦਰ ਇਸਤਰੀ ਘਰ ਵਿਚ ਹੋਵੇ, ਉਸ ਦੇ ਦੀਦਾਰ ਦੇ ਕਾਰਨ ਉਸ ਦਾ ਪਤੀ ਸੁਰਗ ਵਿਚ ਹੁੰਦਾ ਹੈ।

**ਬਾਦਸ਼ਾਹ ਬਾਰੇ ਸਾਅਦੀ ਨੇ ਬੜੇ ਹੀ ਕਮਾਲ ਤੇ ਪ੍ਰਵਚਨ ਆਖੇ ਹਨ:**

* ਹੇ ਬਾਦਸ਼ਾਹ! ਤੇਰੇ ਰਾਜ ਵਿਚ ਕੋਈ ਯਤੀਮ ਨਾ ਹੋਵੇ ਕਿਉਂਕਿ ਉਸ ਦੇ ਰੋਣ ਨਾਲ ਸਭ ਤੋਂ ਉੱਚਾ ਅਸਮਾਨ ਕੰਬਣ ਲੱਗ ਜਾਂਦਾ ਹੈ।

* ਨਿਰਬਲਾਂ ਉੱਤੇ ਆਪਣਾ ਜ਼ੋਰ ਅਜ਼ਮਾਉਣਾ ਲਿਆਕਤ ਨਹੀਂ।

* ਕਿਸੇ 'ਤੇ ਤੀਰ ਚਲਾਉਣ ਲਈ ਸਬਰ ਕਰਨਾ ਸ਼ਰਤ ਹੈ।

**ਕੁਝ ਹੋਰ ਦਾਰਸ਼ਨਿਕ ਵਿਚਾਰ ਅਮਲ ਅਤੇ ਚਿੰਤਨ ਕਰਨ ਵਾਲੇ ਹਨ:**

* ਜਦ ਤੱਕ ਦਾਣਾ ਧਰਤੀ ਵਿਚ ਨਹੀਂ ਬਖੇਰਿਆ ਜਾਂਦਾ, ਜੰਮਦਾ ਨਹੀਂ।

* ਫੌਲਾਦ ਦੀ ਸੂਈ ਤੋਂ ਬਿਨਾਂ ਕੱਪੜਾ ਨਹੀਂ ਸੀਤਾ ਜਾਂਦਾ।

* ਵਿੱਦਿਆ ਮੱਤ ਨੂੰ ਸੁਰੱਖਿਅਤ ਕਰਨ ਲਈ ਹੈ।

* ਖ਼ਾਮੋਸ਼ੀ ਤੋਂ ਬਿਨਾਂ ਉਪਦੇਸ਼ ਦਾ ਪ੍ਰਭਾਵ ਨਹੀਂ ਪੈਂਦਾ।

* ਕਦੇ ਤੁਪਕਾ ਵੀ ਦਰਿਆ ਬਣ ਜਾਂਦਾ ਹੈ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਕਤੂਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-554



ਝੱਖੜ ਆਏ ਵਿਛ ਗਿਆ ਝੋਨਾ ਕਿਸਾਨ ਵਿਚਾਰਾ ਕਿੱਧਰ ਜਾਵੇ।
ਪੱਕੀ ਫਸਲ 'ਤੇ ਮਾਰ ਪੈ ਗਈ ਖਰੀਦਣ ਵਾਲਾ ਵੱਟਾ ਲਾਵੇ।
ਕਰਜ਼ੇ ਦਾ ਹੈ ਫਿਕਰ ਸਤਾਉਂਦਾ ਸਾਰ ਲੈਣ ਵੀ ਕੋਈ ਨਾ ਆਵੇ।

### ਕੈਪਸ਼ਨ ਮੁਕਾਬਲਾ-552



ਵਿਆਹ ਵੀਰੇ ਦਾ ਧਰਿਆ,
ਖੁਸ਼ੀ ਵਿਚ ਹੈ ਪਾਠ ਕਰਾਉਣਾ,
ਮੰਜੇ ਜੋੜ ਸਪੀਕਰ ਬੰਨ੍ਹ ਕੇ,
ਸਾਰੇ ਪਿੰਡ ਨੂੰ ਅੱਜ ਸੁਣਾਉਣਾ
ਸਾਕ ਸ਼ਰੀਕੇ ਸੱਦੇ ਦੇਵਾਂਗੇ,
ਨਾਲੇ ਲੱਡੂ ਜਲੇਬੀ ਹੈ ਪਾਉਣਾ,
ਅਸੀਂ ਕਿਸੇ ਤੋਂ ਘੱਟ ਨਹੀਂ,
ਪਿੰਡ 'ਚ ਬਹਿਜਾ-ਬਹਿਜਾ ਕਰਾਉਣਾ।
*-ਸੇਵਾ ਸਿੰਘ ਨੂਰਪੁਰੀ*

---

ਪੁਰਾਣੇ ਮੰਜੇ ਭਾਲ ਭੁਲ ਕੇ
ਜੋੜ ਕੇ ਦੋਨਾਂ ਬੰਨ ਖੜ੍ਹਾਏ।
ਲੰਮੀਆਂ ਪੂਛਾਂ ਵਾਲੇ ਸਪੀਕਰ
ਜੋੜ ਕੇ ਪਿੱਠਾਂ ਉਪਰ ਲਾਏ।
ਦੂਰ ਦੂਰ ਤੱਕ ਜਾਣ ਅਵਾਜ਼ਾਂ
ਮੁੜ ਬੀਤੇ ਵੇਲੇ ਯਾਦ ਕਰਾਏ।
*-ਜਗਮੀਤ ਸਿੰਘ ਪੰਧੇਰ।*

---

ਵਿਆਹਾਂ ਸ਼ਾਦੀਆਂ ਫੰਕਸ਼ਨਾਂ 'ਤੇ
ਢੋਲ ਢਮੱਕਾ,
ਮੰਜੇ ਜੋੜ ਸਪੀਕਰ ਲਾਉਣੇ
ਸਾਡਾ ਸੀ ਸੱਭਿਆਚਾਰ।

ਸ਼ੋਰ ਪ੍ਰਦੂਸ਼ਣ ਹੁਣ ਕਿਸੇ ਤੋਂ
ਝੱਲਿਆ ਨਾ ਜਾਵੇ,
ਪਹਿਲਾਂ ਕਦੀ ਕਦਾਈ ਹੁੰਦਾ
ਹੁਣ ਰੋਜ਼ ਹੋਣ ਖੁਆਰ।
ਖੁਸ਼ੀਆਂ ਦੇ ਸਸਤੇ ਸਾਧਨ
ਘਰ ਘਰ ਪਹੁੰਚੇ,
ਪੁਰਾਣਾ ਸਿਸਟਮ
ਲੱਗਦਾ ਕੂੜ ਕਬਾੜ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾਂ (ਪਟਿਆਲਾ)*
*ਫੋਨ: 8878469639*

---

ਦੋ ਮੰਜੀਆਂ ਨੂੰ ਜੋੜ
ਸਪੀਕਰ ਲਾ ਲਏ ਮੁੰਡਿਆਂ ਨੇ।
ਯਮਲੇ ਜੱਟ ਦੇ ਵਿਚ ਰਕਾਟ
ਚਲਾ ਲਏ ਮੁੰਡਿਆਂ ਨੇ।
ਲੋਕੀ ਚਾਹੇ ਕੁਝ ਵੀ ਬੋਲਣ।
ਪਰ ਅੱਜ ਤਾਂ ਮਨ ਪਰਚਾਲੇ ਮੁੰਡਿਆਂ ਨੇ।
*-ਹਰਜਿੰਦਰ ਸਿੰਘ ਸਿੱਧੂ ਕਲਿਆਣ*
*ਫੋਨ: 96538-96528*

---

ਗਮੀ ਹੋਵੇ ਜਾਂ ਹੋਵੇ ਸ਼ਾਦੀ,
ਮੰਜੇ ਜੋੜ ਸਪੀਕਰ ਵਜਦੇ ਸੀ।
ਵਿਆਹ ਮੰਗਣੇ ਤੇ ਖੁਸ਼ੀਆਂ ਦੇ ਪਲ,
ਨਾਲ ਵਾਜਿਆਂ ਦੇ ਸਜਦੇ ਸੀ।
ਲੋਕ ਗੀਤ ਇਤਿਹਾਸਕ ਕਲੀਆਂ,
ਨਾਲ ਸਮੇਂ ਦੇ ਗਾਇਬ ਹੋ ਗਏ।
ਲੱਚਰਪੁਣੇ ਨੇ ਧਾਕ ਜਮਾ ਲਈ,
ਹਰ ਥਾਂ ਡੀ.ਜੇ. ਕਾਇਮ ਹੋ ਗਏ।
*-ਗੁਰਦੇਵ ਸਿੰਘ ਢਪਾਲੀ*
*ਫੋਨ: 94176-49275*

## ਫੁੱਲ ਦੀ ਕਿਸਮਤ

ਹੱਥ ਤੁਸੀਂ ਜਦ ਫੁੱਲ ਦੇ ਨਾਲ
ਛੁਹਾਇਆ ਹੋਵੇਗਾ।
ਮੇਰੇ ਵਾਂਗੂੰ ਫੁੱਲ ਉਦੋਂ
ਨਸ਼ਿਆਇਆ ਹੋਵੇਗਾ।
ਹੋਵੇਗਾ ਕੋਈ ਭੌਰਾ ਜੋ
ਮੰਡਰਾਉਂਦਾ ਫੁੱਲਾਂ 'ਤੇ,
ਉਸਨੇ ਗੀਤ ਅਲਹਿਦਾ ਕੋਈ
ਗਾਇਆ ਹੋਵੇਗਾ।
ਮਹਿਕ ਤੁਹਾਡੀ ਤੇ ਫੁੱਲਾਂ ਦੀ
ਮਿਲ ਕੇ ਦੋਵਾਂ ਨੇ,
ਪੌਣ ਰੁਮਕਦੀ ਨੂੰ
ਡਾਢਾ ਮਹਿਕਾਇਆ ਹੋਵੇਗਾ।
ਖ਼ੂਬਸੂਰਤੀ ਫੁੱਲਾਂ ਦੀ ਵਡਿਆਉਂਦੇ ਨੇ ਸਾਰੇ,
ਵੇਖ ਸੁਹੱਪਣ ਤੇਰਾ
ਫੁੱਲ ਸ਼ਰਮਾਇਆ ਹੋਵੇਗਾ।
ਖੁਸ਼ਕਿਸਮਤ ਹੋਵੇਗਾ
ਜਿਹੜੇ ਫੁੱਲ ਨੂੰ ਛੂਹਿਆ ਤੂੰ,
ਬਾਕੀ ਦੇ ਸਭ ਫੁੱਲਾਂ ਨੂੰ
ਤੜਪਾਇਆ ਹੋਵੇਗਾ।
ਚੱਲੋ ਸਾਡੇ ਇੱਕ ਸਾਥੀ ਦੀ ਤਾਂ
ਕਿਸਮਤ ਜਾਗੀ ਏ,
ਏਨਾ ਕਹਿ ਫੁੱਲਾਂ ਨੇ
ਸ਼ੁਕਰ ਮਨਾਇਆ ਹੋਵੇਗਾ।
*-ਜਸਪਾਲ ਸਿੰਘ ਨਾਗਰਾ*
*ਫੋਨ: +13604481989*

# ਸਿੱਖੀ ਅਤੇ ਕਮਿਊਨਿਜ਼ਮ ਦੀ ਸਾਂਝ

***ਜਲੰਧਰ ਵੱਸਦੇ ਵਿਦਵਾਨ ਗੁਰਬਚਨ ਸਿੰਘ ਗਾਹੇ-ਬਗਾਹੇ ਸਿੱਖੀ ਅਤੇ ਕਮਿਊਨਿਜ਼ਮ ਨਾਲ ਜੁੜੇ ਵੱਖ-ਵੱਖ ਪੱਖਾਂ ਬਾਰੇ ਆਪਣੇ ਖਾਸ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ। ਇਸ ਲੇਖ ਵਿਚ ਉਨ੍ਹਾਂ ਸਿੱਖੀ ਅਤੇ ਕਮਿਊਨਿਜ਼ਮ ਵਿਚਕਾਰ ਸਾਂਝ ਬਾਰੇ ਗੱਲਾਂ ਕੀਤੀਆਂ ਹਨ। ਇਸ ਸਾਂਝ ਵਿਚ ਪਈਆਂ ਦੂਰੀਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਕੀਤਾ ਹੈ।***

ਪੰਜਾਬ ਅੰਦਰ ਪਿਛਲੇ ਸਮੇਂ ਦੌਰਾਨ ਨਾਸਤਿਕ ਕਮਿਊਨਿਸਟਾਂ ਵਲੋਂ ਨਿਭਾਏ ਗਏ ਸਿੱਖੀ ਵਿਰੋਧੀ ਰੋਲ ਕਾਰਨ ਸਿੱਖਾਂ ਅਤੇ ਕਮਿਊਨਿਸਟਾਂ ਵਿਚਕਾਰ ਬਹੁਤ ਦੂਰੀ ਬਣੀ ਹੋਈ ਹੈ। ਕਿਸਾਨ ਅੰਦੋਲਨ ਦੌਰਾਨ ਇਹ ਦੂਰੀ ਖਤਮ ਕਰਨ ਦੇ ਬਹੁਤ ਯਤਨ ਹੋਏ ਪਰ ਇਹ ਯਤਨ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ। ਜੂਨ 1984 ਤੋਂ ਲੈ ਕੇ ਹੁਣ ਤਕ ਸਰਕਾਰੀ ਨੌਕਰਸ਼ਾਹੀ ਦਾ ਪੂਰਾ ਟਿੱਲ ਲੱਗਾ ਹੋਇਆ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਵਿਚਕਾਰ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਬਣਨ ਦਿੱਤੀ ਜਾਵੇ। ਇਸ ਦਾ ਕਾਰਨ ਬੜਾ ਸਪੱਸ਼ਟ ਹੈ ਕਿ ਜਿਸ ਦਿਨ ਆਗੂ ਰਹਿਤ ਸਿੱਖ



**ਗੁਰਬਚਨ ਸਿੰਘ**
**ਫੋਨ: +91-98156-98451**

ਜਜ਼ਬੇ ਅਤੇ ਗਰੀਬ ਪੱਖੀ ਕਮਿਊਨਿਸਟ ਰਾਜਨੀਤੀ ਦਾ ਸੁਮੇਲ ਹੋ ਗਿਆ, ਪੰਜਾਬ ਅੰਦਰ ਗੁਰੂ ਸਾਹਿਬ ਵਲੋਂ ਬਖਸ਼ਿਆ 'ਗਰੀਬ ਦੀ ਰੱਖਿਆ, ਜਰਵਾਣੇ ਦੀ ਭਖਿਆ' ਦਾ ਨਾਹਰਾ ਲੱਗ ਗਿਆ, 'ਕਿਰਤ ਕਰੋ-ਵੰਡ ਛਕੋ-ਨਾਮ ਜਪੋ' ਦਾ ਆਤਮਿਕ ਤੱਤ ਲੋਕਾਂ ਨੂੰ ਸਮਝ ਆ ਗਿਆ, ਉਸੇ ਦਿਨ ਪੰਜਾਬ ਅੰਦਰੋਂ ਰਾਜਨੀਤਕ ਠੱਗਾਂ ਦੀ ਸਫ ਵਲ੍ਹੇਟੀ ਜਾਵੇਗੀ। ਇਸ ਲਈ ਹਰੇਕ ਹਰਬਾ ਵਰਤ ਕੇ ਇਸ ਸਾਂਝ ਨੂੰ ਬਣਨ ਤੋਂ ਰੋਕਿਆ ਜਾਂਦਾ ਰਿਹਾ ਹੈ ਅਤੇ ਰੋਕਿਆ ਜਾ ਰਿਹਾ ਹੈ।

ਯਕੀਨਨ 'ਸਿੱਖੀ' ਅਤੇ 'ਕਮਿਊਨਿਜ਼ਮ' ਦੀ ਰੂਪ ਦੀ ਨਹੀਂ ਬਲਕਿ ਤੱਤ ਦੀ ਸਾਂਝ ਹੈ। ਸਿਰਦਾਰ ਕਪੂਰ ਸਿੰਘ ਨੇ ਆਪਣੀ ਇਕ ਲਿਖਤ 'ਸਿੱਖੀ ਅਤੇ ਕਮਿਊਨਿਜ਼ਮ' ਵਿਚ ਕਮਿਊਨਿਸਟ ਲਹਿਰ ਦੇ ਮੁਢਲੇ ਦੌਰ ਵਿਚ ਹੀ ਸਿੱਖਾਂ ਦੇ ਇਸ ਵੱਲ ਖਿੱਚੇ ਜਾਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, "ਕੁਝ ਵਿਦਵਾਨ ਸੋਚਦੇ ਹਨ ਕਿ ਇਹ ਇਕ ਇਤਫਾਕ ਹੈ, ਜਦੋਂ ਕਿ ਕੁਝ ਵਿਦਵਾਨ ਮੰਨਦੇ ਹਨ ਕਿ ਮੌਲਿਕ ਸਿੱਖ ਪ੍ਰੇਰਨਾ ਅਤੇ ਕਮਿਊਨਿਜ਼ਮ ਵਿਚਕਾਰ ਇਕ ਆਮ ਸਾਂਝ ਹੈ। ਸਿੱਖ ਕਮਿਊਨਿਸਟਾਂ ਦਾ ਇਕ ਵੱਡਾ ਹਿੱਸਾ ਇਹ ਮੰਨਦਾ ਹੈ ਕਿ ਕਮਿਊਨਿਜ਼ਮ ਹੋਰ ਕੁਝ ਨਹੀਂ ਸਗੋਂ ਇਹ ਸਿੱਖ ਫਲਸਫੇ ਦੀ ਵਿਆਖਿਆ ਅਤੇ ਵਿਸਥਾਰ ਹੈ।"

ਜਗਤ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਆਰਨੌਲਡ ਟਾਇਨਬੀ ਦੇ ਹਵਾਲੇ ਨਾਲ ਉਹ ਲਿਖਦੇ ਹਨ, "ਲੈਨਿਨ ਦੀ ਸਰਬ ਰੂਸੀ ਕਮਿਊਨਿਸਟ ਪਾਰਟੀ ਕੋਈ ਅਜਿਹੀ ਨਹੀਂ ਸੀ, ਜਿਸ ਦੀ ਪਹਿਲਾਂ ਕਿਤੇ ਮਿਸਾਲ ਨਹੀਂ ਸੀ। ਇਸ ਲਈ ਇਸਲਾਮੀ ਇਤਿਹਾਸ ਵਿਚ ਓਟੋਮੈਨ ਪਾਦਸ਼ਾਹ ਦੇ ਪਰਿਵਾਰਕ ਗ਼ੁਲਾਮਾਂ, ਸਫ਼ਾਵੀ ਸ਼ਰਧਾਲੂ ਕਿਜ਼ੀਬਾਸ਼ ਭਾਈਚਾਰੇ ਅਤੇ ਮੁਗਲ ਹਕੂਮਤ ਵਿਰੁੱਧ ਆਪਣੇ ਹੀ ਹਥਿਆਰਾਂ ਨਾਲ ਲੜਨ ਦਾ ਫੈਸਲਾ ਕਰਨ ਵਾਲਾ ਸਿੱਖ ਖ਼ਾਲਸਾ ਵੇਖੇ ਜਾ ਸਕਦੇ ਹਨ। ਇਨ੍ਹਾਂ ਇਸਲਾਮੀ ਅਤੇ ਹਿੰਦੂ ਭਾਈਚਾਰਿਆਂ ਵਿਚੋਂ ਰੂਸੀ ਕਮਿਊਨਿਸਟ ਪਾਰਟੀ ਦੇ ਲੱਛਣ ਪਹਿਲਾਂ ਹੀ ਵੇਖੇ ਜਾ ਸਕਦੇ ਹਨ।"

ਸਿਰਦਾਰ ਕਪੂਰ ਸਿੰਘ ਇਸ ਚਰਚਾ ਵਿਚੋਂ ਪ੍ਰਗਟ ਹੁੰਦੇ ਤਿੰਨ ਸਵਾਲਾਂ ਨੂੰ ਸੰਬੋਧਨ ਹੁੰਦੇ ਹਨ:

1. ਕੀ ਇਨ੍ਹਾਂ ਇਸਲਾਮੀ ਭਾਈਚਾਰਿਆਂ ਦੇ ਓਹੀ ਲੱਛਣ ਸਨ, ਜਿਹੜੇ ਖਾਲਸਾ ਜਥੇਬੰਦੀ ਦੇ ਸਨ?

2. ਕੀ ਖਾਲਸਾ ਪੰਥ ਦੀ ਸਰਬ-ਰੂਸੀ ਕਮਿਊਨਿਸਟ ਪਾਰਟੀ ਨਾਲ ਖਸਲਤ ਦੀ ਸਾਂਝ ਸੀ?

3. ਕੀ ਕਮਿਊਨਿਜ਼ਮ ਦੀ ਸਿੱਖੀ ਨਾਲ ਸਮਾਨਤਾ ਹੈ?

ਸਿਰਦਾਰ ਕਪੂਰ ਸਿੰਘ ਇਸਲਾਮ ਦੇ ਇਤਿਹਾਸ ਵਿਚੋਂ ਠੋਸ ਹਵਾਲੇ ਦੇ ਕੇ ਦੱਸਦੇ ਹਨ ਕਿ ਇਨ੍ਹਾਂ ਇਸਲਾਮੀ ਭਾਈਚਾਰਿਆਂ ਨੂੰ "ਰੂਸੀ ਕਮਿਊਨਿਸਟ ਪਾਰਟੀ ਦਾ ਮਾਡਲ ਸਮਝਣਾ ਪੂਰੀ ਤਰ੍ਹਾਂ ਗਲਤ ਹੈ।"

ਬੇਸ਼ੱਕ "ਖ਼ਾਲਸਾ ਪੰਥ ਦਾ ਜਨਮ ਕੋਈ ਇਤਫਾਕੀਆ ਘਟਨਾ ਨਹੀਂ ਸੀ, ਜਿਵੇਂ ਕਿ ਕਈ ਵਾਰ ਸਮਝਿਆ ਜਾਂਦਾ ਹੈ। ਖ਼ਾਲਸੇ ਦੇ ਨਿਸ਼ਾਨੇ ਅਤੇ ਖਸਲਤ ਬਾਰੇ ਇਹ ਬੁਨਿਆਦੀ ਗਲਤੀ ਨਾ ਸਿਰਫ਼ ਟਾਇਨਬੀ ਦੀ ਪੱਧਰ ਦੇ ਵਿਦਵਾਨਾਂ ਨੂੰ ਗਲਤ ਰਾਹੇ ਪਾ ਦੇਂਦੀ ਹੈ, ਸਗੋਂ ਇਸ ਨੇ ਸਿੱਖ ਇਤਿਹਾਸਕ ਪ੍ਰੇਰਨਾ ਦੇ ਨਾਲ-ਨਾਲ ਹੋਰਨਾਂ ਹਿੰਦੋਸਤਾਨੀਆਂ ਦੇ ਸਿੱਖੀ ਪ੍ਰਤੀ ਵਿਹਾਰ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ। ਸਿੱਖ ਪੰਥ ਬਾਰੇ ਸਹੀ ਦ੍ਰਿਸ਼ਟੀ ਤੇ ਮੌਲਿਕ ਦਸਤਾਵੇਜ਼ਾਂ ਦੀ ਘਾਟ ਕਾਰਨ ਇਹ ਅਸਲੋਂ ਹੀ ਝੂਠਾ ਪ੍ਰਭਾਵ ਪੈਦਾ ਕੀਤਾ ਗਿਆ ਅਤੇ ਫਿਰ ਦ੍ਰਿੜ ਕਰ ਦਿੱਤਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੁਝ ਇਤਿਹਾਸਕ ਇਤਫਾਕੀਆ ਕਾਰਨਾਂ, ਜਿਵੇਂ ਕਿ ਮੁਗਲ ਹਾਕਮਾਂ ਨਾਲ ਲੜਨ ਨੂੰ ਮੁੱਖ ਰੱਖ ਕੇ ਕੀਤੀ ਸੀ। ਜਿਸ ਅਸਲੀਅਤ ਨੂੰ ਦ੍ਰਿੜ੍ਹਾਉਣ ਅਤੇ ਪ੍ਰਚਾਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਏਨਾ ਜ਼ੋਰ ਦਿੱਤਾ, ਉਸ ਨੂੰ ਲਗਭਗ ਭੁਲਾ ਹੀ ਦਿੱਤਾ ਗਿਆ ਤੇ ਇੱਥੋਂ ਤਕ ਕਿ ਖੁਦ ਸਿੱਖਾਂ ਨੇ ਵੀ ਉਸ ਨੂੰ ਵਿਸਾਰ ਦਿੱਤਾ" ਕਿ "ਉਹ ਕੁਝ ਵੀ ਨਵਾਂ ਨਹੀਂ ਕਰ ਰਹੇ, ਜਿਹੜਾ ਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦਾ ਸੁਭਾਵਿਕ ਨਿਕਲਦਾ ਤਰਕਸੰਗਤ ਸਿੱਟਾ ਨਹੀਂ।"

ਸਿਰਦਾਰ ਸਾਹਿਬ ਲਿਖਦੇ ਹਨ, "ਖਾਲਸਾ ਜਥੇਬੰਦੀ ਹਰੇਕ ਕਿਸਮ ਦੇ ਭੂਗੋਲਿਕ, ਨਸਲੀ ਅਤੇ ਲਿੰਗਕ ਭਿੰਨ-ਭੇਦ ਤੋਂ ਉਪਰ ਉਠ ਕੇ ਮਨੁੱਖੀ ਭਾਈਚਾਰੇ ਦੇ ਇਕ ਆਲਮੀ ਸਮਾਜ ਸਿਰਜਣ ਦੇ ਨਿਸ਼ਾਨੇ ਅਤੇ ਵਿਚਾਰਧਾਰਾ ਦੇ ਅਧਾਰ ਉਤੇ ਸੁਭਾਅ ਅਤੇ ਵਿਹਾਰ ਪਖੋਂ ਦ੍ਰਿੜ੍ਹ ਮਾਨਸਿੱਖਤਾ ਅਤੇ ਕਿਰਦਾਰ ਦੀਆਂ ਖਾਸੀਅਤਾਂ ਨੂੰ ਮੁੱਖ ਰੱਖ ਕੇ ਚੁਣੇ ਹੋਏ ਮਰਜੀਵੜੇ ਮੈਂਬਰਾਂ ਦੀ ਇਕ ਪਾਰਟੀ ਹੈ। ਇਸੇ ਮੰਤਵ ਲਈ ਖਾਲਸਾ ਪੰਥ ਰਾਜਸੀ ਸ਼ਕਤੀ ਹਾਸਲ ਕਰਨੀ ਚਾਹੁੰਦਾ ਹੈ। ਸਿੱਖ ਸਿਧਾਂਤ ਦੇ ਮੌਲਿਕ ਸੋਮੇ ਅਤੇ ਉਨ੍ਹਾਂ ਦੀ ਸਹੀ ਸਮਝ ਇਸ ਮਸਲੇ ਬਾਰੇ ਕੋਈ ਸ਼ੱਕ ਨਹੀਂ ਰਹਿਣ ਦੇਂਦੀ। ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ 'ਜਪੁ' ਵਿਚ ਇਹ ਬਿਲਕੁਲ ਸਪਸ਼ਟ ਹੈ।"

... "ਇਕ ਵਾਰ ਜੇ ਮਸਲੇ ਨੂੰ ਇਸ ਤਰ੍ਹਾਂ ਸਮਝ ਲਿਆ ਜਾਵੇ ਤਾਂ ਸਪਸ਼ਟ ਹੋ ਜਾਵੇਗਾ ਕਿ ਜਿਥੋਂ ਤਕ ਦੋਵਾਂ ਪਾਰਟੀਆਂ ਦੀ ਖਾਸੀਅਤ ਦਾ ਸੰਬੰਧ ਹੈ, ਲੈਨਿਨ ਦੀ ਕਮਿਊਨਿਸਟ ਪਾਰਟੀ ਲਈ ਖਾਲਸਾ ਜਥੇਬੰਦੀ ਹੀ ਸਿਰਫ ਇਕੋ-ਇਕ ਅਤੇ ਅਸਲੀ ਮਾਡਲ ਹੈ। ਲੈਨਿਨ ਦੀ ਇਹ ਧਾਰਨਾ ਗਲਤ ਸੀ ਕਿ ਮਨੁਖੀ ਸਮਾਜਾਂ ਦੇ ਇਤਿਹਾਸ ਵਿਚ ਉਸ ਦੀ ਪਾਰਟੀ ਇਕ ਨਿਵੇਕਲਾ ਵਰਤਾਰਾ ਹੈ।"

ਸਿਰਦਾਰ ਕਪੂਰ ਸਿੰਘ ਅੱਗੇ ਲਿਖਦੇ ਹਨ, "19ਵੀਂ ਸਦੀ ਦੇ ਅਧ ਵਿਚ ਜਦੋਂ ਖਾਲਸਾ ਪੰਥ ਨੇ ਯੂਰਪੀਨ ਮਾਅਰਕੇਬਾਜ਼ੀ ਤੇ ਨੀਵੇਂ ਪਧਰ ਦੀ ਕੂਟਨੀਤੀ ਹਥੋਂ ਆਪਣੀ ਆਜ਼ਾਦੀ ਗੁਆਈ, ਤਾਂ ਸਿੱਖ ਮਨਾਂ ਵਿਚ ਗਹਿਰੀ ਬੇਅਰਾਮੀ ਅਤੇ ਨਿਰਾਸ਼ਾ ਦਾ ਪਸਰਣਾ ਕੁਦਰਤੀ ਸੀ। ਸਿੱਖਾਂ ਦੀ ਅੰਗਰੇਜ਼ਾਂ ਹਥੋਂ ਹੋਈ ਰਾਜਸੀ ਬਰਬਾਦੀ ਦਾ ਕਾਰਨ, ਉਨ੍ਹਾਂ ਦੀ ਜੰਗ ਦੇ ਮੈਦਾਨ ਵਿਚ ਹੋਈ ਹਾਰ ਨਹੀਂ ਸੀ ਬਲਕਿ ਰਾਜਸੀ ਛਲਕਪਟ ਸੀ।"

1832 ਵਿਚ ਜਦੋਂ ਡਾ. ਵੋਲਫ ਲਾਹੌਰ ਆਇਆ ਤਾਂ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ ਸੀ, "ਤੁਸੀਂ ਕਹਿੰਦੇ ਹੋ ਕਿ ਤੁਸੀਂ ਧਰਮ ਦੇ ਪ੍ਰਚਾਰ ਦੀ ਖਾਤਰ ਇੱਥੇ ਆਏ ਹੋ, ਤਾਂ ਤੁਸੀਂ ਇਸ ਦਾ ਪ੍ਰਚਾਰ ਹਿੰਦੋਸਤਾਨ ਵਿਚ ਆਏ ਆਪਣੇ ਅੰਗਰੇਜ਼ਾਂ ਵਿਚ ਕਿਉਂ ਨਹੀਂ ਕਰਦੇ?" ... ਡਾ. ਵੋਲਫ ਨੇ ਜਦੋਂ ਇਹੀ ਸੁਆਲ ਸ਼ਿਮਲੇ ਵਿਚ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਨੂੰ ਪੁੱਛਿਆ ਤਾਂ ਉਸ ਦਾ ਮੰਨਣਾ ਸੀ, "ਅਫਸੋਸ! ਸਾਰੇ ਹੀ ਦੇਸਵਾਸੀਆਂ ਦੀ ਸਾਡੇ ਬਾਰੇ ਇਹੀ ਰਾਇ ਹੈ।"

ਯੂਰਪੀਨ ਰਾਜਸੀ ਕਿਰਦਾਰ ਬਾਰੇ ਏਨੀ ਡੂੰਘੀ ਸਮਝ ਰੱਖਣ ਦੇ ਬਾਵਜੂਦ ਸਿੱਖ ਗੁਲਾਮ ਹੋਣੋਂ ਨਾ ਬਚ ਸਕੇ। ਬਾਕੀ ਦਾ ਹਿੰਦੋਸਤਾਨ ਪਹਿਲਾਂ ਹੀ ਗੁਲਾਮ ਹੋ ਚੁੱਕਾ ਸੀ ਪਰ ਸਿੱਖ ਆਪਣੀ ਪ੍ਰਭੂਸੱਤਾ ਦੇ ਗੁਆਚ ਜਾਣ ਬਾਰੇ ਆਪਣੇ ਮਨ ਦੀ ਧੁਰ ਗਹਿਰਾਈ ਵਿਚ ਕਦੀ ਵੀ ਸਮਝੌਤਾ ਨਾ ਕਰ ਸਕੇ। ਆਪਣੀ ਇਸੇ ਭਾਵਨਾ ਕਾਰਨ ਹੀ "20ਵੀਂ



ਸਦੀ ਦੇ ਆਰੰਭ ਵਿਚ ਅਮਰੀਕਾ ਦੇ ਕੁਝ ਪ੍ਰਵਾਸੀ ਸਿੱਖਾਂ ਨੇ ਪ੍ਰਸਿੱਧ ਗ਼ਦਰ ਪਾਰਟੀ ਭਾਵ ਗੁਲਾਮੀ ਵਿਰੁੱਧ ਬਗਾਵਤ ਦੀ ਪਾਰਟੀ ਕਾਇਮ ਕੀਤੀ ਅਤੇ ਪਹਿਲੀ ਸੰਸਾਰ ਜੰਗ ਦੇ ਖਤਮ ਹੁੰਦੇ ਹੀ ਉਨ੍ਹਾਂ ਵਿਚੋਂ ਅਨੇਕ ਸਿੱਖ ਦੇਸ ਨੂੰ ਬਰਤਾਨਵੀ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਦੇ ਮੰਤਵ ਨਾਲ ਹਿੰਦੋਸਤਾਨ ਆ ਗਏ। ਇਹ ਕੋਸ਼ਿਸ਼ ਅਸਫਲ ਹੋ ਗਈ ਤੇ ਇਨ੍ਹਾਂ ਵਿਚੋਂ ਬਹੁਤੇ ਇਨਕਲਾਬੀ ਫਾਂਸੀਆਂ ਉਤੇ ਚੜ੍ਹ ਗਏ ਜਾਂ ਜੇਲ੍ਹਾਂ ਦਾ ਨਰਕ ਭੋਗਦੇ ਲਿਖਦੇ ਰਹੇ : 'ਖਾਲਸਾ ਮਨੁਖਤਾ ਦੀ ਹੋਣੀ ਦਾ ਰਹਿਨੁਮਾ ਹੋਵੇਗਾ ਅਤੇ ਅਖੀਰ ਉਤੇ ਕੋਈ ਵਿਰੋਧੀ ਧੜਾ ਨਹੀਂ ਰਹੇਗਾ। ਮੁਢਲੀ ਕੌੜੀ ਨਿਰਾਸ਼ਾ ਤੋਂ ਬਾਦ ਸਾਰੇ ਮਹਿਸੂਸ ਕਰਨਗੇ ਕਿ ਖਾਲਸਾ ਜਿਸ ਜੀਵਨ ਜਾਚ ਨੂੰ ਬੁਲੰਦ ਕਰਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਇਹ ਤਹਿਸ਼ੁਦਾ ਹੈ ਕਿ ਗੁਰੂ ਦੀ ਫੌਜ ਹਿੰਦੋਸਤਾਨ ਉਤੇ ਕਾਬਜ਼ ਹੋਵੇਗੀ ਅਤੇ ਦੇਸ ਦੀ ਭਲਾਈ ਯਕੀਨੀ ਬਣਾਏਗੀ। ਫਿਰ ਹੀ ਮਨੁਖਤਾ ਦੀ ਖੁਸ਼ਹਾਲੀ ਅਤੇ ਅਮਨ ਦਾ ਨਵਾਂ ਦੌਰ ਸ਼ੁਰੂ ਹੋਵੇਗਾ।"

ਸਿਰਦਾਰ ਕਪੂਰ ਸਿੰਘ ਦੀ ਲਿਖਤ ਅਨੁਸਾਰ, "ਇਨ੍ਹਾਂ ਵਿਚੋਂ ਬਚੇ ਹੋਏ ਸਿੱਖ ਇਨਕਲਾਬੀ ਹੀ ਸਿੱਖ ਕਮਿਊਨਿਸਟਾਂ ਦੇ ਗਰੁੱਪ ਦਾ ਧੁਰਾ ਬਣੇ। 20ਵੀਂ ਸਦੀ ਦੇ ਵੀਹਵਿਆਂ ਦੇ ਆਰੰਭ ਵਿਚ ਭਾਰਤ ਨੂੰ ਬਿਦੇਸੀ ਗੁਲਾਮੀ ਦੇ ਜੂਲੇ ਵਿਚੋਂ ਅਜ਼ਾਦ ਕਰਵਾਉਣ ਦੇ ਦ੍ਰਿੜ੍ਹ ਇਰਾਦੇ ਨਾਲ, ਬਿਦੇਸੀ ਸਹਾਇਤਾ ਅਤੇ ਮਦਦ ਲੈਣ ਦੇ ਨਿਸ਼ਾਨੇ ਨੂੰ ਮੁੱਖ ਰਖ ਕੇ, ਇਨ੍ਹਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਨਾਲ ਸੰਬੰਧ ਬਣਾਏ। ਉਦੋਂ ਭਾਰਤ ਦੇ ਬਾਹਰ ਸਿਰਫ ਕਮਿਊਨਿਸਟ ਇੰਟਰਨੈਸ਼ਨਲ ਹੀ ਇਕ ਅਜਿਹੀ ਜਥੇਬੰਦੀ ਸੀ, ਜਿਹੜੀ ਇਹ ਮਦਦ ਦੇਣ ਲਈ ਫੌਰੀ ਤਿਆਰ ਹੋ ਗਈ। ਇਸ ਨੇ ਕੁਝ ਬਹੁਤ ਦ੍ਰਿੜ੍ਹ ਅਤੇ ਸੁਹਿਰਦ ਪਰ ਜ਼ਰੂਰੀ ਨਹੀਂ ਰਾਜਸੀ ਤੌਰ ਉਤੇ ਸਿਆਣੇ ਸਿੱਖਾਂ ਨੂੰ ਰੂਸੀ ਕਮਿਊਨਿਸਟ ਪਾਰਟੀ ਦੇ ਪ੍ਰਭਾਵ ਤੇ ਜ਼ਾਬਤੇ ਥੱਲੇ ਲੈ ਆਂਦਾ ਅਤੇ ਇਸ ਤਰ੍ਹਾਂ ਕਾਇਮ ਹੋਇਆ ਰਿਸ਼ਤਾ ਸਥਾਈ ਬਣ ਗਿਆ।"

...."ਸਿੱਖਾਂ ਦੇ ਇਸ ਤਬਕੇ ਉਤੇ ਕਮਿਊਨਿਸਟ ਵਿਚਾਰਧਾਰਾ ਦੀ ਪਕੜ ਦਾ ਜਜ਼ਬਾਤੀ ਕਾਰਨ ਦੋ ਪੱਖੀ ਹੈ। ਖਾਲਸਾ ਜਥੇਬੰਦੀ ਤੇ ਲੈਨਿਨ ਦੀ ਰੂਸੀ ਕਮਿਊਨਿਸਟ ਪਾਰਟੀ ਦੀ ਸਮਾਨਤਾ ਤੇ ਕਮਿਊਨਿਸਟ ਪਾਰਟੀ ਦੇ ਕਾਰਕੁੰਨਾਂ ਤੋਂ ਕੁਰਬਾਨੀ ਤੇ ਸਮਰਪਣ ਦੀ ਭਾਵਨਾ ਦੀ ਮੰਗ ਕੁਦਰਤੀ ਤੌਰ ਉਤੇ ਇਕ ਸਿੱਖ ਵਾਸਤੇ ਖਿਚ ਰਖਦੀ ਹੈ। ਕਿਉਂਕਿ ਇਹੀ ਭਾਵਨਾ ਉਸ ਨੂੰ ਸਿੱਖ ਸਿਧਾਂਤਾਂ ਅਤੇ ਗੁਰੂ ਗੋਬਿੰਦ ਸਿੰਘ ਵਲੋਂ ਖਾਲਸਾ ਪੰਥ ਦੀ ਸਾਜਨਾ ਵੇਲੇ ਆਪਣੇ ਸਾਥੀਆਂ ਦੀ ਸੇਵਾ ਵਾਸਤੇ ਤਿਆਗ ਦੀ ਦ੍ਰਿੜ੍ਹਾਈ ਗਈ ਪ੍ਰੇਰਨਾ ਨੂੰ ਪੂਰਾ ਕਰਨ ਦੇ ਮੌਕੇ ਦੇਂਦੀ ਹੈ। ਕਮਿਊਨਿਸਟ ਪਾਰਟੀ ਦੇ ਵਫਾਦਾਰ ਤੇ ਸਮਰਪਿਤ ਮੈਂਬਰ ਦੇ ਤੌਰ ਉਤੇ ਕੰਮ ਕਰਕੇ ਸਿੱਖਾਂ ਦੇ ਇਸ ਵਰਗ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਸਿੱਖੀ ਨੂੰ ਪਿਆਰ ਕਰ ਰਿਹਾ ਹੈ ਤੇ ਗੁਰੂ ਗੋਬਿੰਦ ਸਿੰਘ ਵਾਂਗ ਹੀ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਅਮਲ ਵਿਚ ਲਾਗੂ ਕਰ ਰਿਹਾ ਹੈ।"... "ਉਨ੍ਹਾਂ ਦੀ ਪਾਰਟੀ ਪ੍ਰਤੀ ਯਕੀਨੀ ਵਫਾਦਾਰੀ ਅਤੇ ਖਿਚ ਦਾ ਕਾਰਨ, ਉਨ੍ਹਾਂ ਦੀ ਇਹ ਸੋਚ ਸੀ ਕਿ ਇਸ ਦੇ ਪਿਛੋਕੜ ਵਿਚ ਬੁਨਿਆਦੀ ਕਾਰਨ ਇਨਸਾਨੀਅਤ ਹੈ। ਦਬੇ-ਕੁਚਲੇ, ਪਛੜਿਆਂ ਤੇ ਗਰੀਬਾਂ ਦੇ ਹਿਤਾਂ ਦੀ ਪੈਰੋਕਾਰੀ ਬੁਨਿਆਦੀ ਸਿੱਖ ਪ੍ਰੇਰਨਾ ਹੈ ਅਤੇ ਕਮਿਊਨਿਸਟ ਪਾਰਟੀ ਦੇ ਨਾਅਰੇ ਅਤੇ ਨਿਯਮ ਇਸ ਭਾਵਨਾ ਨੂੰ ਧਿਆਨ ਵਿਚ ਰਖ ਕੇ ਘੜੇ ਜਾਂਦੇ ਹਨ।"

'ਜੀਵਨੀ ਗਦਰੀ ਬਾਬਾ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ' ਸਿਰਦਾਰ ਕਪੂਰ ਸਿੰਘ ਦੀਆਂ ਇਨ੍ਹਾਂ ਸਾਰੀਆਂ ਧਾਰਨਾਵਾਂ ਦੀ ਪੁਸ਼ਟੀ ਕਰਦੀ ਹੈ। 'ਸਾਂਝੀਵਾਲਤਾ ਦਾ ਵਣਜਾਰਾ' ਦੇ ਨਾਂ ਹੇਠ ਸ੍ਰੀ ਚਰੰਜੀ ਲਾਲ ਕੰਗਣੀਵਾਲ ਵਲੋਂ ਗਦਰ ਲਹਿਰ ਦੇ ਦਸਤਾਵੇਜ਼ਾਂ ਤੇ ਹੋਰਨਾਂ ਥਾਵਾਂ ਤੋਂ ਇਕੱਠੇ ਕੀਤੇ ਗਏ ਤੱਥਾਂ ਦੇ ਹਵਾਲੇ ਨਾਲ ਸੰਪਾਦਤ ਕੀਤੀ ਗਈ ਇਸ ਕਿਤਾਬ ਨੇ ਗਦਰ ਲਹਿਰ ਬਾਰੇ ਬਹੁਤ ਸਾਰੇ ਨਵੇਂ ਪੱਖਾਂ ਨੂੰ ਪ੍ਰਗਟ ਕੀਤਾ ਹੈ। ਇਸ ਕਿਤਾਬ ਦੀ ਭੂਮਿਕਾ ਵਿਚ ਹੀ ਇਹ ਹਕੀਕਤ ਮੰਨ ਲਈ ਗਈ ਹੈ ਕਿ "ਸਿੱਖ ਇਤਿਹਾਸ ਦੇ ਅਮੀਰ ਗੁਣਾਂ ਨੂੰ ਆਪਣੇ ਸਮੇਂ ਮੁਤਾਬਿਕ ਅਜ਼ਾਦੀ ਲਹਿਰ ਦੀਆਂ ਬੁਨਿਆਦਾਂ ਪੱਕੀਆਂ ਕਰਨ ਵਾਸਤੇ ਪੂਰੀ ਯੋਗਤਾ ਨਾਲ ਅਮਲ ਵਿਚ ਲਿਆਉਣ ਲਈ ਊਧਮ ਸਿੰਘ ਕਸੇਲ ਦੀ ਉਘੀ ਭੂਮਿਕਾ ਹੈ। ਮਾਸਟਰ ਊਧਮ ਸਿੰਘ ਕਸੇਲ, ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਨੇ ਸਿੱਖ ਲਹਿਰ ਦੀਆਂ ਨਰੋਈਆਂ ਰਵਾਇਤਾਂ ਨੂੰ ਅੱਗੇ ਤੋਰਦਿਆਂ ਜਨਤਕ ਪ੍ਰਚਾਰ, ਜਨਤਕ ਲਾਮਬੰਦੀ, ਜਨਤਕ ਮਸਲੇ ਅਤੇ ਜਨਤਕ ਲਹਿਰ ਦੀ ਨੋਕ ਸਾਮਰਾਜੀ ਦਾਬੇ ਨੂੰ ਵਗਾਹ ਮਾਰਨ ਲਈ ਅਵਾਮ ਨੂੰ ਪ੍ਰੇਰਿਤ ਕਰਨ ਵੱਲ ਸੇਧਤ ਕੀਤੀ।"

ਬਹੁਗਿਣਤੀ ਗਦਰੀ ਬਾਬੇ ਨਾ ਸਿਰਫ ਪੂਰਨ ਗੁਰਸਿੱਖ ਸਨ ਸਗੋਂ ਸਿੱਖੀ ਜੀਵਨ ਜਾਚ ਵਿਚ ਵੀ ਪਰਪੱਕ ਸਨ। ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਸਿੱਖ ਇਤਿਹਾਸ ਸੀ ਅਤੇ ਉਨ੍ਹਾਂ ਦੀ ਸਾਂਝੀਵਾਲਤਾ ਦਾ ਆਧਾਰ ਗੁਰਮਤਿ ਸੀ। ਉਨ੍ਹਾਂ ਨੇ ਸਿੱਖ ਇਤਿਹਾਸ ਤੇ ਗੁਰਮਤਿ ਨੂੰ ਵੇਲੇ ਦੀਆਂ ਹਾਲਤਾਂ ਨਾਲ ਇਕਸੁਰ ਕਰਨ ਦੀ ਸਫਲ ਕੋਸ਼ਿਸ਼ ਕੀਤੀ।

'ਗਰੀਬ ਦੀ ਰੱਖਿਆ, ਜਰਵਾਣੇ ਦੀ ਭਖਿਆ' ਬੁਨਿਆਦੀ ਸਿੱਖ ਪ੍ਰੇਰਨਾ ਹੈ ਅਤੇ ਇਸ ਦੇ ਪਿਛੋਕੜ ਵਿਚ ਇਨਸਾਨੀਅਤ ਦਾ ਜਜ਼ਬਾ ਕੰਮ ਕਰਦਾ ਹੈ। ਆਪਣੇ ਇਸੇ ਜਜ਼ਬੇ ਕਾਰਨ ਜਦੋਂ 1917 ਵਿਚ ਰੂਸ ਅੰਦਰ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਕਿਰਤੀ ਇਨਕਲਾਬ ਆਇਆ ਅਤੇ ਦੁਨੀਆ ਭਰ ਵਿਚ ਇਸ ਦਾ ਪ੍ਰਚਾਰ ਹੋਇਆ ਕਿ ਹੁਣ ਰੂਸ ਦੀ ਤਰਜ਼ ਉਤੇ ਸਾਰੇ ਸੰਸਾਰ ਵਿਚ ਮਜ਼ਦੂਰਾਂ ਦੀ ਅਗਵਾਈ ਹੇਠ ਗਰੀਬਾਂ ਦਾ ਰਾਜ ਹੋਵੇਗਾ, ਤਾਂ ਗਦਰ ਪਾਰਟੀ ਦੇ ਅਖ਼ਬਾਰ ਵਲੋਂ 1917 ਦੇ "ਰੂਸੀ ਇਨਕਲਾਬ ਬਾਰੇ ਖ਼ਬਰਨਾਮਾ" ਦੇ ਨਾਂ ਹੇਠ 64 ਸਫਿਆਂ ਦਾ ਇਕ ਕਿਤਾਬਚਾ ਪੰਜਾਬੀ, ਉਰਦੂ ਤੇ ਹਿੰਦੀ ਵਿਚ ਛਾਪ ਕੇ ਸੰਸਾਰ ਭਰ ਵਿਚ ਮੁਫਤ ਵੰਡਿਆ ਗਿਆ। 28 ਮਾਰਚ 1917 ਦੀ ਹਿੰਦੁਸਤਾਨ ਗਦਰ ਪਾਰਟੀ ਦੀ ਅਖਬਾਰ ਦੀ ਮੋਟੀ ਸੁਰਖੀ ਸੀ 'ਰੂਸ ਅਜ਼ਾਦ ਹੋ ਗਿਆ!' ਤੇ ਅਖ਼ਬਾਰ ਦਾ ਸਾਰਾ ਅੰਕ ਰੂਸੀ ਇਨਕਲਾਬ ਨੂੰ ਸਮਰਪਿਤ ਸੀ। ਗਦਰ ਪਾਰਟੀ ਦੀ ਇਸੇ ਨੀਤੀ ਕਾਰਨ ਤੀਜੀ ਕਮਿਊਨਿਸਟ ਇੰਟਰਨੈਸ਼ਨਲ ਨੇ ਅਮਰੀਕਾ ਦੀ ਕਮਿਊਨਿਸਟ ਪਾਰਟੀ ਨੂੰ ਹਦਾਇਤ ਕੀਤੀ ਕਿ ਉਹ ਹਿੰਦੁਸਤਾਨ ਦੀ ਗਦਰ ਪਾਰਟੀ ਨਾਲ ਸੰਬੰਧ ਸਥਾਪਤ ਕਰੇ।

ਇੱਥੇ ਸੁਆਲ ਪੈਦਾ ਹੋ ਸਕਦਾ ਹੈ ਕਿ ਸਾਂਝੇ ਪ੍ਰੇਰਨਾ ਸ੍ਰੋਤਾਂ ਦੇ ਬਾਵਜੂਦ ਇਹ ਗੱਠਜੋੜ ਟੁੱਟ ਕਿਉਂ ਗਿਆ? ਸਿੱਖੀ ਅਤੇ ਕਮਿਊਨਿਜ਼ਮ ਦੀ ਇਹ ਸਾਂਝ ਖਤਮ ਹੁੰਦੀ ਹੁੰਦੀ ਇਕ-ਦੂਜੇ ਦੇ ਵਿਰੋਧ ਵਿਚ ਕਿਉਂ ਆ ਖੜ੍ਹੀ?

ਇਸ ਸੁਆਲ ਦੇ ਜੁਆਬ ਦਾ ਸੰਬੰਧ ਨਾ ਸਿਰਫ ਪੰਜਾਬ ਦੇ ਭਵਿੱਖ ਨਾਲ ਹੈ ਬਲਕਿ ਅਜੋਕੀਆਂ ਹਾਲਤਾਂ ਵਿਚ ਆਲਮੀ ਕਮਿਊਨਿਸਟ ਲਹਿਰ ਦੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਚਰਚਿਤ ਖੱਬੇ ਪੱਖੀ ਚਿੰਤਕ ਸਤਨਾਮ ਚਾਨਾ ਦੇ ਕਥਨ ਅਨੁਸਾਰ, "ਜਾਪਦਾ ਹੈ ਕਿ ਕਮਿਊਨਿਸਟ ਆਗੂਆਂ ਨੇ ਕਮਿਊਨਿਜ਼ਮ ਨੂੰ ਠੀਕ ਤਰ੍ਹਾਂ ਸਮਝਣ ਤੋਂ ਬਿਨਾਂ ਹੀ ਇਸ ਨੂੰ ਲਾਗੂ ਕਰਨ ਦਾ ਬੀੜਾ ਉਠਾਇਆ।"

ਯਕੀਨਨ ਕਾਮਰੇਡ ਲੈਨਿਨ ਤੇ ਕਾਮਰੇਡ ਸਟਾਲਿਨ ਸਮੇਤ, ਮਾਰਕਸ-ਏਂਗਲਜ਼ ਤੋਂ ਬਾਅਦ ਦੇ ਕਮਿਊਨਿਸਟ ਆਗੂਆਂ ਨੇ ਕਮਿਊਨਿਜ਼ਮ ਨੂੰ ਠੀਕ ਤਰ੍ਹਾਂ ਆਪਣੀ ਪਕੜ ਵਿਚ ਲਿਆਂਦੇ ਬਗੈਰ ਹੀ ਰੂਸ ਸਮੇਤ ਸਾਰੇ ਦੇਸਾਂ ਅੰਦਰ ਇਸ ਨੂੰ ਲਾਗੂ ਕਰਨ ਦੇ ਯਤਨ ਕੀਤੇ। ਕੁਦਰਤੀ ਹਕੀਕਤ ਭਾਵ ਕੁਦਰਤ ਅਤੇ ਮਨੁੱਖ ਦੇ ਹਕੀਕੀ ਰਿਸ਼ਤੇ ਤੋਂ ਟੁਟੇ ਹੋਣ ਕਾਰਨ ਇਹ ਯਤਨ ਅਸਫਲ ਹੋ ਗਏ। ਇਸੇ ਕਾਰਨ ਰੂਸ ਅਤੇ ਚੀਨ ਸਮੇਤ, ਜਿਨ੍ਹਾਂ ਦੇਸਾਂ ਵਿਚ ਵੀ ਕਮਿਊਨਿਸਟ ਇਨਕਲਾਬ ਆਏ, ਉਹ ਮੁੜ ਸਾਮਰਾਜੀ ਪੂੰਜੀਵਾਦੀ ਰਾਹ ਉਤੇ ਹੀ ਪੈ ਗਏ। ਮਨੁੱਖੀ 'ਅਜ਼ਾਦੀ' ਅਤੇ ਮਨੁੱਖੀ 'ਵਿਕਾਸ' ਬਾਰੇ ਮਾਰਕਸੀ ਧਾਰਨਾਵਾਂ ਨੂੰ ਸਮਝਿਆ ਹੀ ਨਾ ਗਿਆ। ਇਸੇ ਕਾਰਨ ਮਾਰਕਸ ਏਂਗਲਜ਼ ਤੋਂ ਬਾਅਦ ਦੇ ਕਮਿਊਨਿਸਟ ਆਗੂ ਧਰਮ ਬਾਰੇ ਮਾਰਕਸੀ ਦ੍ਰਿਸ਼ਟੀਕੋਣ ਨੂੰ ਸਮਝਣ ਤੋਂ ਊਣੇ ਰਹੇ।

ਇਸ ਦੀ ਇਕ ਮਿਸਾਲ ਮਾਰਕਸ-ਏਂਗਲਜ਼ ਤੇ ਲੈਨਿਨ ਦੀਆਂ ਧਰਮ ਬਾਰੇ ਬਣੀਆਂ ਧਾਰਨਾਵਾਂ ਵਿਚ ਸਪੱਸ਼ਟ ਵਖਰੇਵਾਂ ਹੈ। ਏਂਗਲਜ਼ ਅਨੁਸਾਰ 'ਮਨੁੱਖੀ ਅਜ਼ਾਦੀ' ਦਾ ਅਰਥ ਆਪਣੀਆਂ ਕੁਦਰਤੀ ਸਰੀਰਕ ਲੋੜਾਂ ਦੀ ਪਛਾਣ ਅਤੇ ਆਪਣੇ ਸਵੈ ਉਤੇ ਕਾਬੂ ਪਾ ਕੇ ਜੀਵਨ ਜਿਊਣ ਦੀ ਕਲਾ ਹੈ ਅਤੇ ਮਾਰਕਸ ਅਨੁਸਾਰ 'ਮਨੁੱਖ ਵਿਕਾਸ' ਦਾ ਅਰਥ ਮਨੁੱਖ ਦਾ ਆਤਮਿਕ ਵਿਕਾਸ ਹੈ।

ਮਾਰਕਸ ਦਾ ਧਰਮ ਬਾਰੇ ਕਥਨ ਹੈ: "ਮਨੁੱਖ ਨੇ ਧਰਮ ਬਣਾਇਆ ਹੈ, ਧਰਮ ਨੇ ਮਨੁੱਖ ਨਹੀਂ ਬਣਾਇਆ। ਬੇਸ਼ਕ ਧਰਮ ਉਸ ਮਨੁੱਖ ਦੀ ਆਤਮ ਚੇਤਨਾ ਅਤੇ ਆਤਮ ਬੁਲੰਦੀ ਹੈ, ਜਿਸ ਨੇ ਜਾਂ ਤਾਂ ਹੁਣ ਤਕ ਖੁਦ ਨੂੰ ਪਛਾਣਿਆ ਨਹੀਂ ਤੇ ਜਾਂ ਖੁਦ ਨੂੰ ਫਿਰ ਗੁਆ ਲਿਆ ਹੈ। ਪਰ ਮਨੁੱਖ ਸੰਸਾਰ ਤੋਂ ਬਾਹਰ ਵਸਦੀ ਕੋਈ ਨਿੱਖੜੀ ਹੋਂਦ ਨਹੀਂ ਸਗੋਂ ਉਹ ਰਾਜ-ਸਮਾਜ ਦੇ ਸੰਸਾਰ ਦਾ ਮਨੁੱਖ ਹੈ। ਇਹ ਰਾਜ ਅਤੇ ਸਮਾਜ ਹੀ ਧਰਮ ਪੈਦਾ ਕਰਦਾ ਹੈ, ਜਿਹੜਾ ਸੰਸਾਰ ਦੀ ਉਲਟੀ ਚੇਤਨਾ ਹੈ। ਕਿਉਂਕਿ ਇਹ ਇਕ ਉਲਟਾ ਸੰਸਾਰ ਹੈ। ਧਰਮ ਇਸ ਸੰਸਾਰ ਦਾ ਆਮ ਸਿਧਾਂਤ ਹੈ, ਉਸ ਦਾ ਬੌਧਿਕ ਸਾਰ ਹੈ, ਉਸ ਦਾ ਸਧਾਰਨ ਤਰਕ ਹੈ, ਉਸ ਦਾ ਰੂਹਾਨੀ ਸਤਿਕਾਰ ਹੈ, ਉਸ ਦਾ ਜੋਸ਼ ਹੈ, ਉਸ ਦੀ ਇਖਲਾਕੀ ਮਾਨਤਾ ਹੈ, ਉਸ ਦੀ ਪਵਿੱਤਰ

**(ਬਾਕੀ ਸਫਾ 21 'ਤੇ)**

# ਦੇਸ਼ ਲੀਡਰਾਂ ਦਾ ਨਹੀਂ, ਲੋਕਾਂ ਦਾ ਹੁੰਦੈ ਤੇ ਲੀਹੋਂ ਲੱਥਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਕਰਨੀ ਪਵੇਗੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਵਿਹਲਾ ਵਕਤ ਮਿਲੇ ਤੋਂ ਅਸੀਂ ਜਦੋਂ ਇਸ ਸੋਚ ਵਿਚ ਉਲਝਦੇ ਹਾਂ ਕਿ ਹਾਲਾਤ ਕਿੱਧਰ ਨੂੰ ਜਾਂਦੇ ਹਨ, ਉਸ ਵੇਲੇ ਸਾਡੇ ਲਈ ਪਹਿਲਾ ਵਿਸ਼ਾ ਪੰਜਾਬ ਦੇ ਹਾਲਾਤ ਵੀ ਹੋ ਸਕਦੇ ਹਨ, ਭਾਰਤ ਦੇਸ਼ ਦੇ ਵੀ, ਜਾਂ ਫਿਰ ਜਿਹੜੇ ਦੇਸ਼ ਵਿਚ ਸਾਡੇ ਵਿਚੋਂ ਕਿਸੇ ਦਾ ਵਸੇਬਾ ਹੋਵੇ, ਓਥੋਂ ਦੇ ਹਾਲਾਤ ਵੀ ਹੋ ਸਕਦੇ ਹਨ। ਭਾਰਤ ਦੇ ਗੁਆਂਢੀ ਦੇਸ਼ਾਂ ਜਾਂ ਪੰਜਾਬ ਦੇ ਨਾਲ ਲੱਗਦੇ ਰਾਜਾਂ ਦਾ ਕੀ ਹਾਲ ਹੈ, ਉਸ ਵੱਲ ਧਿਆਨ ਘੱਟ ਜਾਂਦਾ ਹੈ। ਜਦੋਂ ਝਾਤੀ ਮਾਰੀਏ ਤਾਂ ਹਕੀਕਤਾਂ ਦਾ ਉਹ ਅਹਿਸਾਸ ਹੁੰਦਾ ਹੈ, ਜਿਨ੍ਹਾਂ ਤੋਂ ਅਸੀਂ ਲੋਕ ਆਮ ਕਰ ਕੇ ਅਣਜਾਣ ਜਾਂ ਫਿਰ ਥੋੜ੍ਹਾ-ਬਹੁਤ ਜਾਣੂੰ ਹੁੰਦਿਆਂ ਵੀ ਅਵੇਸਲੇ ਜਿਹੇ ਹੋਏ ਰਹਿੰਦੇ ਹਾਂ। ਮਿਸਾਲ ਵਜੋਂ ਜਦੋਂ ਵੀਹ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਬਣਦੇ ਸਾਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਓਦੋਂ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਦਾ ਕਿੱਸਾ ਸਾਹਮਣੇ ਆਇਆ ਤੇ ਬਹੁਤ ਵੱਡਾ ਮੁੱਦਾ ਬਣ ਗਿਆ ਸੀ, ਐਨ ਓਸੇ ਸਮੇਂ ਨਾਲ ਲੱਗਦੇ ਰਾਜ ਹਰਿਆਣਾ ਵਿਚ ਵੀ ਇਹੋ ਕੁਝ ਹੋਇਆ ਸੀ ਅਤੇ ਤਿੰਨ ਸਾਲ ਪਿੱਛੋਂ ਜਾਂਚ ਵੀ ਮੁਕੰਮਲ ਹੋ ਗਈ, ਪਰ ਸਾਨੂੰ ਇਸ ਬਾਰੇ ਪਤਾ ਨਹੀਂ ਸੀ ਲੱਗਾ। ਜੋ ਕਾਲਾ ਕਾਂਡ ਪੰਜਾਬ ਦੀਆਂ ਨੌਕਰੀਆਂ ਵੇਚਣ ਵਾਲੀ ਬਲੈਕ ਮਾਰਕੀਟ ਦਾ ਵਾਪਰਿਆ ਸੀ, ਹਰਿਆਣੇ ਵਿਚ ਉਸੇ ਬਰਾਬਰ ਦਾ, ਜਾਂ ਓਦੋਂ ਵੱਧ ਲੱਭਦਾ ਸੀ, ਪਰ ਅਠਾਰਾਂ ਸਾਲ ਪਿੱਛੋਂ ਬੀਤੀ ਤੇਈ ਸਤੰਬਰ ਨੂੰ ਕਹਾਣੀ ਓਦੋਂ ਬਾਹਰ ਆਈ, ਜਦੋਂ ਹਰਿਆਣਾ ਵਿਜੀਲੈਂਸ ਬਿਊਰੋ ਨੇ ਇਸ ਦਾ ਕੇਸ ਅਦਾਲਤ ਅੱਗੇ ਰੱਖਿਆ ਹੈ। ਇਹ ਅਜੇ ਵੀ ਦੱਬਿਆ ਰਹਿਣਾ ਸੀ, ਪਰ ਜਦੋਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਨਿਤੀਸ਼ ਕੁਮਾਰ ਨਾਲ ਮਿਲ ਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਨਵਾਂ ਮੋਰਚਾ ਬਣਾਉਣ ਲਈ ਰੈਲੀ ਰੱਖ ਲਈ ਤਾਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਉਸ ਨੂੰ ਝਟਕਾ ਦੇਣ ਲਈ ਦੱਬਿਆ ਮੁਰਦਾ ਪੁੱਟ ਲਿਆ ਹੈ। ਸਕੈਂਡਲ ਦਾ ਓਦੋਂ ਦਾ ਮੁੱਖ ਦੋਸ਼ੀ ਤਾਂ ਕਰਨਾਟਕ ਤੇ ਕੇਂਦਰ ਦੀਆਂ ਭਾਜਪਾਈ ਸਰਕਾਰਾਂ ਦੀ ਸੇਵਾ ਕਰਨ ਪਿੱਛੋਂ ਦੁਨੀਆ ਵੀ ਛੱਡ ਚੁੱਕਾ ਹੈ। ਭਾਰਤ ਦੇ ਕਈ ਰਾਜਾਂ ਵਿਚ ਏਹੋ ਜਿਹੇ ਕੇਸ ਹੁੰਦੇ ਹਨ, ਸਾਨੂੰ ਪੰਜਾਬ ਤੋਂ ਪਰੇ ਦਿਸਦਾ ਹੀ ਨਹੀਂ।

ਜਦੋਂ ਪੰਜਾਬ ਤੋਂ ਪਰੇ ਸਾਨੂੰ ਕੁਝ ਨਹੀਂ ਦਿਸਦਾ, ਜਾਂ ਅਸੀਂ ਦੇਖਣ ਦੀ ਕੋਸ਼ਿਸ਼ ਨਹੀਂ ਕਰਦੇ ਤਾਂ ਭਾਰਤ ਦੇ ਗੁਆਂਢ ਵਾਲੇ ਦੇਸ਼ਾਂ ਅੰਦਰ ਕੀ ਕੁਝ ਹੁੰਦਾ ਰਹਿੰਦਾ ਹੈ, ਉਸ ਦਾ ਵੀ ਬਹੁਤਾ ਪਤਾ ਨਹੀਂ ਲੱਗਦਾ, ਸਿਰਫ ਪਾਕਿਸਤਾਨ ਬਾਰੇ ਕੁਝ ਸੋਝੀ ਰੱਖੀ ਜਾਂਦੀ ਹੈ, ਕਿਉਂਕਿ ਉਸ ਨਾਲ ਸ਼ਰੀਕਾ ਵੀ ਹੈ ਅਤੇ ਪੰਜਾਬੀਅਤ ਦਾ ਮੋਹ ਵੀ। ਉਂਝ ਵੀ ਗੁਆਂਢੀ ਦੀ ਕੰਧ ਤੋਂ ਪਾਰ ਝਾਤੀਆਂ ਮਾਰਨ ਦੀ ਸਾਡੀ ਆਦਤ ਨੇੜਲੇ ਘਰ ਤੱਕ ਸੀਮਤ ਹੁੰਦੀ ਹੈ, ਓਦੋਂ ਅੱਗੇ ਨਹੀਂ ਜਾਂਦੀ।

ਅਸੀਂ ਇਸ ਵਾਰੀ ਇਹ ਕਿੱਸਾ ਇਸ ਲਈ ਛੋਹਿਆ ਹੈ ਕਿ ਚੌਵੀ ਸਤੰਬਰ ਦੀ ਸਵੇਰ ਜਦੋਂ ਅਸੀਂ ਪਾਠਕਾਂ ਦੇ ਲਈ ਇਹ ਲਿਖਤ ਲਿਖਦੇ ਪਏ ਹਾਂ, ਅਮਰੀਕੀ ਡਾਲਰ ਅੱਗੇ ਭਾਰਤੀ ਰੁਪਈਏ ਦੇ ਲੇਟਣੀਆਂ ਲੈਣ ਦੀ ਖਬਰ ਭਾਰਤ ਤੇ ਪੰਜਾਬ ਦੇ ਸਾਰੇ ਅਖਬਾਰਾਂ ਨੂੰ ਉਚੇਚੀ ਛਾਪਣੀ ਪਈ ਹੈ। ਅਮਰੀਕੀ ਡਾਲਰ ਬਦਲੇ ਸਾਨੂੰ ਭਾਰਤੀਆਂ ਨੂੰ ਪਹਿਲੀ ਵਾਰ ਅੱਸੀ ਤੋਂ ਵੱਧ ਰੁਪਈਏ ਦੇਣ ਦੀ ਨੌਬਤ ਜਾਂ ਬਦਲੇ ਵਿਚ ਲੈਣ ਦੀ 'ਖੁਸ਼ੀ' ਪ੍ਰਾਪਤ ਹੋਣ ਲੱਗੀ ਹੈ। ਇਹ ਹਾਲਤ ਓਦੋਂ ਦੀ ਹੈ, ਜਦੋਂ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਇਸ ਦੇਸ਼ ਨੂੰ 'ਵਿਸ਼ਵ ਗੁਰੂ' ਬਣਾਉਣ ਦੀਆਂ ਟਾਹਰਾਂ ਮਾਰਨ ਦੇ ਜੋਸ਼ ਵਿਚ ਬਾਕੀ ਪੱਖ ਆਪਣੇ ਲੋਕਾਂ ਤੋਂ ਲੁਕਾਉਣ ਦੇ ਯਤਨ ਕਰਦੀ ਪਈ ਹੈ। ਸਰਕਾਰ ਦੇ ਨੇੜ ਵਾਲਾ ਮੀਡੀਆ ਸਾਨੂੰ ਇਹ ਦੱਸਣ ਲਈ ਉਚੇਚਾ ਸਮਾਂ ਕੱਢਦਾ ਹੈ ਕਿ ਗੁਆਂਢ ਪਾਕਿਸਤਾਨ ਦੀ ਆਰਥਿਕਤਾ ਨੰਗਾਂ ਦੀ ਭੜੋਲੀ ਵਰਗੀ ਹੋਣ ਕਾਰਨ ਉਸ ਦੇਸ਼ ਦੇ ਲੋਕਾਂ ਲਈ ਅਮਰੀਕੀ ਡਾਲਰ ਦਾ ਭਾਅ ਢਾਈ ਸੌ ਪਾਕਿਸਤਾਨੀ ਰੁਪਏ ਨੇੜੇ ਪਹੁੰਚ ਗਿਆ ਹੈ। ਇਹ ਸੁਣ ਕੇ ਅਸੀਂ ਖੁਸ਼ ਹੋ ਜਾਂਦੇ ਹਾਂ ਕਿ ਚਲੋ ਅਮਰੀਕਾ ਮੂਹਰੇ ਨੀਵੀਂ ਪਾਉਣੀ ਵੀ ਪਵੇ, ਭਾਵੇਂ ਸੰਸਾਰ ਭਰ ਦੇ ਲੋਕਾਂ ਮੂਹਰੇ ਨੀਵੀਂ ਪਾਉਣੀ ਪੈ ਜਾਵੇ, ਪਾਕਿਸਤਾਨ ਨਾਲੋਂ ਤਾਂ ਸਾਡੀ ਆਰਥਿਕਤਾ ਤਕੜੀ ਹੈ ਅਤੇ ਅੱਗੇ ਵਧ ਰਹੀ ਹੈ। ਸਾਨੂੰ ਇਹ ਵੇਖਣ ਦੀ ਲੋੜ ਨਹੀਂ ਜਾਪਦੀ ਕਿ ਭਾਰਤ ਦੇ ਉੱਤਰ ਵਿਚ ਪਹਾੜੀਆਂ ਉੱਤੇ ਟੰਗੇ ਬਚੂੰਗੜੇ ਜਿਹੇ ਦੇਸ਼ ਭੂਟਾਨ ਦੀ ਕਰੰਸੀ ਵੀ ਸਾਡੇ ਰੁਪਈਏ ਤੋਂ ਵੱਧ ਮਜ਼ਬੂਤ ਹੈ, ਸਗੋਂ ਅਸੀਂ ਨੇਪਾਲ ਦਾ ਜ਼ਿਕਰ ਕਰਦੇ ਹਾਂ, ਜਿੱਥੇ ਕਰੰਸੀ ਸਾਡੇ ਰੁਪਈਏ ਤੋਂ ਕਮਜ਼ੋਰ ਹੈ।

ਹਾਲਾਤ ਦੇ ਇਸ ਮੋੜ ਉੱਤੇ ਅੱਜ ਜਦੋਂ ਸਾਡੇ ਲਵ-ਹੇਟ ਰਿਲੇਸ਼ਨ ਵਾਲੇ ਪਾਕਿਸਤਾਨ ਵਿਚ ਰਾਜਨੀਤਕ ਚਰਚਾ ਹੁੰਦੀ ਹੈ ਤਾਂ ਹਾਲਾਤ ਦੀ ਤੁਲਨਾ ਸਾਡੇ ਭਾਰਤ ਨਾਲ ਕਰਨ ਦੀ ਥਾਂ ਬੰਗਲਾ ਦੇਸ਼ ਦੀ ਗੱਲ ਹੁੰਦੀ ਹੈ, ਜਿਸ ਨੂੰ ਪਾਕਿਸਤਾਨ ਦੇ ਨਾਲਾਇਕ ਲੀਡਰਾਂ ਨੇ ਆਪਣੀਆਂ ਗਲਤੀਆਂ ਕਾਰਨ ਗੁਆ ਲਿਆ ਸੀ। ਅੰਗਰੇਜ਼ਾਂ ਨੇ ਭਾਰਤ ਛੱਡਣ ਵੇਲੇ ਵੱਖਰਾ ਦੇਸ਼ ਪਾਕਿਸਤਾਨ ਇਕੱਠਾ ਬਣਾਉਣ ਦੀ ਥਾਂ ਭਾਰਤ ਦੇ ਇੱਕ ਪਾਸੇ ਪੂਰਬੀ ਪਾਕਿਸਤਾਨ ਤੇ ਦੂਸਰੇ ਪਾਸੇ ਪੱਛਮੀ ਪਾਕਿਸਤਾਨ ਬਣਾਇਆ ਸੀ। ਸਮਾਂ ਪਾ ਕੇ ਪੂਰਬੀ ਪਾਕਿਸਤਾਨ ਟੁੱਟ ਕੇ ਵੱਖਰਾ ਬੰਗਲਾ ਦੇਸ਼ ਬਣ ਗਿਆ ਤੇ ਪੱਛਮੀ ਪਾਕਿਸਤਾਨ ਜਦੋਂ ਸਿਰਫ ਪਾਕਿਸਤਾਨ ਰਹਿ ਗਿਆ, ਉਹ ਉਸ ਦੇ ਬਾਅਦ ਆਪਣੇ ਤੋਂ ਤੋੜ ਕੇ ਬਣਾਏ ਗਏ ਬੰਗਲਾ ਦੇਸ਼ ਦੇ ਮੁਕਾਬਲੇ ਵੀ ਪਛੜਦਾ ਗਿਆ ਸੀ। ਅੱਜ ਪਾਕਿਸਤਾਨ ਦਾ ਹਰ ਆਗੂ ਇਹ ਰੋਣਾ ਰੋਂਦਾ ਸੁਣਦਾ ਹੈ ਕਿ ਸਾਡੇ ਤੋਂ ਟੁੱਟ ਕੇ ਬੰਗਲਾ ਦੇਸ਼ ਤਰੱਕੀ ਕਰ ਗਿਆ ਹੈ ਤਾਂ ਨਾਲ ਇਹ ਜ਼ਿਕਰ ਵੀ ਹੁੰਦਾ ਹੈ ਕਿ ਓਦੋਂ ਪਾਕਿਸਤਾਨ ਦੇ ਸਰਪ੍ਰਸਤ ਗਿਣੇ ਜਾਂਦੇ ਅਮਰੀਕਾ ਦਾ ਵਿਦੇਸ਼ ਮੰਤਰੀ ਕਸਿੰਗਰ ਕਹਿੰਦਾ ਸੀ ਕਿ ਨਵਾਂ ਬਣਿਆ ਬੰਗਲਾ ਦੇਸ਼ ਆਪਣੀ ਹੋਂਦ ਹੀ ਕਾਇਮ ਨਹੀਂ ਰੱਖ ਸਕੇਗਾ, ਪਰ ਉਹ ਨਵਾਂ ਦੇਸ਼ ਪੁਰਾਣੇ ਪਾਕਿਸਤਾਨ ਨੂੰ ਵੀ ਪਛਾੜ ਕੇ ਅੱਗੇ ਨਿਕਲ ਗਿਆ ਹੈ। ਬੰਗਲਾ ਦੇਸ਼ ਅਗਾਂਹ ਕਿਵੇਂ ਲੰਘ ਗਿਆ ਅਤੇ ਪਾਕਿਸਤਾਨ ਪਛੜਦਾ ਕਿਵੇਂ ਗਿਆ, ਇਸ ਬਾਰੇ ਉਸ ਦੇਸ਼ ਦੇ ਨੀਤੀਵਾਨਾਂ ਨੂੰ ਵੀ ਸੋਚਣਾ ਚਾਹੀਦਾ ਹੈ, ਸਾਡੇ ਭਾਰਤ ਦੇ ਉਨ੍ਹਾਂ ਨੀਤੀਵਾਨਾਂ ਨੂੰ ਵੀ, ਜਿਹੜੇ ਬੰਗਲਾ ਦੇਸ਼ ਆਜ਼ਾਦ ਕਰਾਉਣ ਦਾ ਸਿਹਰਾ ਲੈਂਦੇ ਹਨ।

ਅੱਧੀ ਸਦੀ ਪਹਿਲਾਂ ਆਜ਼ਾਦ ਹੋਇਆ ਬੰਗਲਾ ਦੇਸ਼ ਆਪਣੀ ਹੋਂਦ ਦੇ ਪਹਿਲੇ ਦਹਾਕੇ ਵਿਚ ਆਜ਼ਾਦੀ ਦੇ ਨਾਇਕ ਸ਼ੇਖ ਮੁਜੀਬੁਰ ਰਹਿਮਾਨ ਤੇ ਉਸ ਦੇ ਪਰਿਵਾਰ ਦੇ ਜੀਆਂ ਦੇ ਕਤਲਾਂ ਸਮੇਤ ਕਈ ਖੂਨੀ ਹੱਲਿਆਂ ਵਿਚੋਂ ਲੰਘਿਆ ਸੀ, ਪਰ ਇਨ੍ਹਾਂ ਝਟਕਿਆਂ ਤੋਂ ਸੰਭਲ ਕੇ ਫਿਰ ਅੱਗੇ ਤੁਰ ਪੈਂਦਾ ਰਿਹਾ ਸੀ। ਇੱਕ ਵਾਰੀ ਪਾਕਿਸਤਾਨੀ ਏਜੰਸੀਆਂ ਦੇ ਇਸ਼ਾਰੇ ਉੱਤੇ ਕੁਝ ਕੱਟੜਪੰਥੀਆਂ ਨੇ ਉਸ ਦੇਸ਼ ਦੀ ਵਾਗਡੋਰ ਸਾਂਭ ਲਈ ਤਾਂ ਸਿਰਫ ਸੋਲਵੇਂ ਸਾਲ ਦੀ ਹੱਦ ਉੱਤੇ ਉਸ ਦੇਸ਼ ਦਾ ਨਾਂਅ ਬਦਲ ਕੇ 'ਸੈਕੂਲਰ' ਵਾਲੇ ਲਫਜ਼ ਕੱਟੇ ਅਤੇ 'ਇਸਲਾਮਿਕ ਰਿਪਬਲਿਕ' ਲਿਖ ਦਿੱਤਾ ਸੀ, ਪਰ ਬਾਈ ਸਾਲਾਂ ਪਿੱਛੋਂ ਫਿਰ ਇਸ ਦੇ ਨਾਂਅ ਤੋਂ 'ਇਸਲਾਮਿਕ' ਲਫਜ਼ ਕੱਢ ਕੇ ਇਸ ਨੂੰ ਸਿਰਫ 'ਰਿਪਬਲਿਕ' ਦਾ ਦਰਜਾ ਦੇ ਦਿੱਤਾ ਗਿਆ ਸੀ। ਉਸ ਦੇ ਬਾਅਦ ਵੀ ਕੱਟੜਪੰਥੀਏ ਆਪਣੀਆਂ ਆਦਤਾਂ ਤੋਂ ਹਟਦੇ ਨਹੀਂ, ਫਿਰਕੂ ਫਸਾਦਾਂ ਦੀਆਂ ਖਬਰਾਂ ਕਈ ਵਾਰੀ ਆਈਆਂ ਹਨ, ਪਰ ਮੋਟੇ ਤੌਰ ਉੱਤੇ ਬੰਗਲਾ ਦੇਸ਼ ਕਿਸੇ ਸੰਸਾਰ ਪੱਧਰ ਦੇ ਵਿਵਾਦ ਦਾ ਮੁੱਦਾ ਬਣਨ ਦੀ ਥਾਂ ਆਪਣੀ ਆਰਥਿਕਤਾ ਦੇ ਪੱਖੋਂ ਲਗਾਤਾਰ ਮਜ਼ਬੂਤੀ ਫੜਦਾ ਰਿਹਾ ਹੈ। ਪਾਕਿਸਤਾਨ ਤੋਂ ਵੱਖ ਹੁੰਦੇ ਵਕਤ ਬੰਗਲਾ ਦੇਸ਼ ਨੇ ਰੁਪਈਏ ਦੀ ਕਰੰਸੀ ਛੱਡ ਕੇ ਨਵੀਂ ਕਰੰਸੀ 'ਟਕਾ' ਚਲਾਉਣ ਦਾ ਫੈਸਲਾ ਲਿਆ ਸੀ, ਜਿਸ ਦੇ ਓਦੋਂ ਦੀ ਕੀਮਤ ਦੇ ਹਿਸਾਬ ਨਾਲ ਇੱਕ ਡਾਲਰ ਦੇ ਬਦਲੇ ਸਾਢੇ ਕੁ ਤਿੰਨ ਟਕੇ ਮਿਲਦੇ ਸਨ, ਅੱਜ ਇੱਕ ਸੌ ਤਿੰਨ ਮਿਲਦੇ ਹਨ। ਇਸ ਦੇ ਉਲਟ ਪਾਕਿਸਤਾਨ ਦੇ ਢਾਈ ਸੌ ਰੁਪਈਏ ਦਾ ਅਮਰੀਕੀ ਡਾਲਰ ਮਿਲਦਾ ਹੈ। ਅੱਜ ਬੰਗਲਾ ਦੇਸ਼ ਦੇ ਸੌ ਟਕੇ ਬਦਲੇ ਸਤਾਨਵੇਂ ਪੈਨੀਆਂ ਮਿਲਦੀਆਂ ਹਨ, ਪਾਕਿਸਤਾਨ ਦੇ ਸੌ ਰੁਪਈਏ ਬਦਲੇ ਮਸਾਂ ਬਤਾਲੀ ਪੈਨੀਆਂ ਪੱਲੇ ਪੈਣਗੀਆਂ। ਪਾਕਿਸਤਾਨ ਵਿਚ ਕੀ ਹੁੰਦਾ ਹੈ, ਉਸ ਨੂੰ ਭੁਲਾ ਕੇ ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਬੰਗਲਾ ਦੇਸ਼ ਦੀ ਉਠਾਣ ਦਾ ਰਾਜ਼ ਕੀ ਹੈ! ਅਮਰੀਕਾ ਵਾਲੇ ਜਿਸ ਬੰਗਲਾ ਦੇਸ਼ ਨੂੰ ਆਜ਼ਾਦ ਹੋਣ ਵੇਲੇ ਕਹਿੰਦੇ ਸਨ ਕਿ ਇਹ ਆਪਣੀ ਹੋਂਦ ਕਾਇਮ ਨਹੀਂ ਰੱਖ ਸਕੇਗਾ, ਉਹੀ ਅੱਜ ਇਹ ਕਹਿ ਰਹੇ ਹਨ ਕਿ ਅਗਲੇ ਕੁਝ ਕੁ ਸਾਲਾਂ ਵਿਚ ਬੰਗਲਾ ਦੇਸ਼ ਆਰਥਿਕ ਪੱਖੋਂ ਦੂਸਰਾ ਚੀਨ ਬਣ ਸਕਦਾ ਹੈ।

ਸਾਡੇ ਭਾਰਤੀਆਂ ਲਈ ਸੋਚਣ ਦੀ ਘੜੀ ਹੈ ਕਿ ਇੱਕ ਪਾਸੇ ਬੰਗਲਾ ਦੇਸ਼ ਕੱਟੜਪੰਥੀਆਂ ਦੇ ਜ਼ੋਰਦਾਰ ਦਬਾਅ ਹੇਠ ਇਸਲਾਮੀ ਦੇਸ਼ ਬਣਨ ਪਿੱਛੋਂ ਫਿਰ ਸਾਂਝੀ ਰਿਪਬਲਿਕ ਬਣ ਗਿਆ ਹੈ, ਦੂਜੇ ਪਾਸੇ ਰਾਜਸੀ ਲੋੜ ਕਾਰਨ ਹਰ ਹੱਲੇ ਮਗਰੋਂ ਕੱਟੜਪੰਥੀਆਂ ਦੇ ਦਬਾਅ ਹੇਠ ਪਾਕਿਸਤਾਨ ਹੋਰ ਕੱਟੜਪੰਥੀ ਹੁੰਦਾ ਗਿਆ ਹੈ। ਬਿਨਾਂ ਸ਼ੱਕ ਪਾਕਿਸਤਾਨੀ ਇਸਲਾਮੀ ਦੇਸ਼ ਦੇ ਤੌਰ ਉੱਤੇ ਬਣਿਆ ਸੀ, ਪਰ ਇਸ ਨੇ ਵੱਡਾ ਕੱਟੜਪੰਥੀ ਕਦਮ ਬੰਗਲਾ ਦੇਸ਼ ਬਣਨ ਮਗਰੋਂ ਜ਼ੁਲਫਕਾਰ ਅਲੀ ਭੁੱਟੋ ਦੀ ਸਰਕਾਰ ਵੇਲੇ ਪੁੱਟਿਆ ਸੀ, ਜਦੋਂ ਅਹਿਮਦੀਆ ਭਾਈਚਾਰੇ ਦੇ ਮੁਸਲਮਾਨਾਂ ਨੂੰ 'ਗੈਰ-ਮੁਸਲਿਮ' ਕਰਾਰ ਦਿੱਤਾ ਸੀ ਅਤੇ ਓਦੋਂ ਤੋਂ ਅਹਿਮਦੀ ਮੁਸਲਮਾਨਾਂ ਉੱਤੇ ਹਮਲੇ ਹੋਣ ਲੱਗ ਪਏ ਸਨ। ਇਸ ਪਿੱਛੋਂ ਜਨਰਲ ਜ਼ੀਆ ਉਲ ਹੱਕ ਵਾਲੇ ਰਾਜ ਦੌਰਾਨ ਲੋਕਾਂ ਨੂੰ ਕੱਟੜਪੰਥੀ ਸੋਚ ਦੀ ਹੋਰ ਕਰੜੀ ਰੰਗਤ ਦਿੱਤੀ ਗਈ ਅਤੇ ਫਿਰ ਬੇਨਜ਼ੀਰ ਭੁੱਟੋ ਤੇ ਨਵਾਜ਼ ਸ਼ਰੀਫ ਜਾਂ ਜਨਰਲ ਮੁਸ਼ੱਰਫ ਦੀਆਂ ਸਰਕਾਰਾਂ ਨੇ ਆਪੋ-ਆਪਣੇ ਰਾਜ ਦੀ ਉਮਰ ਲੰਮੀ ਕਰਨ ਲਈ ਇਹੋ ਫਾਰਮੂਲਾ ਵਰਤ ਕੇ ਦੇਸ਼ ਨੂੰ ਹੋਰ ਤੋਂ ਹੋਰ ਨਿਘਾਰ ਵੱਲ ਧੱਕਿਆ ਸੀ, ਜਿਸ ਵਿਚੋਂ ਇਹ ਕਦੇ ਨਿਕਲ ਨਹੀਂ ਸਕਿਆ। ਉਸ ਦੇਸ਼ ਵਿਚਲਾ ਹਰ ਵੱਡਾ ਆਗੂ ਇਹ ਕਹਿੰਦਾ ਹੈ ਕਿ ਪਾਕਿਸਤਾਨ ਸਾਰੀ ਦੁਨੀਆ ਵਿਚ 'ਮੰਗ-ਖਾਣਾ' ਬਣ ਗਿਆ ਹੈ, ਪਰ ਉਸ ਦੀ ਇਹ ਹਾਲਤ ਬਣਾਉਣ ਵਿਚ ਕਸਰ ਕਿਸੇ ਨੇ ਵੀ ਨਹੀਂ ਛੱਡੀ। ਜਿਹੜਾ ਕੋਈ ਦੇਸ਼ ਦੀ ਵਾਗ ਸੰਭਾਲਣ ਜੋਗਾ ਹੋਇਆ ਹੈ, ਉਸ ਨੇ ਲੋਕਾਂ ਨੂੰ ਭੜਕਾਇਆ ਅਤੇ ਆਪਣੀਆਂ ਸੱਤਾਂ ਪੀੜ੍ਹੀਆਂ ਜੋਗੀ ਕਮਾਈ ਕੀਤੀ ਅਤੇ ਹੋਰ ਭੱਠਾ ਬਿਠਾਇਆ ਹੈ।

ਜਿਨ੍ਹਾਂ ਗੱਲਾਂ ਤੋਂ ਬੰਗਲਾ ਦੇਸ਼ ਨੇ ਬਚਣ ਦਾ ਯਤਨ ਕੀਤਾ ਅਤੇ ਪਾਕਿਸਤਾਨ ਨੂੰ ਪਛਾੜ ਕੇ ਆਪਣੀ ਆਜ਼ਾਦ ਹੋਂਦ ਨੂੰ ਸਹੀ ਸਾਬਤ ਕੀਤਾ ਹੈ, ਉਨ੍ਹਾਂ ਬਾਰੇ ਭਾਰਤੀ ਰਾਜਨੀਤੀ ਦੇ ਮਹਾਂਰਥੀਆਂ ਨੂੰ ਵੀ ਸੋਚਣਾ ਪਵੇਗਾ। ਜਿਹੜੇ ਹਾਲਾਤ ਅੱਜ ਭਾਰਤ ਵਿਚ ਬਣਦੇ ਜਾਂਦੇ ਹਨ, ਜਾਂ ਬਣਾਏ ਜਾ ਰਹੇ ਹਨ, ਇਹ ਦੇਸ਼ ਨੂੰ ਉਸ ਰਾਹੇ ਪਾ ਦੇਣਗੇ, ਜਿਸ ਰਾਹ ਤੋਂ ਬੰਗਲਾ ਦੇਸ਼ ਵੱਡਾ ਮੋੜਾ ਕੱਟ ਕੇ ਲੀਹੇ ਪਿਆ ਹੈ। ਵਧਦੇ ਕੱਟੜਪੰਥੀ ਮਾਹੌਲ ਅਤੇ ਉਸ ਮਾਹੌਲ ਨੂੰ ਦੇਸ਼ ਦੀ ਸਰਕਾਰ ਦੀ ਸ਼ਹਿ ਨਾਲ ਕਈ ਦੇਸ਼ ਆਪਣਾ ਭਵਿੱਖ ਕਾਲਾ ਕਰ ਚੁੱਕੇ ਹਨ। ਭਾਰਤ ਨੂੰ ਇਸ ਤੋਂ ਬਚਣ ਦੀ ਲੋੜ ਹੈ। ਮੁਸ਼ਕਲ ਇਹ ਹੈ ਕਿ ਜਿਨ੍ਹਾਂ ਨੂੰ ਕੁਰਸੀ ਦਿਸ ਪਵੇ, ਉਹ ਏਦਾਂ ਦੀਆਂ ਗੱਲਾਂ ਸੋਚਣ ਦੀ ਲੋੜ ਨਹੀਂ ਸਮਝਦੇ। ਦੇਸ਼ ਲੀਡਰਾਂ ਦਾ ਨਹੀਂ ਹੁੰਦਾ, ਉਸ ਦੇਸ਼ ਦੇ ਲੋਕਾਂ ਦਾ ਹੁੰਦਾ ਹੈ, ਲੋਕ ਹੀ ਉਸ ਨੂੰ ਸਿਰਜਦੇ ਹਨ, ਲੋਕ ਹੀ ਰਾਖੀ ਲਈ ਕੁਰਬਾਨੀਆਂ ਦੇਣ ਅਤੇ ਪਸੀਨਾ ਵਗਾਉਣ ਦਾ ਕੰਮ ਕਰਦੇ ਹਨ ਤਾਂ ਦੇਸ਼ ਕੁਰਾਹੇ ਪੈਂਦਾ ਜਾਪਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਹੀ ਕਰਨੀ ਪੈਣੀ ਹੈ।

# ਦਸਹਿਰੇ 'ਤੇ ਆਪਣੇ ਅੰਦਰਲੇ ਰਾਵਣਾਂ ਨੂੰ ਅਗਨ-ਭੇਟ ਕਰਨ ਦੀ ਲੋੜ

ਰਮੇਸ਼ ਬੱਗਾ ਚੋਹਲਾ
ਫੋਨ: 94631-32719

ਹਰ ਸਾਲ ਅਸੀਂ ਦਸਹਿਰੇ ਵਾਲੇ ਦਿਨ ਰਾਵਣ, ਕੁੰਭਕਰਨ (ਰਾਵਣ ਦਾ ਭਰਾ) ਅਤੇ ਮੇਘ ਨਾਥ (ਰਾਵਣ ਦਾ ਪੁੱਤ) ਦੇ ਪੁਤਲੇ ਸਾੜਦੇ ਹਾਂ ਅਤੇ ਇਸ ਨੂੰ ਬਦੀ ਉਪਰ ਨੇਕੀ ਦੀ ਜਿੱਤ ਐਲਾਨਦੇ ਹਾਂ। ਪਰ ਜੇਕਰ ਅਸੀਂ ਆਪਣੇ ਸਮਾਜਿਕ ਵਰਤਾਰਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਨ੍ਹਾਂ ਵਿਚ ਅਜੇ ਵੀ ਬਦੀਆਂ ਦਾ ਬੋਲਬਾਲਾ ਨਜ਼ਰ ਆਉਂਦਾ ਹੈ। ਕਹਿਣ ਨੂੰ ਤਾਂ ਅਸੀਂ ਇੱਕੀਵੀਂ ਸਦੀ ਵਿਚ ਵਿਚਰ ਰਹੇ ਹਾਂ ਪਰ ਮਾਨਸਿਕ ਪੱਖੋਂ ਅਸੀਂ ਅਜੇ ਵੀ ਡਾਵਾਂਡੋਲ ਹੀ ਹੋਏ ਫਿਰ ਰਹੇ ਹਾਂ।

ਦਸਹਿਰੇ ਵਾਲੇ ਦਿਨ ਰਾਵਣ ਦੀ ਬੁਰਾਈ ਤਾਂ ਚਿਤਵ ਲੈਂਦੇ ਹਾਂ ਪਰ ਜਿਹੜੀਆਂ ਬੁਰਾਈਆਂ/ਬਦੀਆਂ ਅਸੀਂ ਸੁੱਤੇ-ਸਿੱਧ ਹੀ ਕਰ ਜਾਂਦੇ ਹਾਂ ਉਨ੍ਹਾਂ ਵੱਲੋਂ (ਜਾਣ-ਬੁੱਝ) ਬੇਧਿਆਨੇ ਹੋਏ ਰਹਿੰਦੇ ਹਾਂ। ਇਥੇ ਇੱਕ ਵਿਡੰਬਨਾ ਇਹ ਵੀ ਹੈ ਕਿ ਅਸੀਂ ਆਪਣੀ ਬੁਰਾਈ ਨੂੰ ਚੰਗਿਆਈ ਦੀ ਚਾਸ਼ਣੀ ਵਿਚ ਭਿਉਂ ਕੇ ਇਸ ਤਰ੍ਹਾਂ ਪੇਸ਼ ਕਰਦੇ/ ਦਿਖਾਉਂਦੇ ਹਾਂ ਕਿ ਓਪਰੀ ਨਜ਼ਰੇ ਦੇਖਿਆਂ ਕਿਸੇ ਨੂੰ ਉਹ ਬੁਰਾਈ ਨਜ਼ਰ ਹੀ ਨਹੀਂ ਆਉਂਦੀ।

ਸਿਧਾਂਤਕ ਅਤੇ ਵਿਹਾਰਕ ਪੱਖੋਂ ਸਾਡਾ ਜੀਵਨ ਵਡੇਰੀਆਂ ਵਿੱਥਾਂ ਦਾ ਸ਼ਿਕਾਰ ਹੋਈ ਜਾ ਰਿਹਾ ਹੈ। ਸਾਡੇ ਵਿਚੋਂ ਬਹੁਤਿਆਂ ਦੀ ਹਯਾਤੀ ਦਾ ਅਮਲੀ ਪੱਖ 'ਹਾਥੀ ਦੇ ਦੰਦਾਂ' ਵਰਗਾ ਹੋਇਆ ਪਿਆ ਹੈ। ਅਸੀਂ ਜੋ ਕਹਿੰਦੇ ਹਾਂ, ਕਰਦੇ ਨਹੀਂ ਅਤੇ ਜੋ ਕਰਦੇ ਹਾਂ ਉਹ ਛੇਤੀ ਕੀਤਿਆਂ ਕਿਸੇ ਨੂੰ ਕਹਿੰਦੇ ਨਹੀਂ।

ਸੱਚੇ ਅਤੇ ਸੁੱਚੇ ਜੀਵਨ ਦੀ ਹਾਮੀ ਸਾਡੇ ਗੁਰੂਆਂ-ਪੀਰਾਂ ਨੇ ਖੁੱਲ੍ਹ ਕੇ ਭਰੀ ਹੈ ਪਰ ਸਾਡੇ ਵੱਲੋਂ ਅਜੇ ਵੀ ਇਸ ਜੀਵਨ ਦੀ ਪੂਰਨ ਹਮਾਇਤ ਨਹੀਂ ਕੀਤੀ ਜਾ ਰਹੀ। ਆਪਣੇ ਨਿੱਜੀ ਅਤੇ ਪਰਿਵਾਰਕ ਹਿੱਤਾਂ ਨੂੰ ਪਿਆਰਦਿਆਂ ਅਸੀਂ ਅਕਸਰ ਹੀ ਝੂਠ ਅਤੇ ਜੂਠ ਦਾ ਸਹਾਰਾ ਲੈ ਲੈਂਦੇ ਹਾਂ ਅਤੇ ਮਹਾਪੁਰਖਾਂ ਦੇ ਬਚਨਾਂ ਤੋਂ ਬੇਮੁਖ ਹੋ ਜਾਂਦੇ ਹਾਂ।

ਸਾਡੇ ਗੁਰੂ ਸਾਹਿਬਾਨ ਨੇ ਹਉਮੈ (ਹੰਕਾਰ) ਨੂੰ ਦੀਰਘ ਰੋਗ ਕਹਿ ਕੇ ਇਸ ਤੋਂ ਬਚਣ ਲਈ ਉਪਦੇਸ਼ਿਆ ਹੈ ਪਰ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਸਿਰਫ ਸੁਣਨ-ਸੁਣਾਉਣ ਤੱਕ ਹੀ ਸੀਮਤ ਕਰ ਛੱਡਦੇ ਹਾਂ ਅਤੇ ਹਉਮੈ ਭਰਪੂਰ ਗਤੀਵਿਧੀਆਂ ਦਾ ਪ੍ਰਗਟਾਵਾ ਕਰ ਕੇ ਅਥਾਹ ਮਾਣ ਮਹਿਸੂਸ ਕਰਦੇ ਹਾਂ। ਕਈ ਮਾਮਲਿਆਂ ਵਿਚ ਸਾਡੀ ਹਉਮੈ/ਹੰਕਾਰ ਦਾ ਕੱਦ ਰਾਵਣ ਦੇ ਹੰਕਾਰ ਤੋਂ ਕਿਤੇ ਵੱਡਾ ਨਿਕਲ ਜਾਂਦਾ ਹੈ ਅਤੇ ਸਾਡੀਆਂ ਬਦੀਆਂ ਉਸ ਤੋਂ ਵੀ ਕਈ ਗੁਣਾ ਭਾਰੀਆਂ ਸਾਬਤ ਹੁੰਦੀਆਂ ਹਨ।




ਕਿਸੇ ਦੇ ਦੁੱਖ਼ ਨੂੰ ਵੰਡਾਉਣ ਜਾਂ ਘਟਾਉਣ ਦੀ ਭਾਵਨਾ ਸਾਡੇ ਵਿਚੋਂ ਕਾਫੀ ਹੱਦ ਤੱਕ ਮਨਫ਼ੀ ਹੋ ਚੁੱਕੀ ਹੈ। ਦੁਖ ਨੂੰ ਵੰਡਾਉਣਾ ਤਾਂ ਇੱਕ ਪਾਸੇ ਰਿਹਾ ਅਸੀਂ ਤਾਂ ਕਈ ਵਾਰ ਦੂਜਿਆਂ ਦੇ ਦੁੱਖ ਵਿਚ ਵੀ ਸੁੱਖ ਮਹਿਸੂਸਣ ਲੱਗ ਪੈਂਦੇ ਹਾਂ।

ਰਾਵਣ ਦੇ ਪੁਤਲਿਆਂ ਨੂੰ ਸਾੜਨ ਤੋਂ ਪਹਿਲਾਂ ਸਾਨੂੰ ਸਾਰਿਆਂ ਨੂੰ ਆਪੋ-ਆਪਣੇ ਅੰਦਰ ਜ਼ਰੂਰ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਸਾਡੇ ਆਪਣੇ ਕਿਰਦਾਰਾਂ ਵਿਚ ਕਿਧਰੇ ਕੋਈ ਛੇਕ ਤਾਂ ਨਹੀਂ, ਜੇਕਰ ਹੈ ਤਾਂ ਫਿਰ ਸਾਡੀ ਸਾਂਝ ਛਾਣਨੀ ਨਾਲ ਜੁੜਦੀ ਹੈ ਛੱਜ ਨਾਲ ਨਹੀਂ। ਛਾਣਨੀ ਵਰਗਾ ਕਿਰਦਾਰ ਲੈ ਕੇ ਅਸੀਂ ਛੱਜ ਵਰਗੀ ਆਵਾਜ਼ ਕੱਢਣ ਦਾ ਹੱਕ ਨਹੀਂ ਰੱਖਦੇ।

ਦਸਹਿਰੇ ਵਾਲੇ ਦਿਨ ਰਾਵਣ ਅਤੇ ਉਸ ਦੇ ਸਹਿਯੋਗੀਆਂ ਦੇ ਵੱਡੇ-ਵੱਡੇ ਪੁਤਲਿਆਂ ਨੂੰ ਸਾੜ ਕੇ ਬਦੀ ਉਪਰ ਨੇਕੀ ਨੂੰ ਭਾਰੂ ਹੁੰਦੀ ਤਾਂ ਦਿਖਾ ਦਿੰਦੇ ਹਾਂ ਪਰ ਆਪਣੇ ਅੰਦਰਲੇ ਰਾਵਣਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ (ਗੁਰਬਾਣੀ ਅਨੁਸਾਰ ਪੰਜ ਚੋਰਾਂ) ਨੂੰ ਅਗਨ-ਭੇਟ ਨਹੀਂ ਹੋਣ ਦਿੰਦੇ ਕਿਉਂਕਿ ਇਨ੍ਹਾਂ ਨੂੰ ਅਸੀਂ ਮੁੱਢ ਤੋਂ ਹੀ ਆਪਣੇ ਹਿਤਕਾਰੀ ਮੰਨਦੇ ਆ ਰਹੇ ਹਾਂ ਅਤੇ ਆਪਣੇ ਸਵਾਰਥਾਂ ਦੀ ਸਿੱਧੀ ਤੱਕ ਮੰਨਦੇ ਰਹਾਂਗੇ।

ਰਾਵਣ ਦੇ ਪੁਤਲਿਆਂ ਨੂੰ ਸਾੜਨ ਵਾਲੇ ਭਾਈਚਾਰੇ ਵਿਚੋਂ ਕਈਆਂ ਦੀਆਂ ਆਪਣੀਆਂ ਬਦੀਆਂ ਦੇ ਬੋਹਲ ਵੀ ਕਾਫੀ ਉੱਚੇ ਹੁੰਦੇ ਹਨ ਪਰ ਅੱਗ ਦੇਣ ਵਿਚ ਉਹ ਆਪਣਾ ਮੋਹਰੀ ਰੋਲ ਅਦਾ ਕਰ ਰਹੇ ਹੁੰਦੇ ਹਨ।

ਸਦੀਆਂ ਤੋਂ ਚੱਲਦੀ ਆ ਰਹੀ ਰਵਾਇਤ ਨੂੰ ਮੋਢਾ ਦੇਈ ਰੱਖਣ ਨਾਲੋਂ ਸਾਨੂੰ ਆਪਣੇ ਕਾਰ-ਵਿਹਾਰ ਨੂੰ ਤਰਕਸੰਗਤ ਬਣਾਉਣਾ ਚਾਹੀਦਾ ਹੈ ਅਤੇ ਲੋਕ ਦਿਖਾਵੇ ਦੀ ਸਾੜ-ਫੂਕ ਨਾਲੋਂ ਸਾਨੂੰ ਆਪਣੇ ਸਮਾਜ ਵਿਚਲੀਆਂ ਬੁਰਾਈਆਂ/ਬਦੀਆਂ ਜਿਵੇਂ ਭ੍ਰਿਸ਼ਟਾਚਾਰ, ਭਰੂਣ-ਹੱਤਿਆ, ਗ਼ਰੀਬੀ, ਅਨਪੜ੍ਹਤਾ, ਰਿਸ਼ਵਤਖ਼ੋਰੀ ਅਤੇ ਬਲਾਤਕਾਰ ਆਦਿ ਨੂੰ ਸਾੜਨ/ਖ਼ਤਮ ਕਰਨ ਲਈ ਤੀਲੀ ਤਿਆਰ ਰੱਖਣੀ ਚਾਹੀਦੀ ਹੈ ਤਾਂ ਜੋ ਸਹੀ ਅਰਥਾਂ ਵਿਚ ਅਸੀਂ ਇਨ੍ਹਾਂ ਰਾਵਣ ਰੂਪੀ ਵਿਕਰਾਲ ਬਿਮਾਰੀਆਂ ਜਾਂ ਕਹਿ ਲਵੋ ਕਿ ਬੁਰਾਈਆਂ ਤੋਂ ਦੇਸ਼ ਦੇ ਆਮ ਨਾਗਰਿਕਾਂ ਨੂੰ ਰਾਹਤ ਪ੍ਰਦਾਨ ਕਰ ਸਕੀਏ ਅਤੇ ਦਸਹਿਰੇ ਦਾ ਅਸਲੀ ਆਨੰਦ ਲੈ ਸਕੀਏ।

ਅੱਜ ਲੋੜ ਹੈ ਆਪਣੇ ਮੂਲ ਨੂੰ ਪਛਾਣਨ ਦੀ। ਗੁਰੂ ਫ਼ਰਮਾਨ ਹੈ:

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥

# ਪੰਜਾਬ ਦੇ ਪਾਣੀਆਂ ਨੂੰ ਕਾਰਪੋਰੇਟ ਦੀ ਕੈਦ ਤੋਂ ਮੁਕਤ ਕਰਵਾਉਣ ਦੀ ਲੋੜ



ਵਧੇਰੇ ਪਾਣੀਆਂ ਵਾਸਤੇ ਲੜਨ ਲਈ ਤਾਂ ਅਸੀਂ ਹਰ ਪਲ ਤਿਆਰ ਰਹਿੰਦੇ ਹਾਂ ਪਰ ਜੋ ਪਾਣੀ ਸਾਡੇ ਕੋਲ ਹਨ, ਉਨ੍ਹਾਂ ਦੀ ਸਾਂਭ ਸੰਭਾਲ ਅਤੇ ਸੁਚੱਜੀ ਵਰਤੋਂ ਵੱਲ ਸਾਡਾ ਉੱਕਾ ਹੀ ਕੋਈ ਧਿਆਨ ਨਹੀਂ। ਅਸੀਂ ਆਪਣੇ ਪਾਣੀਆਂ ਦੀ ਕੇਵਲ ਬਰਬਾਦੀ ਹੀ ਨਹੀਂ ਕਰਦੇ, ਉਨ੍ਹਾਂ ਵਿਚ ਏਨੀਆਂ ਜ਼ਹਿਰਾਂ ਘੋਲ ਦਿੱਤੀਆਂ ਹਨ ਕਿ ਨਾ ਉਹ ਪੀਣ ਯੋਗ ਰਹੇ ਹਨ ਅਤੇ ਨਾ ਹੀ ਸਿੰਚਾਈ ਲਈ ਵਰਤੇ ਜਾ ਸਕਦੇ ਹਨ। ਪੀਣ ਵਾਲੇ ਪਾਣੀ ਦੀਆਂ ਬੋਤਲਾਂ ਅਸੀਂ ਕਾਰਪੋਰੇਟ ਤੋਂ ਖਰੀਦਦੇ ਹਾਂ। ਸਿੰਚਾਈ ਲਈ ਤਾਪ ਬਿਜਲੀ ਘਰਾਂ ਦੀਆਂ ਜੇਬਾਂ ਭਰੀ ਜਾਂਦੇ ਹਾਂ। ਸਾਡੇ ਪਾਣੀਆਂ ਉਪਰ ਸਾਡਾ ਆਪਣਾ ਨਹੀਂ, ਕਾਰਪੋਰੇਟ ਦਾ ਕਬਜ਼ਾ ਹੈ। ਕੀ ਅਸੀਂ ਆਪਣੇ ਪਾਣੀਆਂ ਨੂੰ ਇਸ ਕਾਰਪੋਰੇਟੀ ਲੁੱਟ-ਖਸੁੱਟ ਤੋਂ ਆਜ਼ਾਦ ਕਰਾਉਣ ਲਈ ਵੀ ਕਦੀ ਸੋਚਾਂਗੇ? ਕੋਈ ਅਜਿਹੇ ਕਦਮ ਉਠਾਵਾਂਗੇ ਜੋ ਪੰਜਾਬ ਦੇ ਪਾਣੀਆਂ ਨੂੰ ਕਾਰਪੋਰੇਟ ਦੀ ਕੈਦ ਵਿਚੋਂ ਮੁਕਤ ਕਰਵਾ ਕੇ ਪੰਜਾਬ ਦੇ



ਅਮਰਜੀਤ ਸਿੰਘ ਗਰੇਵਾਲ

ਵਾਤਾਵਰਣ, ਪੰਜਾਬ ਦੀ ਖੇਤੀਬਾੜੀ ਅਤੇ ਪੰਜਾਬ ਦੀ ਆਰਥਿਕਤਾ, ਆਦਿ ਦੀ ਬਰਬਾਦੀ ਰੋਕ ਸਕੇ।

ਝੋਨੇ ਦੀ ਕਾਸ਼ਤ ਅਧੀਨ ਰਕਬੇ ਨੂੰ ਘਟਾ ਕੇ ਪੰਜਾਬ ਨੂੰ ਬੰਜਰ ਹੋਣ ਤੋਂ ਕਿਵੇਂ ਬਚਾਉਣਾ ਹੈ, ਇਸ ਉਪਰ ਕੇਵਲ ਖੇਤੀ ਮਾਹਿਰਾਂ ਦਾ ਹੀ ਨਹੀਂ, ਸਰਕਾਰਾਂ ਦਾ ਵੀ ਪਿਛਲੇ ਕਈ ਦਹਾਕਿਆਂ ਤੋਂ ਜ਼ੋਰ ਲੱਗਿਆ ਹੋਇਆ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ, ਇਹ ਘਟਣ ਦੀ ਥਾਂ ਵਧ ਰਿਹਾ ਹੈ। ਪਿਛਲੇ ਦਸਾਂ ਸਾਲਾਂ ਵਿਚ ਇਹ 26 ਲੱਖ ਹੈਕਟੇਅਰ ਤੋਂ ਵਧ ਕੇ 30.5 ਲੱਖ ਹੈਕਟੇਅਰ ਹੋ ਗਿਆ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਸਾਬਕਾ ਸਿੰਚਾਈ ਮਾਹਿਰ ਡਾ. ਗੁਰਦੇਵ ਸਿੰਘ ਹੀਰਾ ਨੇ ਜਦੋਂ ਇਹ ਜਾਣ ਲਿਆ ਕਿ ਲੋਕਾਂ ਨੇ ਤਾਂ ਝੋਨਾ ਬੀਜਣੋਂ ਹਟਣਾ ਨਹੀਂ, ਇਸ ਲਈ ਝੋਨੇ ਦੀ ਬਿਜਾਈ ਦਸ ਦਿਨ ਲੇਟ ਕਰ ਕੇ ਪੰਜਾਬ ਦੇ ਪਾਣੀਆਂ ਨੂੰ ਬਚਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਨੇ 20 ਜੂਨ ਤੋਂ ਪਹਿਲਾਂ ਝੋਨੇ ਦੀ ਬਿਜਾਈ ਕਰਨ ਉਪਰ ਰੋਕ ਲਗਾ ਦਿੱਤੀ। ਇਸ ਸਕੀਮ ਦਾ ਬਹੁਤ ਲਾਭ ਵੀ ਹੋਇਆ। ਪਰ ਝੋਨੇ ਦੀ ਹਾਰਵੈਸਟਿੰਗ ਲੇਟ ਹੋਣ ਲੱਗ ਪਈ ਜਿਸ ਕਾਰਨ ਅਗਲੀ ਫਸਲ ਦੀ ਤਿਆਰੀ ਲਈ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਬਿਨਾ ਕੋਈ ਦੂਸਰਾ ਵਿਕਲਪ ਨਹੀਂ ਸੀ ਰਹਿ ਗਿਆ। ਪਰਾਲੀ ਸੜਨ ਨਾਲ ਪੰਜਾਬ ਹੀ ਨਹੀਂ, ਹਰਿਆਣਾ ਅਤੇ ਦਿੱਲੀ ਵੀ ਜ਼ਹਿਰੀਲੇ ਧੂੰਏਂ ਨਾਲ ਭਰ ਗਏ। ਸਾਹ ਲੈਣਾ ਮੁਸ਼ਕਲ ਹੋ ਗਿਆ। ਫਿਰ ਤੋਂ ਅਗੇਤੀ ਬਿਜਾਈ ਵੱਲ ਮੁੜਨਾ ਪੈ ਗਿਆ।

ਪੰਜਾਬ ਵਿਚ ਟਿਊਬਵੈੱਲਾਂ ਲਈ ਬਿਜਲੀ ਦੇ ਮੁਫਤ ਹੋਣ ਨਾਲ ਹੀ, ਨਹਿਰੀ ਪਾਣੀਆਂ ਦੀ ਥਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਦਾ ਰੁਝਾਨ ਵਧਣਾ ਸ਼ੁਰੂ ਹੋ ਗਿਆ। ਧਰਤੀ ਹੇਠਲੇ ਪਾਣੀ ਦੀ ਸਤ੍ਹਾ ਹੇਠਾਂ ਜਾਣ ਲੱਗੀ। ਪੰਜ ਹੌਰਸ ਪਾਵਰ ਦੀਆਂ ਮੋਟਰਾਂ ਤੋਂ ਸ਼ੁਰੂ ਹੋ ਕੇ ਹੁਣ 25 ਤੋਂ 35 ਹਾਰਸ ਦੀਆਂ ਮੋਟਰਾਂ ਤਕ ਪਹੁੰਚ ਗਏ ਹਾਂ। ਸਰਕਾਰ/ ਅਰਥਚਾਰੇ ਉਪਰ ਵੀ ਮੁਫਤ ਬਿਜਲੀ ਦਾ ਭਾਰ ਤੇਜ਼ੀ ਨਾਲ ਵਧ ਰਿਹਾ ਹੈ। ਕਿਸਾਨਾਂ ਲਈ ਹੁਣ ਬਿਜਲੀ ਦੀ ਵਧੀ ਹੋਈ ਖਪਤ ਦੇ ਖਰਚਿਆਂ ਦਾ ਭਾਰ ਚੁੱਕਣਾ ਸੰਭਵ ਨਹੀਂ ਹੈ। ਰਾਜ ਸਰਕਾਰ ਲਈ ਵੀ ਇਹ ਭਾਰ ਚੁੱਕਣਾ ਦਿਨੋਂ ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਇਸ ਸਮੱਸਿਆ ਦਾ ਹੱਲ ਢੂੰਡੇ ਬਿਨਾਂ ਨਾ ਪੰਜਾਬ ਬਚੇਗਾ ਅਤੇ ਨਾ ਹੀ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ। ਨਾ ਸੰਕਟ ਹੱਲ ਹੋ ਸਕਦਾ ਹੈ ਅਤੇ ਨਾ ਹੀ ਇਸਦੇ ਵਾਤਾਵਰਣ ਅਤੇ ਧਰਤੀ ਹੇਠਲੇ ਪਾਣੀਆਂ ਨੂੰ ਬਚਾਇਆ ਜਾ ਸਕਦਾ ਹੈ।

ਕਿਆ ਦੁਖਾਂਤ ਹੈ ਕਿ ਮੁਫਤ ਬਿਜਲੀ ਦੀਆਂ ਸਹੂਲਤਾਂ ਮਿਲ ਜਾਣ ਬਾਅਦ ਤਾਂ ਪੰਜਾਬ ਦੇ ਮਿੱਠੇ ਪਾਣੀ ਵਾਲੇ ਇਲਾਕਿਆਂ ਵਿਚ ਲੋਕਾਂ ਨੇ ਨਹਿਰੀ ਸਿੰਚਾਈ ਵਾਲੀਆਂ ਕੱਸੀਆਂ ਅਤੇ ਖਾਲੇ ਵੀ ਭਰ ਦਿੱਤੇ ਹਨ।

ਸੰਕਟ ਦਾ ਸਮਾਧਾਨ ਇਸ ਸੁਆਲ ਦੇ ਜੁਆਬ ਵਿਚ ਪਿਆ ਹੈ ਕਿ ਪੰਜਾਬ ਦੀ ਕਿਸਾਨੀ ਦਾ ਧਿਆਨ ਧਰਤੀ ਹੇਠਲੇ ਪਾਣੀਆਂ ਤੋਂ ਨਹਿਰੀ ਪਾਣੀਆਂ ਵੱਲ ਕਿਵੇਂ ਮੋੜਿਆ ਜਾਵੇ? ਨਹਿਰੀ ਪਾਣੀਆਂ ਦੀ ਸਿੰਚਾਈ ਧਰਤੀ ਹੇਠਲੇ ਪਾਣੀਆਂ ਦੀ ਸਿੰਚਾਈ ਨਾਲੋਂ ਵਧੇਰੇ ਲਾਹੇਵੰਦ ਕਿਵੇਂ ਬਣਾਈ ਜਾਵੇ?

ਅਜਿਹਾ ਕਰਨ ਲਈ ਨਹਿਰੀ ਸਿੰਚਾਈ ਦੇ ਆਧਾਰ ਢਾਂਚੇ ਅਤੇ ਪ੍ਰਬੰਧ ਨੂੰ ਮੁੜ ਤੋਂ ਵਿਉਂਤਣਾ ਹੋਵੇਗਾ।

ਸਾਡਾ ਨਹਿਰੀ ਢਾਂਚਾ ਕੇਵਲ ਬਰਫੀਲੇ ਪਾਣੀਆਂ ਨੂੰ ਹੀ ਵਰਤੋਂ ਵਿਚ ਲਿਆ ਰਿਹਾ ਹੈ। ਮੀਂਹ/ ਹੜ੍ਹਾਂ ਦੇ ਪਾਣੀਆਂ ਨੂੰ ਨਹੀਂ। ਉਹ ਪਾਣੀ ਜੋ ਹਾਲ ਦੀ ਘੜੀ ਸਮੁੰਦਰ ਵਿਚ ਜਾ ਰਿਹਾ ਹੈ, ਨੂੰ ਸਿੰਚਾਈ ਲਈ ਵਰਤਣ ਵਾਸਤੇ ਨਹਿਰੀ ਢਾਂਚੇ ਦੀ ਸਮਰੱਥਾ ਵਧਾਉਣ ਵਾਸਤੇ ਯੋਜਨਾ ਬਣਾਉਣੀ ਹੋਵੇਗੀ।

ਨਹਿਰੀ ਪਾਣੀਆਂ ਦੀ ਬਰਬਾਦੀ, ਚੋਰੀ ਅਤੇ ਗੰਧਲੇਪਣ/ ਜ਼ਹਿਰੀਲੇਪਣ ਨੂੰ ਰੋਕਣ ਬਾਰੇ ਵੀ ਸੋਚਣਾ ਹੋਵੇਗਾ। ਨਹਿਰੀ ਸਿੰਚਾਈ ਦਾ ਕੰਮ ਮੋਟਰ ਦਾ ਬਟਨ ਦਬਾਉਣ ਤੋਂ ਵੀ ਵੱਧ ਸਰਲ ਕਿਵੇਂ ਬਣਾਉਣਾ ਹੈ, ਇਸ ਬਾਰੇ ਸੋਚਣਾ ਹੋਵੇਗਾ। ਪਲਾਂਟ ਨੂਟਰੀਸ਼ਨ ਮੈਨੇਜਮੈਂਟ ਕਿਵੇਂ ਕਰਨੀ ਹੈ? ਅਜਿਹੇ ਅਨੇਕਾਂ ਸੁਆਲ ਹਨ ਜਿਨ੍ਹਾਂ ਦੇ ਜੁਆਬ ਸਾਨੂੰ ਸਮਾਰਟ ਫਾਰਮਿੰਗ ਰਾਹੀਂ ਖਪਤਕਾਰਾਂ ਲਈ ਸ਼ੁੱਧ ਭੋਜਨ/ ਪਾਣੀ ਅਤੇ ਕਿਸਾਨਾਂ ਲਈ ਸਮਾਰਟ ਕਿਰਤ/ ਮੁਨਾਫਿਆ ਵੱਲ ਲੈ ਜਾਂਦੇ ਹਨ।

ਇਹ ਠੀਕ ਹੈ ਕਿ ਪੰਜਾਬ ਸਰਕਾਰ ਦੀ ਟਿਊਬਵੈੱਲਾਂ ਲਈ ਮੁਫਤ ਬਿਜਲੀ ਦੀ ਸਕੀਮ ਨੂੰ ਬੰਦ ਕੀਤੇ ਬਿਨਾ, ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਦੀ ਬਰਬਾਦੀ ਨੂੰ ਰੋਕਿਆ ਨਹੀਂ ਜਾ ਸਕਦਾ। ਪਰ ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਧਰਤੀ ਹੇਠਲੇ ਪਾਣੀ ਡੂੰਘੇ ਜਾਣ ਕਰਕੇ ਕਿਸਾਨ ਬਿਜਲੀ ਦੇ ਖਰਚੇ ਚੁੱਕਣ ਵਿਚ ਵੀ ਪੂਰੀ ਤਰ੍ਹਾਂ ਅਸਮਰੱਥ ਹਨ। ਮੁਫਤ ਬਿਜਲੀ ਦੀ ਸਕੀਮ ਬੰਦ ਕਰਨ ਦਾ ਅਰਥ ਹੈ ਕਿਸਾਨਾਂ ਦੀ ਬਰਬਾਦੀ। ਪੰਜਾਬ ਦੇ ਖੇਤੀ ਸੈਕਟਰ ਦੀ ਬਰਬਾਦੀ। ਕੀ ਕੋਈ ਹੱਲ ਨਹੀਂ? ਹੱਲ ਹੈ। ਬਿਲਕੁਲ ਹੈ। ਬਹੁਤ ਵਧੀਆ ਹੱਲ ਹੈ। ਅਜਿਹਾ ਸੰਗਠਿਤ ਹੱਲ ਜੋ ਪੰਜਾਬ ਦੀ ਕਿਸਾਨੀ, ਪੰਜਾਬ ਦੇ ਪਾਣੀਆਂ, ਪੰਜਾਬ ਦੇ ਵਾਤਾਵਰਣ, ਪੰਜਾਬ ਦੀ ਖੇਤੀਬਾੜੀ ਅਤੇ ਪੰਜਾਬ ਦੀ ਆਰਥਿਕਤਾ, ਸਭ ਦੀ ਬਰਬਾਦੀ ਰੋਕ ਸਕਦਾ ਹੈ।

ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਧਰਤੀ ਹੇਠਲੇ ਪਾਣੀਆਂ ਦੀ ਵੱਖੋ ਵੱਖਰੀ ਡੂੰਘਾਈ ਹੋਣ ਕਰਕੇ, ਮੋਟਰਾਂ ਵੀ ਵੱਖੋ ਵੱਖਰੀ ਹਾਰਸ ਪਾਵਰ ਦੀਆਂ ਹਨ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ, ਸਭ ਤੋਂ ਪਹਿਲਾਂ ਤਾਂ ਵੱਖ ਵੱਖ ਖਿੱਤਿਆਂ ਲਈ ਉਕੀ ਪੁੱਕੀ ਸਬਸਿਡੀ ਤੈਅ ਕੀਤੀ ਜਾਵੇ। ਦਰਅਸਲ ਹਰ ਪਿੰਡ/ ਖਿੱਤੇ ਨੂੰ ਇਕ ਖੁਦਮੁਖਤਾਰ ਐਗਰੋ-ਕਲਾਈਮੈਟਿਕ ਜ਼ੋਨ ਵਜੋਂ ਵਿਕਸਿਤ ਕਰਨ ਦੀ ਲੋੜ ਹੈ, ਤਾਂ ਜੋ ਪਾਣੀ ਦੀ ਸਬਸਿਡੀ ਤੈਅ ਕਰਨ ਤੋਂ ਇਲਾਵਾ ਫਸਲੀ ਚੱਕਰ ਅਤੇ ਬਰੈਂਡ ਡਿਵੈਲਪਮੈਂਟ ਬਾਰੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕੀਤੀ ਜਾ ਸਕੇ। ਫੇਰ ਨੰਬਰ ਦੋ 'ਤੇ ਮੁਫਤ ਬਿਜਲੀ ਬੰਦ ਕਰ ਕੇ ਬਿਜਲੀ ਦਾ ਬਿੱਲ ਆਉਣ ਤੋਂ ਪਹਿਲਾਂ ਉਹ ਸਬਸਿਡੀ ਕਿਸਾਨਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਈ ਜਾਵੇ। ਨੰਬਰ ਤਿੰਨ ਹਰ, ਕਿਸਾਨ ਲਈ ਲੋੜੀਂਦੇ ਮੁਫਤ ਨਹਿਰੀ ਪਾਣੀ ਨੂੰ ਯਕੀਨੀ ਬਣਾਇਆ ਜਾਵੇ। ਨੰਬਰ ਚਾਰ, ਨਹਿਰੀ ਸਿੰਚਾਈ ਦਾ ਕੰਮ ਮੋਟਰ ਦਾ ਬਟਨ ਦਬਾਉਣ ਤੋਂ ਵੀ ਸਰਲ ਹੋਣਾ ਚਾਹੀਦਾ ਹੈ। ਅਤੇ ਨੰਬਰ ਪੰਜ, ਕਿਉਂਕਿ ਪਰਵਾਸੀ ਲੇਬਰ ਨੂੰ ਆਪੋ-ਆਪਣੇ ਸੂਬਿਆਂ ਵਿਚ ਕੰਮ ਮਿਲਣ ਲੱਗ ਪਿਆ ਹੈ, ਇਸ ਲਈ ਲੇਬਰ ਦੀ ਆ ਰਹੀ ਸਮੱਸਿਆ ਦੇ ਹੱਲ ਲਈ ਫਸਲਾਂ ਦੀ ਬਿਜਾਈ, ਫਸਲਾਂ ਦੀ ਸਾਂਭ-ਸੰਭਾਲ, ਸਿੰਚਾਈ, ਪੌਦ ਸੁਰੱਖਿਆ, ਹਾਰਵੈਸਟਿੰਗ, ਪੋਸਟ-ਹਾਰਵੈਸਟਿੰਗ, ਪਰੋਸੈਸਿੰਗ ਅਤੇ ਮੰਡੀਕਰਨ ਆਦਿ ਸਾਰੇ ਕੰਮਾਂ ਲਈ ਲੇਬਰ ਉਪਰ ਨਿਰਭਰਤਾ ਖਤਮ ਕਰਨ ਲਈ ਪੂਰੀ ਆਟੋਮੇਸ਼ਨ ਦਾ ਰਾਹ ਅਪਨਾਇਆ ਜਾਵੇ।

ਜੇਕਰ ਮੁਫਤ ਬਿਜਲੀ ਦੇਣ ਦੀ ਬਜਾਇ ਟਿਊਬਵੈੱਲਾਂ ਲਈ ਸੋਲਰ ਸਿਸਟਮ ਮੁਹੱਈਆ ਕਰਵਾ ਦਿੱਤੇ ਜਾਣ ਤਾਂ ਕੇਵਲ ਪ੍ਰਦੂਸ਼ਣ ਹੀ ਨਹੀਂ ਰੁਕੇਗਾ, ਬਿਜਲੀ ਦੀ ਵੀ ਬਚਤ ਹੋਵੇਗੀ। ਸੋਲਰ ਸਿਸਟਮ ਨਾਲ ਪੈਦਾ ਹੋਣ ਵਾਲੀ ਵਾਧੂ ਬਿਜਲੀ ਨੂੰ ਵੇਚਣ ਦੀ ਸਹੂਲਤ ਕਾਰਨ ਕਿਸਾਨ ਝੋਨੇ ਦੀ ਥਾਂ ਦੂਜੀਆਂ ਫਸਲਾਂ ਦੀ ਕਾਸ਼ਤ ਬਾਰੇ ਸੋਚਣਗੇ। ਸੋਲਰ ਐਨਰਜੀ ਨਾਲ ਪੈਦਾ ਹੋਣ ਵਾਲੀ ਬਿਜਲੀ ਨੂੰ ਵੇਚਣ ਦੀ ਸਹੂਲਤ ਪੈਦਾ ਹੋਣ ਨਾਲ ਕਿਸਾਨ ਉਨ੍ਹਾਂ ਫਸਲਾਂ ਵੱਲ ਮੁੜਨਗੇ ਜਿਨ੍ਹਾਂ ਨਾਲ ਬਿਜਲੀ ਦੀ ਬੱਚਤ ਕਰ ਕੇ ਉਸ ਨੂੰ ਵੇਚਿਆ ਜਾ ਸਕੇ। ਕਿਸਾਨ ਫਸਲਾਂ ਹੀ ਨਹੀਂ, ਬਿਜਲੀ ਦਾ ਵੀ ਉਤਪਾਦਨ ਕਰਨ ਲੱਗ ਪੈਣਗੇ।

ਜੇਕਰ ਇਹ ਦੋ-ਤਿੰਨ ਕੰਮ ਕਰ ਲਈਏ ਅਤੇ ਪਿੰਡਾਂ ਵਿਚੋਂ ਕੇਵਲ ਪ੍ਰੋਸੈਸਡ ਬਰੈਂਡ ਹੀ ਬਾਹਰ ਆਉਣ ਤਾਂ ਲੋਕ ਝੋਨਾ ਬੀਜਣਾ ਆਪਣੇ ਆਪ ਹੀ ਬੰਦ ਕਰ ਦੇਣਗੇ। ਉਦਾਹਰਨ ਵਜੋਂ ਜੇਕਰ ਨਰਮੇ/ ਕਪਾਹ ਵਾਲੇ ਪਿੰਡਾਂ/ ਇਲਾਕਿਆਂ ਵਿਚ ਕਪਾਹ ਨਾਲ ਜੁੜੀ ਘਰੇਲੂ ਸਨਅਤ ਵਿਕਸਿਤ ਕੀਤੀ ਜਾਵੇ ਤਾਂ ਝੋਨੇ ਹੇਠਲਾ ਬਹੁਤ ਸਾਰਾ ਇਲਾਕਾ ਨਰਮੇ/ ਕਪਾਹ ਵੱਲ ਮੁੜ ਸਕਦਾ ਹੈ। ਫਲਾਂ, ਸਬਜ਼ੀਆਂ, ਫੁੱਲਾਂ, ਤੇਲ ਬੀਜਾਂ ਅਤੇ ਕਣਕ ਆਦਿ ਤੋਂ ਤਿਆਰ ਹੋਣ ਵਾਲੀਆਂ ਵਸਤਾਂ ਨੂੰ ਤਾਂ ਸਹਿਜੇ ਹੀ ਪਿੰਡ ਆਪੋ ਆਪਣੇ ਬਰੈਂਡ ਨਾਮ ਹੇਠ ਮੰਡੀਕਰਨ ਲਈ ਭੇਜ ਸਕਦੇ ਹਨ।

ਖੇਤ ਨੂੰ ਹੀ ਨਹੀਂ, ਖੇਤ ਦੇ ਕਿਸ ਹਿੱਸੇ ਜਾਂ ਪੌਦੇ ਨੂੰ ਕਿਸ ਸਮੇਂ ਕਿੰਨੇ ਪਾਣੀ ਅਤੇ ਖੁਰਾਕੀ ਤੱਤਾਂ ਦੀ ਜ਼ਰੂਰਤ ਹੈ, ਦਾ ਬਰੀਕਬੀਨੀ ਨਾਲ ਹਿਸਾਬ ਲਗਾ ਕੇ, ਉਸ ਘੋਲ ਨੂੰ ਓਨੀ ਹੀ ਮਾਤਰਾ ਵਿਚ ਸਹੀ ਸਮੇਂ 'ਤੇ, ਡਰਿੱਪ/ ਸਪਰਿੰਕਲ ਇਰੀਗੇਸ਼ਨ ਦੀ ਤਕਨੀਕ ਨਾਲ ਕਿਵੇਂ ਦਿੱਤਾ ਜਾਵੇ, ਇਸ ਗੱਲ ਦਾ ਐਗਰੀਕਲਚਰਲ ਸੈਂਸਰਾਂ, ਇੰਟਰਨੈਟ ਆਫ ਥਿੰਗਜ਼, ਡੈਟਾ ਐਨਾਲਿਟਕਸ, ਕਲਾਊਡ ਕੰਪਿਊਟਿੰਗ ਅਤੇ ਮੋਬਾਈਲ ਤਕਨਾਲੋਜੀ ਦੀ ਇਰੀਗੇਸ਼ਨ ਸਿਸਟਮ ਨਾਲ ਆਟੋ-ਇੰਟੈਗਰੇਸ਼ਨ ਨਾਲ ਸਹਿਜੇ ਹੀ ਪ੍ਰਬੰਧ ਕੀਤਾ ਜਾ ਸਕਦਾ ਹੈ। ਕੋਈ ਨਵੀਂ ਗੱਲ ਨਹੀਂ, ਅਜਿਹਾ ਸੰਸਾਰ ਵਿਚ ਪਹਿਲਾਂ ਹੀ ਹੋ ਰਿਹਾ ਹੈ। ਉਨ੍ਹਾਂ ਦੇ ਤਜਰਬੇ ਨੂੰ ਆਪਣੀਆਂ ਸਥਿਤੀਆਂ ਮੁਤਾਬਕ ਢਾਲ ਕੇ ਵਰਤੋਂ ਵਿਚ ਲਿਆ ਸਕਦੇ ਹਾਂ। ਸਿੰਚਾਈ ਵਾਂਗ ਹੀ ਪੌਦ ਸੁਰੱਖਿਆ ਦੀ ਸਮਾਰਟ ਤਕਨਾਲੋਜੀ ਵੀ ਉਪਲਬਧ ਹੈ, ਜਿਸਨੂੰ ਸਹਿਜੇ ਹੀ ਸਮਾਰਟ ਫਾਰਮਿੰਗ ਦਾ ਹਿੱਸਾ ਬਣਾਇਆ ਜਾ ਸਕਦਾ ਹੈ।

ਖੁੱਲ੍ਹੀਆਂ ਨਹਿਰਾਂ, ਸੂਇਆਂ, ਕੱਸੀਆਂ ਅਤੇ ਖਾਲਿਆਂ ਨੂੰ ਪਾਣੀ ਦੀਆਂ ਪਾਈਪਲਾਈਨਾਂ ਵਿਚ ਤਬਦੀਲ ਕਰ ਕੇ ਪਾਣੀ ਦੀ ਚੋਰੀ, ਬਰਬਾਦੀ, ਪੋਲਿਊਸ਼ਨ ਅਤੇ ਭ੍ਰਿਸ਼ਟ ਪ੍ਰਬੰਧ ਨੂੰ ਪੂਰੀ ਤਰ੍ਹਾਂ ਰੋਕ ਕੇ ਬਿਨਾ ਪ੍ਰਵਾਸੀ ਲੇਬਰ ਉਪਰ ਨਿਰਭਰ ਕੀਤਿਆਂ ਇਹ ਸਾਰਾ ਪ੍ਰਬੰਧ ਕਿਸਾਨ ਖੁਦ ਹੀ ਕਰ ਸਕਦੇ ਹਨ। ਸਾਡੀਆਂ ਨਹਿਰਾਂ ਵਿਚ ਪੰਜਾਬ ਦੇ ਹੜ੍ਹਾਂ/ ਮੀਂਹ ਦੇ ਵਾਧੂ ਪਾਣੀਆਂ ਨੂੰ ਸੰਭਾਲਣ ਦੀ ਸਮਰੱਥਾ ਨਹੀਂ ਹੈ। ਪਾਈਪਲਾਈਨਾਂ ਰਾਹੀਂ ਨਹਿਰੀ ਪਾਣੀਆਂ ਦੇ ਢਾਂਚੇ ਦੀ ਮੁੜ ਉਸਾਰੀ ਰਾਹੀਂ ਇਨ੍ਹਾਂ ਪਾਣੀਆਂ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ। ਨਹਿਰੀ ਢਾਂਚੇ ਦੀ ਪੁਨਰ-ਉਸਾਰੀ ਦਾ ਇਹ ਕੰਮ ਜ਼ਰੂਰੀ ਨਹੀਂ ਇਕੋ ਵੇਲੇ ਸ਼ੁਰੂ ਕੀਤਾ ਜਾਵੇ। ਖੇਤਾਂ, ਖਾਲਿਆਂ, ਕੱਸੀਆਂ ਤੋਂ ਹੌਲੀ-ਹੌਲੀ ਨਹਿਰਾਂ ਵੱਲ ਵਧਿਆ ਜਾ ਸਕਦਾ ਹੈ।

## ਸਿੱਖੀ ਅਤੇ ਕਮਿਊਨਿਜ਼ਮ ਦੀ ਸਾਂਝ

*(ਸਫਾ 19 ਦਾ ਬਾਕੀ)*

ਪੂਰਨਤਾ ਹੈ ਅਤੇ ਉਸ ਦੇ ਹੌਂਸਲੇ ਤੇ ਜਾਇਜ਼ਤਾ ਦਾ ਸਰਬਵਿਆਪੀ ਆਧਾਰ ਹੈ। ਇਹ ਮਨੁੱਖੀ ਤੱਤ ਦੀ ਕਲਪਿਤ ਪ੍ਰਾਪਤੀ ਹੈ ਕਿਉਂਕਿ ਮਨੁੱਖੀ ਤੱਤ ਨੇ ਅਜੇ ਕੋਈ ਹਕੀਕੀ ਪ੍ਰਾਪਤੀ ਨਹੀਂ ਕੀਤੀ। ਇਸ ਲਈ ਧਰਮ ਵਿਰੁੱਧ ਸੰਘਰਸ਼ ਅਸਿੱਧੇ ਰੂਪ ਵਿਚ ਉਸ ਸੰਸਾਰ ਵਿਰੁੱਧ ਸੰਘਰਸ਼ ਹੈ, ਜਿਸ ਦਾ ਰੂਹਾਨੀ ਜਲੌਅ ਧਰਮ ਹੈ। ਧਾਰਮਿਕ ਦੁਖ ਇਕੋ ਵੇਲੇ ਅਮਲੀ ਦੁਖ ਦਾ ਪ੍ਰਗਟਾਵਾ ਹੈ ਅਤੇ ਅਮਲੀ ਦੁਖ ਵਿਰੁੱਧ ਇਕ ਰੋਸ ਹੈ। ਧਰਮ ਪੀੜਤ ਪ੍ਰਾਣੀ ਦਾ ਇਕ ਹਉਕਾ ਹੈ। ਇਕ ਬੇਦਰਦ ਸੰਸਾਰ ਦਾ ਦਰਦ ਹੈ। ਰੂਹ ਵਿਹੂਣੇ ਮਾਹੌਲ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ। ਲੋਕਾਂ ਦੀ ਭਰਮਾਊ ਖੁਸ਼ੀ ਵਜੋਂ ਧਰਮ ਦਾ ਖਾਤਮਾ ਉਨ੍ਹਾਂ ਦੀ ਅਸਲੀ ਖੁਸ਼ੀ ਵਾਸਤੇ ਮੰਗ ਹੈ। ਉਨ੍ਹਾਂ ਨੂੰ ਇਹ ਕਹਿਣਾ ਕਿ ਆਪਣੀਆਂ ਹਾਲਤਾਂ ਬਾਰੇ ਬਣੇ ਆਪਣੇ ਭਰਮਾਂ ਨੂੰ ਤਿਆਗ ਦਿਓ ਦਾ ਮਤਲਬ ਉਨ੍ਹਾਂ ਨੂੰ ਇਹ ਕਹਿਣਾ ਹੈ ਕਿ ਉਨ੍ਹਾਂ ਹਾਲਤਾਂ ਨੂੰ ਤਿਆਗ ਦਿਓ, ਜਿਨ੍ਹਾਂ ਦੀ ਲੋੜ ਇਹ ਭਰਮ ਹਨ। ਇਸ ਲਈ ਧਰਮ ਦੀ ਆਲੋਚਨਾ ਮੁੱਢਲੇ ਰੂਪ ਵਿਚ ਹੰਝੂਆਂ ਦੀ ਉਸ ਵਾਦੀ ਦੀ ਆਲੋਚਨਾ ਹੈ, ਜਿਸ ਦਾ ਜਲੌਅ ਧਰਮ ਹੈ।''

ਏਂਗਲਜ਼ ਦੇ ਕਥਨ ਅਨੁਸਾਰ : ''ਸਾਰੇ ਧਰਮ ਹੋਰ ਕੁਝ ਨਹੀਂ ਸਗੋਂ ਰੋਜ਼ਾਨਾ ਜ਼ਿੰਦਗੀ ਵਿਚ ਭਾਰੂ ਜਾਂ ਪ੍ਰਬਲ ਸ਼ਕਤੀਆਂ ਦਾ ਮਨੁੱਖੀ ਮਨਾਂ ਵਿਚ ਬਣਿਆ ਅਕਸ ਹੈ, ਇਕ ਅਕਸ ਜਿਸ ਵਿਚ ਦੁਨਿਆਵੀ ਸ਼ਕਤੀਆਂ ਦੈਵੀ ਰੂਪ ਧਾਰਨ ਕਰ ਲੈਂਦੀਆਂ ਹਨ। ਇਤਿਹਾਸ ਦੇ ਆਰੰਭ ਵਿਚ ਇਹ ਕੁਦਰਤੀ ਸ਼ਕਤੀਆਂ ਹੀ ਸਨ, ਜਿਹੜੀਆਂ ਪਹਿਲਾਂ ਇਸ ਤਰ੍ਹਾਂ ਪ੍ਰਗਟ ਹੋਈਆਂ ਅਤੇ ਜਿਹੜੀਆਂ ਅਗਲੇਰੇ ਵਿਕਾਸ ਦੌਰਾਨ ਅੱਡ-ਅੱਡ ਕਬੀਲਿਆਂ ਵਿਚਕਾਰ ਅਨੇਕ ਤਰ੍ਹਾਂ-ਤਰ੍ਹਾਂ ਦੇ ਗੁੰਝਲਦਾਰ ਅਤੇ ਰੰਗਬਰੰਗੇ ਮੂਰਤੀਕਰਨ ਵਿਚ ਬਦਲ ਗਈਆਂ।'' (ਏਂਗਲਜ਼, ਐਂਟੀ ਡਿਊਰਿੰਗ, ਸਫਾ 410)

ਮਾਰਕਸ ਅਨੁਸਾਰ ਧਰਮਾਂ ਦਾ ਇਹ ਗੁੰਝਲਦਾਰ ਵਰਤਾਰਾ ਓਨਾ ਚਿਰ ਖਤਮ ਨਹੀਂ ਹੋਣਾ ਜਿੰਨਾ ਚਿਰ ਮਨੁੱਖੀ ਚੇਤਨਾ ਅੰਦਰ ਮਨੁੱਖ ਤੇ ਕੁਦਰਤ ਦਾ ਰਿਸ਼ਤਾ ਸਪੱਸ਼ਟ ਤੇ ਸਿੱਧਾ ਨਹੀਂ ਹੋ ਜਾਂਦਾ। ''ਹਕੀਕੀ ਸੰਸਾਰ ਦਾ ਧਾਰਮਿਕ ਅਕਸ ਕਿਸੇ ਵੀ ਸੂਰਤ ਵਿਚ ਅੰਤਿਮ ਤੌਰ ਉਤੇ ਸਿਰਫ ਉਦੋਂ ਹੀ ਮਿਟੇਗਾ, ਜਦੋਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਅਮਲੀ ਰਿਸ਼ਤਿਆਂ ਦਾ ਪਸਾਰ ਅਤੇ ਮਨੁੱਖ ਦਾ ਆਪਣੇ ਨਾਲਦਿਆਂ ਮਨੁੱਖਾਂ ਅਤੇ ਕੁਦਰਤ ਨਾਲ ਰਿਸ਼ਤਾ ਬਿਲਕੁਲ ਸਪੱਸ਼ਟ ਤੇ ਤਰਕਸੰਗਤ ਬਣ ਜਾਏਗਾ।''

(ਮਾਰਕਸ, 'ਸਰਮਾਇਆ' ਜਿਲਦ ਪਹਿਲੀ, ਸਫਾ 84)

ਮਾਰਕਸ-ਏਂਗਲਜ਼ ਨੇ ਆਪਣੀਆਂ ਲਿਖਤਾਂ ਵਿਚ ਕਿਤੇ ਵੀ ਧਰਮ ਦਾ ਅੰਨ੍ਹਾ ਵਿਰੋਧ ਨਹੀਂ ਕੀਤਾ। ਪਰ ਲੈਨਿਨ ਦੀ ਧਰਮ ਬਾਰੇ ਧਾਰਨਾ ਉਨ੍ਹਾਂ ਤੋਂ ਬਿਲਕੁਲ ਵੱਖਰੀ ਹੈ: ''ਕਮਿਊਨਿਸਟਾਂ ਦੇ ਸਮੁੱਚੇ ਸੰਸਾਰ ਦ੍ਰਿਸ਼ਟੀਕੋਣ ਦਾ ਆਧਾਰ ਵਿਗਿਆਨਕ ਸਮਾਜਵਾਦ ਭਾਵ ਮਾਰਕਸਵਾਦ ਹੈ। ਮਾਰਕਸਵਾਦ ਦਾ ਫਲਸਫਈ ਆਧਾਰ, ਜਿਵੇਂ ਕਿ ਮਾਰਕਸ ਅਤੇ ਏਂਗਲਜ਼ ਨੇ ਵਾਰ ਵਾਰ ਐਲਾਨ ਕੀਤਾ ਹੈ ਵਿਰੋਧ ਵਿਕਾਸੀ ਪਦਾਰਥਵਾਦ ਹੈ, ਜੋ ਕਤਈ ਤੌਰ ਉਤੇ ਨਾਸਤਿਕਵਾਦੀ ਤੇ ਸਮੁੱਚੇ ਧਰਮ ਦਾ ਦ੍ਰਿੜ ਵਿਰੋਧੀ ਹੈ।''... ''ਧਰਮ ਲੋਕਾਂ ਲਈ ਅਫੀਮ ਹੈ, ਮਾਰਕਸ ਦਾ ਇਹ ਕਥਨ ਧਰਮ ਸੰਬੰਧੀ ਸਮੁੱਚੇ ਮਾਰਕਸਵਾਦੀ ਨਜ਼ਰੀਏ ਦਾ ਨੀਂਹ ਪੱਥਰ ਹੈ।''

... ''ਮਾਰਕਸਵਾਦ ਪਦਾਰਥਵਾਦ ਹੈ। ਇਸ ਲਈ ਉਹ ਧਰਮ ਦਾ ਓਡਾ ਹੀ ਬੇਕਿਰਕ ਦੁਸ਼ਮਣ ਹੈ ਜਿੱਡਾ ਅਠਾਰਵੀਂ ਸਦੀ ਦੇ ਬੁੱਧੀਜੀਵੀਆਂ ਜਾਂ ਫਿਊਰਬਾਖ ਦਾ ਪਦਾਰਥਵਾਦ ਸੀ। ਇਹ ਸ਼ੰਕਾ ਰਹਿਤ ਹੈ। ਬਲਕਿ ਮਾਰਕਸ ਤੇ ਏਂਗਲਜ਼ ਦਾ ਵਿਰੋਧ ਵਿਕਾਸੀ ਪਦਾਰਥਵਾਦ ਬੁੱਧੀਜੀਵੀਆਂ ਤੇ ਫਿਊਰਬਾਖ ਦੇ ਪਦਾਰਥਵਾਦ ਤੋਂ ਵੀ ਅਗਾਂਹ ਜਾਂਦਾ ਹੈ। ਕਿਉਂਕਿ ਇਹ ਪਦਾਰਥਵਾਦੀ ਫਲਸਫੇ ਨੂੰ ਇਤਿਹਾਸ ਅਤੇ ਸਮਾਜੀ ਵਿਗਿਆਨਾਂ ਦੇ ਖੇਤਰ ਵਿਚ ਲਾਗੂ ਕਰਦਾ ਹੈ। ਸਾਨੂੰ ਧਰਮ ਵਿਰੁੱਧ ਲੜਨਾ ਚਾਹੀਦਾ ਹੈ, ਇਹ ਸਾਰੇ ਪਦਾਰਥਵਾਦ ਅਤੇ ਇਸ ਦੇ ਸਿੱਟੇ ਵਜੋਂ ਮਾਰਕਸਵਾਦ ਦਾ ਓ ਅ ਹੈ। ਪਰ ਮਾਰਕਸਵਾਦ ਇਕ ਅਜਿਹਾ ਪਦਾਰਥਵਾਦ ਨਹੀਂ ਜਿਹੜਾ ਓ ਅ ਉਤੇ ਠਹਿਰ ਜਾਂਦਾ ਹੈ, ਸਗੋਂ ਮਾਰਕਸਵਾਦ ਇਸ ਤੋਂ ਵੀ ਅਗਾਂਹ ਜਾਂਦਾ ਹੈ। ਇਹ ਕਹਿੰਦਾ ਹੈ! ਸਾਨੂੰ ਪਤਾ ਹੋਣਾ ਚਾਹੀਦਾ ਹੈ ਧਰਮ ਵਿਰੁੱਧ ਕਿਵੇਂ ਲੜਿਆ ਜਾਵੇ ਅਤੇ ਇੰਝ ਕਰਨ ਲਈ ਸਾਨੂੰ ਇਕ ਪਦਾਰਥਵਾਦੀ ਢੰਗ ਨਾਲ ਧਰਮ ਅਤੇ ਵਿਸ਼ਵਾਸ ਦੇ ਸੋਮਿਆਂ ਦੀ ਜਨਤਾ ਵਿਚ ਵਿਆਖਿਆ ਕਰਨੀ ਚਾਹੀਦੀ ਹੈ।'' (ਲੈਨਿਨ, ਕਿਰਤੀਆਂ ਦੀ ਪਾਰਟੀ ਦਾ ਧਰਮ ਵੱਲ ਵਤੀਰਾ, ਜਿਲਦ 9 ਸਫਾ 435)

ਇਹੀ ਉਹ ਵਖਰੇਵਾਂ ਹੈ ਜਿਸ ਨੇ ਸਿੱਖੀ ਅਤੇ ਕਮਿਊਨਿਜ਼ਮ ਵਿਚਕਾਰ ਨਿਖੇੜਾ ਪੈਦਾ ਕੀਤਾ ਅਤੇ ਕਮਿਊਨਿਸਟ ਧਰਮ ਬਾਰੇ ਮਾਰਕਸੀ ਧਾਰਨਾਵਾਂ ਨੂੰ ਛਡਦੇ-ਛਡਦੇ ਹੌਲੀ-ਹੌਲੀ ਧਰਮ ਦੇ ਕੱਟੜ ਵਿਰੋਧੀ ਬਣ ਗਏ। ਜਦੋਂ ਸਿਰਦਾਰ ਕਪੂਰ ਸਿੰਘ ਆਪਣੀ ਉਪਰਲੀ ਲਿਖਤ ਵਿਚ ਇਹ ਕਹਿੰਦੇ ਹਨ ਕਿ ''ਇਸ ਵਿਸ਼ੇ ਤੋਂ ਚੰਗੀ ਤਰ੍ਹਾਂ ਜਾਣੂ ਸੱਜਣ ਇਹ ਜਾਣਦੇ ਹਨ ਕਿ ਸਿੱਖੀ ਵਿਚ ਸਭ ਤੋਂ ਉੱਚਤਮ ਤੇ ਬੁਲੰਦ ਕਦਰ ਧਰਮ ਹੈ, ਜਦਕਿ ਕਮਿਊਨਿਜ਼ਮ ਲਈ ਪਹਿਲੀ ਤਰਜੀਹ ਸਾਰੇ ਧਰਮਾਂ ਅਤੇ ਧਾਰਮਿਕ ਵਿਹਾਰਾਂ ਨੂੰ ਦਬਾਉਣਾ ਅਤੇ ਖਤਮ ਕਰਨਾ ਹੈ, ਜਿਵੇਂ ਕਿ ਲੈਨਿਨ ਨੇ ਆਪਣੇ ਲੇਖ 'ਜੁਝਾਰੂ ਪਦਾਰਥਵਾਦ ਦੀ ਮਹੱਤਤਾ ਬਾਰੇ' ਵਿਚ ਜ਼ਿਕਰ ਕੀਤਾ ਹੈ, ਜਿੱਥੇ ਲੈਨਿਨ ਨੇ ਬੜੀ ਦ੍ਰਿੜਤਾ ਨਾਲ 'ਧਾਰਮਿਕ ਵਿਚਾਰਧਾਰਾ ਵੱਲ ਕਿਸੇ ਵੀ ਵਿਹਾਰੀ ਝੁਕਾਅ' ਦੀ ਨਿਖੇਧੀ ਕੀਤੀ ਹੈ।''

ਅਸਲ ਵਿਚ ਕਾਮਰੇਡ ਲੈਨਿਨ ਤੇ ਉਨ੍ਹਾਂ ਤੋਂ ਬਾਅਦ ਦੇ ਕਮਿਊਨਿਸਟ ਆਗੂਆਂ ਦੀ ਧਰਮ ਬਾਰੇ ਇਹੀ ਗਲਤ ਧਾਰਨਾ ਉਨ੍ਹਾਂ ਨੂੰ ਗਦਰ ਪਾਰਟੀ ਵਰਗੀਆਂ ਇਨਕਲਾਬੀ ਜਥੇਬੰਦੀਆਂ ਤੋਂ ਦੂਰ ਲੈ ਗਈ। ਉਨ੍ਹਾਂ ਨੇ ਰੂਹਾਨੀਅਤ ਵਿਹੂਣੇ ਕਮਿਊਨਿਸਟ ਸਮਾਜ ਦੀ ਸਿਰਜਣਾ ਕਰਨ ਦਾ ਬੀੜਾ ਚੁੱਕ ਲਿਆ, ਜਿਹੜਾ ਕੁਦਰਤ ਤੋਂ ਦੂਰ ਹੁੰਦਾ-ਹੁੰਦਾ ਅੰਤਿਮ ਤੌਰ ਉਤੇ ਸਾਮਰਾਜੀ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਹੋ ਗਿਆ ਅਤੇ ਕਮਿਊਨਿਸਟ ਸਮਾਜ ਦੀ ਸਿਰਜਣਾ ਦਾ ਸੁਪਨਾ ਧੁੰਦਲਾ ਹੁੰਦਾ-ਹੁੰਦਾ ਅਲੋਪ ਹੋ ਗਿਆ।

# ਮੇਰਾ ਮਿੰਨੀ ਕਹਾਣੀ ਸਫਰ - ਸੁਖਮਿੰਦਰ ਸੇਖੋਂ

***ਪੰਜਾਬੀ ਸਾਹਿਤ ਜਗਤ ਵਿਚ ਸੁਖਮਿੰਦਰ ਸੇਖੋਂ ਦਾ ਨਿਵੇਕਲਾ ਸਥਾਨ ਹੈ। ਉਸ ਨੇ ਮਿੰਨੀ ਕਹਾਣੀ, ਕਹਾਣੀ, ਨਾਵਲ, ਨਾਟਕ ਤੇ ਵਿਅੰਗ ਖੇਤਰ ਵਿਚ ਚੰਗਾ ਕੰਮ ਕੀਤਾ ਹੈ। ਮਿੰਨੀ ਕਹਾਣੀਆਂ ਨਾਲ ਖਾਸ ਲਗਾਅ ਰੱਖਣ ਵਾਲੇ ਸੁਖਮਿੰਦਰ ਨੇ 'ਵਜ਼ੀਫਾ', 'ਦਸਤਖ਼ਤ', 'ਗੁਪਤ ਰਿਪੋਰਟਾਂ' ਤੇ ਹੋਰਨਾਂ ਸੈਂਕੜੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਤੇ ਇਸ ਵਿਧਾ ਕਾਰਨ ਹਮੇਸ਼ਾ ਚਰਚਾ 'ਚ ਬਣਿਆ ਰਿਹਾ। ਉਸ ਨੇ 'ਮਿੰਨੀ ਕਰੇ ਸੰਵਾਦ' ਵਰਗੀ ਪੁਸਤਕ ਦੀ ਸੰਪਾਦਨਾ ਕਰ ਕੇ ਮਿੰਨੀ ਕਹਾਣੀ ਦੇ ਵਿਕਾਸ ਵਿਚ ਯੋਗਦਾਨ ਪਾਇਆ।***

ਉਨ੍ਹਾਂ ਦਿਨ੍ਹਾਂ ਦੀ ਗੱਲ ਹੈ ਜਦੋਂ ਮਿੰਨੀ ਕਹਾਣੀ ਹਾਲੇ ਰਫਤਾ-ਰਫਤਾ ਸਥਾਪਿਤ ਹੋਣ ਦੇ ਆਹਰ ਵਿਚ ਸੀ ਅਤੇ ਕੁਝ ਇਕ ਚਿਹਰੇ ਤੇ ਕਲਮਾਂ ਹੀ ਮਿੰਨੀ ਕਹਾਣੀ ਲਿਖਣ ਵੱਲ ਰੁਚਿਤ ਸਨ। ਇਨ੍ਹਾਂ ਵਿਚ ਮੈਂ ਕਦੋਂ ਤੇ ਕਿਵੇਂ ਸ਼ਾਮਿਲ ਹੋ ਗਿਆ ਪਤਾ ਹੀ ਨਾ ਚੱਲਿਆ। ਨਿਰੋਲ ਮਿੰਨੀ ਕਹਾਣੀ ਦੀ ਕੋਈ ਪੱਤ੍ਰਕਾ ਮੇਰੀ ਨਜ਼ਰ ਨਹੀਂ ਸੀ ਚੜ੍ਹੀ। ਭਾਸ਼ਾ ਵਿਭਾਗ, ਪੰਜਾਬ ਦਾ ਜਨ ਸਾਹਿਤ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਦਾ ਜਾਗ੍ਰਤੀ ਕਦੇ ਕਦਾਈਂ ਮਿੰਨੀ ਕਹਾਣੀ ਪ੍ਰਕਾਸ਼ਿਤ ਕਰਨ ਲੱਗੇ ਸਨ। ਰੋਜ਼ਾਨਾ ਅਕਾਲੀ ਪੱਤ੍ਰਕਾ ਤਾਂ ਛਾਪਦਾ ਹੀ ਛਾਪਦਾ ਸੀ, ਚਾਹੇ ਕਦੇ ਨਿੱਕੀ ਜਾਂ ਲਘੂ ਕਥਾ ਦੇ ਨਾਂ ਹੇਠ। ਰੋਜ਼ਾਨਾ ਅਜੀਤ ਨੇ



**ਸੁਖਮਿੰਦਰ ਸਿੰਘ ਸੇਖੋਂ**
**ਫੋਨ: 98145-07693**


ਮੇਰੀ ਪਹਿਲੀ ਮਿੰਨੀ ਕਹਾਣੀ 'ਇੰਤਜ਼ਾਰ' ਪ੍ਰਕਾਸ਼ਿਤ ਕੀਤੀ। ਫਿਰ ਮੱਧ ਪ੍ਰਦੇਸ਼ ਤੋਂ 'ਪੰਜਾਬੀ ਸੱਧਰਾਂ' ਤੇ ਦਿੱਲੀ ਤੋਂ 'ਇੰਤਜ਼ਾਰ' ਨਾਂ ਦੇ ਮਾਹਵਾਰੀ ਮੈਗਜ਼ੀਨ ਹੋਂਦ ਵਿਚ ਆਏ। 15 ਅਗਸਤ, 1978 ਨੂੰ ਜੱਗਬਾਣੀ ਤੇ ਪੰਜਾਬੀ ਟ੍ਰਿਬਿਊਨ ਨੇ ਜਨਮ ਲਿਆ। ਜਗਬਾਣੀ ਵਿਚ 'ਸੱਪ', 'ਭਵਿੱਖ' ਤੇ 'ਪਛੜੇ ਲੋਕ' ਛਪੀਆਂ। ਪੰਜਾਬੀ ਟ੍ਰਿਬਿਊਨ ਨੇ ਮੇਰੀਆਂ ਤਿੰਨ ਮਿੰਨੀ ਕਹਾਣੀਆਂ, 'ਵਜ਼ੀਫਾ', 'ਦਸਤਖ਼ਤ' ਤੇ 'ਗੁਪਤ ਰਿਪੋਰਟਾਂ' ਨੂੰ ਪਹਿਲ ਦੇ ਆਧਾਰ 'ਤੇ ਛਾਪਿਆ। ਅਕਸ, ਦਿੱਲੀ ਨੇ ਤਾਂ ਮੇਰੀ ਮਿੰਨੀ ਕਹਾਣੀ 'ਇਨਾਮ' ਛਾਪ ਕੇ ਮੈਥੋਂ ਇਨਾਮ ਦੇ ਰੂਪ ਵਿਚ ਦੋ ਹੋਰ ਕਹਾਣੀਆਂ ਭੇਜਣ ਲਈ ਖ਼ਤ ਲਿਖਿਆ। ਪ੍ਰਚੰਡ ਨੇ ਵੀ 'ਵਜ਼ੀਫਾ' ਨੂੰ ਦੁਬਾਰਾ ਛਾਪਿਆ।

ਬੇਸ਼ੱਕ ਹੋਰਨਾਂ ਕੁਝ ਇਕ ਮੋਢੀ ਲੇਖਕਾਂ ਵਾਂਗ ਮੇਰੀ ਕਲਮ ਵੀ ਦੂਸਰੀਆਂ ਵਿਧਾਵਾਂ ਦੇ ਸਮਾਂਤਰ ਮਿੰਨੀ ਕਹਾਣੀ ਸਿਰਜਣ 'ਤੇ ਚੱਲ ਨਿਕਲੀ ਸੀ, ਪਰ ਵੱਡੇ ਸਾਹਿਤਕ ਪਰਚਿਆਂ ਨੇ ਹਮੇਸ਼ਾ ਇਸ ਤੋਂ ਨੱਕ ਮੂੰਹ ਵੱਟੀ ਰੱਖਿਆ। ਉਹ ਮੈਥੋਂ ਹਮੇਸ਼ਾ ਕਵਿਤਾ, ਕਹਾਣੀ ਜਾਂ ਇਕਾਂਗੀ ਦੀ ਆਸ ਰੱਖਦੇ। ਮੇਰੇ ਸ਼ਹਿਰ ਨਾਭੇ ਉਸ ਵੇਲੇ ਕੋਈ ਵੀ ਮਿੰਨੀ ਕਹਾਣੀ ਨਹੀਂ ਸੀ ਲਿਖਦਾ। ਜਦੋਂ ਪਟਿਆਲੇ ਵਿਚਰਿਆ ਤਾਂ ਕੁਝ ਇਕ ਕਲਮਾਂ ਨਾਲ ਮੇਲ ਹੋਇਆ। 1981 ਦੇ ਲਾਗੇ ਸਤਵੰਤ ਕੈਥ ਮੈਨੂੰ ਬਾਜ਼ਾਰ ਵਿਚ ਟੱਕਰ ਪਿਆ। ਪਹਿਲਾਂ ਉਸ ਦੋ ਸੌ ਗ੍ਰਾਮ ਬਰਫੀ ਖਰੀਦੀ ਤੇ ਫਿਰ ਮੈਨੂੰ ਚਾਹ ਦੀ ਦੁਕਾਨ ਵਿਚ ਲਿਜਾ ਕੇ ਬਹੁਤ ਹੀ ਉਤਸ਼ਾਹ ਤੇ ਪਿਆਰ ਨਾਲ ਮੇਰੇ ਮੂਹਰੇ ਬਰਫੀ ਦੀ ਪਲੇਟ ਕਰਦਾ ਕਹਿਣ ਲੱਗਾ, 'ਸੇਖੋਂ ਸਾਅਬ! ਅੱਜ ਆਪਾਂ ਬਰਫੀ ਦਾ ਟੁਕੜਾ ਦੇ ਦੂਜੇ ਐਡੀਸ਼ਨ ਦੀ ਖੁਸ਼ੀ ਮਨਾਵਾਂਗੇ'। ਇਹ ਕਹਿੰਦਿਆਂ ਉਸ ਆਪਣੇ ਹੱਥ ਨਾਲ ਮੇਰੇ ਮੂੰਹ ਵਿਚ ਇਕ ਬਰਫੀ ਦਾ ਟੁਕੜਾ ਵੀ ਪਾ ਦਿੱਤਾ ਤੇ ਮੈਨੂੰ ਪ੍ਰੇਮ-ਸਹਿਤ ਆਪਣੀ ਕਿਤਾਬ ਵੀ ਭੇਟ ਕਰ ਦਿੱਤੀ। ਦਰਅਸਲ ਉਹ ਉਦੋਂ ਹੀ ਕਿਸੇ ਪਰੈੱਸ ਤੋਂ ਆਪਣੇ ਸਾਈਕਲ ਦੇ ਕੈਰੀਅਰ 'ਤੇ ਕਿਤਾਬਾਂ ਦਾ ਬੰਡਲ ਲੱਦ ਕੇ ਲਿਆਇਆ ਸੀ।

ਦੂਸਰਾ ਮੇਲ ਮੇਰਾ ਮਿੰਨੀ ਕਹਾਣੀਕਾਰ ਜਗਦੀਸ਼ ਅਰਮਾਨੀ ਨਾਲ ਹੋਇਆ। ਉਹ ਇਕ ਦਿਨ ਅਚਾਨਕ ਹੀ ਸਵੇਰੇ-ਸਵੇਰੇ ਮੇਰੇ ਘਰ ਆ ਧਮਕਿਆ ਜਦੋਂ ਮੈਂ ਤਿਆਰ ਹੋ ਕੇ ਆਪਣੀ ਡਿਊਟੀ 'ਤੇ ਜਾਣ ਲੱਗਾ ਸੀ। ਗਰਮੀਆਂ ਮਹੀਨੇ ਵੀ ਉਸ ਦਾ ਇਕ ਹੱਥ ਜੇਬ ਵਿਚ ਹੀ ਸੀ। ਦੂਸਰਾ ਹੱਥ ਉਸ ਬਹੁਤ ਹੀ ਸਲੀਕੇ ਤੇ ਅਪਣੱਤ ਸਹਿਤ ਮੇਰੇ ਨਾਲ ਮਿਲਾਂਉਂਦਿਆਂ ਮੈਨੂੰ ਖੁਸ਼ਖਬਰੀ ਦਿੱਤੀ, 'ਤਆਨੂੰ ਅਸਾਂ ਪੰਜਾਬੀ ਸਾਹਿਤ ਸਭਾ ਪਟਿਆਲਾ ਦਾ ਮੀਤ ਪ੍ਰਧਾਨ ਚੁਣ ਲਿਆ ਜੇ।'

ਜਾਂਦੇ ਹੋਇਆਂ ਉਸ ਆਪਣਾ ਇਕ ਹੋਰ ਮੰਤਵ ਵੀ ਦੱਸ ਦਿੱਤਾ, 'ਆਪਣੀਆਂ ਤਿੰਨ ਚਾਰ ਮਿੰਨੀ ਘਾਣੀਆਂ ਵੀ ਦੇ ਛੱਡਿਓ!... ਮਿੰਨੀ ਘਾਣੀ 'ਤੇ ਕੋਈ ਲੇਖ ਵੀ ਜੇਕਰ...।'

ਉਦੋਂ ਪਟਿਆਲਾ ਸ਼ਹਿਰ ਮਿੰਨੀ ਕਹਾਣੀ ਦੀ ਰਾਜਧਾਨੀ ਮੰਨਿਆ ਜਾਂਦਾ ਸੀ। ਏਥੇ ਹੀ ਮਿੰਨੀ ਕਹਾਣੀ ਨੂੰ ਵਿਸ਼ੇਸ਼ ਰੂਪ ਵਿਚ ਪ੍ਰਕਾਸ਼ਿਤ ਕਰਨ ਵਾਲੇ ਬਹੁਤ ਸਾਰੇ ਪਰਚੇ ਸਮੇਂ-ਕੁ-ਸਮੇਂ ਹੋਂਦ ਵਿਚ ਆਏ, ਮਸਲਨ ਗੁੰਚਾ, ਹਰਫ਼, ਮਿੰਨੀ ਕਹਾਣੀ, ਖ਼ਤ...। ਨੱਬੇ ਦੇ ਦਹਾਕੇ ਰਾਜਿੰਦਰ ਕੌਰ ਵੰਤਾ ਤੇਜ਼ੀ ਨਾਲ ਇਸ ਖੇਤਰ ਵਿਚ ਉਭਰੀ। ਉਸ ਧੜਾਧੜ ਮਿੰਨੀ ਕਹਾਣੀਆਂ ਲਿਖੀਆਂ। ਮੈਨੂੰ ਕਦੇ ਕਦੇ ਦਿਖਾਉਂਦੀ, ਪੜ੍ਹਾਉਂਦੀ ਤੇ ਪ੍ਰਵਾਨਗੀ ਵੀ ਚਾਹੁੰਦੀ। ਦੋ ਤਿੰਨ ਵਾਰ ਤਾਂ ਉਸ ਆਪਣੀਆਂ ਨਵੀਆਂ ਮਿੰਨੀ ਕਹਾਣੀਆਂ ਡਰਾਇੰਗ ਸ਼ੀਟ 'ਤੇ ਦਿਲ ਦੇ ਡਿਜ਼ਾਇਨ ਦੀ ਕਟਿੰਗ ਕਰ ਕੇ ਆਪਣੀ ਖੁਸ਼ਕਤ ਲਿਖਾਈ ਵਿਚ ਦੋ ਤਿੰਨ ਰੰਗਾਂ ਨਾਲ ਦਿਲ ਦੀ ਫੋਟੋ ਬਣਾ ਕੇ ਮੇਰੇ ਨਾਭੇ ਦੇ ਐਡਰੈੱਸ 'ਤੇ ਭੇਜੀਆਂ। ਦਰਅਸਲ ਉਦੋਂ ਤਕ ਮੈਂ ਕੁਝ ਪਰਚਿਆਂ ਵਿਚ ਮਿੰਨੀ ਕਹਾਣੀ ਬਾਰੇ ਆਲੋਚਨਾਤਮਕ ਨਿਬੰਧ ਲਿਖ ਚੁੱਕਾ ਸੀ। ਰੋਜ਼ਾਨਾ ਚੜ੍ਹਦੀਕਲਾ ਦੇ ਮੈਗਜ਼ੀਨ ਸੈਕਸ਼ਨ ਦਾ ਆਨਰੇਰੀ ਸੰਪਾਦਕ ਹੋਣ ਦੇ ਨਾਤੇ ਉਸ ਦਾ ਇਕ ਸੰਡੇ ਮੈਗਜ਼ੀਨ ਮਿੰਨੀ ਕਹਾਣੀ ਦੇ ਲੇਖੇ (ਵਿਸ਼ੇਸ਼ ਅੰਕ) ਵੀ ਲਾ ਚੁੱਕਾ ਸਾਂ। ਸਾਹਿਤ ਸਭਾਵਾਂ ਜਾਂ ਕਿਧਰੇ ਹੋਰ ਸਬੱਬ ਬਣਨ 'ਤੇ ਕਰਮਵੀਰ ਸਿੰਘ, ਦਰਸ਼ਨ ਸਿੰਘ ਗੋਪਾਲਪੁਰੀ, ਅੱਵਲ ਸਰਹੱਦੀ, ਸੁਖਦੇਵ ਸਿੰਘ ਸ਼ਾਂਤ, ਡਾ. ਹਰਪ੍ਰੀਤ ਸਿੰਘ ਰਾਣਾ, ਰਘਬੀਰ ਸਿੰਘ ਮਹਿਮੀ, ਦੇਵਿੰਦਰ ਪਟਿਆਲਵੀ ਜਿਹੇ ਵਿਦਵਾਨਾਂ ਤੇ ਮਿੰਨੀ ਕਹਾਣੀ ਲੇਖਕਾਂ ਨਾਲ ਸੰਵਾਦ ਦਾ ਮੌਕਾ ਵੀ ਬਣਦਾ ਰਿਹਾ। ਗਾਹੇ ਬਗਾਹੇ ਬਹੁਤ ਸਾਰੇ ਮਿੰਨੀ ਕਹਾਣੀ ਲੇਖਕ ਮਿਲਦੇ ਰਹੇ ਹਨ, ਜਿਨ੍ਹਾਂ ਤੋਂ ਮੈਂ ਕਿਸੇ ਨਾ ਕਿਸੇ ਰੂਪ ਵਿਚ ਸਿੱਖਦਾ ਹੀ ਰਿਹਾ ਹਾਂ। ਹਰ ਨਵਾਂ ਪੁਰਾਣਾ ਲੇਖਕ ਆਪਣੇ ਹਿਸਾਬ ਨਾਲ ਮਿੰਨੀ ਕਹਾਣੀ ਲਿਖ ਕੇ ਆਪਣੀ ਕਲਾਤਮਕ ਸੂਝ ਦਾ ਪ੍ਰਗਟਾਵਾ ਕਰ ਰਿਹਾ ਹੈ। ਬੇਹਤਰ ਮਿੰਨੀ ਕਹਾਣੀਆਂ ਵੀ ਨਿੱਤਰ ਕੇ ਸਾਹਮਣੇ ਆ ਰਹੀਆਂ ਹਨ। ਬਹੁਤ ਸਾਰੇ ਮਿੱਤਰ ਪਿਆਰੇ ਤੇ ਵਿਦਵਾਨ ਸੱਜਣ ਚੰਗੇ ਨਤੀਜੇ ਲਿਆ ਰਹੇ ਹਨ, ਮਸਲਨ ਨਿਰੰਜਣ ਬੋਹਾ, ਧਰਮਪਾਲ ਸਾਹਿਲ, ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਅਮਰ ਕੋਮਲ, ਡਾ. ਜੋਗਿੰਦਰ ਨਿਰਾਲਾ, ਡਾ. ਅਨੂਪ ਸਿੰਘ, ਡਾ. ਕੁਲਦੀਪ ਸਿੰਘ ਦੀਪ, ਜਗਦੀਸ਼ ਰਾਏ ਕੁਲਰੀਆਂ।




ਪਰ ਜਿੰਦਰ ਕਦੋਂ ਦਾ ਇਸ ਸਿਨਫ ਨੂੰ ਤਿਲਾਂਜਲੀ ਦੇ ਗਿਆ ਹੈ। ਹਾਲਾਂਕਿ ਉਸ ਨੇ ਕਦੇ ਚਰਚਿਤ ਮਿੰਨੀ ਕਹਾਣੀ ਲੇਖਕਾਂ ਦਾ ਨਵਾਂ ਜ਼ਮਾਨਾ ਐਤਵਾਰਤਾ ਵਿਚ ਇਕ ਕਾਲਮ ਵੀ ਆਰੰਭ ਕੀਤਾ ਸੀ। ਮੈਨੂੰ ਖੁਸ਼ੀ ਹੋਈ ਸੀ ਜਦੋਂ ਉਸ ਮੈਥੋਂ ਵੀ ਮਿੰਨੀ ਕਹਾਣੀਆਂ, ਫੋਟੋ ਵਗੈਰਾ ਦੀ ਮੰਗ ਕੀਤੀ ਸੀ। ਮਿੰਨੀ, ਸ਼ਬਦ ਤ੍ਰਿੰਝਣ, ਛਿਣ ਰਿਸਾਲਿਆਂ ਦੇ ਸੰਪਾਦਕੀ ਬੋਰਡ ਨੇ ਹਮੇਸ਼ਾ 'ਮਿੰਨੀ ਮਰ ਜਾਣੀ' ਵਿਚ ਜਾਨ ਫੂਕਣ ਦੇ ਯਤਨ ਕੀਤੇ ਹਨ। ਅਜਿਹੀਆਂ ਪੱਤ੍ਰਕਾਵਾਂ ਕਰਕੇ ਹੀ ਅੱਜ ਮਿੰਨੀ ਕਹਾਣੀ ਜਾਨਦਾਰ ਰੂਪ ਵਿਚ ਘੁੰਮਦੀ ਫਿਰਦੀ ਦਿਖਾਈ ਦਿੰਦੀ ਹੈ। ਹੋਰਨਾਂ ਪੱਤ੍ਰਕਾਵਾਂ ਦੀ ਭੂਮਿਕਾ ਨੂੰ ਵੀ ਅਣਡਿੱਠ ਕਰਨਾ ਸੰਭਵ ਨਹੀਂ।

ਜਨ ਸਾਹਿਤ (ਭਾਸ਼ਾ ਵਿਭਾਗ,ਪੰਜਾਬ) ਦਾ ਜਦੋਂ ਮਿੰਨੀ ਕਹਾਣੀ ਵਿਸ਼ੇਸ਼ ਅੰਕ ਨਾਟਕਕਾਰ ਮਿੱਤਰ ਸਤਿੰਦਰ ਸਿੰਘ ਨੰਦਾ ਦੇ ਸਹਿਯੋਗ ਨਾਲ ਛਪਣ ਲੱਗਾ ਤਾਂ ਮੈਂ ਬਹੁਤ ਸਾਰੇ ਜਾਣੂੰ ਮਿੰਨੀ ਕਹਾਣੀਕਾਰਾਂ ਦੀਆਂ ਕਹਾਣੀਆਂ ਉਸ ਅੰਕ ਲਈ ਭਿਜਵਾਈਆਂ। ਡਾ. ਸਤਿੰਦਰ ਸਿੰਘ ਨੂਰ ਵਲੋਂ ਪੰਜਾਬੀ ਅਕਾਦਮੀ ਦਿੱਲੀ ਵਿਖੇ ਮਿੰਨੀ ਕਹਾਣੀ ਦੀ ਇਕ ਵਰਕਸ਼ਾਪ ਕੀਤੀ ਗਈ। ਚਾਰ-ਚਾਰ ਪੰਜ-ਪੰਜ ਕਹਾਣੀਆਂ ਪੜ੍ਹਵਾਈਆਂ ਗਈਆਂ ਸਨ। ਮੈਨੂੰ ਵੀ ਭਾਗ ਲੈ ਕੇ ਖੁਸ਼ੀ ਹੋਈ। ਬੇਸ਼ਕ ਉਦੋਂ ਤਕ ਮੈਂ ਕਾਫੀ ਮਿੰਨੀ ਕਹਾਣੀਆਂ ਦਾ ਮੀਂਹ ਵਰ੍ਹਾ ਚੁੱਕਾ ਸਾਂ, ਪਰ ਅਫਸੋਸ਼! ਮੇਰੀ ਕੋਈ ਮਿੰਨੀ ਕਹਾਣੀ ਦੀ ਪੁਸਤਕ ਅਜੇ ਹੋਂਦ ਵਿਚ ਨਹੀਂ ਸੀ ਆਈ। ਇਕ ਰੋਜ਼ ਖੁਦ ਫੈਸਲਾ ਲੈਂਦਿਆਂ ਤੇ ਮਿੰਨੀ ਕਹਾਣੀਕਾਰ ਮਿੱਤਰਾਂ ਦੀ ਤਾਕੀਦ 'ਤੇ ਮੈਂ 1994 ਵਿਚ ਇਕ ਮਿੰਨੀ ਕਹਾਣੀ ਪੁਸਤਕ (ਸੂਰਜ ਦਾ ਸ਼ਿਕਾਰ) ਦਾ ਲੇਖਕ ਬਣਨ ਵਿਚ ਕਾਮਯਾਬ ਹੋ ਗਿਆ। ਉਪਰੰਤ 2004 ਵਿਚ 101 ਮਿੰਨੀ ਕਹਾਣੀ ਲੇਖਕਾਂ ਦੀ ਇਕ ਪੁਸਤਕ ਵੀ ਸੰਪਾਦਤ ਕੀਤੀ, 'ਮਿੰਨੀ ਕਰੇ ਸੰਵਾਦ'। 2008 ਵਿਚ ਇਕ ਹੋਰ ਪੁਸਤਕ 'ਮਜ਼ਾਕ ਨਹੀਂ ਪ੍ਰੀਤੋ' (80 ਮਿੰਨੀ ਕਹਾਣੀਆਂ) ਵੀ ਪ੍ਰਕਾਸ਼ਿਤ ਹੋਈ। ਮਿੰਨੀ ਕਹਾਣੀ ਦਾ ਕੋਈ ਵੀ ਵਿਸ਼ਾ ਮੇਰੇ ਲਈ ਵਰਜਿਤ ਨਹੀਂ ਹੈ। ਕੋਈ ਵੀ ਸ਼ੈਲੀ ਜਾਂ ਸਟਾਈਲ ਵਰਤਣ ਤੋਂ ਗੁਰੇਜ਼ ਨਹੀਂ। ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੀ ਟੁੱਟ ਭੱਜ, ਔਰਤ ਮਰਦ ਸੰਬੰਧ, ਮਨੁੱਖ ਦੀ ਫਿਤਰਤ ਦਾ ਮਨੋਵਿਗਿਆਨ, ਰਾਜਸੀ ਰੰਗ। ਕਥਾ ਰਸ ਦੇ ਨਾਲ ਹੀ ਮਿੰਨੀ ਕਹਾਣੀ ਦੀ ਕਲਾਤਮਕ ਉਚਾਈ ਦਾ ਵੀ ਹਮੇਸ਼ਾ ਕਾਇਲ ਰਿਹਾ ਹਾਂ। ਸ਼ਾਇਦ ਤੁਹਾਨੂੰ ਮੇਰੀਆਂ ਮਿੰਨੀ ਕਹਾਣੀਆਂ ਵਿਚ ਅਜਿਹਾ ਕੁਝ ਨਜ਼ਰ ਆ ਜਾਵੇ। ਮਿਸਾਲ ਦੇ ਤੌਰ 'ਤੇ ਇਨ੍ਹਾਂ ਕਹਾਣੀਆਂ, 'ਸ਼ਰਧਾਲੂ', 'ਕਿਰਦਾਰ', 'ਮਜਬੂਰੀਆਂ', 'ਤੁਹਾਡੀ ਖੁਸ਼ੀ', 'ਕੁੱਤਾ', 'ਦੋ ਰਾਤਾਂ', 'ਉਮਰਾਂ ਦੀ ਕਮਾਈ', 'ਤਹਿਜ਼ੀਬ', 'ਗਹਿਰਾ ਸਦਮਾ', 'ਕਿੰਨੇ ਭਗਵਾਨ', 'ਮੁਆਵਜ਼ਾ', 'ਲੋਕਤੰਤਰ', 'ਸ਼ਰਧਾਂਜਲੀਆਂ' ਨੂੰ ਪਰਖਿਆ ਪੜਚੋਲਿਆ ਜਾ ਸਕਦਾ ਹੈ।

ਪ੍ਰੰਤੂ ਪੱਕੇ ਪੈਰੀਂ ਮੇਰੇ ਮਿੰਨੀ ਖੇਤਰ ਵਿਚ ਪ੍ਰਵੇਸ਼ ਕਰਨ 'ਤੇ ਮੇਰੇ ਕੁਝ ਇਕ ਦੂਸਰੇ ਵੰਨਗੀਕਾਰ ਮਿੱਤਰ ਬਹੁਤੇ ਖੁਸ਼ ਨਹੀਂ ਸਨ। ਦਿੱਲੀ ਵਾਲੀ ਲੇਖਿਕਾ ਚੰਦਨ ਨੇਗੀ ਨੇ ਤਾਂ ਗੁਰਬਚਨ ਸਿੰਘ ਭੁੱਲਰ ਦੀ ਹਾਜ਼ਰੀ ਵਿਚ ਮੈਨੂੰ ਤਾਅਨਾ ਵੀ ਮਾਰਿਆ, 'ਸੁਖਮਿੰਦਰ! ਤੂੰ ਐਹ ਕੀ ਕੀਤਾ?' ਮੈ ਸ਼ਸ਼ੋਪੰਜ ਵਿਚ ਪੈ ਗਿਆ, ਕਿ ਮੇਰੇ ਕੋਲੋਂ ਅਜਿਹਾ ਕਿਹੜਾ ਗੁਨਾਹ ਹੋ ਗਿਆ ਆਖਰ? ਉਸ ਦਾ ਇਸ਼ਾਰਾ ਮੇਰੀਆਂ ਮਿੰਨੀ ਕਹਾਣੀ ਪੁਸਤਕਾਂ ਵੱਲ ਸੀ। ਤਾਕੀਦ, ਨਸੀਹਤ ਅਤੇ ਪਿਆਰ-ਅਪਣੱਤ ਨਾਲ ਮੇਰੇ ਮੋਢੇ 'ਤੇ ਹੱਥ ਰੱਖਦਿਆਂ ਬੋਲੀ, 'ਹਿੱਕ ਨਾ ਹਿੱਕ ਦਿਨ ਤੇਰੀ ਕਹਾਣੀ ਮਰ ਜਾਣੀ ਏ।'

ਚਾਹੇ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਤੇ ਨਾਵਲਕਾਰ ਦਲੀਪ ਕੁਮਾਰ ਟਿਵਾਣਾ ਨੇ ਮੇਰੇ ਮਿੰਨੀ ਕਹਾਣੀ ਖੇਤਰ ਵਿਚ ਨਿੱਠ ਕੇ ਆਉਣ ਦਾ ਸਵਾਗਤ ਤਾਂ ਕੀਤਾ, ਪਰ ਉਨ੍ਹਾਂ ਦੀ ਇਕ ਨਸੀਹਤ ਉਨ੍ਹਾਂ ਦੇ ਬੋਲਾਂ ਤੇ ਖ਼ਤਾਂ ਦੇ ਰੂਪ ਵਿਚ ਅੱਜ ਵੀ ਮੇਰੀ ਅਗਵਾਈ ਕਰ ਰਹੀ ਹੈ, 'ਠੀਕ ਏ ਤੂੰ ਮਿੰਨੀ ਕਹਾਣੀ ਲਿਖ, ਪਰ ਦੂਸਰੀਆਂ ਵਿਧਾਵਾਂ ਨੂੰ ਵੀ ਬਰਾਬਰ ਨਿਭਾਉਂਦਾ ਰਹੀਂ...ਤੇਰੀ ਮਿੰਨੀ ਕਹਾਣੀ ਵਿਚ ਨਿਖਾਰ ਆਵੇਗਾ...।

ਚਲਦੇ ਚਲਦੇ ਇਕ ਰਾਜ਼ ਸਾਂਝਾ ਕਰਨ ਲੱਗਾ ਹਾਂ। ਉਦੋਂ ਮੇਰੀ ਨਵੀਂ ਨਵੀਂ ਨੌਕਰੀ ਲੱਗੀ ਸੀ। ਇਕ ਦਿਨ ਮੇਰੇ ਦਫਤਰ ਐਸ.ਡੀ.ਐਮ. ਸਾਹਿਬ ਆ ਪਹੁੰਚੇ। ਮੈਨੂੰ ਬੁਲਾ ਕੇ ਪੁੱਛਣ ਲੱਗੇ, 'ਤੁਸੀਂ ... ਸੁਖਮਿੰਦਰ...?'

ਮੈਂ ਘਬਰਾ ਗਿਆ ਕਿ ਮੈਥੋਂ ਕੋਈ ਸਰਕਾਰੀ ਡਿਊਟੀ ਵਿਚ ਕੋਤਾਹੀ ਤਾਂ ਨਹੀਂ ਹੋ ਗਈ? ਉਚੇ ਲੰਬੇ ਕੱਦ ਤੇ ਭਲਵਾਨੀ ਜੁੱਸੇ ਦੇ ਰੋਅਬਦਾਰ ਚਿਹਰੇ ਦਾ ਅਗਲਾ ਪ੍ਰਸ਼ਨ ਸੀ... 'ਮੈਨੂੰ ਜਾਣਦੈਂ?' ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਜਦੋਂ ਉਨ੍ਹਾਂ ਆਪਣਾ ਨਾਮ ਦੱਸਿਆ ਤਾਂ ਮੇਰੇ ਚਿਹਰੇ 'ਤੇ ਰੌਣਕ ਆ ਗਈ। ਚੂੰਕਿ ਭੂਪਿੰਦਰ ਸਿੰਘ ਪੀ.ਸੀ.ਐਸ. ਨੂੰ ਉਦੋਂ ਕੌਣ ਨਹੀਂ ਸੀ ਜਾਣਦਾ? ਬੇਸ਼ੱਕ ਉਹ ਬਾਅਦ ਵਿਚ ਆਈ.ਏ.ਐਸ. ਵੀ ਪਦਉਨਤ ਹੋਏ ਪਰ ਆਪਣੀਆਂ ਮਿੰਨੀ ਕਹਾਣੀਆਂ ਕਰਕੇ ਅੱਜ ਵੀ ਭਲੀਭਾਂਤ ਜਾਣੇ ਜਾਂਦੇ ਹਨ। ਉਸ ਤੋਂ ਬਾਅਦ ਵੀ ਉਹ ਮੇਰੇ ਦਫਤਰ ਆਏ, ਪਰ ਜ਼ਿਆਦਾ ਕਰਕੇ ਮੈਂ ਹੀ ਉਨ੍ਹਾਂ ਨੂੰ ਮਿਲ ਆਉਂਦਾ ਸੀ। ਇਕ ਮਿਲਣੀ 'ਤੇ ਮੇਰਾ ਪਲੇਠਾ ਕਹਾਣੀ ਸੰਗ੍ਰਹਿ 'ਉਚੀਆਂ ਕੰਧਾਂ ਦੀ ਸ਼ਰਾਰਤ' ਪ੍ਰੇਮ-ਪੂਰਵਕ ਹਾਸਲ ਕਰਦਿਆਂ ਮੈਨੂੰ ਮਿੰਨੀ ਕਹਾਣੀ ਮੁਤੱਲਕ ਉਤਸ਼ਾਹਿਤ ਕਰਦਿਆਂ ਕਹਿਣ ਲੱਗੇ, 'ਸੁਖਮਿੰਦਰ! ਤੁਹਾਡੀਆਂ ਕਹਾਣੀਆਂ ਦਾ ਤਾਂ ਮੈਂ ਪਹਿਲਾਂ ਹੀ ਪਾਠਕ ਹਾਂ, ਤੁਸੀਂ ਮਿੰਨੀ ਕਹਾਣੀ ਵੀ ਚੰਗੀ ਲਿਖਦੇ ਹੋ...। ਆਪਣਾ ਮਿੰਨੀ ਕਹਾਣੀਆਂ ਦਾ ਖਰੜਾ ਤਿਆਰ ਕਰੋ, ਮੈਂ ਤੇ ਸ਼ਰਨ ਮੱਕੜ ਦੋਵੇਂ ਹੀ ਦੋ ਸ਼ਬਦ ਲਿਖ ਦਿਆਂਗੇ...।'

ਪ੍ਰੰਤੂ ਮੈਨੂੰ ਇਸ ਗੱਲ ਦਾ ਹਮੇਸ਼ਾ ਖੇਦ ਰਹੇਗਾ ਕਿ ਉਨ੍ਹਾਂ ਦੇ ਜੀਉਂਦੇ ਜੀਅ ਖੌਰੇ ਮੈਂ ਕਿਤਾਬੀ ਰੂਪ ਵਿਚ ਮਿੰਨੀ ਕਹਾਣੀ ਲੇਖਕ ਕਿਉਂ ਨਾ ਬਣ ਸਕਿਆ? ਉਨ੍ਹਾਂ ਦਾ ਲਿਖਤੀ ਆਸ਼ੀਰਵਾਦ ਲੈਣ ਤੋਂ ਅਭਿੱਜ ਕਿਵੇਂ ਰਿਹਾ। ਦਰਅਸਲ ਉਦੋਂ ਤਕ ਮੇਰਾ ਮਿੰਨੀ ਕਹਾਣੀ ਦੀ ਗਿਣਤੀ ਪੱਖੋਂ ਹੱਥ ਤੰਗ ਹੀ ਸੀ। ਪ੍ਰੰਤੂ ਮੈਨੂੰ ਮਾਣ ਹੈ ਉਨ੍ਹਾਂ ਦਾਨਿਸ਼ਵਰ ਦੋਸਤਾਂ ਮਿੱਤਰਾਂ ਅਤੇ ਮਿੰਨੀ ਕਹਾਣੀ ਨੂੰ ਸਮਰਪਿਤ ਕਲਮਾਂ 'ਤੇ, ਜਿਨ੍ਹਾਂ ਦੀ ਬਦੌਲਤ ਅੱਜ ਵੀ ਮੈਂ ਮਿੰਨੀ ਕਹਾਣੀ ਸਿਰਜਣਾ ਦੇ ਰਾਹ ਪਿਆ ਹੋਇਆ ਹਾਂ। ਇਸ ਪਿਆਰੀ, ਸਤਿਕਾਰੀ ਸਿਨਫ਼ ਦਾ ਉਦੋਂ ਤੱਕ ਸਾਥ ਨਿਭਾਉਂਦਾ ਰਹਾਂਗਾ ਜਦੋਂ ਤਕ ਇਹ ਮੇਰਾ ਸਾਥ ਇਵੇਂ ਹੀ ਦਿੰਦੀ ਰਵ੍ਹੇਗੀ।

---

# ਹਿੰਦੀ ਕਹਾਣੀ: ਕਿਤਾਬ ਦਾ ਸਾਥ

ਫੁੱਟਪਾਥ 'ਤੇ ਜਿਸ ਥਾਂ ਉਹ ਬੈਠ ਕੇ ਰੋਜ਼ ਭੀਖ ਮੰਗਦਾ ਸੀ, ਉਸੇ ਥਾਂ ਅੱਜ ਉਹ ਕੁਝ ਬਹੁਤ ਵਧੀਆ ਕਿਤਾਬਾਂ ਅਤੇ ਕੁਝ ਨਵੀਆਂ-ਪੁਰਾਣੀਆਂ ਪੱਤ੍ਰਿਕਾਵਾਂ ਰੱਖ ਕੇ ਗਾਹਕ ਦੀ ਉਡੀਕ ਕਰਨ ਲੱਗਿਆ ਸੀ। ਅੱਜ ਉਹਨੇ ਸਾਫ਼ ਅਤੇ ਧੋਤੇ ਹੋਏ ਕੱਪੜੇ ਪਹਿਨੇ ਸਨ ਅਤੇ ਉਸ ਨੇ ਆਪਣੀ ਵੈਸਾਖੀ ਉਥੇ ਵਿਛੀ ਬੋਰੀ ਦੇ ਹੇਠਾਂ ਲੁਕੋ ਕੇ ਰੱਖ ਦਿੱਤੀ ਸੀ।

*** ਮੂਲ : ਕਮਲ ਚੋਪੜਾ**
*** ਅਨੁ : ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਦੋ ਸਾਲ ਪਹਿਲਾਂ ਉਹ ਆਪਣੇ ਮਾਂ-ਪਿਓ ਨਾਲ ਇਕ ਰਿਸ਼ਤੇਦਾਰ ਦੇ ਘਰੋਂ ਮੁੜ ਰਿਹਾ ਸੀ ਕਿ ਇਕ ਤੇਜ਼ ਰਫ਼ਤਾਰ ਕਾਰ ਉਨ੍ਹਾਂ ਨੂੰ ਟੱਕਰ ਮਾਰ ਕੇ ਦੌੜ ਗਈ। ਉਹਦੇ ਪਿਤਾ ਨੇ ਤਾਂ ਉੱਥੇ ਮੌਕੇ 'ਤੇ ਹੀ ਦਮ ਤੋੜ ਦਿੱਤਾ ਸੀ। ਲੋਕਾਂ ਨੇ ਉਹਨੂੰ ਅਤੇ ਉਹਦੀ ਮਾਂ ਨੂੰ ਹਸਪਤਾਲ ਪਹੁੰਚਾਇਆ। ਉਹ ਤਾਂ ਬਚ ਗਿਆ, ਪਰ ਮਾਂ ਦੀ ਰੀੜ੍ਹ ਦੀ ਹੱਡੀ ਟੁੱਟ ਕੇ ਉਹ ਉੱਠਣ-ਬੈਠਣ ਤੋਂ ਵੀ ਲਾਚਾਰ ਹੋ ਗਈ ਸੀ। ਉਹਦੀ ਆਪਣੀ ਲੱਤ ਕੱਟਣੀ ਪਈ ਸੀ।

ਸ਼ੁਰੂ ਦੇ ਕੁਝ ਦਿਨ ਰਿਸ਼ਤੇਦਾਰਾਂ ਨੇ ਉਨ੍ਹਾਂ ਦੀ ਮਦਦ ਕੀਤੀ, ਫਿਰ ਮੂੰਹ ਮੋੜ ਲਿਆ। ਉਹਦੀ ਪੜ੍ਹਾਈ ਵੀ ਛੁੱਟ ਗਈ ਸੀ। ਆਸ-ਪਾਸ ਦੀਆਂ ਝੁੱਗੀਆਂ ਵਾਲਿਆਂ ਨੇ ਉਹਨੂੰ ਕਿਹਾ, "ਤੇਰੀ ਮਾਂ ਤਾਂ ਉੱਠ-ਬੈਠ ਵੀ ਨਹੀਂ ਸਕਦੀ, ਮੰਜੇ 'ਤੇ ਪਈ ਰਹਿੰਦੀ ਹੈ। ਝੁੱਗੀ ਦਾ ਕਿਰਾਇਆ, ਘਰ ਦਾ ਖਰਚਾ, ਕਿਵੇਂ ਚੱਲੇਗਾ? ਤੂੰ ਦਸ-ਗਿਆਰਾਂ ਸਾਲ ਦਾ ਹੋ ਹੀ ਗਿਆ ਹੈਂ। ਤੈਨੂੰ ਆਪ ਹੀ ਕੁਝ ਨਾ ਕੁਝ ਕਰਨਾ ਪਵੇਗਾ। ਤੈਨੂੰ ਤਾਂ ਕੁਝ ਕਰਨ ਦੀ ਲੋੜ ਵੀ ਨਹੀਂ। ਪਰਮਾਤਮਾ ਨੇ ਤੇਰੀ ਲੱਤ ਲੈ ਕੇ ਤੈਨੂੰ ਕਮਾਉਣਯੋਗ ਬਣਾ ਦਿੱਤਾ ਹੈ। ਕਿਤੇ ਵੀ ਬੈਠ ਜਾ, ਆਰਾਮ ਨਾਲ ਭੀਖ ਮਿਲਣ ਲੱਗ ਪਵੇਗੀ।" ਕਈ ਥਾਈਂ ਉਹਨੇ ਕੰਮ ਲੱਭਿਆ, ਪਰ ਕੰਮ ਨਹੀਂ ਮਿਲਿਆ। ਨਾ ਚਾਹੁੰਦਿਆਂ ਹੋਇਆਂ ਵੀ ਉਹ ਮੰਦਰ ਦੇ ਨੇੜੇ ਇਕ ਫੁੱਟਪਾਥ 'ਤੇ ਬੈਠ ਕੇ ਭੀਖ ਮੰਗਣ ਲੱਗਿਆ। ਸ਼ਾਮ ਤਕ ਸੌ-ਡੇਢ ਸੌ ਰੁਪਏ ਦੀ ਭਾਨ ਇਕੱਠੀ ਹੋ ਜਾਂਦੀ। ਜਿਸ ਨਾਲ ਉਹਦਾ ਅਤੇ ਉਹਦੀ ਮਾਂ ਦਾ ਖ਼ਰਚਾ ਆਰਾਮ ਨਾਲ ਚੱਲਣ ਲੱਗ ਪਿਆ ਸੀ। ਕੱਲ੍ਹ ਬੱਸ ਸਟੈਂਡ 'ਤੇ ਇਕ ਮੁੰਡੇ ਨੂੰ ਉਹਨੇ ਕਿਤਾਬਾਂ ਵੇਚਦਿਆਂ ਵੇਖਿਆ, ਤਾਂ ਉਸੇ ਵੇਲੇ ਉਹਨੇ ਫ਼ੈਸਲਾ ਕਰ ਲਿਆ ਕਿ ਉਹ ਵੀ ਕਿਤਾਬਾਂ ਹੀ ਵੇਚੇਗਾ।

ਉਹਨੇ ਇਕ ਜਾਣਕਾਰ ਦੀ ਸਿਫ਼ਾਰਿਸ਼ ਨਾਲ ਇਕ ਕਿਤਾਬਾਂ ਵਾਲੇ ਤੋਂ ਕੁਝ ਕਿਤਾਬਾਂ ਉਧਾਰ ਲਈਆਂ ਅਤੇ ਪਟੜੀ 'ਤੇ ਰੱਖ ਕੇ ਬੈਠ ਗਿਆ। ਦੁਪਹਿਰ ਹੋ ਗਈ ਸੀ ਪਰ ਅਜੇ ਤਕ ਇਕ ਵੀ ਕਿਤਾਬ ਨਹੀਂ ਸੀ ਵਿਕੀ। ਦੋ-ਤਿੰਨ ਗਾਹਕ ਆਏ, ਉਨ੍ਹਾਂ ਨੇ ਕਿਤਾਬ ਚੁੱਕ ਕੇ ਵੇਖੀ, ਪਰ ਖਰੀਦੀ ਨਹੀਂ। ਉਸ ਨੇ ਆਪ ਇਕ ਕਿਤਾਬ ਚੁੱਕੀ ਅਤੇ ਹੌਲੀ-ਹੌਲੀ ਪੜ੍ਹਨ ਲੱਗਿਆ। ਸ਼ਾਮ ਤਕ ਕੋਈ ਗਾਹਕ ਨਹੀਂ ਸੀ ਆਇਆ। ਉਹਨੂੰ ਫ਼ਿਕਰ ਹੋਣ ਲੱਗਿਆ- ਝੁੱਗੀ ਦਾ ਕਿਰਾਇਆ, ਘਰ ਦਾ ਖਰਚਾ! ਸਾਰੇ ਦਿਨ ਵਿਚ ਸਿਰਫ਼ ਇਕ ਕਿਤਾਬ ਵਿਕ ਸਕੀ ਸੀ। ਹਨ੍ਹੇਰਾ ਹੋਣ 'ਤੇ ਕਿਤਾਬਾਂ ਥੈਲੇ ਵਿਚ ਪਾ ਕੇ ਵੈਸਾਖੀ ਦੇ ਸਹਾਰੇ ਉਹ ਆਪਣੀ ਝੁੱਗੀ-ਬਸਤੀ ਵੱਲ ਮੁੜ ਪਿਆ ਸੀ।

ਝੁੱਗੀ ਵਿਚ ਪਹੁੰਚਿਆ ਤਾਂ ਮਾਂ ਨੇ ਮੰਜੇ 'ਤੇ ਪਈ-ਪਈ ਨੇ ਪੁੱਛਿਆ, "ਕਿਹੋ ਜਿਹਾ ਰਿਹਾ ਅੱਜ ਦਾ ਦਿਨ? ਕਿਤਾਬਾਂ ਵਿਕੀਆਂ?"

"ਸਿਰਫ਼ ਇਕ ਕਿਤਾਬ ਹੀ ਵਿਕ ਸਕੀ ਮਾਂ! ਉਸ ਵਿਚੋਂ ਵੀ ਦਸ ਰੁਪਏ ਬਚਣਗੇ।"

ਮਾਯੂਸ ਹੋ ਕੇ ਮਾਂ ਨੇ ਕਿਹਾ, "ਮੈਂ ਕਹਿੰਦੀ ਸਾਂ ਲੋਕ ਭੀਖ ਤਾਂ ਖੁੱਲ੍ਹੇ-ਦਿਲ ਨਾਲ ਦੇ ਦਿੰਦੇ ਹਨ, ਪਰ ਕਿਤਾਬ...? ਕਿਤਾਬਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਰਹੀ। ਇਸ ਤਰ੍ਹਾਂ ਕਿਵੇਂ ਚੱਲੇਗਾ? ਝੁੱਗੀ ਦਾ ਕਿਰਾਇਆ, ਖਾਣੇ ਦਾ ਖਰਚਾ... ਇਸ ਨਾਲੋਂ ਤਾਂ ਚੰਗਾ ਹੈ, ਤੂੰ ਭੀਖ ਹੀ ਮੰਗਿਆ ਕਰ।"

"ਨਹੀਂ ਮਾਂ, ਹੌਲੀ-ਹੌਲੀ ਕਿਤਾਬਾਂ ਵੀ ਵਿਕਣ ਲੱਗਣਗੀਆਂ। ਪਤਾ ਹੈ, ਅੱਜ ਮੈਨੂੰ ਕਿਸੇ ਨੇ ਫਿਟਕਾਰਿਆ ਨਹੀਂ, ਧਿਰਕਾਰਿਆ ਨਹੀਂ, ਦੁਤਕਾਰਿਆ ਨਹੀਂ। ਮਾਂ, ਅੱਜ ਤੋਂ ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਹਾਂ। ਇਹ ਸਭ ਕਿਤਾਬਾਂ ਦੇ ਸਾਥ ਨਾਲ ਹੀ ਹੋਇਆ ਹੈ। ਜੇ ਪੜ੍ਹ ਲਵਾਂਗਾ ਤਾਂ ਫੇਰ ਤਾਂ...!"

# ਮਕਬਰੇ ਸਰਹਿੰਦ ਦੇ

ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਦੇ ਆਲੇ-ਦੁਆਲੇ, ਖਾਸ ਕਰ ਕੇ ਸਰਹਿੰਦ ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਖੇਤਾਂ 'ਚ ਮੁਗਲਾਂ ਸਮੇਂ ਦੇ ਕਈ ਵਿਰਾਸਤੀ ਸਮਾਰਕ ਬਣੇ ਹੋਏ ਹਨ। ਆਪਣੀ ਵਿਲੱਖਣਤਾ ਤੇ ਕਾਰੀਗਰੀ ਲਈ ਮਸ਼ਹੂਰ ਇਹ ਮਕਬਰੇ ਦਿਨੋ ਦਿਨ ਖੰਡਰਾਂ ਦਾ ਰੂਪ ਧਾਰਨ ਕਰ ਰਹੇ ਹਨ। ਕਰੀਬ ਚਾਰ-ਪੰਜ ਸੌ ਸਾਲ ਪਹਿਲਾਂ ਬਣੀਆਂ ਇਹ ਇਤਿਹਾਸਕ ਇਮਾਰਤਾਂ ਸਾਂਭਣ ਤੇ ਦੇਖਣਯੋਗ ਹਨ, ਪੇਸ਼ ਹੈ ਇਨ੍ਹਾਂ ਦੀ ਵਿਸਥਾਰਤ ਰਿਪੋਰਟ:

ਭਗਤ ਸਦਨੇ ਦੀ ਮਸੀਤ-ਭਾਰਤ ਦੀਆਂ ਪੁਰਾਣੀਆਂ ਮਸੀਤਾਂ 'ਚੋਂ ਇਕ ਸਦਨੇ ਕਸਾਈ ਦੀ ਮਸੀਤ ਸਰਹਿੰਦ-ਰੋਪੜ ਰੇਲਵੇਅ ਲਾਈਨ ਦੇ ਬਿਲਕੁਲ ਨੇੜੇ ਸਰਹਿੰਦ ਸ਼ਹਿਰ ਤੋਂ ਡੇਰਾ ਮੀਰਾਂ ਮੀਰ ਵਾਲੇ ਫਾਟਕ ਦੇ ਕੋਲ ਸੜਕ ਦੇ ਖੱਬੇ ਪਾਸੇ ਸਥਿਤ ਹੈ, ਜੋ ਕਿ ਪੁਰਾਤਨ ਵਿਭਾਗ ਦੇ ਅਧੀਨ ਹੈ। ਇਹ ਮਸੀਤ ਦਾ ਸਬੰਧ ਸਦਨੇ ਭਗਤ (ਜੋ ਕਿ ਪਹਿਲਾਂ ਕਸਾਈ ਸੀ) ਨਾਲ ਹੈ। ਸਦਨਾ ਭਗਤ ਆਪਣੇ ਸਮੇਂ ਦਾ ਇਕ ਮਸ਼ਹੂਰ ਮੁਸਲਿਮ ਕਵੀ ਅਤੇ ਸੂਫੀ-ਸੰਤ ਸੀ। ਇਸ ਮਸੀਤ ਦੀ ਇਮਾਰਤ ਸਰਹਿੰਦੀ ਇੱਟਾਂ ਨਾਲ ਬਣੀ ਹੋਈ ਹੈ, ਜਿਹੜੀ ਕਿ ਮੁਗਲਾਂ ਦੇ ਸਮੇਂ ਦਾ ਬਿਹਤਰੀਨ ਆਰਕੀਟੈਕਟ ਦਾ ਨਮੂਨਾ ਹੈ। ਪੁਰਾਣੇ ਸਮੇਂ ਦੇ ਮੁਗਲ ਕਾਰੀਗਰਾਂ ਵਲੋਂ ਬਣਾਈਆਂ ਪੇਂਟਿੰਗ ਅੱਜ ਵੀ ਉਨ੍ਹਾਂ ਦੀ ਕਾਰੀਗਰੀ ਦਾ ਲੋਹਾ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**


ਮਨਵਾ ਰਹੀਆਂ ਹਨ। ਦੱਸਣਯੋਗ ਹੈ ਕਿ ਸਦਨੇ ਭਗਤ ਦਾ ਲਿਖਿਆ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੈ।

ਜਹਾਜ਼ ਹਵੇਲੀ-ਸਦਨੇ ਕਸਾਈ ਦੀ ਮਸੀਤ ਤੋਂ ਅੱਗੇ ਫਾਟਕ ਟੱਪ ਕੇ ਨਾਲ ਹੀ ਸੱਜੇ ਹੱਥ ਮੁੜਨ ਉਪਰੰਤ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਆਉਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਦੀਵਾਨ ਟੋਡਰ ਮੱਲ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰ ਕੇ ਜਗ੍ਹਾ ਖਰੀਦੀ ਅਤੇ ਇਸ ਹਵੇਲੀ ਤੋਂ ਖੁਰਜੀਆਂ ਭਰਵਾ ਕੇ ਖੱਚਰਾਂ 'ਤੇ ਲੱਦ ਕੇ ਰਵਾਨਾ ਹੋਏ। ਉਨ੍ਹਾਂ ਨੇ ਸਿੱਖੀ ਦੀ ਆਨ ਤੇ ਸ਼ਾਨ 'ਤੇ ਪਹਿਰਾ ਦੇ ਕੇ ਸੁਨਹਿਰੀ ਅੱਖਰਾਂ ਵਿਚ ਸੇਵਾ ਦਾ ਇਤਿਹਾਸ ਸਿਰਜਿਆ। ਇਸ ਇਤਿਹਾਸਕ ਹਵੇਲੀ ਦੀ ਸੇਵਾ ਸੰਭਾਲ ਦਾ ਕੰਮ ਕਈ ਵਾਰੀ ਸ਼ੁਰੂ ਵੀ ਹੋਇਆ ਪਰ ਕਿਸੇ ਨਾ ਕਿਸੇ ਅੜਿੱਕੇ ਕਾਰਨ ਕੰਮ ਸਿਰੇ ਨਹੀਂ ਚੜ੍ਹ ਸਕਿਆ। ਜਹਾਜ਼ ਹਵੇਲੀ ਤੋਂ ਅੱਗੇ ਖੇਤਾਂ 'ਚੋਂ ਹੁੰਦੇ ਹੋਏ ਪਹੇ ਦੇ ਖੱਬੇ ਹੱਥ ਅੱਗੇ ਇਕ ਹੋਰ ਖੰਡਰ ਨੁਮਾ ਇਮਾਰਤ ਆਉਂਦੀ ਹੈ, ਜਿਸ ਦੀ ਮੁਰੰਮਤ ਦਾ ਕੰਮ ਤਾਂ ਕਰਵਾਇਆ ਹੋਇਆ ਹੈ ਪਰ ਇੱਥੇ ਇਸ ਇਮਾਰਤ ਸਬੰਧੀ ਕੋਈ ਜਾਣਕਾਰੀ ਬੋਰਡ ਨਹੀਂ ਲੱਗਿਆ ਹੋਇਆ ਤੇ ਨਾ ਹੀ ਕੋਈ ਮੁਲਾਜ਼ਮ ਹੀ ਤਾਇਨ੍ਹਾਂਤ ਕੀਤਾ ਹੋਇਆ ਹੈ।

ਉਸਤਾਦ ਅਤੇ ਸ਼ਾਗਿਰਦ ਦੇ ਮਕਬਰੇ-ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਦੇ ਪਿੰਡ ਤਲਾਣੀਆਂ ਅਤੇ ਸਰਹਿੰਦ ਸ਼ਹਿਰ ਦੇ ਖੇਤਾਂ 'ਚ ਪੁਰਾਣੇ ਮਕਬਰੇ ਬਣੇ ਹੋਏ ਹਨ, ਜਿਹੜੇ ਕਿ ਇੱਥੋਂ ਦੀ ਧਰਤੀ ਦੇ ਇਤਿਹਾਸਕ ਹੋਣ ਦੀ ਗਵਾਹੀ ਭਰਦੇ ਹਨ। ਉਸਤਾਦ ਅਤੇ ਸ਼ਾਗਿਰਦ ਦੇ ਨਾਂਅ ਨਾਲ ਮਸ਼ਹੂਰ ਇਨ੍ਹਾਂ ਮਕਬਰਿਆਂ ਨੂੰ ਮੁਗਲਾਂ ਸਮੇਂ ਦੇ ਬਿਹਤਰੀਨ ਆਰਟੀਟੈਕਟਾਂ ਉਸਤਾਦ ਸਈਅਦ ਖਾਨ ਅਤੇ ਉਨ੍ਹਾਂ ਦੇ ਸ਼ਾਗਿਰਦ ਖਵਾਜ਼ਾ ਖਾਨ ਨੇ ਕਰੀਬ 450 ਸਾਲ ਪਹਿਲਾਂ ਬਣਾਇਆ ਸੀ। ਇਨ੍ਹਾਂ ਮਕਬਰਿਆਂ ਦੀ ਖਾਸੀਅਤ ਇਹ ਹੈ ਕਿ ਇਹ ਉਸਤਾਦ ਅਤੇ ਸ਼ਾਗਿਰਦ ਵਿਚਾਲੇ ਲੱਗੀ ਸ਼ਰਤ ਕਾਰਨ ਇਕੋ ਰਾਤ 'ਚ ਬਣਾਏ ਗਏ ਸਨ। ਕਹਿੰਦੇ ਹਨ ਕਿ ਸ਼ਾਗਿਰਦ ਖਵਾਜ਼ਾ ਖਾਨ ਨੂੰ ਆਪਣੇ ਉਸਤਾਦ ਸਈਅਦ ਖਾਨ ਤੋਂ ਕੰਮ ਸਿੱਖਣ ਉਪਰੰਤ ਹੰਕਾਰ ਹੋ ਗਿਆ ਅਤੇ ਉਹ ਆਪਣੇ ਆਪ ਨੂੰ ਆਪਣੇ ਉਸਤਾਦ ਤੋਂ ਵੀ ਵੱਡਾ ਕਾਰੀਗਰ ਸਮਝਣ ਲੱਗਿਆ। ਇਸੇ ਹੰਕਾਰ ਨੂੰ ਤੋੜਨ ਲਈ ਉਨ੍ਹਾਂ ਦੋਵਾਂ ਵਿਚਾਲੇ ਸ਼ਰਤ ਲੱਗ ਗਈ ਕਿ ਦੋਵੇਂ ਜਣੇ ਇਕੋ ਦਿਨ ਇਕ-ਇਕ ਵੱਖ-ਵੱਖ ਮਕਬਰਾ ਬਣਾਉਣਗੇ ਤੇ ਬਾਅਦ 'ਚ ਮਕਬਰਾ ਬਣਾਉਣ ਵਾਲੇ ਦਾ ਸਿਰ ਕਲਮ ਕਰ ਦਿੱਤਾ ਜਾਵੇਗਾ। ਮਿੱਥੇ ਸਮੇਂ ਤਕ ਉਸਤਾਦ ਨੇ ਤਾਂ ਆਪਣਾ ਮਕਬਰਾ ਪੂਰਾ ਕਰ ਲਿਆ ਪਰ ਸ਼ਾਗਿਰਦ ਵਾਲੇ ਮਕਬਰੇ ਦੀ ਸਿਖਰਲੀ ਬੋਦੀ (ਗੁਬੰਦ) ਬਣਨ ਤੋਂ ਰਹਿ ਗਈ, ਜਿਸ ਕਾਰਨ ਉਹ ਸ਼ਰਤ ਹਾਰ ਗਿਆ। ਸ਼ਰਤ ਹਾਰਨ ਉਪਰੰਤ ਖਵਾਜ਼ਾ ਖਾਨ ਆਪਣਾ ਸਿਰ ਪੇਸ਼ ਕਰਨ ਲਈ ਆਪਣੇ ਉਸਤਾਦ ਕੋਲ ਗਿਆ, ਪਰ ਉਸਤਾਦ ਨੇ ਕਿਹਾ ਕਿ ਤੇਰਾ ਨਹੀਂ, ਬਲਕਿ



*ਭਗਤ ਸਧਨੇ ਦੀ ਮਸੀਤ*



*ਸ਼ਾਗਿਰਦ ਦਾ ਮਕਬਰਾ*

ਤੇਰੇ ਅੰਦਰ ਆਏ ਹੰਕਾਰ ਦਾ ਸਿਰ ਕਲਮ ਕਰਨਾ ਹੈ। ਇਸ ਤਰ੍ਹਾਂ ਉਸਤਾਦ ਨੇ ਆਪਣੇ ਸ਼ਾਗਿਰਦ ਦਾ ਹੰਕਾਰ ਤੋੜਿਆ, ਜਿਸ ਕਾਰਨ ਇਨ੍ਹਾਂ ਮਕਬਰਿਆਂ ਨੂੰ ਹੰਕਾਰ ਤੋੜਨ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ ਅਤੇ ਇਹ ਵੀ ਸਿੱਧ ਹੁੰਦਾ ਹੈ ਕਿ ਉਸਤਾਦ ਹਮੇਸ਼ਾ ਉਸਤਾਦ ਹੀ ਰਹਿੰਦਾ ਹੈ। ਅੱਜ ਵੀ ਸ਼ਾਗਿਰਦ ਖਵਾਜ਼ਾ ਖਾਨ ਵਲੋਂ ਬਣਾਇਆ ਮਕਬਰਾ ਸਿਖਰਲੀ ਬੋਦੀ ਤੋਂ ਸੱਖਣਾ ਹੈ ਜਦਕਿ ਉਸਤਾਦ ਵਲੋਂ ਬਣਾਏ ਮਕਬਰੇ ਦੇ ਸਾਰੇ ਗੁਬੰਦ ਬਣੇ ਹੋਏ ਹਨ। ਇਨ੍ਹਾਂ ਮਕਬਰਿਆਂ 'ਤੇ ਭਾਰਤ ਸਰਕਾਰ ਦੇ ਪ੍ਰਾਚੀਨ ਤੇ ਇਤਿਹਾਸਕ ਵਿਭਾਗ ਵਲੋਂ ਇਮਾਰਤਾਂ ਨੂੰ ਨੁਕਸਾਨ ਨਾ ਪਹੁੰਚਾਉਣ ਸਬੰਧੀ ਤਾਂ ਬੋਰਡ ਲਗਾਇਆ ਹੋਇਆ ਹੈ ਪਰ ਇਸ ਸਮਾਰਕ ਦੀ ਜਾਣਕਾਰੀ ਜਾਂ ਇਤਿਹਾਸ ਸਬੰਧੀ ਕੋਈ ਬੋਰਡ ਨਹੀਂ ਹੈ।

ਫਲੋਟਿੰਗ ਰੈਸਟੋਰੈਂਟ-ਸਰਹਿੰਦ ਤੋਂ ਮੰਡੀ ਗੋਬਿੰਦਗੜ੍ਹ ਵੱਲ ਜਾਂਦਿਆਂ 5 ਕਿਲੋਮੀਟਰ ਦੂਰ ਦਿੱਲੀ-ਅੰਮ੍ਰਿਤਸਰ ਜਰਨੈਲੀ ਸੜਕ 'ਤੇ ਮੇਨ ਭਾਖੜਾ ਨਹਿਰ ਦੇ ਅੰਦਰ ਬਣਿਆ ਭਾਰਤ ਵਿਚਲਾ ਇਕੋ-ਇਕ ਹੋਟਲ ਵੀ ਕੁਝ ਮਹੀਨੇ ਪਹਿਲਾਂ ਮੁਰੰਮਤ ਦੇ ਨਾਂ 'ਤੇ ਬੰਦ ਕਰ ਦਿੱਤਾ ਗਿਆ ਹੈ। 'ਪੰਜਾਬ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ' ਵਿਭਾਗ ਦੇ ਪ੍ਰਬੰਧਾਂ ਹੇਠ 70ਵਿਆਂ 'ਚ ਸ਼ੀਸ਼ਿਆਂ ਦਾ ਬਣਿਆ ਇਹ ਰੈਸਟੋਰੈਂਟ 5 ਵੱਡੇ-ਵੱਡੇ ਗੈਸ ਸਿਲੰਡਰਾਂ ਦੇ ਸਹਾਰੇ ਭਾਖੜਾ ਨਹਿਰ 'ਚ ਤੈਰਦਾ ਹੈ, ਜਿਸ ਨੂੰ ਚਾਰੇ ਪਾਸਿਆਂ ਤੋਂ ਮੋਟੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਹੈ, ਜਿਸ ਕਾਰਨ ਇਸ ਦਾ ਨਾਂ ਫਲੋਟਿੰਗ ਰੈਸਟੋਰੈਂਟ ਰੱਖਿਆ ਗਿਆ। ਬਾਅਦ 'ਚ ਇਸਦਾ ਪ੍ਰਬੰਧ ਨਵੇਂ ਬਣੇ 'ਪੰਜਾਬ ਹੈਰੀਟੇਜ਼ ਟੂਰੀਜ਼ਮ ਪ੍ਰਮੋਸ਼ਨ ਬੋਰਡ' ਨੂੰ ਸੌਂਪ ਦਿੱਤਾ ਗਿਆ। ਭਾਰਤ ਤੇ ਪਾਕਿਸਤਾਨ ਦੇ ਸੁਖਾਵੇਂ ਸਮੇਂ ਦਿੱਲੀ ਤੋਂ ਲਾਹੌਰ ਚੱਲਣ ਵਾਲੀ ਬੱਸ ਦੀ ਇੱਥੇ ਠਹਿਰ ਹੁੰਦੀ ਸੀ। ਇਸ ਦਾ ਨਾਂ 'ਲਿਮਕਾ ਬੁੱਕ ਆਫ ਰਿਕਾਰਡਜ਼' ਵਿਚ ਵੀ ਦਰਜ ਹੈ। ਪੰਜਾਬ ਦੇ ਆਰਕੀਟੈਕਟ ਵਿਭਾਗ ਦੇ ਆਰਕੀਟੈਕਟ ਜੀਤ ਮਲਹੋਤਰਾ ਅਤੇ ਅਮਰ ਰਜਿੰਦਰ ਸਿੰਘ ਨੇ ਇਸ ਦਾ ਡਿਜ਼ਾਈਨ ਤਿਆਰ ਕੀਤਾ ਸੀ। ਇਸਦੇ ਲੱਕੜ ਵਾਲੀ ਡੈੱਕ ਨੂੰ ਹਟਾ ਕੇ ਸ਼ੀਸ਼ੇ ਲਗਾਏ ਹੋਏ ਹਨ ਤਾਂ ਜੋ ਸੈਲਾਨੀਆਂ ਨੂੰ ਹੇਠਾਂ ਭਾਖੜਾ ਨਹਿਰ ਦਾ ਚੱਲਦਾ ਨੀਲੇ ਰੰਗ ਦਾ ਪਾਣੀ ਸਾਫ ਨਜ਼ਰ ਆਵੇ। ਜੁਲਾਈ 1976 ਨੂੰ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਫਲੋਟਿੰਗ ਰੈਸਟੋਰੈਂਟ ਦਾ ਨੀਂਹ ਪੱਥਰ ਰੱਖਿਆ ਸੀ। ਇਥੇ ਦੂਰੋਂ ਆਉਣ ਵਾਲੇ ਸੈਲਾਨੀਆਂ ਦੇ ਠਹਿਰਨ ਲਈ 8 ਕਮਰੇ ਵੀ ਬਣੇ ਹੋਏ ਹਨ। ਫਲੋਟਿੰਗ ਰੈਸਟੋਰੈਂਟ ਦੇ ਨਾਲ ਲੰਘਦੀ ਜਰਨੈਲੀ ਸੜਕ ਦੇ ਦੋਵੇਂ ਪਾਸੇ ਉੱਚੇ ਫਲਾਈ ਓਵਰ ਬਣ ਜਾਣ ਕਾਰਨ ਹੁਣ ਇਹ ਸੜਕ ਤੋਂ ਲੰਘਣ ਵਾਲੇ ਯਾਤਰੀਆਂ ਨੂੰ ਨਜ਼ਰੀਂ ਪੈਣ ਤੋਂ ਹਟ ਗਿਆ ਹੈ।



*ਦੀਵਾਨ ਟੋਡਰ ਮਲ ਦੀ ਜਹਾਜ਼ ਹਵੇਲੀ*



*ਉਸਤਾਦ ਦਾ ਮਕਬਰਾ*

ਆਮ ਖਾਸ ਬਾਗ ਸਰਹਿੰਦ: ਉੱਤਰੀ ਭਾਰਤ ਦੇ ਸਭ ਤੋਂ ਅਲੰਕਾਰ ਬਾਗਾਂ 'ਚੋਂ ਇਕ ਆਮ ਖਾਸ ਬਾਗ ਦੀ ਸ਼ੁਰੂ 'ਚ ਉਸਾਰੀ ਬਾਬਰ ਵਲੋਂ ਕਰਵਾਈ ਗਈ ਸੀ, ਉਪਰੰਤ ਸ਼ਾਹਜਹਾਂ ਨੇ ਇਸਨੂੰ ਦੁਬਾਰਾ ਤਿਆਰ ਕਰਵਾਇਆ ਸੀ, ਤਾਂ ਜੋ ਆਮ ਖਾਸ ਬਾਗ ਨੂੰ ਮੁਗਲ ਸਮਰਾਟਾਂ ਵਲੋਂ ਲਾਹੌਰ ਤੋਂ ਆਉਂਦੇ-ਜਾਂਦੇ ਸਮੇਂ ਠਹਿਰਾਓ ਲਈ ਵਰਤਿਆ ਜਾ ਸਕੇ। ਇਸ ਨੂੰ 2 ਹਿੱਸਿਆਂ 'ਚ ਵੰਡਿਆ ਗਿਆ ਸੀ, ਇਕ ਆਮ ਲੋਕਾਂ ਲਈ ਤੇ ਦੂਜਾ ਰਾਜਿਆਂ ਲਈ ਰਾਖਵਾਂ ਸੀ। ਇਸ ਲਈ ਇਸ ਦਾ ਨਾਂ ਆਮ ਖਾਸ ਬਾਗ ਰੱਖਿਆ ਗਿਆ। ਇਸ ਵਿਚ ਸਦਰਖਾਨਾ, ਸ਼ੀਸ਼ ਮਹਿਲ, ਸ਼ਾਹੀ ਹਮਾਮ ਅਤੇ ਦੌਲਤ-ਖਾਨਾ-ਏ-ਖਾਸ ਨਾਂ ਦੀਆਂ ਵਿਲੱਖਣ ਇਮਾਰਤਾਂ ਦੀ ਉਸਾਰੀ ਕੀਤੀ ਗਈ ਜੋ ਕਿ ਆਪਣੇ ਆਪ 'ਚ ਕਲਾ ਦਾ ਇਕ ਨਮੂਨਾ ਹਨ। ਇਥੇ ਬਣੇ ਸਰਦਖਾਨੇ ਨੂੰ ਗਰਮੀਆਂ 'ਚ ਠੰਢਾ ਰੱਖਣ ਲਈ ਵਿਸੇਸ਼ ਇੰਤਜ਼ਾਮ ਕੀਤੇ ਗਏ ਸਨ। ਜਹਾਂਗੀਰ ਵਲੋਂ ਬਣਾਏ ਸਰਦਖਾਨੇ 'ਚ ਕਮਰੇ ਨੂੰ ਠੰਢਾ ਰੱਖਣ ਲਈ ਨਾਲ ਲੱਗਦੇ 32 ਚਰਸਾ ਖੂਹ ਵਿਚੋਂ ਪਾਣੀ ਕੱਢ ਕੇ ਵੱਡੇ ਹੋਦਾਂ 'ਚ ਸਪਲਾਈ ਕੀਤਾ ਜਾਂਦਾ ਸੀ ਅਤੇ ਕੰਧਾਂ 'ਚ ਬਣੀਆਂ ਨਾਲੀਆਂ ਰਾਹੀਂ ਪਾਣੀ ਕਮਰੇ ਨੂੰ ਠੰਢਾ ਰੱਖਦਾ ਸੀ। ਇਥੇ ਅੰਬਾਂ, ਨਾਸ਼ਪਤੀਆਂ ਤੇ ਅਮਰੂਦਾਂ ਦੇ ਬਾਗ ਹਨ, ਜੋ ਕਿ 11 ਏਕੜ ਤਕ ਫੈਲੇ ਹੋਏ ਹਨ। ਇੰਨਾ ਸਮਾਂ ਪਹਿਲਾਂ ਤੇ ਇੰਨੀ ਉੱਚ ਤਕਨੀਕ ਨਾਲ ਬਣਿਆ ਆਮ-ਖਾਸ ਬਾਗ ਸੱਚਮੁਚ ਹੀ ਵੇਖਣਯੋਗ ਹੈ।

ਅੱਜ ਸਾਂਭ-ਸੰਭਾਲ ਦੀ ਘਾਟ ਕਾਰਨ ਇੱਥੇ ਬਣੀਆਂ ਜ਼ਿਆਦਾਤਰ ਸਮਾਰਕਾਂ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਭਾਰਤ ਅਤੇ ਪੰਜਾਬ ਸਰਕਾਰ ਦੇ ਪੁਰਾਤਨ ਤੇ ਸੈਰ ਸਪਾਟਾ ਵਿਭਾਗ ਨੂੰ ਇਨ੍ਹਾਂ ਇਮਾਰਤਾਂ ਨੂੰ ਸਾਂਭਣ ਲਈ ਯੋਗ ਉਪਰਾਲੇ ਕਰਨ ਦੀ ਜ਼ਰੂਰਤ ਹੈ। ਨਹੀਂ ਤਾਂ ਉਹ ਦਿਨ ਵੀ ਦੂਰ ਨਹੀਂ ਜਦੋਂ ਇਨ੍ਹਾਂ ਖੰਡਰ ਬਣ ਰਹੀਆਂ ਜਾਂ ਬਣ ਚੁੱਕੀਆਂ ਇਮਾਰਤਾਂ ਦਾ ਨਾਮੋ-ਮਿਸ਼ਾਨ ਵੀ ਮਿਟ ਜਾਵੇਗਾ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਇਤਿਹਾਸਕ ਇਮਾਰਤਾਂ ਨੂੰ ਦੇਖਣ ਤੋਂ ਵਾਂਝੀਆਂ ਰਹਿ ਜਾਣਗੀਆਂ। ਅਜਿਹੀਆਂ ਪੁਰਾਣੀਆਂ ਇਮਾਰਤਾਂ ਪੰਜਾਬ ਦੇ ਵਿਰਲੇ ਸ਼ਹਿਰਾਂ 'ਚ ਹੀ ਹਨ ਅਤੇ ਵਿਰਲੀਆਂ ਹੀ ਬਚੀਆਂ ਹਨ, ਸੋ ਸਮਾਂ ਰਹਿੰਦਿਆਂ ਇਨ੍ਹਾਂ ਨੂੰ ਸਾਂਭਣ ਦੀ ਲੋੜ ਹੈ।

## ਧੀਆਂ 'ਤੇ ਜ਼ੁਲਮ ਕਮਾਓ ਨਾ

ਧੀਆਂ 'ਤੇ ਜ਼ੁਲਮ ਕਮਾਓ ਨਾ
ਕੁੱਖਾਂ ਵਿਚ ਕਤਲ ਕਰਾਓ ਨਾ
ਦੁੱਖ ਦਰਦ ਵੰਡਾਉਂਦੀਆਂ ਨੇ ਧੀਆਂ
ਦੁੱਖਾਂ ਦੀ ਸੇਜ ਸਜਾਓ ਨਾ
ਧੀਆਂ ...।

ਜਿਸ ਘਰ ਵਿਚ ਧੀਆਂ ਵੱਸਦੀਆਂ ਨੇ
ਓਥੇ ਰੱਬ ਵੀ ਆ ਕੇ ਵੱਸ ਜਾਂਦਾ
ਫਿਰ ਸ਼ਰਮ ਸਿਆਣਪ ਦਾ ਦੀਵਾ
ਚੌਖਟ 'ਤੇ ਖ਼ੁਦ ਹੀ ਜਗ ਜਾਂਦਾ
ਇਤਫ਼ਾਕ ਮੁਹੱਬਤ ਦੀਆਂ ਚਿੜੀਆਂ
ਬਨ੍ਹੇਰਿਆਂ ਤੋਂ ਉਡਾਓ ਨਾ
ਧੀਆਂ...।

ਧੀਆਂ ਨੇ ਕੋਸੀ ਧੁੱਪ ਜਿਹੀਆਂ
ਤੇ ਲਫ਼ਜ਼ਾਂ ਵਿਚਲੀ ਚੁੱਪ ਜਿਹੀਆਂ
ਸੰਗੀਤ ਵਗਦੇ ਝਰਨੇ ਦਾ
ਗੁਰਬਾਣੀ ਦੀ ਤੁਕ ਜਿਹੀਆਂ
ਕੁਦਰਤ ਦੀਆਂ ਕਿਲਕਾਰੀਆਂ
ਗਮ ਸਾਗਰ ਵਿਚ ਡੁਬਾਓ ਨਾ
ਧੀਆਂ...।

ਧੀਆਂ ਨੇ ਮਹਿਕ ਹਵਾਵਾਂ ਦੀ
ਸੁੱਚਮ ਸ਼ਿੱਦਤ ਦੁਆਵਾਂ ਦੀ
ਨੇਹਮਤ ਪਾਕ ਦਰਗਾਹਾਂ ਦੀ
ਖੁਸ਼ੀ ਘਰ ਨੂੰ ਮੁੜਦੇ ਰਾਹਾਂ ਦੀ
ਇਨ੍ਹਾਂ ਘਰ ਵੱਲ ਮੁੜਦੇ ਰਾਹਾਂ ਨੂੰ
ਬੀਆਬਾਨ ਬਣਾਓ ਨਾ
ਧੀਆਂ...।

ਇਹ ਰਹਿਮਤ ਦਾ ਸਿਰਨਾਵਾਂ ਨੇ
ਇਹ ਸੋਹਬਤ ਦਾ ਪਰਛਾਵਾਂ ਨੇ
ਬੇਸ਼ੱਕ ਜਨਮਣ ਧੀ ਬਣ ਕੇ
ਦਰਅਸਲ ਹੁੰਦੀਆਂ ਮਾਵਾਂ ਨੇ
ਮਾਵਾਂ ਨੂੰ ਮਾਰ ਕੇ ਐ 'ਸੋਨੀ'
ਰਹਿਮਤ ਨੂੰ ਠੁਕਰਾਓ ਨਾ
ਧੀਆਂ 'ਤੇ ਜ਼ੁਲਮ ਕਮਾਓ ਨਾ
ਕੁੱਖਾਂ ਵਿਚ ਕਤਲ ਕਰਾਓ ਨਾ।

**-ਡਾ ਸਤੀਸ਼ ਠੁਕਰਾਲ ਸੋਨੀ**
**ਫੋਨ: 94173-58393**

# ਪੁਰਖਿਆਂ ਦੀ ਧਰਤੀ ਮੱਧ ਏਸ਼ੀਆ

***ਸੋਵੀਅਤ ਸੰਘ ਵੇਲੇ ਰੂਸ ਨਾਲ ਨੇੜਿਉਂ ਜੁੜੇ ਰਹੇ, ਦਿੱਲੀ ਵੱਸਦੇ ਕਰਨਜੀਤ ਸਿੰਘ ਨੇ ਯਾਦਾਂ ਦੇ ਰੂਪ ਵਿਚ ਉਸ ਦੌਰ ਬਾਬਤ ਬੜਾ ਕੁਝ ਲਿਖਿਆ ਹੈ। ਇਨ੍ਹਾਂ ਲਿਖਤਾਂ ਵਿਚੋਂ ਉਥੋਂ ਦੇ ਵੱਖ-ਵੱਖ ਹਾਲਾਤ ਉਜਾਗਰ ਹੁੰਦੇ ਹਨ। ਇਨ੍ਹਾਂ ਲਿਖਤਾਂ ਨੂੰ ਅੱਜ ਨਾਲ ਜੋੜ ਕੇ ਦੇਖਦਿਆਂ ਇਨ੍ਹਾਂ ਦੇ ਬੜੇ ਡੂੰਘੇ ਅਰਥ ਨਿੱਕਲਦੇ ਹਨ। ਇਸ ਲੇਖ ਵਿਚ ਉਨ੍ਹਾਂ ਮੱਧ ਏਸ਼ੀਆ ਦੇ ਮੁਲਕਾਂ ਬਾਰੇ ਜ਼ਿਕਰ ਕੀਤਾ ਹੈ।***

1979 ਦੀ ਗੱਲ ਹੈ। ਇਕ ਦਿਨ ਨੋਵੋਸਤੀ ਪ੍ਰੈਸ ਏਜੰਸੀ ਦੇ ਦਫਤਰ ਤੋਂ ਫੋਨ ਆਇਆ। ਵਲਾਦੀਮੀਰ ਲਾਨਕਿਨ ਬੋਲ ਰਿਹਾ ਸੀ।

"ਕਰਨਜੀਤ ਜੀ, ਏ.ਪੀ.ਐਨ. ਕੀ ਤਰਫ ਸੇ ਕੁਛ ਭਾਰਤੀ ਪੱਤਰਕਾਰ ਦੋਸਤੋਂ ਕੋ ਉਜ਼ਬੇਕਿਸਤਾਨ ਔਰ ਤਾਜਿਕਸਤਾਨ ਲੇ ਜਾਨੇ ਕੀ ਤਜਵੀਜ਼ ਹੈ। ਆਪ ਚਲੇਂਗੇ ਨਾ?" ਲਾਨਕਿਨ ਭਾਰਤ ਵਿਚ ਸੂਚਨਾ ਵਿਭਾਗ ਵਿਚ ਕੁਝ ਚਿਰ ਕੰਮ ਕਰ ਚੁੱਕਾ ਸੀ। ਹਿੰਦੀ ਚੰਗੀ ਜਾਣਦਾ ਸੀ।

"ਔਰ ਕੌਨ ਕੌਨ ਚਲੇਗਾ?" ਕਰਨਜੀਤ ਨੇ ਪੁੱਛਿਆ।

"ਮਨਚੰਦਾ ਜੀ ਹੋਂਗੇ, ਦਦਨ ਉਪਾਧਿਆ ਹੋਂਗੇ। ਤਕੀ ਹੈਦਰ ਸੇ ਭੀ ਬਾਤ ਕਰੂੰਗਾ, ਪੈਟ੍ਰੀਅਟ ਕੇ ਨੁਮਾਇੰਦੇ ਮਿਸਟਰ ਵਿਨੋਦ ਟਕਸਾਲ ਭੀ ਚਲੇਂਗੇ...।"

ਇਸ ਤੋਂ ਪਹਿਲਾਂ ਕਿ ਲਾਨਕਿਨ ਕਿਸੇ ਹੋਰ ਦਾ ਨਾਂ ਲੈਂਦਾ, ਕਰਨਜੀਤ ਨੇ ਆਪਣਾ ਮਨ ਬਣਾ ਲਿਆ ਸੀ, "ਮੈਂ ਭੀ ਚਲੂੰਗਾ। ਕਬ ਚਲਨੇ ਕਾ ਇਰਾਦਾ ਹੈ?" ਉਸ ਦੇ ਮਨ ਵਿਚ ਆਇਆ ਕਿ

**ਕਰਨਜੀਤ ਸਿੰਘ**

ਇਤਿਹਾਸਕਾਰ ਕਹਿੰਦੇ ਹਨ ਕਿ ਆਰੀਆ ਜਾਤੀ ਦੇ ਲੋਕ ਮੱਧ-ਏਸ਼ੀਆ ਵਿਚੋਂ ਹੀ ਭਾਰਤ ਗਏ ਸਨ, ਕਿਉਂ ਨਾ ਪੁਰਖਿਆਂ ਦੀ ਧਰਤੀ ਦੀ ਛੂਹ ਪ੍ਰਾਪਤ ਕੀਤੀ ਜਾਏ।

"ਇਸੀ ਮਹੀਨੇ ਕੇ ਆਖਰ ਤੱਕ, ਮੈਂ ਦੁਬਾਰਾ ਫੋਨ ਕਰੂੰਗਾ। ਆਪ ਤਯਾਰ ਰਹੀਏ।"

... ਤੇ ਨਵੰਬਰ ਦੇ ਆਖਰੀ ਹਫਤੇ ਇਹ ਮੰਡਲੀ ਤਾਸ਼ਕੰਦ ਪਹੁੰਚ ਗਈ। ਚਾਰ ਕੁ ਘੰਟੇ ਦੀ ਉਡਾਨ ਸੀ। ਦੁਪਹਿਰੇ ਤਿੰਨ ਕੁ ਵਜੇ ਉਹਨਾਂ ਤਾਸ਼ਕੰਦ ਹੋਟਲ ਵਿਚ ਜਾ ਡੇਰਾ ਲਾਇਆ; ਪੰਜ ਭਾਰਤੀ ਅਤੇ ਇਕ ਰੂਸੀ ਜਿਸ ਦੁਭਾਸ਼ੀਏ ਦਾ ਕੰਮ ਵੀ ਕਰਨਾ ਸੀ ਤੇ ਮਿਥੀ ਯੋਜਨਾ ਅਨੁਸਾਰ ਕੁਝ ਅਹਿਮ ਥਾਵਾਂ ਤੇ ਵਿਅਕਤੀਆਂ ਤੱਕ ਲੈ ਕੇ ਵੀ ਜਾਣਾ ਸੀ।

ਤਾਸ਼ਕੰਦ ਉਜ਼ਬੇਕਿਸਤਾਨ ਦੀ ਰਾਜਧਾਨੀ। ਅਸਲ ਵਿਚ ਦੋ ਤਾਸ਼ਕੰਦ: ਇਕ ਨਵਾਂ ਤਾਸ਼ਕੰਦ ਅਤੇ ਇਕ ਪੁਰਾਣਾ ਤਾਸ਼ਕੰਦ। 60ਵਿਆਂ ਦੇ ਸ਼ੁਰੂ ਵਿਚ ਆਏ ਜ਼ਬਰਦਸਤ ਭੁਚਾਲ ਨੇ ਇਥੇ ਬੜੀ ਭਾਰੀ ਤਬਾਹੀ ਮਚਾਈ ਸੀ। ਅਥਾਹ ਮਾਲੀ ਤੇ ਜਾਨੀ ਨੁਕਸਾਨ ਹੋਇਆ ਸੀ ਪਰ ਸੋਵੀਅਤ ਯੂਨੀਅਨ ਦੇ ਸਭ ਗਣਰਾਜਾਂ ਨੇ ਰੱਜ ਕੇ ਹਰ ਕਿਸਮ ਦੀ ਸਹਾਇਤਾ ਕੀਤੀ ਅਤੇ ਖੰਡਰ ਹੋਈ ਥਾਂ ਉਤੇ ਨਵਾਂ ਤਾਸ਼ਕੰਦ ਉਸਰ ਗਿਆ। ਮਾਡਰਨ ਸ਼ਹਿਰ।

ਨਵੰਬਰ ਕ੍ਰਾਂਤੀ ਤੋਂ ਪਹਿਲਾਂ ਉਜ਼ਬੇਕਿਸਤਾਨ ਤਿੰਨ ਰਿਆਸਤਾਂ ਵਿਚ ਵੰਡਿਆ ਹੋਇਆ ਸੀ: ਖੀਵਾ, ਬੁਖਾਰਾ ਅਤੇ ਕੋਕਾਂਤ। ਇਸ ਵੰਡ ਦਾ ਅਸਰ ਇਹ ਹੋਇਆ ਕਿ ਉਜ਼ਬੇਕ ਭਾਸ਼ਾ ਦੇ ਤਿੰਨ ਸਰੂਪ ਵਿਕਸਤ ਹੋ ਗਏ ਸਨ ਪਰ ਹੁਣ ਭਾਸ਼ਾ ਦਾ ਇਕ ਰੂਪ ਬਣ ਗਿਆ ਸੀ। ਕੁਝ ਘੰਟੇ ਹੋਟਲ ਵਿਚ ਆਰਾਮ ਕਰਨ ਮਗਰੋਂ ਕਰਨਜੀਤ ਇਕੱਲਾ ਹੀ ਬਾਹਰ ਟਹਿਲਣ ਨਿਕਲ ਗਿਆ ਸੀ। ਉਸ ਨੂੰ ਆਪਣਾ ਆਲਾ-ਦੁਆਲਾ ਆਪਣੇ ਦੇਸ ਵਰਗਾ ਹੀ ਲੱਗਾ ਸੀ। ਇਉਂ ਜਾਪਿਆ ਜਿਵੇਂ ਉਹ ਦਿੱਲੀ ਦੇ ਨਿਜ਼ਾਮੁਦੀਨ ਦੇ ਇਲਾਕੇ ਵਿਚ ਘੁੰਮ ਰਿਹਾ ਹੋਵੇ। ਉਸ ਨੂੰ ਹੈਰਾਨੀ ਭਰੀ ਖੁਸ਼ੀ ਹੋਈ ਜਦੋਂ ਉਸ ਦੇਖਿਆ ਕਿ ਉਜ਼ਬੇਕ ਮੁਟਿਆਰਾਂ ਯੂਰਪੀ ਅੰਦਾਜ਼ ਦਾ ਪਹਿਰਾਵਾ ਬਲਾਊਜ਼ ਸਕਰਟ ਪਾਈ ਸੜਕ 'ਤੇ ਘੁੰਮ ਰਹੀਆਂ ਸਨ। ਇਹ ਨਵਾਂ ਤਾਸ਼ਕੰਦ ਸੀ ਪਰ ਅਗਲੇ ਦਿਨ ਜਦੋਂ ਉਸ ਨੇ ਪੁਰਾਣੇ ਤਾਸ਼ਕੰਦ ਦਾ ਨਜ਼ਾਰਾ ਦੇਖਿਆ ਤਾਂ ਉਸ ਨੂੰ ਬੁਰਕਾਪੋਸ਼ ਔਰਤਾਂ ਜਾਂ ਸਿਰ ਦੀ ਚੁੰਨੀ ਨਾਲ ਸਿਰਫ ਅੱਖਾਂ ਨੂੰ ਛੱਡ ਕੇ ਸਿਰ ਮੂੰਹ ਲਪੇਟੀ ਫਿਰਦੀਆਂ ਮੁਟਿਆਰਾਂ ਨਜ਼ਰ ਆਈਆਂ ਸਨ। ਸੜਕ 'ਤੇ ਘੁੰਮਦਿਆਂ ਉਸ ਨੂੰ ਰੇੜ੍ਹੀ ਵਾਲਾ ਮਿਲ ਗਿਆ ਜਿਹੜਾ ਕੁਝ ਵੇਚ ਰਿਹਾ ਸੀ ਪਰ ਇਹ ਨਹੀਂ ਸੀ ਪਤਾ ਲਗਦਾ ਕਿ ਕੀ ਵੇਚ ਰਿਹਾ ਸੀ ਕਿਉਂਕਿ ਉਸ ਦਾ ਮਾਲ ਬਕਸੇ ਵਰਗੀ ਰੇੜ੍ਹੀ ਵਿਚ ਬੰਦ ਸੀ ਜਿਵੇਂ ਸਾਡੇ ਆਈਸ ਕ੍ਰੀਮ ਵਾਲਿਆਂ ਦੀਆਂ ਹੁੰਦੀਆਂ ਹਨ। ਕਰਨਜੀਤ ਨਾ ਉਜ਼ਬੇਕੀ ਜਾਣਦਾ ਸੀ ਨਾ ਫਾਰਸੀ। ਹਾਂ, ਉਰਦੂ ਉਸ ਨੇ ਸਕੂਲ ਦੀ ਦਸਵੀਂ ਜਮਾਤ ਤੱਕ ਪੜ੍ਹੀ ਸੀ। ਕੁਝ ਇਸ਼ਾਰਿਆਂ ਤੇ ਕੁਝ ਰਲਗੱਡ ਜ਼ਬਾਨ ਨਾਲ ਉਸ ਨੇ ਰੇੜ੍ਹੀ ਵਾਲੇ ਤੋਂ ਪੁੱਛਿਆ ਕਿ ਉਹ ਕੀ ਵੇਚ ਰਿਹਾ ਹੈ?

'ਸਮਸਾ', ਉਸ ਦਾ ਜਵਾਬ ਸੀ। ਕਰਨਜੀਤ ਨੂੰ ਝੱਟ ਸਮੋਸੇ ਦਾ ਖਿਆਲ ਆਇਆ ਤੇ ਉਸ ਨੇ ਸਵਾਦ ਚੱਖਣ ਲਈ ਉਸ ਪਾਸੋਂ ਸਮਸਾ ਖਰੀਦ ਲਿਆ। ਇਹ ਛੋਟੀ ਜਿਹੀ ਕੁਲਚੇ ਵਰਗੀ ਨਰਮ ਚੌਰਸ ਡਬਲਰੋਟੀ ਵਾਂਗ ਸੀ ਜਿਸ ਵਿਚ ਕੀਮਾ ਭਰਿਆ ਹੋਇਆ ਸੀ। ਕਰਨਜੀਤ ਨੇ ਉਸ ਨੂੰ ਚੱਕ ਮਾਰ ਕੇ ਉਸ ਦਾ ਸਵਾਦ ਚੱਖਿਆ। ਮਾੜਾ ਨਹੀਂ ਸੀ।



*ਜਗਮਗਾ ਰਿਹਾ ਸ਼ਹਿਰ ਤਾਸ਼ਕੰਦ।*

ਅਗਲੇ ਦਿਨ ਸਵੇਰੇ ਉਹਨਾਂ ਦਾ ਸ਼ਡਿਊਲ ਪ੍ਰੋਗਰਾਮ ਸ਼ੁਰੂ ਹੋਇਆ। ਇਸ ਪ੍ਰੋਗਰਾਮ ਵਿਚ ਇਸਲਾਮ ਧਰਮ ਦੇ ਸਥਾਨਕ ਮੁਖੀ ਨੂਰਉਲਾਏਵ ਨਾਲ ਮੁਲਾਕਾਤ ਤੋਂ ਇਲਾਵਾ ਇਕ ਸਾਂਝਾ ਫਾਰਮ ਦੇਖਣਾ ਅਤੇ ਅਕਾਦਮੀ ਆਫ ਸਾਇੰਸਜ਼ ਦੇ ਸਾਹਿਤ ਤੇ ਭਾਸ਼ਾ ਵਿਭਾਗ ਦੀ ਫੇਰੀ ਆਦਿ ਸ਼ਾਮਲ ਸੀ। ਜਨਾਬ ਨੂਰਉਲਾਏਵ ਨੇ ਉਹਨਾਂ ਨੂੰ ਉਜ਼ਬੇਕੀ ਮੁਸਲਮਾਨਾਂ, ਉਹਨਾਂ ਦੀ ਤਾਲੀਮ, ਮਦਰਸਿਆਂ ਤੋਂ ਇਲਾਵਾ ਉਹਨਾਂ ਦੀ ਸਮਾਜਕ ਸਥਿਤੀ, ਇਸਲਾਮ ਦੇ ਪ੍ਰਚਾਰ ਲਈ ਛਾਪੇ ਜਾਂਦੇ ਸਾਹਿਤ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਸ ਦੇ ਤਕਰੀਬਨ ਅੱਧੇ ਪੌਣੇ ਘੰਟੇ ਦੇ ਭਾਸ਼ਨ ਤੋਂ ਬਾਅਦ ਉਸ ਨੂੰ ਕੁਝ ਸਵਾਲ ਵੀ ਪੁੱਛੇ ਗਏ। ਕਰਨਜੀਤ ਨੇ ਵੀ ਇਕ ਸਵਾਲ ਪੁੱਛਿਆ ਜਿਹੜਾ ਉਸ ਨੂੰ ਜਾਂ ਮੰਡਲ ਦੇ ਰੂਸੀ ਮਿੱਤਰਾਂ ਨੂੰ ਭਾਵੇਂ ਅਟਪਟਾ ਹੀ ਲੱਗਾ ਹੋਵੇ ਪਰ ਕਰਨਜੀਤ ਲਈ ਇਹ ਬੜਾ ਅਹਿਮ ਸਵਾਲ ਸੀ। ਉਸ ਨੇ ਪੁੱਛਿਆ, "ਉਜ਼ਬੇਕਿਸਤਾਨ ਵਿਚ ਸੁੰਨੀ ਮੁਸਲਮਾਨ ਰਹਿੰਦੇ ਹਨ ਪਰ ਉਹਨਾਂ ਦੇ ਗੁਆਂਢੀ ਗਣਰਾਜ ਆਜ਼ਰਬਾਈਜਾਨ ਵਿਚ ਸ਼ੀਆ ਮੁਸਲਮਾਨਾਂ ਦਾ ਬੋਲ-ਬਾਲਾ ਹੈ। ਕੀ ਸ਼ੀਆ-ਸੁੰਨੀ ਝਗੜੇ ਦੀ ਨੌਬਤ ਨਹੀਂ ਆਈ?"

"ਸਾਡੀ ਸਰਕਾਰ ਦੀ ਨੀਤੀ ਅਮਨਪਸੰਦੀ ਦੀ ਹੈ, ਇਸ ਲਈ ਅਸੀਂ ਸਭ ਮਿਲਜੁਲ ਕੇ ਰਹਿੰਦੇ ਹਾਂ।" ਉਸ ਦਾ ਜਵਾਬ ਸੀ। ਇਹ ਜਵਾਬ ਬੜਾ ਭਾਵਪੂਰਤ ਸੀ ਕਿਉਂਕਿ ਮਿਲਜੁਲ ਕੇ ਰਹਿਣਾ ਸਰਕਾਰ ਦੀ ਨੀਤੀ ਹੈ, ਇਸ ਲਈ ਕੋਈ ਸੰਪਰਦਾਇਕ ਝਗੜਾ ਨਹੀਂ। ਜਿਵੇਂ ਭਾਰਤ ਵਿਚ ਪ੍ਰਸਿੱਧ ਕਹਾਵਤ ਹੈ: 'ਯਥਾ ਰਾਜਾ ਤਥਾ ਪਰਜਾ', ਕਰਨਜੀਤ ਨੂੰ ਖਿਆਲ ਆਇਆ। ਤਾਂ ਫਿਰ ਕੀ ਸਾਡੇ ਦੇਸ ਵਿਚ ਸਰਕਾਰ ਜੋ ਅਹਿੰਸਾ ਤੇ ਪ੍ਰੇਮ ਪਿਆਰ ਦੀਆਂ ਗੱਲਾਂ ਕਰਦੀ ਹੈ, ਉਹ ਕੇਵਲ ਜ਼ੁਬਾਨੀ ਜਮ੍ਹਾਂ-ਖਰਚ ਹੀ ਹੁੰਦਾ ਹੈ। ਸਾਡੇ ਦੇਸ ਵਿਚ ਆਏ ਦਿਨ ਇਹ ਫਿਰਕੂ ਤੇ ਸੰਪਰਦਾਇਕ ਝਗੜੇ ਕਿਉਂ ਹੁੰਦੇ ਹਨ? ਕੀ ਦੋਹਾਂ ਦੇਸਾਂ ਦੀਆਂ ਸਰਕਾਰਾਂ ਦੇ ਚਰਿਤਰ ਵਿਚ ਕੋਈ ਫਰਕ ਹੈ? ਇਹ ਤੇ ਇਸ ਕਿਸਮ ਦੇ ਬੜੇ ਸਵਾਲ ਕਰਨਜੀਤ ਦੇ ਦਿਮਾਗ ਵਿਚ ਉਠਦੇ ਰਹੇ ਸਨ।


ਇਕ ਹੋਰ ਸਵਾਲ ਦੇ ਜਵਾਬ ਵਿਚ ਨੂਰਉਲਾਏਵ ਨੇ ਆਖਿਆ ਸੀ, "ਮੁਸਲਮਾਨਾਂ ਦਾ ਅੱਲ੍ਹਾ ਵਿਚ ਵਿਸ਼ਵਾਸ ਤਾਂ ਹੈ ਪਰ ਜੰਨਤ ਵਿਚ ਕੋਈ ਨਹੀਂ ਜਾਣਾ ਚਾਹੁੰਦਾ। ਸਾਡੇ ਦੇਸ ਵਿਚ ਮਜ਼੍ਹਬੀ ਆਜ਼ਾਦੀ ਹੈ। ਸਰਕਾਰ ਕਿਸੇ ਮਜ਼੍ਹਬ ਨਾਲ ਕੋਈ ਵਿਤਕਰਾ ਨਹੀਂ ਕਰਦੀ। ਇਸ ਲਈ ਇਥੇ ਅਸਲੀ ਮੁਸਲਮਾਨ ਹੀ ਮਸਜਿਦ ਵਿਚ ਜਾਂਦਾ ਹੈ।"

ਤਾਸ਼ਕੰਦ ਵਿਚ ਭਾਰਤੀ ਪੱਤਰਕਾਰਾਂ ਦੀ ਮੰਡਲੀ ਨੂੰ ਉਹ ਥਾਂ ਵੀ ਦਿਖਾਈ ਗਈ ਜਿਥੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਅੰਤਿਮ ਸਵਾਸ ਲਏ ਸਨ। ਇਸ ਸਥਾਨ ਨੂੰ ਅਜਾਇਬਘਰ ਦਾ ਰੂਪ ਦਿੱਤਾ ਗਿਆ ਹੈ ਅਤੇ ਹਰ ਚੀਜ਼ ਆਪਣੀ ਥਾਂ ਉਤੇ ਉਸੇ ਤਰ੍ਹਾਂ ਟਿਕੀ ਹੋਈ ਹੈ ਜਿਸ ਤਰ੍ਹਾਂ ਸ਼ਾਸਤਰੀ ਜੀ ਦੇ ਕਿਆਮ ਵੇਲੇ ਸੀ।

ਕਰਨਜੀਤ ਦੀ ਦਿਲਚਸਪੀ ਆਮ ਲੋਕਾਂ ਵਾਂਗ ਤਾਸ਼ਕੰਦ ਦੇ ਬਾਜ਼ਾਰਾਂ ਵਿਚ ਘੁੰਮਦਿਆਂ ਸਾਧਾਰਨ ਲੋਕ-ਵਿਹਾਰ ਨੂੰ ਅੱਖੀਂ ਦੇਖਣ ਵਿਚ ਜ਼ਿਆਦਾ ਸੀ। ਇਸ ਲਈ ਸਥਾਨਕ ਮੇਜ਼ਬਾਨ ਨੇ ਉਹਨਾਂ ਦੀ ਫਰਮਾਇਸ਼ 'ਤੇ ਉਹਨਾਂ ਨੂੰ ਸ਼ਹਿਰ ਵਿਚ ਘੁੰਮਾਇਆ। ਕਰਨਜੀਤ ਨੇ ਪੁਰਾਣੇ ਸ਼ਹਿਰ ਵਿਚ ਉਹ ਚਾਹਖਾਨੇ ਦੇਖੇ ਜਿਹੜੇ ਉਜ਼ਬੇਕ ਸਭਿਆਚਾਰ ਦੀ ਪਛਾਣ ਕਰਾਉਂਦੇ ਸਨ। ਚਾਹ ਉਜ਼ਬੇਕਿਸਤਾਨ ਵਿਚ ਸਿੱਧੀ ਚੀਨ ਤੋਂ ਭਾਰਤ ਨਾਲੋਂ ਬਹੁਤ ਪਹਿਲਾਂ ਆ ਗਈ ਸੀ। ਅੱਜ ਵੀ ਉਹ ਵੱਡੇ ਤਖਤਪੋਸ਼ ਚਾਹਖਾਨਿਆਂ ਵਿਚ ਮੌਜੂਦ ਹਨ ਜਿਥੇ ਬੈਠ ਕੇ ਲੋਕ ਗੱਪਾਂ ਮਾਰਦੇ, ਵਿਚਾਰ-ਵਟਾਂਦਰੇ ਕਰਦੇ ਤੇ ਚਾਹ ਦੀਆਂ ਚੁਸਕੀਆਂ ਲੈਂਦੇ ਸਨ, ਜਿਵੇਂ ਯੂਰਪ ਵਿਚ ਕਾਫੀ ਹਾਊਸਾਂ ਦੀ ਪਰੰਪਰਾ ਹੈ।

ਹਿੰਦੁਸਤਾਨ ਵਿਚ ਪੁਲਾਓ ਉਜ਼ਬੇਕਿਸਤਾਨ ਤੋਂ ਹੀ ਆਇਆ ਹੈ ਅਤੇ ਆਉਂਦੇ-ਆਉਂਦੇ ਇਸ ਪਕਵਾਨ ਵਿਚ ਕਈ ਤਰ੍ਹਾਂ ਦੇ ਵਾਧੇ ਹੋ ਗਏ ਹਨ। ਤਾਸ਼ਕੰਦ ਦੇ ਬਾਜ਼ਾਰ ਵਿਚ ਰੇੜ੍ਹੀ ਉਤੇ ਪੁਲਾਓ ਵੇਚ ਰਿਹਾ ਉਜ਼ਬੇਕੀ ਇਸ ਪਰੰਪਰਾ ਦਾ ਝੰਡਾ ਬੁਲੰਦ ਰੱਖ ਰਿਹਾ ਸੀ। ਬਹੁਤ ਵੱਡੀ ਤਾਂਬੇ ਦੀ ਪਰਾਤ ਵਿਚ ਪਿਆ ਪੁਲਾਓ ਜਿਵੇਂ ਨਿੱਕੀ ਜਿਹੀ ਪਹਾੜੀ ਚੋਟੀ ਹੋਵੇ ਤੇ ਹੇਠਾਂ ਚਾਰੇ ਪਾਸੇ ਪਸਰਿਆ ਘਿਓ ਜਿਵੇਂ ਕਿਸੇ ਕਿਲ੍ਹੇ ਦੀ ਫਸੀਲ ਦੁਆਲੇ ਪਾਣੀ ਦੀ ਨਹਿਰ ਹੁੰਦੀ ਹੈ। ਕਰਨਜੀਤ ਦਾ ਮਨ ਤਾਂ ਕਰਦਾ ਸੀ ਕਿ ਉਹ ਪੁਲਾਓ ਚੱਖ ਕੇ ਦੇਖੇ ਪਰ ਬਾਕੀ ਸਾਥੀਆਂ ਦੇ ਸ਼ਿਸ਼ਟਾਚਾਰੀ ਰੱਖ-ਰਖਾਓ ਕਾਰਨ ਉਹ ਇੰਝ ਨਾ ਕਰ ਸਕਿਆ।

ਤਾਸ਼ਕੰਦ ਤੋਂ ਬਾਅਦ ਇਹ ਭਾਰਤੀ ਮੰਡਲੀ ਇਤਿਹਾਸਕ ਉਜ਼ਬੇਕ ਸ਼ਹਿਰ ਸਮਰਕੰਦ ਦੀ ਯਾਤਰਾ ਵਾਸਤੇ ਉਥੇ ਪੁੱਜੀ। ਦੁਨੀਆ ਦੇ ਤਿੰਨ ਵੱਡੇ ਸੂਰਮੇ ਜਰਨੈਲਾਂ ਦਾ ਨਾਂ ਸਮਰਕੰਦ ਨਾਲ



*ਤਾਸ਼ਕੰਦ ਵਿਚ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਯਾਦਗਾਰ।*

ਜੁੜਿਆ ਹੋਇਆ ਹੈ ਜਿਨ੍ਹਾਂ ਇਸ ਸ਼ਹਿਰ 'ਤੇ ਆਪਣਾ ਝੰਡਾ ਝੁਲਾਇਆ। ਯੂਨਾਨ ਦਾ ਸਿਕੰਦਰ ਮਹਾਨ, ਮੰਗੋਲੀਆ ਦਾ ਚੰਗੇਜ਼ ਖਾਂ ਅਤੇ ਤੈਮੂਰ ਲੰਗ। ਸਮਰਕੰਦ ਦੀਆਂ ਮਸਜਿਦਾਂ ਇਮਾਰਤਕਲਾ ਦੇ ਸ਼ਾਹਕਾਰ ਨਮੂਨੇ ਹਨ, ਖਾਸਕਰ ਬੀਬੀ ਖਾਨਮ ਦੀ ਮਸਜਿਦ ਜਿਸ ਉਤੇ ਸੋਨਾ ਚੜ੍ਹਾਇਆ ਗਿਆ ਹੈ। ਇਸ ਮਸਜਿਦ ਦੀ ਵੱਡੀ ਮਹੱਤਤਾ ਇਸ ਗੱਲ ਵਿਚ ਹੈ ਕਿ 8 ਮਾਰਚ 1927 ਨੂੰ ਇਸਤਰੀ ਦਿਹਾੜੇ ਦੇ ਮੌਕੇ ਸਮਰਕੰਦ ਦੀਆਂ ਔਰਤਾਂ ਨੇ ਆਪਣੇ ਬੁਰਕੇ ਲਾਹ ਕੇ ਇਕ ਢੇਰ ਵਿਚ ਜਮ੍ਹਾਂ ਕਰ ਦਿੱਤੇ ਤੇ ਉਹਨਾਂ ਨੂੰ ਅੱਗ ਲਾ ਦਿੱਤੀ ਸੀ। ਮੁਸਲਿਮ ਔਰਤਾਂ ਦੀ ਆਜ਼ਾਦੀ ਦਾ ਐਲਾਨ।

ਦੋ ਥਾਵਾਂ ਹੋਰ ਕਰਨਜੀਤ ਦੀ ਯਾਦ ਵਿਚ ਟਿਕੀਆਂ ਹੋਈਆਂ ਹਨ। ਇਕ ਉਲੱਕ ਬੇਗ ਦਾ ਮਦਰਸਾ ਅਤੇ ਦੂਜਾ ਉਲੱਕ ਬੇਗ ਔਬਜ਼ਰਵੇਟਰੀ। ਉਲਕ ਬੇਗ ਤੈਮੂਰ ਦਾ ਪੋਤਾ ਸੀ ਅਤੇ ਬੜਾ ਵੱਡਾ ਗਣਿਤ ਵਿਗਿਆਨੀ ਅਤੇ ਤਾਰਾ ਵਿਗਿਆਨੀ ਸੀ। 15ਵੀਂ ਸਦੀ ਵਿਚ ਉਸ ਨੇ ਉਸੇ ਤਰਜ਼ ਦੀ ਨੀਝਸ਼ਾਲਾ ਬਣਵਾਈ ਸੀ ਜਿਸ ਦੀ ਨਕਲ ਉਤੇ 17ਵੀਂ ਸਦੀ ਵਿਚ ਰਾਜਸਥਾਨ ਦੇ ਰਾਜਾ ਜੈ ਸਿੰਘ ਨੇ ਦਿੱਲੀ ਵਿਚ ਜੰਤਰ-ਮੰਤਰ ਬਣਵਾਇਆ ਸੀ। ਉਲੱਕ ਬੇਗ ਔਬਜ਼ਰਵੇਟਰੀ ਕਿਸੇ ਕੁਦਰਤੀ ਤਬਾਹੀ ਕਾਰਨ ਜ਼ਮੀਨ ਵਿਚ ਦੱਬ ਗਈ ਜਿਸ ਨੂੰ ਬਾਅਦ ਵਿਚ ਇਕ ਰੂਸੀ ਪੁਰਾਤੱਤਵ ਵਿਗਿਆਨੀ ਨੇ ਖੁਦਾਈ ਕਰਵਾ ਕੇ ਲੱਭਿਆ ਸੀ।

ਸਮਰਕੰਦ ਵਿਚ ਯੂਨੀਵਰਸਿਟੀ ਦੇ ਪ੍ਰੋਫੈਸਰ ਸ਼ੇਰਬਾਤਸਕੀ ਨਾਲ ਬੜੀਆਂ ਦਿਲਚਸਪ ਤੇ ਜਾਣਕਾਰੀ ਭਰਪੂਰ ਗੱਲਾਂ ਹੋਈਆਂ। ਸ਼ੇਰਬਾਤਸਕੀ ਸੰਸਕ੍ਰਿਤ ਭਾਸ਼ਾ ਤੇ ਸਾਹਿਤ ਵੱਲ ਖਾਸ ਰੁਚੀ ਰਖਦਾ ਸੀ ਅਤੇ ਉਸ ਤੋਂ ਬਾਅਦ ਪੰਜਾਬੀ ਨਾਲ ਉਹਦਾ ਮੋਹ ਭਰਿਆ ਰਿਸ਼ਤਾ ਸੀ। ਗੱਲਾਂ-ਬਾਤਾਂ ਤੋਂ ਲੱਗਦਾ ਸੀ ਕਿ ਉਹ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸਥਿਤੀ ਤੋਂ ਜਾਣੂ ਸੀ। ਸ਼ੇਰਬਾਤਸਕੀ ਦਾ ਖਿਆਲ ਸੀ, "ਪੰਜਾਬੀ ਭਾਸ਼ਾ ਨੂੰ ਹਰ ਪਾਸੇ ਅਣਗੌਲਿਆ ਕੀਤਾ ਗਿਆ ਹੈ। ਉਹ ਜਸਬੀਰ ਸਿੰਘ ਆਹਲੂਵਾਲੀਆ ਦੀਆਂ ਬਹੁਤੀਆਂ ਗੱਲਾਂ ਨਾਲ ਸਹਿਮਤੀ ਨਹੀਂ ਰੱਖਦਾ ਸੀ। ਉਸ ਨੇ ਕਰਨਜੀਤ ਨੂੰ ਇਹ ਵੀ ਦੱਸਿਆ ਕਿ ਇੰਗਲੈਂਡ ਦੇ ਹਿੰਦ-ਵਿਗਿਆਨੀ ਪ੍ਰੋ. ਕ੍ਰਿਸਟੋਫਰ ਸ਼ੈਕਲ ਨੇ ਪਾਕਿਸਤਾਨੀ ਪੰਜਾਬੀ ਉਤੇ ਬਹੁਤ ਕੰਮ ਕੀਤਾ ਹੈ ਅਤੇ ਉਸ ਦੀ ਪਹੁੰਚ ਉਸ ਨਾਲ ਮਿਲਦੀ ਹੈ। ਸ਼ੇਰਬਾਤਸਕੀ ਪੰਜਾਬ ਦਾ ਚੱਕਰ ਲਾ ਚੁੱਕਾ ਹੋਇਆ ਸੀ ਅਤੇ ਉਸ ਨੇ ਅੰਮ੍ਰਿਤਸਰ ਦੀ ਫੇਰੀ, ਖ਼ਾਸਕਰ ਅਕਾਲ ਤਖਤ ਉਤੇ ਕੀਤੇ ਸ਼ਸਤਰ ਦਰਸ਼ਨ ਬਾਰੇ ਬੜੇ ਪਿਆਰ ਤੇ ਸਤਿਕਾਰ ਭਰੀ ਭਾਸ਼ਾ ਵਿਚ ਗੱਲਾਂ ਕੀਤੀਆਂ। ਉਸ ਦਾ ਕਹਿਣਾ ਸੀ, "ਭਾਰਤੀ ਸਭਿਆਚਾਰ ਵਿਚ ਭਾਰਤੀ ਕੀ ਹੈ? ਤੇ ਮੱਧ-ਯੁਗ ਦੀਆਂ ਭਾਰਤੀ ਲਹਿਰਾਂ ਦਾ ਅਜੇ ਨਿੱਠ ਕੇ ਅਧਿਅਨ ਨਹੀਂ ਕੀਤਾ ਗਿਆ।

ਇਸੇ ਤਰ੍ਹਾਂ ਜਦੋਂ ਅਗਲੇ ਸਾਲ ਸਤੰਬਰ ਮਹੀਨੇ ਭਾਰਤੀ ਪੱਤਰਕਾਰਾਂ ਦੀ ਇਹ ਟੋਲੀ ਮੱਧ-ਏਸ਼ੀਆ ਦੇ ਦੂਜੇ ਗਣਰਾਜ ਤਾਜਿਕਸਤਾਨ ਦੀ ਫੇਰੀ ਉਤੇ ਗਈ ਅਤੇ ਉਥੋਂ ਦੇ ਉਘੇ ਬਜ਼ੁਰਗ ਸ਼ਾਇਰ ਮੀਰ ਸ਼ੱਕਰ ਦੇ ਘਰ ਰਾਤ ਦੇ ਖਾਣੇ ਦੀ ਦਾਅਵਤ ਸਮੇਂ ਕੁਝ ਤਾਜਿਕ ਲੇਖਕਾਂ ਤੇ ਪੱਤਰਕਾਰਾਂ ਨਾਲ ਮੁਲਾਕਾਤ ਹੋਈ ਤਾਂ ਮੋਮਨ ਕਨਾਅਤ ਨੇ ਕਿਹਾ ਸੀ, "ਭਾਰਤ ਪ੍ਰਾਚੀਨ ਸੰਸਕ੍ਰਿਤੀ ਵਾਲਾ ਦੇਸ ਹੈ। ਇਸ ਦੀਆਂ ਸਦਾਚਾਰਕ ਤੇ ਰੂਹਾਨੀ ਕਦਰਾਂ ਸਦਕਾ ਹਰ ਸੰਕਟ ਸਮੇਂ ਦੁਨੀਆਂ ਭਾਰਤ ਵਲ ਦੇਖਦੀ ਹੈ।" ਕਰਨਜੀਤ ਦੇ ਅੰਦਰੋਂ ਆਵਾਜ਼ ਉਠੀ ਸੀ, "ਇਹ ਗੱਲ ਮੂਲ ਰੂਪ ਵਿਚ ਸੱਚ ਹੁੰਦੀ ਹੋਈ ਵੀ ਅੱਜ ਝੂਠ ਪ੍ਰਤੀਤ ਹੁੰਦੀ ਹੈ" ਪਰ ਮੋਮਨ ਦੀ ਇਸ ਗੱਲ ਨਾਲ ਉਹ ਪੂਰੀ ਤਰ੍ਹਾਂ ਸਹਿਮਤ ਸੀ ਕਿ "ਪੱਤਰਕਾਰ ਡਾਕਟਰ ਹੁੰਦਾ ਹੈ, ਉਹ ਸਮਾਜ ਦੀਆਂ ਬਿਮਾਰੀਆਂ ਤੋਂ ਪਰਦਾ ਚੁੱਕਦਾ ਹੈ।" ਉਸ ਦਾ ਇਹ ਕਹਿਣਾ ਕਿ "ਹਰ ਸ਼ਾਇਰ ਪੱਤਰਕਾਰ ਵੀ ਹੁੰਦਾ ਹੈ", ਸ਼ਾਇਦ ਹਰ ਕਿਸੇ ਨੂੰ ਠੀਕ ਨਾ ਲੱਗੇ।

ਮੀਰ ਸ਼ੱਕਰ ਭਾਵੇਂ ਵਡੇਰੀ ਉਮਰ ਦਾ ਬੰਦਾ ਸੀ ਪਰ ਸੀ ਜਵਾਨ ਦਿਲ ਵਾਲਾ। ਗੱਲ-ਗੱਲ 'ਤੇ ਹਾਸਾ, ਮਜ਼ਾਕ, ਲਤੀਫਿਆਂ ਤੇ ਚੁਟਕਲਿਆਂ ਦਾ ਭੰਡਾਰ, ਅਖਾਣਾਂ ਮੁਹਾਵਰਿਆਂ ਦਾ ਖਜ਼ਾਨਾ। ਗੁਰਬਖਸ਼ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਨਵਤੇਜ ਸਿੰਘ, ਸੱਜਾਦ ਜ਼ਹੀਰ ਆਦਿ ਮੀਰ ਸ਼ੱਕਰ ਦੇ ਘਰ ਉਸ ਦੀ ਦਾਅਵਤ ਦਾ ਆਨੰਦ ਮਾਣ ਚੁੱਕੇ ਸਨ। ਕਰਨਜੀਤ ਮਾਣ ਮਹਿਸੂਸ ਕਰ ਰਿਹਾ ਸੀ ਕਿ ਅੱਜ ਤੋਂ ਬਾਅਦ ਉਸ ਦਾ ਨਾਂ ਵੀ ਇਸ ਸੂਚੀ ਵਿਚ ਸ਼ਾਮਲ ਹੋ ਜਾਏਗਾ।

ਮਹਿਫਲ ਦਾ ਆਗ਼ਾਜ਼ ਕਰਦਿਆਂ ਮੀਰ ਸ਼ੱਕਰ ਨੇ ਵਾਈਨ ਦੀ ਬੋਤਲ ਖੋਲ੍ਹਦਿਆਂ ਦੱਸਿਆ, "ਸਾਡੇ ਇਥੇ ਫਲ ਬਹੁਤ ਪੈਦਾ ਹੁੰਦਾ ਹੈ। ਸੇਬ, ਅਨਾਰ, ਅੰਗੂਰ ਵਗੈਰਾ ਵਗੈਰਾ। ਇਸੇ ਲਈ ਸ਼ਰਾਬ ਨੂੰ ਅੰਗੂਰ ਦੀ ਬੇਟੀ ਕਿਹਾ ਗਿਆ ਹੈ ਪਰ ਕਰਨਜੀਤ ਸ਼ੈਂਪੇਨ ਦੀ ਰਸਮੀ ਡ੍ਰਿੰਕ ਤੋਂ ਝੱਟ ਵੋਦਕਾ ਉਤੇ ਆ ਗਿਆ ਸੀ। ਉਹਦੇ ਨਾਲ ਹੀ ਮਨਚੰਦਾ ਵੀ। ਮੀਰ ਸ਼ੱਕਰ ਨੇ ਕਿਹਾ, "ਇਸ ਵਿਚ ਬਲਜ਼ਾਮ ਮਿਲਾ ਕੇ ਪੀਓ ਤਾਂ ਹੋਰ ਵੀ ਮਜ਼ਾ ਆਏਗਾ। ਵੋਦਕਾਂ ਨੂੰ ਆਮ ਤੌਰ 'ਤੇ ਪਿਅੱਕੜਾਂ ਦੀ ਸ਼ਰਾਬ ਸਮਝਿਆ ਜਾਂਦਾ ਹੈ। ਸ਼ਾਇਦ ਇਸੇ ਲਈ ਮੀਰ ਸ਼ੱਕਰ ਨੇ ਆਖਿਆ ਸੀ, "ਕਹਿੰਦੇ ਨੇ ਸ਼ਰਾਬ ਸ਼ੈਤਾਨ ਦੀ ਕਾਢ ਹੈ। ਜੇ ਸ਼ਰਾਬ ਸ਼ੈਤਾਨ ਦੀ ਬਣਾਈ ਹੈ ਤਾਂ ਫੇਰ ਉਹ ਤਾਂ ਖ਼ੁਦਾ ਹੋ ਗਿਆ।" ਉਹ ਠਹਾਕਾ ਮਾਰ ਕੇ ਹੱਸਿਆ ਤੇ ਫਿਰ ਇਕਦਮ ਗੰਭੀਰ ਹੁੰਦਾ ਬੋਲਿਆ, "ਖ਼ੈਰ, ਮੋਮਨ ਤਾਂ ਲੋਕਾਂ ਨੂੰ ਪੀਣੋਂ ਹਟਾ ਨਹੀਂ ਸਕੇ ਪਰ ਮਸ਼ੀਨ ਨੇ ਹਟਾ ਦਿੱਤਾ। ਦੇਖੋ ਨਾ ਡਰਾਈਵਰ ਕਿਤੇ ਸ਼ਰਾਬ ਪੀਂਦੈ।" ਸ਼ਾਇਦ ਉਹਨੂੰ ਨਹੀਂ ਸੀ ਪਤਾ ਕਿ ਰੂਸ ਵਿਚ ਡਰਾਈਵਰ ਗੱਡੀ ਚਲਾਉਂਦਾ ਭਾਵੇਂ ਨਾ ਪੀਵੇ ਪਰ ਇਸ ਤੋਂ ਬਿਨਾ ਉਹ ਰਹਿ ਨਹੀਂ ਸਕਦਾ।

ਟੋਸਟ 'ਤੇ ਟੋਸਟ ਪੇਸ਼ ਹੋ ਰਹੇ ਸਨ ਅਤੇ ਵੰਨ-ਸਵੰਨੇ ਖਾਣਿਆਂ ਦਾ ਲੁਤਫ਼ ਲਿਆ ਜਾ ਰਿਹਾ ਸੀ। ਮੀਰ ਸ਼ੱਕਰ ਨੇ ਮੇਜ਼ਬਾਨੀ ਤੇ ਮਹਿਮਾਨ ਨਿਵਾਜ਼ੀ ਬਾਰੇ ਵੀ ਕਿੱਸਾ ਸੁਣਾ ਦਿੱਤਾ, "ਸਦਰੁਦੀਨ ਆਇਨੀ ਨੇ ਆਪਣੀ ਸਵਾਨਿਹ ਉਮਰੀ ਵਿਚ ਲਿਖਿਆ ਹੈ: ਕਿਸੇ ਮੌਲਵੀ ਦੇ ਘਰ ਕੋਈ ਮਹਿਮਾਨ ਗਿਆ। ਦੋ-ਚਾਰ ਨਵਾਲੇ ਖਾ ਕੇ ਮੌਲਵੀ ਉਠ ਕੇ ਹੱਥ ਸਾਫ ਕਰਨ ਲੱਗ ਪਿਆ ਤਾਂ ਜੋ ਉਹ ਵੀ ਇੰਝ ਹੀ ਕਰੇ ਪਰ ਕੁਝ ਦਿਨ ਮਗਰੋਂ ਖੁਦ ਆਇਨੀ ਜਦੋਂ ਮੌਲਵੀ ਦੇ ਘਰ ਗਿਆ ਤਾਂ ਉਸ ਨੇ ਮੌਲਵੀ ਦੀ ਪਲੇਟ ਖਿਸਕਾ ਕੇ ਆਪਣੇ ਅੱਗੇ ਕਰਦਿਆਂ ਕਿਹਾ, "ਰੱਜ ਤਾਂ ਗਿਆ ਸਾਂ ਪਰ ਤੁਹਾਨੂੰ ਖਾਂਦਿਆਂ ਦੇਖ ਕੇ ਹੋਰ ਜੀਅ ਕਰ ਆਇਐ। ਆਉ ਰਲ ਕੇ ਖਾਈਏ।" ਤੇ ਨਾਲ ਹੀ ਉਸ ਨੇ ਤਾਜਿਕ ਰਵਾਇਤ ਦਾ ਜ਼ਿਕਰ ਛੇੜ ਦਿੱਤਾ- 'ਬੰਦਾ ਪਹਿਲੀ ਵਾਰ ਕਿਸੇ ਦੇ ਆਵੇ ਤਾਂ ਮਹਿਮਾਨ ਹੁੰਦਾ ਹੈ, ਦੂਜੀ ਵਾਰ ਆਸ਼ਨਾ ਅਤੇ ਤੀਜੀ ਵਾਰੀ ਆਵੇ ਤਾਂ ਭਰਾ'। ਇਕ ਕਹਾਵਤ ਇਹ ਵੀ ਹੈ- ਉਹ ਬੋਲੀ ਜਾ ਰਿਹਾ ਸੀ- 'ਮਹਿਮਾਨ ਜੇ ਜਾਣ ਦੀ ਕਾਹਲੀ ਕਰੇ ਤਾਂ ਅਸੀਂ ਕਹਿੰਦੇ ਆਂ, ਤੁਸੀਂ ਤਾਂ ਇਉਂ ਕਰ ਰਹੇ ਓ ਜਿਵੇਂ ਅੱਗ ਲੈਣ ਆਏ ਹੋਵੋਂ'।"

ਗੱਲ ਕੀ, ਮੀਰ ਸ਼ੱਕਰ ਕਿਸੇ ਗੱਲ ਨੂੰ ਭੁੰਜੇ ਨਹੀਂ ਸੀ ਪੈਣ ਦੇ ਰਿਹਾ। ਆਪਣੇ ਮਹਿਮਾਨਾਂ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਉਸ ਨੇ ਘਰ ਦੇ ਵਿਹੜੇ ਦਾ ਪੂਰਾ ਚੱਕਰ ਲੁਆਇਆ ਜਿਥੇ ਫੁੱਲ ਸਨ, ਫਲਦਾਰ ਰੁਖ ਸਨ, ਉਸ ਨੇ ਤਾਂ ਚਾਹਖਾਨਾ ਵੀ ਬਣਵਾ ਰੱਖਿਆ ਸੀ। ਉਸ ਦੀ ਜੁਆਨ ਤੇ ਖੂਬਸੂਰਤ ਬੀਵੀ ਵੀ ਨਾਲ-ਨਾਲ ਤੁਰ ਰਹੀ ਸੀ। ਘਰ ਦਾ ਚੱਕਰ ਲਵਾ ਕੇ ਬਾਹਰ ਦੇ ਫਾਟਕ ਵੱਲ ਵਧਦਿਆਂ ਉਸ ਕਿਹਾ, "ਹੈਰਾਨ ਨਾ ਹੋਣਾ, ਮੈਂ ਜਵਾਨ ਬੀਵੀ ਨਾਲ ਵਿਆਹ ਇਸ ਲਈ ਕਰਵਾਇਆ ਹੈ ਤਾਂ ਕਿ ਮੈਨੂੰ ਕੰਮ ਨਾ ਕਰਨਾ ਪਵੇ", ਤੇ ਆਪਣੇ ਮਹਿਮਾਨਾਂ ਨੂੰ ਹੱਥ ਮਿਲਾ ਕੇ ਵਿਦਾ ਕਰਦਿਆਂ ਉਸ ਕਿਹਾ ਸੀ, "ਖੁਸ਼ਆਮਦੀਦ! ਅਸੀਂ ਅਲਵਿਦਾ

**(ਬਾਕੀ ਅਗਲੇ ਸਫੇ 'ਤੇ)**

ਕਹਾਣੀ

# ਤ੍ਰਿਸ਼ਨਾ

**_ਉੱਘੇ ਲਿਖਾਰੀ ਕਰਤਾਰ ਸਿੰਘ ਦੁੱਗਲ (1 ਮਾਰਚ 1917-26 ਜਨਵਰੀ 2012) ਦੀ ਕਹਾਣੀ 'ਤ੍ਰਿਸ਼ਨਾ' ਅਜਿਹੇ ਮਸਲੇ ਵੱਲ ਧਿਆਨ ਦਿਵਾਉਂਦੀ ਹੈ ਜਿਸ ਨੇ ਸਾਡੇ ਸਮਾਜ ਉਤੇ ਵੱਡਾ ਸਵਾਲੀਆ ਨਿਸ਼ਾਨ ਲਾ ਦਿੱਤਾ ਹੋਇਆ ਹੈ। ਇਸ ਕਹਾਣੀ ਅੰਦਰ ਸਾਡੇ ਸਮਾਜ ਦੀਆਂ ਕਈ ਪਰਤਾਂ ਉਘੜਦੀਆਂ ਦਿਸਦੀਆਂ ਹਨ। ਔਰਤ ਹੋਣ ਦਾ ਦਰਦ ਬਿਆਨ ਕਰਨਾ ਇਹ ਕਥਾ ਦਾ ਹਾਸਲ ਹੈ। ਲੇਖਕ ਨੇ ਇਹ ਕਥਾ ਬਹੁਤ ਸਹਿਜ ਅਤੇ ਜ਼ਬਤ ਨਾਲ ਸੁਣਾਈ ਹੈ ਪਰ ਇਹ ਪਾਠਕ ਦੀਆਂ ਅੱਖਾਂ ਗਿੱਲੀਆਂ ਕਰ ਜਾਂਦੀ ਹੈ।_**

"ਇਸ ਤੋਂ ਪੇਸ਼ਤਰ ਕਿ ਜੋ ਕੁੱਝ ਕਰਨਾ ਹੈ, ਮੈਂ ਸ਼ੁਰੂ ਕਰਾਂ, ਤੁਸੀਂ ਜੇ ਕੁੱਝ ਪੁੱਛਣਾ ਹੋਏ, ਕੋਈ ਸੁਆਲ?" ਲੇਡੀ ਡਾਕਟਰ ਨੇ ਵਿਵਹਾਰਕ ਉਸ ਤੋਂ ਪੁੱਛਿਆ।

"ਕੋਈ ਨਹੀਂ।" ਰਜਨੀ ਨੇ ਗੱਚੋ-ਗੱਚ ਆਵਾਜ਼ ਵਿਚ ਕਿਹਾ, "ਪਰ ਜੋ ਕੁੱਝ ਮੈਂ ਕਰਨ ਜਾ ਰਹੀ ਹਾਂ, ਇਸ ਲਈ ਮੈਨੂੰ ਆਪਣੇ ਆਪ ਤੋਂ ਨਫ਼ਰਤ ਹੈ।"

ਓਪ੍ਰੇਸ਼ਨ ਥੀਏਟਰ ਵਿਚ ਕੁੱਝ ਚਿਰ ਲਈ ਖ਼ਾਮੋਸ਼ੀ ਛਾ ਗਈ।

"ਤੁਹਾਨੂੰ ਲਗਦਾ ਹੈ ਇਹ ਜੋ ਕੁੱਝ ਕਰਨ ਦਾ ਫੈਸਲਾ ਹੋਇਆ ਹੈ, ਤੁਸੀਂ ਉਸ ਲਈ ਤਿਆਰ ਨਹੀਂ?" ਝੱਟ ਕੁ ਬਾਅਦ ਲੇਡੀ ਡਾਕਟਰ ਨੇ ਸਵਾਲ ਕੀਤਾ।

"ਨਹੀਂ, ਮੈਂ ਤਿਆਰ ਹਾਂ। ਮੈਂ ਬਸ ਇਤਨਾ ਕਹਿਣਾ ਚਾਹੁੰਦੀ ਹਾਂ- ਮੈਂ ਇਸ ਨੂੰ ਪਿਆਰ ਕਰਦੀ ਹਾਂ। ਬੇਟੀ ਹੈ ਤਾਂ ਕੀ?"

ਲੇਡੀ ਡਾਕਟਰ ਫੇਰ ਖ਼ਾਮੋਸ਼ ਹੋ ਗਈ। ਜਿਵੇਂ ਜੱਕੋ-ਤੱਕ ਵਿਚ ਹੋਵੇ।

"ਸ਼ੁਰੂ ਕਰੋ।" ਰਜਨੀ ਦੀਆਂ ਪਲਕਾਂ ਵਿਚ

**ਕਰਤਾਰ ਸਿੰਘ ਦੁੱਗਲ**

ਹੁਣ ਅੱਥਰੂ ਡਲ੍ਹਕ ਰਹੇ ਸਨ, "ਡਾਕਟਰ, ਸ਼ੁਰੂ ਕਰੋ। ਮੈਂ ਤਿਆਰ ਹਾਂ, ਮੈਂ।"

ਕੁਝ ਚਿਰ ਲਈ ਫ਼ਿਰ ਖ਼ਾਮੋਸ਼ੀ।

"ਇਸ ਨੂੰ ਸਪੈਕੂਲਮ ਕਹਿੰਦੇ ਨੇ, ਮੈਂ ਇਹ ਚੜ੍ਹਾਵਾਂਗੀ।" ਹੁਣ ਡਾਕਟਰ ਬੋਲੀ। "ਤੁਸੀਂ ਵੇਖਣਾ ਚਾਹੋਗੇ?"

"ਨਹੀਂ।" ਰਜਨੀ ਨੇ ਸਿਰ ਹਿਲਾਇਆ।

"ਕੋਈ ਸੁਆਲ?"

"ਪੀੜ ਬਹੁਤ ਹੋਵੇਗੀ?" ਰਜਨੀ ਨੇ ਪੁੱਛਿਆ।

"ਨਹੀਂ ਦਰਦ ਨਹੀਂ ਹੋਵੇਗਾ, ਬਸ ਕੁੱਝ ਕੁ ਤਨਾਅ ਜਿਹਾ ਮਹਿਸੂਸ ਹੋਵੇਗਾ", ਲੇਡੀ ਡਾਕਟਰ ਦੀਆਂ ਅੱਖਾਂ ਵਿਚ ਰਜਨੀ ਲਈ ਅੰਤਾਂ ਦੀ ਹਮਦਰਦੀ ਸੀ। ਜਦੋਂ ਉਸ ਇਹਦੀ ਬਾਂਹ ਫੜੀ ਤਾਂ ਰਜਨੀ ਨੂੰ ਲੱਗਾ ਜਿਵੇਂ ਉਹਦੇ ਹੱਥ ਯਖ਼ ਠੰਢੇ ਹੋਣ। ਉਹਦੇ ਡਾਕਟਰੀ ਛੜਾਂ ਵਰਗੇ ਠੰਢੇ।

"ਮੈਂ ਹੁਣ ਬੱਚੇਦਾਨੀ ਦੇ ਮੂੰਹ ਤੇ ਇੱਕ ਟੀਕਾ ਲਾਵਾਂਗੀ... ...", ਲੇਡੀ ਡਾਕਟਰ ਬੋਲ ਰਹੀ ਸੀ।

ਰਜਨੀ ਬੇਹਿਸ ਲੇਟੀ, ਉਹਦੀਆਂ ਅੱਖਾਂ ਦੇ ਸਾਹਮਣੇ ਉਹਦੇ ਲੱਖ ਸੁਫ਼ਨੇ ਜਿਵੇਂ ਨੀਲੇ ਆਕਾਸ਼ ਵਿਚ ਝਿਲਮਿਲ ਤਾਰਿਆਂ ਵਾਂਗ ਟਿਮਕਦੇ ਇੱਕ-ਇੱਕ ਕਰਕੇ ਛੁਪ ਰਹੇ ਹੋਣ।

ਪਰਤੂਲ ਨਾਲ ਉਹਦਾ ਪਰਨਾਇਆ ਜਾਣਾ! ਕਿਤਨੀ ਬਦਮਗਜ਼ੀ ਹੋਈ ਸੀ। ਪਰ ਆਖ਼ਰ ਉਸ ਆਪਣੀ ਗੱਲ ਮਨਾ ਲਈ ਸੀ। ਆਪਣੇ ਮਨਪਸੰਦ ਵਰ ਲਈ ਸਭ ਨੂੰ ਰਾਜ਼ੀ ਕਰ ਲਿਆ ਸੀ। ਫੇਰ ਉਹਨਾਂ ਦੇ ਫੇਰੇ ਹੋਏ! ਹਾਏ ਕਿਤਨੇ ਚਾਵਾਂ ਨਾਲ ਉਸ ਵਿਆਹ ਕੀਤਾ ਸੀ! ਉਹਨਾਂ ਦੀ ਸੁਹਾਗ ਰਾਤ! ਹਨੀਮੂਨ! ਪਰਤੂਲ ਦੀ ਪੋਸਟਿੰਗ। ਉਨ੍ਹਾਂ ਦਾ ਨਿਵੇਕਲਾ ਘਰ। ਉਹਦਾ ਮਾਂ ਬਣਨ ਦਾ ਫੈਸਲਾ। ਉਹਦੀ ਗੋਦ ਦਾ ਭਰਿਆ ਜਾਣਾ...।

"...ਬਸ ਹੁਣ ਪੰਜ ਮਿੰਟ ਲੱਗਣਗੇ। ਪੀੜ ਬਿਲਕੁਲ ਨਹੀਂ ਹੋਵੇਗੀ... ...।" ਲੇਡੀ ਡਾਕਟਰ ਬੋਲ ਰਹੀ ਸੀ।

ਕਿਤਨੀ ਖੁਸ਼ ਸੀ ਰਜਨੀ। ਜਿਵੇਂ ਧਰਤੀ ਉੱਤੇ ਉਹਦੇ ਪੈਰ ਨਾ ਲੱਗ ਰਹੇ ਹੋਣ। ਪਰ ਇਹ ਪਰਤੂਲ ਸਕਰੀਨਿੰਗ ਦੀ ਕਿਉਂ ਰੱਟ ਲਾਏ ਹੋਏ ਸੀ। ਉਸ ਨੂੰ ਤਾਂ ਬਸ ਮਾਂ ਬਣਨਾ ਸੀ। ਪਰਤੂਲ ਜਦੋਂ ਕੰਮ 'ਤੇ ਚਲਾ ਜਾਂਦਾ ਸੀ, ਇਤਨੀ ਵੱਡੀ ਕੋਠੀ ਜਿਵੇਂ ਉਸ ਨੂੰ ਖਾਣ ਨੂੰ ਪੈਂਦੀ ਹੋਵੇ। ਉਸ ਨੂੰ ਤਾਂ ਬਸ ਮਾਂ ਬਣਨਾ ਸੀ। ਉਸ ਨੂੰ ਤਾਂ ਬਸ ਇੱਕ ਬੱਚੇ ਨਾਲ ਖੇਡਣਾ ਸੀ। ਉਹਦਾ ਮਨ ਪਰਚਿਆ ਰਹੇਗਾ।

"... ...ਤੁਹਾਡੇ ਸਿਰਫ਼ ਅੱਠ ਹਫ਼ਤੇ ਹੋਏ ਨੇ। ਕੋਈ ਖ਼ਤਰੇ ਦੀ ਗੱਲ ਨਹੀਂ। ਜੇ ਇੱਕ ਦੋ ਹਫ਼ਤੇ ਹੋਰ ਹੋ ਜਾਂਦੇ ਤਾਂ ਮੁਸ਼ਕਲ ਬਣ ਸਕਦੀ ਸੀ... ...।" ਲੇਡੀ ਡਾਕਟਰ ਮਰੀਜ਼ ਦਾ ਧਰਵਾਸ ਬੰਨ੍ਹ ਰਹੀ ਸੀ।

ਸਕਰੀਨਿੰਗ, ਸਕਰੀਨਿੰਗ, ਸਕਰੀਨਿੰਗ, ਉਠਦੇ ਬੈਠਦੇ ਸਕਰੀਨਿੰਗ। ਪਰਤੂਲ ਦੀ ਮੁਹੱਬਤ, ਉਹ ਹਾਰ ਕੇ ਰਾਜ਼ੀ ਹੋ ਗਈ ਸੀ। ਕੀ ਫ਼ਰਕ ਪੈਣਾ ਸੀ? ਉਹ ਖ਼ਬਰੇ, ਤਾਵਲਾ ਸੀ ਇਹ ਜਾਣਨ ਲਈ ਕਿ ਬੇਟਾ ਹੋਵੇਗਾ ਕਿ ਬੇਟੀ। ਦੀਵਾਨਾ!

"... ...ਅੰਡਾ ਬੱਚਾਦਾਨੀ ਦੀ ਦੀਵਾਰ ਨਾਲ ਲੱਗਾ ਹੁੰਦਾ ਹੈ।" ਲੇਡੀ ਡਾਕਟਰ ਕੋਲ ਬੈਠੀ ਆਪਣੀ ਗੱਲ ਜਾਰੀ ਰੱਖੇ ਹੋਏ ਸੀ, "ਅਸੀਂ ਉਸ ਨੂੰ ਵੈਕਯੂਮ ਕਰ ਲਵਾਂਗੇ। ਵੈਕਯੂਮ ਤੁਹਾਨੂੰ ਪਤਾ ਹੀ ਹੈ ਨਾ? ਬਸ ਜਿਵੇਂ ਕਾਲੀਨ ਤੋਂ ਤੁਸੀਂ ਗੁੱਦੜ ਨੂੰ ਵੈਕੂਯਮ ਕਰ ਲੈਂਦੇ ਹੋ। ਮੈਂ ਵਲਾਇਤ ਵਿਚ ਵੇਖਿਆ ਹੈ, ਉੱਥੇ ਸੜਕਾਂ ਦੀ ਧੂੜ, ਸੜਕਾਂ ਦੇ ਕੌਹਥਰ ਨੂੰ ਵੀ ਵੈਕਯੂਮ ਕਰਦੇ ਨੇ...।"

ਬੇਟੀ ਸੀ। ਬੇਟੀ ਸੀ ਤਾਂ ਕੀ? ਪਰ ਪਰਤੂਲ ਦਾ ਮੂੰਹ ਕਿਉਂ ਲਹਿ ਗਿਆ ਸੀ ਇਹ ਸੁਣ ਕੇ? ਪੀਲਾ-ਭੂਕ ਚਿਹਰਾ। ਉਹ ਤਾਂ ਬੇਟੀ ਲਈ ਉਡੀਕ ਰਹੀ ਸੀ। ਬੇਟੀ ਹੋਵੇਗੀ, ਆਪਣੇ ਵੀਰੇ ਨੂੰ ਖਿਡਾਇਆ ਕਰੇਗੀ। ਉਹਦੀਆਂ ਘੋੜੀਆਂ ਗਾਣ ਵਾਲੀ ਭੈਣ...

ਵੀਰਾ ਹੌਲੀ ਹੌਲੀ ਆ
ਤੇਰੇ ਘੋੜਿਆਂ ਨੂੰ ਘਾਹ।

"ਕੋਈ ਤਕਲੀਫ਼ ਤਾਂ ਨਹੀਂ?" ਲੇਡੀ ਡਾਕਟਰ ਨੇ ਰਜਨੀ ਤੋਂ ਸਹਾਨਭੂਤੀ ਵਜੋਂ ਪੁੱਛਿਆ।

ਰਜਨੀ ਨੇ ਆਪਣੀ ਛਾਤੀ ਉੱਤੇ ਹੱਥ ਰੱਖਿਆ ਹੋਇਆ ਸੀ। ਜਿਵੇਂ ਉਹਦੇ ਸੀਨੇ ਵਿਚ ਕਟਾਰ ਲੱਗੀ ਹੋਵੇ। ਪਰਤੂਲ ਬੇਟੀ ਲਈ ਤਿਆਰ ਨਹੀਂ ਸੀ। ਉਸ ਨੂੰ ਤਾਂ ਬੇਟਾ ਚਾਹੀਦਾ ਸੀ। ਬੇਟਾ ਕੀ ਤੇ ਬੇਟੀ ਕੀ? ਉਨ੍ਹਾਂ ਦੇ ਬੱਚਾ ਆ ਰਿਹਾ ਸੀ, ਉਹ ਡੈਡੀ ਮੰਮੀ ਬਣਨ ਵਾਲੇ ਸਨ!

"ਜੇ ਕੋਈ ਤਕਲੀਫ਼ ਹੋਵੇ ਤਾਂ ਮੈਨੂੰ ਦੱਸਣਾ।" ਲੇਡੀ ਡਾਕਟਰ ਬੋਲ ਰਹੀ ਸੀ। "ਹਰ ਰੋਜ਼ ਇਸ ਤਰ੍ਹਾਂ ਦੇ ਕੇਸ ਕਰੀਦੇ ਨੇ, ਕਦੀ ਕੋਈ ਵਿਗਾੜ ਨਹੀਂ ਪਿਆ। ਬਸ ਜਿਵੇਂ ਕੋਈ ਦੁੱਧ ਵਿਚੋਂ ਮੱਖੀ ਕੱਢ ਦੇਵੇ।"

ਪਰ ਪਰਤੂਲ ਦੀ ਜ਼ਿਦ। ਘਰ ਅੱਠੇ ਪਹਿਰ ਗੋਦਗਮਾਹ ਪਿਆ ਰਹਿੰਦਾ, "ਮੀਆਂ, ਜੇ ਤੈਨੂੰ ਬੇਟੇ ਦਾ ਇਤਨਾ ਸ਼ੌਂਕ ਹੈ ਤਾਂ ਅਗਲਾ ਬੇਟਾ ਪੈਦਾ ਕਰ ਲਵਾਂਗੇ, ਤੂੰ ਇੱਕ ਵਰ੍ਹਾ ਉਡੀਕ ਕਰ ਲੈ।" ਰਜਨੀ ਉਹਨੂੰ ਸਮਝਾਂਦੀ। "ਜੇ ਫੇਰ ਬੇਟੀ ਆ ਗਈ?" ਪਰਤੂਲ ਲਾਲ-ਪੀਲਾ ਹੋਇਆ ਅੱਗੋਂ ਕਹਿੰਦਾ। ਰਜਨੀ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਸਿਵਾਏ ਅੱਥਰੂਆਂ ਦੇ। ਸਿਵਾਏ ਹੱਥ ਜੋੜਨ ਦੇ। "ਮੈਨੂੰ ਇਸ ਬੱਚੀ ਨਾਲ ਪਿਆਰ ਹੋ ਗਿਆ ਹੈ।" ਉਹ ਮੁੜ-ਮੁੜ ਪਰਤੂਲ ਨੂੰ ਕਹਿੰਦੀ। ਪਰ ਉਹ ਕੰਨ ਨਹੀਂ ਧਰ ਰਿਹਾ ਸੀ।

"ਡਾਕਟਰ ਮੈਂ ਇਸ ਦਾ ਨਾਂ ਤ੍ਰਿਸ਼ਨਾ ਰੱਖਿਆ ਏ। ਮੈਂ ਇਸ ਨੂੰ ਅੰਤਾਂ ਦਾ ਪਿਆਰ ਕਰਦੀ ਹਾਂ। ਮੇਰੀ ਲਾਡਲੀ ਬੱਚੀ। ਮੇਰੀ ਜਾਨ ਦਾ ਟੁਕੜਾ!"

"ਹੁਣ ਤਾਂ...।"

ਲੇਡੀ ਡਾਕਟਰ ਕੁੱਝ ਕਹਿ ਰਹੀ ਸੀ ਕਿ ਰਜਨੀ ਫੇਰ ਆਪਣੇ ਵਹਿਣ ਵਿਚ ਵਹਿ ਗਈ। ਹਰ ਵੇਲੇ ਖ਼ਫ਼ਾ-ਖ਼ਫ਼ਾ। ਹਰ ਵੇਲੇ ਉਹਦਾ ਨੱਕ ਚੜ੍ਹਿਆ ਹੋਇਆ। ਆਖ਼ਰ ਉਹ ਬਿਨਾਂ ਰਜਨੀ ਦੀ ਰਜ਼ਾਮੰਦੀ ਦੇ ਵੈਲਫੇਅਰ ਸੈਂਟਰ ਤੋਂ ਤਰੀਕ ਲੈ ਆਇਆ।



ਪਰਤੂਲ ਦੀ ਜ਼ਿਦ। ਰਜਨੀ ਨੂੰ ਹਾਰ ਕੇ ਹਥਿਆਰ ਸੁੱਟਣੇ ਪਏ।

"...ਜੇ ਤੁਹਾਨੂੰ ਇਹ ਸ਼ੱਕ ਹੈ ਕਿ ਇੰਝ ਕਰਨ ਤੋਂ ਬਾਅਦ ਫੇਰ ਤੁਹਾਡੇ ਕੋਈ ਬੱਚਾ ਨਹੀਂ ਹੋਵੇਗਾ ਤਾਂ ਇਸ ਦਾ ਕੋਈ ਡਰ ਨਹੀਂ ਹੈ।" ਲੇਡੀ ਡਾਕਟਰ ਮਰੀਜ਼ ਨੂੰ ਨਿਸਚਿੰਤ ਕਰ ਰਹੀ ਸੀ। "ਗਰਭ ਤੋਂ ਛੁਟਕਾਰਾ ਪਾਣ ਲਈ ਇਹ ਸਭ ਤੋਂ ਸੇਫ ਤਰੀਕਾ ਹੈ...।"

ਰਜਨੀ ਸੁਣ ਥੋੜ੍ਹਾ ਰਹੀ ਸੀ। ਉਸ ਨੂੰ ਹੁਣ ਲੱਗ ਰਿਹਾ ਸੀ ਜਿਵੇਂ ਉਹਦੇ ਅੰਦਰੋਂ ਪਾਸੇ ਦਾ ਸੋਨਾ ਪਿਘਲ ਕੇ ਬੂੰਦ-ਬੂੰਦ ਵਹਿ ਨਿਕਲਿਆ ਹੋਵੇ। ਉਹਦੀਆਂ ਅੱਖਾਂ ਭਿੜ ਗਈਆਂ। ਚੱਕਰ-ਚੱਕਰ। ਹਨੇਰਾ-ਹਨੇਰਾ। ਰਜਨੀ ਨੂੰ ਪਰਤੂਲ ਯਾਦ ਆ ਰਿਹਾ ਸੀ। ਨਵਾਂ-ਨਵਾਂ ਮੈਜਿਸਟ੍ਰੇਟ ਕਚਹਿਰੀ ਵਿਚ ਕੋਈ ਮੁਕੱਦਮਾ ਸੁਣ ਰਿਹਾ ਹੋਵੇਗਾ; ਇੱਕ ਧਿਰ ਦੀ ਫਰਿਆਦ ਤੇ ਦੂਜੀ ਧਿਰ ਦਾ ਜਵਾਬ। ਫੇਰ ਵਕੀਲਾਂ ਦੀ ਬਹਿਸ। ਤੇ ਨੌਜਵਾਨ ਮੈਜਿਸਟ੍ਰੇਟ ਦਾ ਫ਼ੈਸਲਾ। ਇਨਸਾਫ਼ ਦਾ ਰਖਵਾਲਾ।

ਇਸ ਤੋਂ ਪੇਸ਼ਤਰ ਉਸ ਸ਼ਾਮ ਪਰਤੂਲ ਘਰ ਅਪੜਿਆ। ਰਜਨੀ ਵੈਲਫੇਅਰ ਸੈਂਟਰ ਤੋਂ ਵਿਹਲੀ ਹੋ ਕੇ ਆ ਚੁੱਕੀ ਸੀ। ਸ਼ਾਂਤ, ਅਡੋਲ। ਪਰਤੂਲ ਨੇ ਉਹਦੀ ਕੰਡ ਵਾਲੇ ਪਾਸਿਓਂ ਉਹਨੂੰ ਬਾਂਹ ਵਿਚ ਵਲ੍ਹੇਟ ਕੇ ਉਹਦੇ ਹੋਠਾਂ ਨੂੰ ਚੁੰਮ ਲਿਆ।

"ਮੈਨੂੰ ਲੇਡੀ ਡਾਕਟਰ ਨੇ ਟੈਲੀਫੋਨ 'ਤੇ ਦੱਸ ਦਿੱਤਾ ਸੀ।" ਕਹਿੰਦੇ ਹੋਏ ਖੁਸ਼-ਖੁਸ਼ ਉਹ ਆਪਣੇ ਕਮਰੇ ਵਿਚ ਕੱਪੜੇ ਬਦਲਣ ਲਈ ਚਲਾ ਗਿਆ।

ਰਜਨੀ ਉਹਦੇ ਲਈ ਚਾਹ ਤਿਆਰ ਕਰਨ ਲਈ ਨੌਕਰ ਨੂੰ ਕਹਿ ਰਹੀ ਸੀ।

ਚਾਹ ਪੀ ਕੇ ਪਰਤੂਲ ਕਲੱਬ ਜਾਣ ਲਈ ਤਿਆਰ ਹੋ ਗਿਆ।

"ਅੱਜ ਨਹੀਂ ਪਰਤੂਲ।" ਰਜਨੀ ਨੇ ਕਿਹਾ।

"ਤੂੰ ਥੱਕ ਗਈ ਜਾਪਦੀ ਏਂ। ਕੋਈ ਗੱਲ ਨਹੀਂ। ਲੇਡੀ ਡਾਕਟਰ ਤਾਂ ਕਹਿ ਰਹੀ ਸੀ ਕਿ ਸਫਾਈ ਤੋਂ ਬਾਅਦ ਮੈਡਮ ਚੰਗੀ ਭਲੀ ਹੈ।"

"ਮੈਂ ਠੀਕ ਹਾਂ, ਪਰਤੂਲ ਮੇਰੀ ਜਾਨ। ਤੂੰ ਕਲੱਬ ਅੱਜ ਇਕੱਲਾ ਹੀ ਹੋ ਆ।"

ਰਜਨੀ ਕਲੱਬ ਨਹੀਂ ਗਈ। ਸਾਰੀ ਸ਼ਾਮ ਰੁਆਂਸੀ-ਰੁਆਂਸੀ ਲਾਅਨ ਵਿਚ ਬੈਠੀ ਅਕਾਸ਼ ਵੱਲ ਵੇਖਣ ਲੱਗਦੀ। ਉਸ ਨੂੰ ਲੱਗਦਾ ਜਿਵੇਂ ਕੋਈ ਨਗਮਾ ਹਵਾ ਵਿਚ ਤਰ ਰਿਹਾ ਹੋਵੇ। ਭਿੰਨੀ-ਭਿੰਨੀ ਕੋਈ ਖੁਸ਼ਬੂ ਜਿਵੇਂ ਕਦੀ ਸੱਜਿਓਂ, ਕਦੀ ਖੱਬਿਓਂ ਆ ਕੇ ਉਹਨੂੰ ਟੁੰਬਦੀ ਜਾ ਰਹੀ ਹੋਵੇ। ਝਿਲਮਿਲ ਕਰਦੀ ਕੋਈ ਕਿਰਨ ਡੁੱਬ ਰਹੇ ਸੂਰਜ ਦੀ ਲਾਲੀ ਵਿਚ ਵਿਲੀਨ ਹੋ ਰਹੀ ਸੀ।

ਬੈਠੀ-ਬੈਠੀ ਰਜਨੀ ਖ਼ਬਰੇ ਥੱਕ ਗਈ ਸੀ। ਉਹ ਅੰਦਰ ਕਮਰੇ ਵਿਚ ਪਲੰਘ 'ਤੇ ਜਾ ਪਈ। ਸਾਹਮਣੇ ਕੰਧ 'ਤੇ ਲੱਗੇ ਕਲੰਡਰ ਵਿਚ ਗੁਲਾਬੀ-ਗੁਲਾਬੀ ਗੱਲ੍ਹਾਂ, ਖਿੜ-ਖਿੜ ਹੱਸ ਰਹੇ ਬੱਚੇ ਨੂੰ ਵੇਖ ਕੇ ਇੱਕ ਝਨਾਂ ਅੱਥਰੂਆਂ ਦੀ ਉਹਦੀਆਂ ਅੱਖਾਂ ਵਿਚੋਂ ਵਗ ਨਿਕਲੀ। ਦੋਹਾਂ ਹੱਥਾਂ ਭਾਰ ਜਿਵੇਂ ਇੱਕ ਬੱਚਾ ਉਹਦੇ ਵੱਲ ਘਸੂਟੀ ਕਰਕੇ ਆ ਰਿਹਾ ਹੋਵੇ। ਰਜਨੀ ਫੁੱਟ-ਫੁੱਟ ਰੋਈ। ਕੁਰਲਾ-ਕੁਰਲਾ ਉੱਠੀ। ਮੇਰੀ ਬੱਚੀ! ਮੇਰੀ ਤ੍ਰਿਸ਼ਨਾ! ਮੁੜ-ਮੁੜ ਪੁਕਾਰਦੀ ਤੇ ਛੱਤ ਵੱਲ ਵੇਖਦੀ। ਫਰਿਆਦਾਂ ਕਰਦੀ। ਮੁੜ-ਮੁੜ ਕਹਿੰਦੀ, ਮੇਰੀ ਬੇਟੀ ਤੂੰ ਮੈਨੂੰ ਮੁਆਫ਼ ਕਰ ਦੇ। ਮੇਰੀ ਲਾਡਲੀ, ਤੂੰ ਮੈਨੂੰ ਜੋ ਸਜ਼ਾ ਦੇਣੀ ਹੈ ਬੇਸ਼ੱਕ ਦੇ। ਮੈਨੂੰ ਮਨਜ਼ੂਰ ਹੈ। ਬਸ ਇੱਕ ਵਾਰ ਤੂੰ ਮੈਨੂੰ 'ਅੰਮੀ' ਕਹਿ ਕੇ ਪੁਕਾਰ। ਤੂੰ ਮੈਨੂੰ ਮਾਫ਼ ਕਰ ਦੇ। ਕਦੀ ਆਪਣੀ ਚੁੰਨੀ ਨੂੰ ਵਲਿੱਅਸ ਦਿੰਦੀ, ਕਦੀ ਪਲੰਘ ਦੀ ਚਾਦਰ ਨੂੰ ਮਚਕੋੜਦੀ, ਰਜਨੀ ਕਿਤਨਾ ਚਿਰ ਕੁਰਲਾਂਦੀ ਰਹੀ। ਕਿਤਨਾ ਚਿਰ ਹਾੜ੍ਹੇ ਕੱਢਦੀ ਰਹੀ। ਰਜਨੀ ਇੰਝ ਬੇਹਾਲ ਹੋ ਰਹੀ ਸੀ ਕਿ ਉਹਨੂੰ ਬਾਹਰ ਪਰਤੂਲ ਦੀ ਕਾਰ ਦੀ ਆਵਾਜ਼ ਸੁਣਾਈ ਦਿੱਤੀ। ਕਲੱਬ ਤੋਂ ਪਰਤ ਆਇਆ ਸੀ। ਉਹ ਤਾਵਲੀ-ਤਾਵਲੀ ਗ਼ੁਸਲਖਾਨੇ ਵਿਚ ਚਲੀ ਗਈ। ਕਿਤਨਾ ਚਿਰ ਆਪਣੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰਦੀ ਰਹੀ।

ਗੁਸਲਖਾਨੇ ਵਿਚੋਂ ਨਿਕਲੀ ਉਹ ਸ਼ਿੰਗਾਰ ਮੇਜ਼ ਦੇ ਸਾਹਮਣੇ ਜਾ ਖਲੋਤੀ।

ਗੋਲ ਕਮਰੇ ਵਿਚ ਜਦੋਂ ਆਈ, ਪਰਤੂਲ ਨੇ ਇੱਕ ਨਜ਼ਰ ਉਹਨੂੰ ਵੇਖ ਕੇ ਕਿਹਾ, "ਇਹ ਤੇਰੀਆਂ ਅੱਖਾਂ ਲਾਲ ਕਿਉਂ ਹੋ ਰਹੀਆਂ ਨੇ, ਡਾਰਲਿੰਗ?"

ਫਿਰ ਆਪ-ਹੀ-ਆਪ ਕਹਿਣ ਲੱਗਾ, "ਸ਼ਾਇਦ ਸਵੇਰ ਦੀ ਟੈਨਸ਼ਨ ਕਰਕੇ।" ਤੇ ਫਿਰ ਉਹ ਦੋਵੇਂ ਖਾਣ ਦੇ ਕਮਰੇ ਵੱਲ ਚਲੇ ਗਏ।

ਇੰਝ ਜਾਪਦਾ ਹੈ ਰਜਨੀ-ਪਰਤੂਲ ਦੰਪਤੀ ਨੂੰ ਕੁਦਰਤ ਨੇ ਮਾਫ਼ ਨਹੀਂ ਕੀਤਾ। ਇੱਕ ਵਰ੍ਹਾ, ਦੋ ਵਰ੍ਹੇ, ਤਿੰਨ ਵਰ੍ਹੇ, ਚਾਰ ਵਰ੍ਹੇ, ਪੰਜ ਵਰ੍ਹੇ, ਉਹ ਉਡੀਕ-ਉਡੀਕ ਥੱਕ ਲੱਥੇ, ਰਜਨੀ ਫੇਰ ਮਾਂ ਨਹੀਂ ਬਣ ਸਕੀ। ਨਾਂ ਰਜਨੀ ਮੁੜ ਮਾਂ ਬਣ ਸਕੀ ਨਾ ਰਜਨੀ ਆਪਣੀ ਬੱਚੀ ਨੂੰ ਭੁਲਾ ਸਕੀ। ਠੀਕ ਉਸ ਦਿਨ ਜਦੋਂ ਉਸ ਨੇ ਆਪਣੀ ਸਫ਼ਾਈ ਕਰਵਾਈ ਸੀ, ਰਜਨੀ ਹਰ ਵਰ੍ਹੇ ਪੂਜਾ ਪਾਠ ਕਰਾਉਂਦੀ। ਗ਼ਰੀਬ ਬੱਚਿਆਂ ਵਿਚ ਮਠਿਆਈ, ਫਲ, ਕੱਪੜੇ ਵੰਡਦੀ। ਸਾਰਾ ਦਿਨ ਰੁਆਂਸੀ-ਰੁਆਂਸੀ, ਉਹਦੀਆਂ ਪਲਕਾਂ ਭਿੱਜ-ਭਿੱਜ ਜਾਂਦੀਆਂ।

ਇੰਝ ਵਿਹਲੀ ਬੈਠੀ-ਬੈਠੀ, ਢੇਰ ਸਾਰੀ ਪੜ੍ਹੀ, ਜ਼ਿਲ੍ਹੇ ਦੇ ਇਤਨੇ ਵੱਡੇ ਅਫ਼ਸਰ ਦੀ ਤ੍ਰੀਮਤ, ਰਜਨੀ ਨੇ ਕਾਰਪੋਰੇਸ਼ਨ ਦੇ ਸਕੂਲ ਦੀ ਨੌਕਰੀ ਕਰ ਲਈ। ਬੱਚਿਆਂ ਨੂੰ ਪੜ੍ਹਾਉਣ ਵਿਚ ਉਹਦਾ ਮਨ ਪਰਚਿਆ ਰਹੇਗਾ। ਨਾਲੇ ਉਹ ਤਾਂ ਸਕੂਲ ਦੇ ਹਰ ਟੀਚਰ ਤੋਂ ਵੱਧ ਪੜ੍ਹੀ ਸੀ। ਇੱਕ ਅੱਧ ਵਰ੍ਹਾ ਤੇ ਰਜਨੀ ਨੂੰ ਸਕੂਲ ਦੀ ਮੁੱਖ ਅਧਿਆਪਕਾ ਬਣਾ ਦਿੱਤਾ ਗਿਆ।

ਹੁਣ ਪੜ੍ਹਾਉਣ ਦੇ ਨਾਲ-ਨਾਲ ਰਜਨੀ ਨੇ ਸਕੂਲ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਵੀ ਸੰਭਾਲ ਲਈ। ਕਾਰਪੋਰੇਸ਼ਨ ਨਾਲ, ਸਰਕਾਰ ਨਾਲ ਚਿੱਠੀ ਪੱਤਰੀ, ਟੀਚਰਾਂ ਦਾ ਸਹਿਯੋਗ, ਬੱਚਿਆਂ ਦੀਆਂ ਲੋੜਾਂ। ਸਕੂਲ ਦੇ ਦਾਖ਼ਲੇ... ...।

ਬੱਚੀਆਂ ਨੂੰ ਦਾਖ਼ਲ ਕਰਨ ਵੇਲੇ ਇੱਕ ਦਿਨ ਬੜੀ ਦਿਲਚਸਪ ਘਟਨਾ ਹੋਈ। ਕੋਈ ਮਾਤਾ ਪਿਤਾ ਆਪਣੀ ਬੱਚੀ ਨੂੰ ਦਾਖ਼ਲ ਕਰਾਉਣ ਆਏ। ਬੱਚੀ ਜਿਵੇਂ ਹੱਥ ਲਾਇਆਂ ਮੈਲੀ ਹੋਵੇ, ਤੇ ਉਹਦਾ ਨਾਂ ਐਵੇਂ ਹੀ ਕੁੱਝ ਸੀ।

"ਇਹ ਤੁਸੀਂ ਬੱਚੀ ਦਾ ਨਾਂ ਕੀ ਰੱਖਿਆ ਏ? ਜੇ ਬਦਲਣਾ ਚਾਹੋ ਤਾਂ ਹੁਣ ਵੇਲਾ ਹੈ, ਬਦਲ ਸਕਦੇ ਹੋ। ਸਕੂਲ ਦੇ ਰਜਿਸਟਰ ਵਿਚ ਦਰਜ ਨਾਂ ਸਾਰੀ ਉਮਰ ਚਲੇਗਾ।" ਹਸੂੰ-ਹਸੂੰ ਚਿਹਰਾ, ਰਜਨੀ ਨੇ ਬੱਚੀ ਵੱਲ ਵੇਖਦੇ ਹੋਏ ਉਸਦੇ ਮਾਪਿਆਂ ਨੂੰ ਕਿਹਾ।

ਮਾਪੇ ਮੁੱਖ ਅਧਿਆਪਕਾ ਦੀ ਗੱਲ ਸੁਣ ਕੇ ਸੋਚਾਂ ਵਿਚ ਪੈ ਗਏ। ਇੱਕ ਦੂਜੇ ਵੱਲ ਵੇਖਣ ਲੱਗੇ। ਉਹਨਾਂ ਨੂੰ ਕੋਈ ਨਾਂ ਜਿਵੇਂ ਨਾ ਸੁੱਝ ਰਿਹਾ ਹੋਵੇ।

ਫੇਰ ਬੱਚੀ ਦੀ ਮਾਂ ਇੱਕਦਮ ਬੋਲੀ, "ਤੁਹਾਡੀ ਬੱਚੀ ਦਾ ਕੀ ਨਾਂ ਏ?"

"ਤ੍ਰਿਸ਼ਨਾ! ਮੇਰੀ ਬੱਚੀ ਦਾ ਨਾਂ ਤ੍ਰਿਸ਼ਨਾ ਏ।" ਅਤਿਅੰਤ ਪਿਆਰ ਵਿਚ ਰਜਨੀ ਅੱਭੜਵਾਹੇ ਬੋਲੀ।

"ਤਾਂ ਫ਼ਿਰ ਇਹਦਾ ਨਾਂ ਵੀ ਤ੍ਰਿਸ਼ਨਾ ਹੀ ਦਰਜ ਕਰ ਦਿਓ।" ਬੱਚੀ ਦੇ ਪਿਤਾ ਨੇ ਕਿਹਾ।

ਤੇ ਇੰਜ ਖੁਸ਼-ਖੁਸ਼ ਹੱਸਦੇ-ਹਸਾਂਦੇ ਉਸ ਬੱਚੀ ਦਾ ਦਾਖ਼ਲਾ ਹੋ ਗਿਆ।

ਮੁੱਖ ਅਧਿਆਪਕਾ ਰਜਨੀ ਦੀ ਆਦਤ, ਦਾਖ਼ਲ ਕਰਨ ਵੇਲੇ ਜਿਸ ਬੱਚੀ ਦਾ ਨਾਂ ਉਸ ਨੂੰ ਨਾ ਜਚਦਾ, ਉਹ ਬੱਚੀ ਦੇ ਮਾਪਿਆਂ ਨੂੰ ਯਾਦ ਕਰਾਉਂਦੀ, "ਜੇ ਤੁਸੀਂ ਨਾਂ ਬਦਲਣਾ ਚਾਹੋ ਤਾਂ ਹੁਣ ਵੇਲਾ ਹੈ, ਬਦਲ ਸਕਦੇ ਹੋ। ਸਕੂਲ ਦੇ ਰਜਿਸਟਰ ਵਿਚ ਦਰਜ ਨਾਂ ਸਾਰੀ ਉਮਰ ਚੱਲੇਗਾ।"

ਤੇ ਅਕਸਰ ਮਾਪੇ ਸਤਿਕਾਰ ਵਜੋਂ ਮੁਖ ਅਧਿਆਪਕਾ ਨੂੰ ਕਹਿੰਦੇ, "ਜੋ ਨਾਂ ਤੁਹਾਨੂੰ ਚੰਗਾ ਲਗਦਾ ਹੈ, ਉਹੀ ਰੱਖ ਦਿਓ।"

ਰਜਨੀ ਨੂੰ ਤਾਂ 'ਤ੍ਰਿਸ਼ਨਾ' ਨਾਂ ਚੰਗਾ ਲਗਦਾ ਸੀ। ਤੇ ਨਵੀਂ ਦਾਖ਼ਲ ਹੋਈ ਬੱਚੀ ਦਾ ਨਾਂ ਤ੍ਰਿਸ਼ਨਾ ਰੱਖ ਦਿੱਤਾ ਜਾਂਦਾ।

ਕਰਦੇ-ਕਰਦੇ ਉਸ ਸਕੂਲ ਵਿਚ ਢੇਰ ਸਾਰੀਆਂ ਕੁੜੀਆਂ ਦਾ ਨਾਂ 'ਤ੍ਰਿਸ਼ਨਾ' ਦਰਜ ਹੋ ਗਿਆ। ਰਜਨੀ ਦੀਆਂ ਬੇਟੀਆਂ! ਕਿਸੇ ਨੂੰ ਤ੍ਰਿਸ਼ਨਾ ਕਹਿ ਕੇ ਪੁਕਾਰਦੀ ਤੇ ਉਹਦਾ ਵਾਤਸਲਯ ਡੁੱਲ੍ਹ-ਡੁੱਲ੍ਹ ਪੈਂਦਾ। ਉਹਦੇ ਮੂੰਹ ਵਿਚ ਮਾਖਿਉਂ ਵਰਗਾ ਸੁਆਦ ਘੁਲ-ਘੁਲ ਜਾਂਦਾ। ਹਰ ਕਲਾਸ ਵਿਚ ਇੱਕ ਤੋਂ ਵਧੀਕ ਕੁੜੀਆਂ ਦਾ ਨਾਂ ਉਸ ਸਕੂਲ ਵਿਚ ਤ੍ਰਿਸ਼ਨਾ ਸੀ। ਚੌਹਾਂ ਪਾਸੇ ਤ੍ਰਿਸ਼ਨਾ ਹੀ ਤ੍ਰਿਸ਼ਨਾ ਹੁੰਦੀ ਰਹਿੰਦੀ। ਰਜਨੀ ਮੈਡਮ ਦੀਆਂ ਬੇਟੀਆਂ!

---

# ਪੁਰਖਿਆਂ ਦੀ ਧਰਤੀ ਮੱਧ ਏਸ਼ੀਆ

_(ਪਿਛਲੇ ਸਫੇ ਦੀ ਬਾਕੀ)_

ਸਮੇਂ ਇੰਝ ਹੀ ਕਹਿੰਦੇ ਹਾਂ।

ਮੀਰ ਸ਼ੱਕਰ ਨਾਲ ਇਹ ਸਾਰੀਆਂ ਗੱਲਾਂ ਤਾਜਿਕਸਤਾਨ ਦੀ ਰਾਜਧਾਨੀ ਦੁਸ਼ੰਭੇ ਵਿਚ ਹੋ ਰਹੀਆਂ ਸਨ। ਦੁਸ਼ੰਭੇ ਦਾ ਅਰਥ ਹੈ ਸੋਮ। ਕਹਿੰਦੇ ਹਨ ਕਿ ਬਹੁਤ ਪਹਿਲਾਂ ਦੁਸ਼ੰਭੇ ਛੋਟਾ ਜਿਹਾ ਪਿੰਡ ਹੁੰਦਾ ਸੀ ਜਿਸ ਵਿਚ ਵੱਡਾ ਸਾਰਾ ਚੁਰਾਹਾ ਜਾਂ ਚੋਗਾਨ ਸੀ ਜਿਥੇ ਛੇ ਫੁੱਟ ਲੰਮਾ ਖੰਭਾ ਗੱਡਿਆ ਹੁੰਦਾ ਸੀ ਜਿਸ ਉੱਤੇ ਲੰਪ ਜਗਾ ਕੇ ਲਟਕਾਇਆ ਜਾਂਦਾ। ਇਸ ਚੁਰਾਹੇ ਵਿਚ ਸੋਮਵਾਰ ਦੇ ਦਿਨ ਬਾਜ਼ਾਰ ਲੱਗਦਾ ਸੀ ਜਿਸ ਤਰ੍ਹਾਂ ਦਿੱਲੀ ਵਿਚ ਅੱਜ ਵੀ ਸੋਮ ਬਾਜ਼ਾਰ, ਮੰਗਲ ਬਾਜ਼ਾਰ ਜਾਂ ਵੀਰ ਬਾਜ਼ਾਰ ਲਗਦੇ ਹਨ। ਹੌਲੀ-ਹੌਲੀ ਵਿਕਸਤ ਹੋ ਕੇ ਇਹ ਪਿੰਡ ਸ਼ਹਿਰ ਤੇ ਫੇਰ ਤਾਜਿਕਸਤਾਨ ਦੀ ਰਾਜਧਾਨੀ ਬਣ ਗਿਆ। ਇਨਕਲਾਬ ਤੋਂ ਬਾਅਦ ਇਸ ਦਾ ਨਾਂ ਸਤਾਲਿਨਾਬਾਦ ਰੱਖ ਦਿੱਤਾ ਗਿਆ ਸੀ ਪਰ ਸਤਾਲਿਨ ਦੇ ਪੁਨਰ-ਮੁਲੰਕਣ ਤੋਂ ਪਿਛੋਂ ਇਸ ਦਾ ਪਹਿਲਾ ਨਾਂ ਦੁਸ਼ੰਭੇ ਬਹਾਲ ਕਰ ਦਿੱਤਾ ਗਿਆ।

ਭਾਰਤੀ ਪੱਤਰਕਾਰਾਂ ਦੀ ਇਸ ਟੋਲੀ ਦਾ ਟਿਕਾਣਾ ਤਾਜਿਕਸਤਾਨ ਹੋਟਲ ਵਿਚ ਸੀ ਜਿਸ ਦੇ ਐਨ ਸਾਹਮਣੇ ਲੈਨਿਨ ਕਲਚਰਲ ਪਾਰਕ ਸੀ। ਇਸ ਪਾਰਕ ਵਿਚ ਬਹੁਤ ਸਾਰੇ ਆਲੀਸ਼ਾਨ ਬੁੱਤ ਲੱਗੇ ਹੋਏ ਸਨ ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਸੰਗੀਤ ਤੇ ਨ੍ਰਿਤ ਦੀਆਂ ਮੁਦਰਾਵਾਂ ਤੇ ਅਦਾਵਾਂ ਪ੍ਰਗਟਾਈਆਂ ਗਈਆਂ ਸਨ। ਕਰਨਜੀਤ ਨੂੰ ਹਮੇਸ਼ਾ ਮਹਿਸੂਸ ਹੋਇਆ ਸੀ ਕਿ ਮੱਧ-ਏਸ਼ੀਆ ਦੇ ਤੰਤੀ-ਸਾਜ਼ਾਂ ਦੀਆਂ ਧੁਨਾਂ ਵੀ ਅਤੇ ਇਥੋਂ ਦੇ ਸੰਗੀਤਕਾਰਾਂ ਦੀਆਂ ਕੰਠ-ਧੁਨੀਆਂ ਵੀ ਬਹੁਤ ਹੱਦ ਤੱਕ ਭਾਰਤੀ ਸੰਗੀਤ ਨਾਲ ਮੇਲ ਖਾਂਦੀਆਂ ਸਨ। ਸ਼ਾਮ ਵੇਲੇ ਇਸ ਪਾਰਕ ਵਿਚ ਬੜੀ ਗਹਿਮਾ-ਗਹਿਮੀ ਹੁੰਦੀ ਅਤੇ ਸੈਰ ਕਰਨ ਦਾ ਬੜਾ ਆਨੰਦ ਆਉਂਦਾ।

ਮਿੱਤਰਤਾ ਭਵਨ ਵਿਚ ਤਾਜਿਕ ਦੋਸਤਾਂ ਨੇ ਦੱਸਿਆ ਕਿ ਤਾਜਿਸਤਾਨ ਦੇ ਭਾਰਤ ਦੇ ਉਤਰ ਪ੍ਰਦੇਸ਼ ਪ੍ਰਾਂਤ ਨਾਲ ਰਾਜਕੀ ਪੱਧਰ ਉਤੇ ਵਿਸ਼ੇਸ਼ ਸਬੰਧ ਹਨ। ਉਹਨਾਂ ਦਿਨਾਂ ਵਿਚ ਤਾਜਿਕਸਤਾਨ ਵਿਚ ਭਾਰਤ ਨਾਲ ਮਿੱਤਰਤਾ ਦਾ ਮਹੀਨਾ ਮਨਾਇਆ ਜਾ ਰਿਹਾ ਸੀ। ਇਸ ਸਬੰਧ ਵਿਚ ਦੋਹਾਂ ਦੇਸਾਂ ਦੀ ਮਿਲਵਰਤਨ ਅਤੇ ਦੋਸਤੀ ਦੀਆਂ ਝਲਕਾਂ ਦਰਸਾਉਂਦੀ ਦਿਲ-ਖਿੱਚਵੀਂ ਪ੍ਰਦਰਸ਼ਨੀ ਲਾਈ ਹੋਈ ਸੀ। ਮਿੱਤਰਤਾ ਸਭਾ ਦੇ ਪ੍ਰਧਾਨ ਨੇ ਇਹ ਵੀ ਦਸਿਆ ਕਿ ਉਹ ਤਾਜਿਕਸਤਾਨ ਵਿਚ ਭਾਰਤੀ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਉਂਦੇ ਹਨ। ਦਰਅਸਲ ਭਾਰਤ ਦਾ ਆਜ਼ਾਦੀ ਦਿਹਾੜਾ, ਗਣਰਾਜ ਦਿਵਸ ਆਦਿ ਉਤੇ ਸੋਵੀਅਤ ਯੂਨੀਅਨ ਦੇ ਹਰ ਗਣਰਾਜ ਦੇ ਹਰ ਛੋਟੇ ਵੱਡੇ ਸ਼ਹਿਰ ਵਿਚ ਸਭਿਆਚਾਰਕ ਪ੍ਰੋਗਰਾਮਾਂ ਦੇ ਪ੍ਰਬੰਧ ਦੀ ਰਵਾਇਤ ਬਣ ਚੁੱਕੀ ਸੀ।

ਤਾਜਿਕਸਤਾਨ ਵਿਚ ਕਰਨਜੀਤ ਨੂੰ ਸਭ ਤੋਂ ਵਧੇਰੇ ਪ੍ਰਭਾਵਤ ਕਰਨ ਵਾਲੀ ਥਾਂ ਸੀ ਨੂਰੇਕ ਡੈਮ। ਨੂਰ ਪਹਾੜ ਉਤੇ ਦੁਨੀਆ ਦਾ ਸਭ ਤੋਂ ਵੱਡਾ ਬੰਨ੍ਹ ਬਣ ਰਿਹਾ ਸੀ ਜਿਸ ਨਾਲ ਸਿੰਜਾਈ ਦੀਆਂ ਸਹੂਲਤਾਂ ਵੀ ਵਧਣੀਆਂ ਸਨ ਅਤੇ ਬਿਜਲੀ ਵੀ ਵੱਡੀ ਮਾਤਰਾ ਵਿਚ ਪ੍ਰਾਪਤ ਹੋਣੀ ਸੀ। ਤਾਜਿਕ ਕਹਾਵਤ ਹੈ: "ਸੌ ਵਾਰ ਸੁਣਨ ਨਾਲੋਂ ਇਕ ਵਾਰ ਦੇਖਣਾ ਚੰਗਾ ਹੁੰਦਾ ਹੈ।" 9 ਡਿਗਰੀ ਭੁਚਾਲ ਵਾਲੇ ਇਲਾਕੇ ਵਿਚ ਇਸ ਡੈਮ ਦੀ ਉਸਾਰੀ ਬਾਰੇ ਪੜ੍ਹੀ ਸੁਣੀ ਤੇ ਅੱਖੀਂ ਦੇਖੀ ਦਾ ਫਰਕ ਸਪਸ਼ਟ ਹੋ ਜਾਂਦਾ ਹੈ। ਇਥੇ ਵਾਲੇ ਇੰਜਨੀਅਰਾਂ ਨੇ ਜਦੋਂ ਦੱਸਿਆ ਕਿ ਉਹ ਸਾਇਬੇਰੀਆ ਦੀਆਂ ਨਦੀਆਂ ਦਾ ਪਾਣੀ ਤਾਜਿਕ ਧਰਤੀ 'ਤੇ ਲਿਆਉਣ ਦੀਆਂ ਯੋਜਨਾਵਾਂ ਉਲੀਕ ਰਹੇ ਹਨ ਤਾਂ ਤੱਕੀ ਹੈਦਰ ਨੇ ਆਖਿਆ ਸੀ, "ਵਾਹ, ਅਸਲ ਫਰਹਾਦ ਤਾਂ ਤਾਜਿਕ ਲੋਕ ਹਨ।"

ਭਾਰਤੀ ਮੰਡਲੀ ਨੂੰ ਇਹ ਸਾਰੀਆਂ ਗੱਲਾਂ ਨੂਰ ਪ੍ਰੋਜੈਕਟ ਦਾ ਇੰਚਾਰਜ ਪਾਰਟੀ ਸਾਥੀ ਆਪਣੇ ਦਫਤਰ ਵਿਚ ਬੈਠਾ ਦੱਸ ਰਿਹਾ ਸੀ। ਘੰਟੇ ਡੇਢ ਘੰਟੇ ਦੀ ਇਸ ਲੰਮੀ ਚੌੜੀ ਗੱਲਬਾਤ ਦੌਰਾਨ ਚਾਹ ਦੇ ਪਿਆਲਿਆਂ ਵਿਚ ਚਾਹ ਲਗਾਤਾਰ ਵਰਤਾਈ ਜਾਂਦੀ ਰਹੀ ਸੀ। ਗੱਲਬਾਤ ਦੀ ਸਮਾਪਤੀ ਉਤੇ ਉਸ ਆਖਿਆ, "ਤਾਜਿਕ ਰਿਵਾਜ ਮੁਤਾਬਿਕ ਗੱਲਬਾਤ ਚਾਹ ਨਾਲ ਸ਼ੁਰੂ ਹੁੰਦੀ ਹੈ, ਤੇ ਥੋੜ੍ਹੀ-ਥੋੜ੍ਹੀ ਚਾਹ ਲਗਾਤਾਰ ਪਿਆਲਿਆਂ ਵਿਚ ਉਡੇਲੀ ਜਾਂਦੀ ਰਹਿੰਦੀ ਹੈ ਕਿਉਂਕਿ ਪੂਰਾ ਪਿਆਲਾ ਭਰ ਦੇਣ ਦਾ ਮਤਲਬ ਹੁੰਦਾ ਹੈ ਕਿ ਮਹਿਮਾਨ ਹੁਣ ਜਾਵੇ।" ਤਾਜਿਕ ਸਭਿਆਚਾਰ ਦਾ ਵਿਗਿਆਨਕ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਲਈ ਇਹ ਚੰਗੀ ਮਿਸਾਲ ਹੋ ਸਕਦੀ ਹੈ।

# ਲਗਾਤਾਰ ਚੋਣਾਂ ਜਿੱਤਣ ਦੀ ਕਲਾ ਅਤੇ ਸਿਆਸਤ

*2014 ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਬਾਰੇ ਇਹ ਗੱਲਾਂ ਚੱਲ ਰਹੀਆਂ ਹਨ ਕਿ ਇਸ ਪਾਰਟੀ ਦੇ ਆਗੂਆਂ ਨੂੰ ਚੋਣ ਸਮੀਕਰਨ ਸਾਧਣੇ ਆ ਗਏ ਹਨ। ਜਦੋਂ ਤੋਂ ਇਹ ਪਾਰਟੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਮੁਕੰਮਲ ਅਸਰ ਹੇਠ ਆਈ ਹੈ, ਪਾਰਟੀ ਦਾ ਜੇਤੂ ਰੱਥ ਲਗਾਤਾਰ ਅੱਗੇ ਵਧ ਰਿਹਾ ਹੈ। ਹੋਰ ਤਾਂ ਹੋਰ, ਇਸ ਪਾਰਟੀ ਨੇ ਕੁਝ ਸੂਬਿਆਂ ਅੰਦਰ ਚੋਣਾਂ ਹਾਰਨ ਦੇ ਬਾਵਜੂਦ ਸੱਤਾ ਹਥਿਆਉਣ ਦਾ ਕ੍ਰਿਸ਼ਮਾ ਵੀ ਕਰ ਦਿਖਾਇਆ ਹੈ। ਉੱਘੇ ਵਿਦਵਾਨ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਚੋਣ ਵਾਲੀ ਇਸ ਜਿੱਤ ਨਾਲ ਜੁੜੇ ਕੁਝ ਖਾਸ ਪੱਖਾਂ ਬਾਰੇ ਚਰਚਾ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਪੱਛਮੀ ਬੰਗਾਲ ਵਿਚ ਸੀ.ਪੀ.ਐਮ. ਦੀ ਚੜ੍ਹਤ ਦੇ ਹਵਾਲੇ ਨਾਲ ਵੀ ਇਸ ਮਸਲੇ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ।*

ਜਦੋਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਨਰਿੰਦਰ ਮੋਦੀ ਦੀ ਕਮਾਨ ਹੇਠ ਆਈ ਹੈ, ਇਸ ਨੇ 2014 ਅਤੇ 2019 ਦੀਆਂ ਆਮ ਚੋਣਾਂ ਦੌਰਾਨ ਆਪਣੇ ਬਲਬੂਤੇ ਬਹੁਮਤ ਹਾਸਲ ਕੀਤਾ ਹੈ। ਇਹ ਆਪਣੇ ਆਪ ਵਿਚ ਅਜਿਹਾ ਮਾਅਰਕਾ ਹੈ ਜਿਸ ਨੂੰ ਮਾਰਨ ਦੇ ਕਰੀਬ ਇਹ ਪਾਰਟੀ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਪੁੱਜ ਸਕੀ। ਕਿਸੇ ਸਮੇਂ ਭਾਜਪਾ ਦਾ ਪ੍ਰਭਾਵ ਮਹਿਜ਼ ਦੇਸ਼ ਦੇ ਉੱਤਰੀ ਤੇ ਪੱਛਮੀ ਖਿੱਤਿਆਂ ਤੱਕ ਮਹਿਦੂਦ ਸੀ ਪਰ ਹੁਣ ਇਸ ਨੇ ਪੂਰਬ ਤੇ ਦੱਖਣ ਵੱਲ ਵੀ ਮਜ਼ਬੂਤੀ ਨਾਲ ਕਦਮ ਵਧਾਏ ਹਨ। ਮੋਦੀ ਵੱਲੋਂ ਆਪਣੀਆਂ ਕੌਮੀ ਖ਼ਾਹਿਸ਼ਾਂ ਜ਼ਾਹਰ ਕੀਤੇ ਜਾਣ ਤੋਂ ਪਹਿਲਾਂ



**ਰਾਮਚੰਦਰ ਗੁਹਾ**

ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇ ਕਿ ਭਾਜਪਾ ਪੱਛਮੀ ਬੰਗਾਲ ਵਿਚ ਵੀ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਸਕਦੀ ਹੈ, ਅਸਾਮ ਵਿਚ ਆਪਣੀ ਸਰਕਾਰ ਬਣਾ ਸਕਦੀ ਹੈ ਅਤੇ ਤਿਲੰਗਾਨਾ ਵਿਚ ਵੀ ਸੱਤਾ 'ਚ ਆਉਣ ਦੀਆਂ ਸੰਭਾਵਨਾਵਾਂ ਜਗਾ ਸਕਦੀ ਹੈ।

ਇਸ ਦੇ ਬਾਵਜੂਦ ਭਾਜਪਾ ਵੱਲੋਂ ਚੋਣ ਮੈਦਾਨ ਵਿਚ ਮਾਰੀਆਂ ਇਹ ਸ਼ਾਨਦਾਰ ਮੱਲਾਂ ਅਗਾਂਹ ਵਧੀਆ ਢੰਗ ਨਾਲ ਸਰਕਾਰ ਚਲਾਉਣ ਵਿਚ ਬਦਲਦੀਆਂ ਦਿਖਾਈ ਨਹੀਂ ਦਿੱਤੀਆਂ। ਨਰਿੰਦਰ ਮੋਦੀ ਵੱਲੋਂ ਮਈ 2014 ਵਿਚ ਦੇਸ਼ ਦੀ ਸੱਤਾ ਸੰਭਾਲੇ ਜਾਣ ਤੋਂ ਬਾਅਦ ਭਾਰਤ ਮਾਲੀ, ਸਮਾਜੀ, ਇਖ਼ਲਾਕੀ ਅਤੇ ਸੰਸਥਾਈ ਤੌਰ 'ਤੇ ਲੀਹੋਂ ਲੱਥ ਚੁੱਕਾ ਹੈ। ਨੋਟਬੰਦੀ ਅਤੇ ਜੀ.ਐਸ.ਟੀ. ਨੇ ਦੇਸ਼ ਨੂੰ ਆਲਮੀ ਮਹਾਮਾਰੀ ਦੀ ਮਾਰ ਪੈਣ ਤੋਂ ਕਿਤੇ ਪਹਿਲਾਂ ਹੀ ਨੁਕਸਾਨ ਪਹੁੰਚਾ ਦਿੱਤਾ ਸੀ ਅਤੇ ਫਿਰ ਕੋਵਿਡ ਦੌਰਾਨ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਨੇ ਇਸ ਨੂੰ ਹੋਰ ਨੁਕਸਾਨ ਪਹੁੰਚਾਇਆ। ਸੱਤਾਧਾਰੀਆਂ ਨੇ ਇਕ ਪਾਸੇ ਦੇਸ਼ ਦੀ ਦੌਲਤ ਨੂੰ ਕੁਝ ਕੁ ਚਹੇਤੇ ਸਰਮਾਏਦਾਰਾਂ ਦੀਆਂ ਹੀ ਤਿਜੌਰੀਆਂ ਵਿਚ ਜਮ੍ਹਾਂ ਹੋਣ ਦੇਣ ਦੀ ਨਿਗਰਾਨੀ ਕੀਤੀ ਹੈ ਅਤੇ ਦੂਜੇ ਪਾਸੇ ਇਸ ਦੌਰਾਨ ਮਜ਼ਦੂਰਾਂ ਦੀ ਭਾਗੀਦਾਰੀ ਦੀ ਦਰ ਘਟਦੀ ਜਾ ਰਹੀ ਹੈ। ਮੁਸਲਮਾਨਾਂ ਨੂੰ ਦੇਸ਼ ਲਈ ਖ਼ਤਰਨਾਕ ਬਣਾ ਕੇ ਪੇਸ਼ ਕੀਤੇ ਜਾਣ ਦਾ ਕੰਮ ਜ਼ੋਰ-ਸ਼ੋਰ ਨਾਲ ਜਾਰੀ ਹੈ ਤੇ ਇਨ੍ਹਾਂ ਨੀਤੀਆਂ ਨੂੰ ਜਿਵੇਂ ਦੇਸ਼ ਦੇ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਵੱਲੋਂ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ, ਉਸ ਨੇ ਦੇਸ਼ ਦੇ ਪਹਿਲਾਂ ਹੀ ਨਾਜ਼ੁਕ ਸਮਾਜਿਕ ਤਾਣੇ-ਬਾਣੇ ਨੂੰ ਹੋਰ ਵਿਗਾੜ ਕੇ ਰੱਖ ਦਿੱਤਾ ਹੈ। ਸਾਡੀਆਂ ਬਿਹਤਰੀਨ ਯੂਨੀਵਰਸਿਟੀਆਂ/ਖੋਜ ਅਦਾਰਿਆਂ ਦੇ ਵਾਈਸ ਚਾਂਸਲਰਾਂ/ਡਾਇਰੈਕਟਰਾਂ ਦੀਆਂ ਯੋਗਤਾ ਦੀ ਥਾਂ ਮਹਿਜ਼ ਵਿਚਾਰਧਾਰਾ ਦੇ ਆਧਾਰ ਉੱਤੇ ਕੀਤੀਆਂ ਜਾ ਰਹੀਆਂ ਨਿਯੁਕਤੀਆਂ ਨੇ ਸਾਡੀ ਸਾਇੰਸ ਤੇ ਗਿਆਨ ਦੀ ਸਿਰਜਣਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕੁਝ ਅਜਿਹੇ ਜਨਤਕ ਅਦਾਰੇ ਜਿਨ੍ਹਾਂ ਦੇ ਆਜ਼ਾਦੀ ਨਾਲ ਕੰਮ ਕਰਨ ਦੀ ਤਵੱਕੋ ਕੀਤੀ ਜਾਂਦੀ ਹੈ, ਹੁਣ ਹਿੰਦੂਤਵੀ ਵਿਚਾਰਧਾਰਾ ਦੇ ਸੰਦ ਬਣ ਚੁੱਕੇ ਹਨ; ਜਦੋਂਕਿ ਬਾਕੀ ਦੇ ਸ਼ਰ੍ਹੇਆਮ ਹਾਕਮ ਧਿਰ ਦੇ ਕਰੀਬੀ ਸਰਮਾਏਦਾਰਾਂ ਦਾ ਪੱਖ ਪੂਰ ਰਹੇ ਹਨ।

ਕੁੱਲ ਮਿਲਾ ਕੇ ਮੋਦੀ ਸਰਕਾਰ ਦਾ ਆਪਣੇ ਕੰਮ-ਕਾਜ ਪੱਖੋਂ ਰਿਕਾਰਡ ਜ਼ਾਹਰਾ ਤੌਰ 'ਤੇ ਇਸ ਤੋਂ ਪਿਛਲੀਆਂ ਅਟਲ ਬਿਹਾਰੀ ਵਾਜਪਾਈ ਅਤੇ ਮਨਮੋਹਨ ਸਿੰਘ ਸਰਕਾਰਾਂ ਦੇ ਦਰਜੇ ਵਾਲਾ ਨਹੀਂ ਹੈ। ਇਸ ਦੇ ਬਾਵਜੂਦ ਭਾਵੇਂ ਉਹ ਅਰਥਚਾਰੇ ਨੂੰ ਸਹੀ ਢੰਗ ਨਾਲ ਚਲਾਉਣ ਦੇ ਅਸਮਰੱਥ ਹਨ ਤੇ ਉਨ੍ਹਾਂ ਸਮਾਜ ਦਾ ਬੁਰੀ ਤਰ੍ਹਾਂ ਧਰੁਵੀਕਰਨ ਕਰ ਦਿੱਤਾ ਹੈ, ਭਾਵੇਂ ਉਨ੍ਹਾਂ ਸੰਵਿਧਾਨਿਕ ਅਦਾਰਿਆਂ ਨੂੰ ਖੋਖਲੇ ਕਰ ਕੇ ਜਮਹੂਰੀਅਤ ਨੂੰ ਕਮਜ਼ੋਰ ਕੀਤਾ ਹੈ, ਤਾਂ ਵੀ ਇਸ ਮੌਕੇ ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ, ਭਾਜਪਾ ਲਈ ਕੌਮੀ ਪੱਧਰ 'ਤੇ ਕੋਈ ਚੁਣੌਤੀ ਨਹੀਂ ਹੈ। ਇਸ ਸਾਲ ਦੇ ਸ਼ੁਰੂ ਵਿਚ ਜਿਨ੍ਹਾਂ ਪੰਜ ਸੂਬਿਆਂ ਦੀਆਂ ਚੋਣਾਂ ਹੋਈਆਂ, ਉਨ੍ਹਾਂ ਵਿਚੋਂ ਚਾਰ ਨੂੰ ਜਿੱਤ ਕੇ ਭਾਜਪਾ ਦਾ 2024 ਦੀਆਂ ਆਮ ਚੋਣਾਂ ਜਿੱਤਣ ਲਈ ਬਾਕੀ ਧਿਰਾਂ ਨਾਲੋਂ ਹੱਥ ਉੱਚਾ ਜਾਪਦਾ ਹੈ, ਭਾਵੇਂ ਉਹ ਇਸ ਸਬੰਧੀ ਵੱਡੇ ਪੱਧਰ 'ਤੇ ਹਰਮਨ ਪਿਆਰੀ ਨਾ ਵੀ ਹੋਵੇ। ਇਸ ਮਾਮਲੇ ਵਿਚ ਉਨ੍ਹਾਂ ਨੂੰ ਜਿਹੜੀ ਸੌਖ ਵਾਲੀ ਸਥਿਤੀ ਹਾਸਲ ਹੈ, ਉਹ ਉਨ੍ਹਾਂ ਦੇ ਮਾਲੀ ਵਸੀਲਿਆਂ, ਵਿਚਾਰਧਾਰਕ ਵਚਨਬੱਧਤਾ, ਜਥੇਬੰਦਕ ਮਜ਼ਬੂਤੀ ਅਤੇ ਸਰਕਾਰੀ ਅਦਾਰਿਆਂ ਤੇ ਮਸ਼ੀਨਰੀ ਉੱਤੇ ਕਬਜ਼ੇ ਦਾ ਸਿੱਟਾ ਹੈ ਅਤੇ ਨਾਲ ਹੀ ਦੂਜੇ ਪਾਸੇ ਕੌਮੀ ਪੱਧਰ 'ਤੇ ਭਰੋਸੇਯੋਗ ਵਿਰੋਧੀ ਧਿਰ ਦੀ ਅਣਹੋਂਦ ਵੀ ਇਸ ਲਈ ਜ਼ਿੰਮੇਵਾਰ ਹੈ।




ਮਾੜੇ ਪ੍ਰਸ਼ਾਸਕੀ ਰਿਕਾਰਡ ਦੇ ਬਾਵਜੂਦ ਪੱਕੀ ਸਿਆਸੀ ਕਾਮਯਾਬੀ ਦਾ ਵਰਤਾਰਾ ਆਧੁਨਿਕ ਸੰਸਾਰ ਵਿਚ ਕੋਈ ਅਲੋਕਾਰੀ ਗੱਲ ਨਹੀਂ। ਰੂਸ ਵਿਚ ਵਲਾਦੀਮੀਰ ਪੂਤਿਨ, ਤੁਰਕੀ ਵਿਚ ਰੇਸੈਪ ਅਰਦੋਜਨ ਅਤੇ ਜ਼ਿੰਬਾਬਵੇ ਵਿਚ ਰੌਬਰਟ ਮੁਗਾਬੇ ਆਦਿ ਸਾਰੇ ਅਜਿਹੇ ਆਗੂ ਹਨ ਜਿਨ੍ਹਾਂ ਆਪੋ-ਆਪਣੇ ਮੁਲਕਾਂ ਦੇ ਅਰਥਚਾਰੇ, ਅਦਾਰਿਆਂ, ਸਮਾਜਿਕ ਤਾਣੇ-ਬਾਣੇ ਅਤੇ ਉਨ੍ਹਾਂ ਦੇ ਕੌਮਾਂਤਰੀ ਵੱਕਾਰ ਨੂੰ ਬਰਬਾਦ ਕਰਨ ਦੇ ਬਾਵਜੂਦ ਸੱਤਾ ਉੱਤੇ ਲਗਾਤਾਰ ਕਬਜ਼ਾ ਜਮਾਈ ਰੱਖਿਆ।

ਭਾਰਤ ਦੇ ਇਕ ਇਤਿਹਾਸਕਾਰ ਵਜੋਂ ਮੈਂ ਇਸ ਦੇ ਬਰਾਬਰ ਪਰ ਬਹੁਤੇ ਨਾ ਗੌਲੇ ਗਏ ਇਕ ਹੋਰ ਮਾਮਲੇ ਦਾ ਜ਼ਿਕਰ ਕਰਨਾ ਚਾਹਾਂਗਾ ਜਿਹੜਾ ਇਸ ਦੇ ਕਾਫ਼ੀ ਕਰੀਬ ਹੈ। ਜਾਪਦਾ ਹੈ ਕਿ ਸ੍ਰੀ ਨਰਿੰਦਰ ਮੋਦੀ ਅਤੇ ਭਾਜਪਾ ਕੌਮੀ ਪੱਧਰ 'ਤੇ ਉਸੇ ਸਭ ਕਾਸੇ ਦੀ ਨਕਲ ਕਰ ਰਹੇ ਹਨ ਜੋ ਕੁਝ ਇਸ ਤੋਂ ਪਹਿਲਾਂ ਜਿਓਤੀ ਬਾਸੂ ਤੇ ਸੀ.ਪੀ.ਆਈ.(ਐਮ.) (ਭਾਰਤੀ ਕਮਿਊਨਿਸਟ ਪਾਰਟੀ-ਮਾਰਕਸਵਾਦੀ) ਨੇ ਪੱਛਮੀ ਬੰਗਾਲ ਵਿਚ ਕੀਤਾ। ਕੋਲਕਾਤਾ ਵਿਚ ਖੱਬੇ ਮੋਰਚੇ ਨੇ 34 ਸਾਲ ਰਾਜ ਕੀਤਾ ਜਿਸ ਵਿਚ ਸੀ.ਪੀ.ਐਮ. ਮੁੱਖ ਭਾਈਵਾਲ ਸੀ/ਹੈ। ਉਸ ਦੌਰਾਨ ਜਿਓਤੀ ਬਾਸੂ ਲਗਾਤਾਰ 23 ਸਾਲ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ। ਇਸ ਦੇ ਬਾਵਜੂਦ ਉਹ ਸੂਬੇ ਦੀ ਹਾਲਤ ਸੁਧਾਰਨ ਪੱਖੋਂ ਬਹੁਤੇ ਕਾਮਯਾਬ ਨਹੀਂ ਹੋ ਸਕੇ। ਭਾਰਤ ਵਿਚ ਮੋਦੀ ਦੀ ਭਾਜਪਾ ਵਾਂਗ ਹੀ ਪੱਛਮੀ ਬੰਗਾਲ ਵਿਚ ਬਾਸੂ ਦੀ ਸੀ.ਪੀ.ਐਮ. ਨੂੰ ਵੀ ਚੋਣਾਂ ਜਿੱਤਣ ਦੀ ਸ਼ਾਨਦਾਰ ਮੁਹਾਰਤ ਹਾਸਲ ਸੀ, ਭਾਵੇਂ ਵਧੀਆ ਸਰਕਾਰ ਚਲਾਉਣ ਤੇ ਚੰਗਾ ਪ੍ਰਸ਼ਾਸਨ ਦੇਣ ਪੱਖੋਂ ਉਹ ਅਯੋਗ ਅਤੇ ਅਸਮਰੱਥ ਹੀ ਸਨ।

ਜਦੋਂ 1977 ਵਿਚ ਜਿਓਤੀ ਬਾਸੂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬਣੇ ਤਾਂ ਸੂਬੇ ਦਾ ਮਜ਼ਬੂਤ ਸਨਅਤੀ ਆਧਾਰ ਸੀ, ਵਧੀਆ ਯੂਨੀਵਰਸਿਟੀਆਂ ਸਨ, ਸੂਬੇ ਨੂੰ ਸਮੁੰਦਰੀ ਸਾਹਿਲ 'ਤੇ ਹੋਣ ਦਾ ਫ਼ਾਇਦਾ ਸੀ ਤੇ ਇਸ ਦਾ ਖ਼ੁਸ਼ਹਾਲ ਸਭਿਆਚਾਰਕ ਜੀਵਨ ਸੀ। ਜੇ ਸੂਬਾ ਸਰਕਾਰ ਨੂੰ ਸਿਆਣਪ ਭਰੇ ਢੰਗ ਨਾਲ ਚਲਾਇਆ ਗਿਆ ਹੁੰਦਾ ਤਾਂ ਪੱਛਮੀ ਬੰਗਾਲ ਹੁਣ ਤੱਕ ਭਾਰਤ ਦੇ ਸਭ ਤੋਂ ਵੱਧ ਵਿਕਸਿਤ ਸੂਬਿਆਂ ਵਿਚ ਸ਼ੁਮਾਰ ਹੁੰਦਾ। ਇਸ ਦੇ ਬਾਵਜੂਦ ਖੱਬੇ ਮੋਰਚੇ ਦੀ ਹਕੂਮਤ ਨੇ ਕਾਰਖ਼ਾਨਿਆਂ ਦੇ ਕੰਮ-ਕਾਜ ਵਿਚ ਟਰੇਡ ਯੂਨੀਅਨਾਂ ਨੂੰ ਵੀਟੋ ਪਾਵਰ ਦੇ ਕੇ, ਅਲੀਮੂਦੀਨ ਸਟਰੀਟ (ਸੀ.ਪੀ.ਐਮ. ਦਾ ਮੁੱਖ ਦਫ਼ਤਰ) ਵਿਚਲੇ ਪਾਰਟੀ ਆਗੂਆਂ ਨੂੰ ਅਫ਼ਸਰਸ਼ਾਹਾਂ ਨੂੰ ਹੁਕਮ ਚਾੜ੍ਹਨ ਦੇ ਨਾਲ ਹੀ ਯੂਨੀਵਰਸਿਟੀਆਂ ਵਿਚਲੀਆਂ ਨਿਯੁਕਤੀਆਂ ਵਿਚ ਦਖ਼ਲ ਦੇ ਅਖ਼ਤਿਆਰ ਦੇ ਕੇ, ਸਰਮਾਏਦਾਰਾਂ ਨੂੰ ਖ਼ਤਰਨਾਕ ਹੋਣ ਵਜੋਂ ਪੇਸ਼ ਕਰ ਕੇ ਤੇ ਉੱਦਮੀਆਂ ਨੂੰ ਦਰਜ ਕੇ ਲੰਬੇ ਸਮੇਂ ਤੱਕ ਸੂਬੇ ਵਿਚ ਆਰਥਿਕ ਖੜੋਤ ਦੀ ਨਿਗਰਾਨੀ ਕੀਤੀ। ਇਸ ਕਾਰਨ ਉਹ ਕੰਪਨੀਆਂ ਵੀ ਬਦਲ ਕੇ ਆਪਣਾ ਕਾਰੋਬਾਰ ਦੇਸ਼ ਦੇ ਹੋਰ ਹਿੱਸਿਆਂ ਵਿਚ ਲੈ ਗਈਆਂ ਜਿਨ੍ਹਾਂ ਦੀਆਂ ਪੱਛਮੀ ਬੰਗਾਲ ਵਿਚ ਡੂੰਘੀਆਂ ਜੜ੍ਹਾਂ ਸਨ। ਪਾਰਟੀ ਦੇ ਸਿਖਰਲੇ ਆਗੂ ਇਸ ਦੌਰਾਨ ਸੂਬੇ ਤੋਂ ਪ੍ਰਤਿਭਾਵਾਨਾਂ ਦੀ ਹਿਜਰਤ ਵੀ ਖ਼ਾਮੋਸ਼ੀ ਨਾਲ ਦੇਖਦੇ ਰਹੇ। ਪੇਂਡੂ ਵਿਕਾਸ ਦੇ ਦਾਅਵਿਆਂ ਦੇ ਬਾਵਜੂਦ ਅਸਲ ਵਿਚ ਖੱਬਾ ਮੋਰਚਾ ਇਸ ਮੋਰਚੇ 'ਤੇ ਵੀ ਕੁਝ ਖ਼ਾਸ ਨਹੀਂ ਕਰ ਸਕਿਆ- ਅੱਜ, ਪਿਛਲੇ ਸਮੇਂ ਤੋਂ ਪਛੜਿਆ ਹੋਇਆ, ਇਤਿਹਾਸਕ ਤੌਰ 'ਤੇ ਜਗੀਰੂ ਪ੍ਰਭਾਵਾਂ ਵਾਲਾ ਤੇ ਅਲੱਗ-ਥਲੱਗ ਜਿਹਾ ਪਹਾੜੀ ਸੂਬਾ ਹਿਮਾਚਲ ਪ੍ਰਦੇਸ਼ ਵੀ ਸਿੱਖਿਆ, ਸਿਹਤ ਅਤੇ ਖੇਤੀ ਵਿਕਾਸ ਵਰਗੇ ਪੱਖਾਂ ਤੋਂ ਪੱਛਮੀ ਬੰਗਾਲ ਨਾਲੋਂ ਕਿਤੇ ਵੱਧ ਤਰੱਕੀ ਕਰ ਚੁੱਕਾ ਹੈ। ਸੀ.ਪੀ.ਐਮ. ਖ਼ੁਦ ਵੀ ਪੱਛਮੀ ਬੰਗਾਲ ਵਿਚ ਕੁਝ ਹੋਰ ਚੀਜ਼ ਸੀ ਤੇ ਕੇਰਲ ਵਿਚ ਇਸ ਤੋਂ ਬਿਲਕੁਲ ਵੱਖਰੀ। ਦੱਖਣੀ ਸੂਬੇ ਕੇਰਲ ਵਿਚ ਖੱਬੇਪੱਖੀ ਮੁਹਿੰਮ ਅਸਲ ਵਿਚ ਜਾਤ ਤੇ ਲਿੰਗ ਬਰਾਬਰੀ ਲਈ ਚੱਲੇ ਸਮਾਜਿਕ ਅੰਦੋਲਨਾਂ ਤੋਂ ਪ੍ਰੇਰਿਤ ਸੀ ਅਤੇ ਇਸ ਕਾਰਨ ਉੱਥੇ ਸੱਤਾ ਵਿਚ ਹੁੰਦਿਆਂ ਖੱਬੀ ਧਿਰ ਨੇ ਸਿੱਖਿਆ ਅਤੇ ਸਿਹਤ ਵੱਲ ਕਾਫ਼ੀ ਧਿਆਨ ਦਿੱਤਾ। ਦੂਜਾ ਉੱਥੇ ਕਾਂਗਰਸ ਨਾਲ ਬਦਲ-ਬਦਲ ਕੇ ਵਾਰੋ-ਵਾਰੀ ਸੱਤਾ ਉੱਤੇ ਕਾਬਜ਼ ਹੋਣ ਕਾਰਨ ਵੀ ਇਹ ਇਕ ਹੱਦ ਤੱਕ ਜਵਾਬਦੇਹੀ ਲਈ ਮਜਬੂਰ ਸੀ। ਇਸ ਕਾਰਨ ਕੇਰਲ ਵਿਚ ਮਨੁੱਖੀ ਵਿਕਾਸ ਵਿਚ ਯੋਗਦਾਨ ਪੱਖੋਂ ਕਮਿਊਨਿਸਟਾਂ ਕੋਲ ਮਾਣ ਕਰਨ ਲਈ ਬਹੁਤ ਕੁਝ ਹੈ।

ਦੂਜੇ ਪਾਸੇ ਪੱਛਮੀ ਬੰਗਾਲ ਵਿਚਲੇ ਉਨ੍ਹਾਂ ਦੇ ਕਾਮਰੇਡਾਂ ਕੋਲ ਅਜਿਹਾ ਕੁਝ ਨਹੀਂ ਹੈ ਪਰ ਇਸ ਦੇ ਬਾਵਜੂਦ ਸੀ.ਪੀ.ਐਮ. ਪੱਛਮੀ ਬੰਗਾਲ ਵਿਚ ਲਗਾਤਾਰ ਚੋਣਾਂ ਜਿੱਤਦੀ ਰਹੀ। ਕਿਉਂ? ਇਕ ਵਜ੍ਹਾ ਇਹ ਸੀ ਕਿ ਇਸ ਸੂਬੇ ਵਿਚ ਉਸ ਦਾ ਕਾਡਰ ਜ਼ਿਆਦਾ ਵੱਡੀ ਗਿਣਤੀ ਵਿਚ ਸੀ, ਵਡੇਰੇ ਪੱਧਰ 'ਤੇ ਫੈਲਿਆ ਹੋਇਆ ਸੀ ਅਤੇ ਨਾਲ ਹੀ ਇਹ ਹੋਰਨਾਂ ਪਾਰਟੀਆਂ ਦੇ ਕਾਡਰ ਦੇ ਮੁਕਾਬਲੇ ਵਧੇਰੇ ਸਮਰਪਿਤ ਸੀ। ਇਕ ਪਾਸੇ ਜਿੱਥੇ ਜਿਓਤੀ ਬਾਸੂ ਪਾਰਟੀ ਦਾ ਜਨਤਕ ਚਿਹਰਾ ਸਨ ਅਤੇ ਉਨ੍ਹਾਂ ਨੂੰ ਆਪਣੇ ਸ਼ਹਿਰੀਪੁਣੇ ਤੇ ਸੁਹਜ ਸਦਕਾ ਕੋਲਕਾਤਾ ਦੇ ਮੱਧਵਰਗ ਦੀਆਂ ਤਾਰੀਫ਼ਾਂ ਹਾਸਲ ਹੋਈਆਂ, ਜਦੋਂਕਿ ਦੂਜੇ ਪਾਸੇ ਪ੍ਰਮੋਦ ਦਾਸਗੁਪਤਾ ਅਤੇ ਅਨਿਲ ਬਿਸਵਾਸ ਵਰਗੇ ਕੱਟੜਪੰਥੀ ਬੜੀ ਮਿਹਨਤ ਨਾਲ ਜ਼ਿਲ੍ਹਿਆਂ ਵਿਚ ਹੇਠਲੇ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਦੇ ਰਹੇ।

ਸੀ.ਪੀ.ਐਮ. ਦੀ ਲੰਬੇ ਸਮੇਂ ਤੱਕ ਚੋਣ ਸਫਲਤਾ ਦਾ ਇਕ ਹੋਰ ਕਾਰਨ ਇਹ ਸੀ ਕਿ 'ਪ੍ਰੋਲੇਤਾਰੀ ਕੌਮਾਂਤਰੀਵਾਦ' ਪ੍ਰਤੀ ਆਪਣੀ ਵਚਨਬੱਧਤਾ ਦੇ ਦਾਅਵੇ ਦੇ ਬਾਵਜੂਦ ਇਸ ਨੇ ਸੂਬੇ ਦੇ ਵੋਟਰਾਂ ਵਿਚ ਆਪਣੇ ਆਪ ਨੂੰ ਬੜੀ ਕਾਮਯਾਬੀ ਨਾਲ ਬੰਗਾਲੀ ਗੌਰਵ ਵਾਲੀ ਪਾਰਟੀ ਵਜੋਂ ਪੇਸ਼ ਕੀਤਾ। 'ਸੈਂਟਰ ਕੌਮ ਦਿਏ ਚੇ' (ਕੇਂਦਰ ਨੇ ਸਾਨੂੰ ਬਣਦੇ ਹਿੱਸੇ ਤੋਂ ਘੱਟ ਦਿੱਤਾ ਹੈ) ਪਾਰਟੀ ਦਾ ਪ੍ਰਚਾਰ ਦਾ ਪ੍ਰਮੁੱਖ ਨਾਅਰਾ ਸੀ, ਖ਼ਾਸਕਰ ਚੋਣਾਂ ਸਮੇਂ, ਜਦੋਂ ਸੂਬੇ ਵਿਚ ਪਾਰਟੀ ਦੀ ਮੁੱਖ ਵਿਰੋਧੀ ਪੱਛਮੀ ਬੰਗਾਲ ਦੀ ਕਾਂਗਰਸ ਇਕਾਈ ਹੁੰਦੀ ਸੀ ਜਿਸ ਦੀ ਕੇਂਦਰ ਵਿਚ ਲੰਬੇ ਸਮੇਂ ਤੱਕ ਹਕੂਮਤ ਰਹੀ (ਹੈਰਾਨੀ ਦੀ ਗੱਲ ਹੈ ਕਿ ਬੰਗਾਲੀ ਗੌਰਵ ਦੇ ਇਸੇ ਦਾਅਵੇ ਦੇ ਬਲਬੂਤੇ ਹੁਣ ਸੂਬੇ ਦੀ ਤਾਕਤਵਰ ਪਾਰਟੀ ਤ੍ਰਿਣਮੂਲ ਕਾਂਗਰਸ ਨੇ ਉਸ ਭਾਜਪਾ ਨੂੰ ਸੂਬੇ ਦੀ ਸੱਤਾ ਤੋਂ ਦੂਰ ਰੱਖਿਆ ਹੋਇਆ ਹੈ ਜਿਹੜੀ ਕੇਂਦਰ ਵਿਚ ਤਾਕਤਵਰ ਪਾਰਟੀ ਹੈ)।

ਸਥਾਈ ਆਰਥਿਕ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਭਾਵੇਂ ਮੋਦੀ ਸਰਕਾਰ ਤੋਂ ਦੂਰ ਹੀ ਹੈ (ਜਿਵੇਂ ਇਹ ਪੱਛਮੀ ਬੰਗਾਲ ਵਿਚ ਬਾਸੂ ਸਰਕਾਰ ਦੇ ਮਾਮਲੇ ਵਿਚ ਸੀ) ਪਰ ਤਾਂ ਵੀ ਦੋਵਾਂ ਨੇ ਸੇਧਿਤ ਭਲਾਈ ਸਕੀਮਾਂ ਪੱਖੋਂ ਕੁਝ ਕਾਮਯਾਬੀ ਜ਼ਰੂਰ ਹਾਸਲ ਕੀਤੀ। ਖੱਬੇ ਮੋਰਚੇ ਵੱਲੋਂ 'ਅਪਰੇਸ਼ਨ ਬਰਗਾ' ਤਹਿਤ ਜਾਰੀ ਕੀਤੇ ਗਏ ਜ਼ਮੀਨੀ ਅਖ਼ਤਿਆਰ ਇਸ ਸਬੰਧ ਵਿਚ ਭਾਜਪਾ ਵੱਲੋਂ ਪ੍ਰਚਾਰਤ ਰਸੋਈ ਗੈਸ ਅਤੇ ਮੁਫ਼ਤ ਰਾਸ਼ਨ ਵਰਗੀਆਂ ਸਕੀਮਾਂ ਦੇ ਸਮਰੂਪ ਸਨ। ਇਨ੍ਹਾਂ ਲਾਭਾਂ ਤੋਂ ਚੋਣਾਂ ਵਿਚ ਮਿਲਣ ਵਾਲੇ ਫ਼ਾਇਦੇ ਇਸ ਗੱਲ ਦਾ ਸਬੂਤ ਹਨ ਕਿ ਮੌਕੇ ਦੀ ਹਕੂਮਤ ਮਾਮੂਲੀ ਤਰੀਕੇ ਨਾਲ ਵੀ ਸਹੂਲਤਾਂ 'ਪਹੁੰਚਾ' ਸਕਦੀ ਹੈ।

ਪੱਛਮੀ ਬੰਗਾਲ ਵਿਚਲੀਆਂ ਅਤੀਤ ਦੀਆਂ ਅਤੇ ਮੌਜੂਦਾ ਦੌਰ ਵਿਚ ਭਾਰਤ ਦੀਆਂ ਇਹ ਸਿਆਸੀ ਸਮਾਨਤਾਵਾਂ ਕਾਬਿਲ-ਏ-ਗ਼ੌਰ ਹਨ। ਯਕੀਨਨ ਇਨ੍ਹਾਂ ਵਿਚ ਕੁਝ ਅਹਿਮ ਵਖਰੇਵੇਂ ਵੀ ਹਨ। ਇਕ ਸੂਬੇ ਦੀ, ਕੌਮੀ ਰਾਜਧਾਨੀ ਲਈ ਨਫ਼ਰਤ ਕੁੱਲ ਮਿਲਾ ਕੇ ਸਮਾਜਿਕ ਤਾਣੇ-ਬਾਣੇ ਲਈ ਓਨੀ ਨੁਕਸਾਨਦੇਹ ਨਹੀਂ ਹੈ, ਜਿੰਨੀ ਇਕ ਧਾਰਮਿਕ ਬਹੁਗਿਣਤੀ ਦੀ ਪਹਿਲਾਂ ਹੀ ਕਮਜ਼ੋਰ ਤੇ ਨਾਜ਼ੁਕ ਹਾਲਤ ਵਾਲੀ ਘੱਟਗਿਣਤੀ ਪ੍ਰਤੀ ਨਫ਼ਰਤ ਖ਼ਤਰਨਾਕ ਹੈ। ਸ੍ਰੀ ਜਿਓਤੀ ਬਾਸੂ ਇਕ ਬੇਅਸਰ ਪ੍ਰਸ਼ਾਸਕ ਜ਼ਰੂਰ ਸਨ ਪਰ ਸ੍ਰੀ ਮੋਦੀ ਦੇ ਉਲਟ ਉਨ੍ਹਾਂ ਕਦੇ ਵੀ ਆਪਣੇ ਦੁਆਲੇ ਸ਼ਖ਼ਸੀ ਪੂਜਾ ਵਾਲੇ ਖ਼ੁਸ਼ਾਮਦੀਆਂ ਦਾ ਇਕੱਠ ਨਹੀਂ ਸੀ ਕੀਤਾ। ਸ੍ਰੀ ਬਾਸੂ ਘੱਟਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵੀ ਸ੍ਰੀ ਮੋਦੀ ਤੋਂ ਕਿਤੇ ਵੱਧ ਵਚਨਬੱਧ ਸਨ। ਅਖ਼ੀਰ ਵਿਚ, ਯਕੀਨਨ ਕਿਸੇ ਸੂਬੇ ਦੀ ਤਰੱਕੀ ਨੂੰ ਰੋਕਣਾ ਜ਼ਾਹਰਾ ਤੌਰ 'ਤੇ, ਕਿਸੇ ਪੂਰੇ ਮੁਲਕ ਦੀ ਤਰੱਕੀ ਨੂੰ ਰੋਕਣ ਨਾਲੋਂ ਕਿਤੇ ਘੱਟ ਪੱਧਰ 'ਤੇ ਲੋਕਾਂ ਨੂੰ ਪ੍ਰੇਸ਼ਾਨ ਕਰਦਾ ਹੈ।

ਇਕ ਹੋਰ ਅਹਿਮ ਫ਼ਰਕ ਇਹ ਹੈ ਕਿ ਕੇਂਦਰ ਵਿਚ ਹਾਕਮ ਪਾਰਟੀ ਹੋਣ ਦੇ ਨਾਤੇ ਇਹ ਦੇਸ਼ ਦੀਆਂ ਤਫ਼ਤੀਸ਼ੀ ਏਜੰਸੀਆਂ ਉੱਤੇ ਆਪਣੇ ਕੰਟਰੋਲ ਦਾ ਇਸਤੇਮਾਲ ਆਪਣੇ ਸਿਆਸੀ ਵਿਰੋਧੀਆਂ ਖ਼ਿਲਾਫ਼ ਕਰਦੀ ਹੈ। ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਦੀ ਹਾਲੀਆ ਰਿਪੋਰਟ ਮੁਤਾਬਕ 2014 ਤੋਂ ਬਾਅਦ ਸੀਬੀਆਈ ਨੇ ਜਿਨ੍ਹਾਂ ਸਿਆਸਤਦਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਂ ਛਾਪੇ ਮਾਰੇ, ਉਨ੍ਹਾਂ ਵਿਚੋਂ 95 ਫ਼ੀਸਦੀ ਵਿਰੋਧੀ ਪਾਰਟੀਆਂ ਨਾਲ ਸਬੰਧਤ ਸਨ। ਕੇਂਦਰ ਸਰਕਾਰ ਨੇ ਨਾਲ ਹੀ ਗੁਪਤ ਚੋਣ ਬਾਂਡ ਸਕੀਮ ਰਾਹੀਂ ਅਤੇ ਆਜ਼ਾਦ ਮੀਡੀਆ ਚੈਨਲਾਂ ਨੂੰ ਡਰਾ ਕੇ ਤੇ ਸੱਚ ਬੋਲਣ ਵਾਲੇ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਦੇ ਸਿਆਸੀ ਅਮਲ ਨੂੰ ਆਪਣੇ ਪੱਖ ਵਿਚ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ।

ਇਨ੍ਹਾਂ ਵਖਰੇਵਿਆਂ ਦੇ ਬਾਵਜੂਦ, ਢੰਗ-ਤਰੀਕਿਆਂ ਤੇ ਸਿੱਟਿਆਂ ਪੱਖੋਂ ਸਮਾਨਤਾਵਾਂ ਕਾਫ਼ੀ ਗ਼ੌਰ ਕਰਨ ਵਾਲੀਆਂ ਹਨ। ਪੱਛਮੀ ਬੰਗਾਲ ਦਾ ਆਧੁਨਿਕ ਇਤਿਹਾਸ ਪ੍ਰਤੱਖ ਤੌਰ 'ਤੇ ਇਸ ਗੱਲ ਦਾ ਗਵਾਹ ਹੈ ਕਿ ਲਗਾਤਾਰ ਲੜੀਵਾਰ ਚੋਣਾਂ ਜਿੱਤਦੇ ਰਹਿਣਾ ਵੀ ਸਰਕਾਰ ਦੇ ਵਧੀਆ ਕੰਮ-ਕਾਜ ਜਾਂ ਸਮਾਜਿਕ ਭਲਾਈ ਦੀ ਯਕੀਨਦਹਾਨੀ ਨਹੀਂ ਹੁੰਦੀ। ਇਸੇ ਤਰ੍ਹਾਂ ਜੇ ਭਾਜਪਾ ਵੀ ਲਗਾਤਾਰ ਆਮ ਚੋਣਾਂ ਜਿੱਤਦੀ ਜਾਵੇ ਪਰ ਦੂਜੇ ਪਾਸੇ ਦੇਸ਼ ਹੋਰ ਨੀਵੇਂ ਤੋਂ ਨੀਵੇਂ ਪੱਧਰ 'ਤੇ ਜਾਂਦਾ ਰਹੇ ਤਾਂ ਇਹ ਆਧੁਨਿਕ ਭਾਰਤ ਦੀ ਕਹਾਣੀ ਵੀ ਹੋ ਸਕਦੀ ਹੈ। ਇਸ ਤਰ੍ਹਾਂ ਇਹੋ ਭਾਸਦਾ ਹੈ ਕਿ ਜੇ ਕਿਸੇ ਇਕ ਸੂਬੇ ਵਿਚ ਜਾਂ ਫਿਰ ਸਮੁੱਚੇ ਤੌਰ 'ਤੇ ਪੂਰੇ ਮੁਲਕ ਵਿਚ ਇਕੋ ਪਾਰਟੀ ਲੰਬੇ ਸਮੇਂ ਲਈ ਤੇ ਬੇਰੋਕ ਹੁਕਮਰਾਨ ਰਹਿੰਦੀ ਹੈ ਤਾਂ ਵਕਤ ਬੀਤਣ ਦੇ ਨਾਲ ਇਸ ਦਾ ਸਿੱਟਾ ਪ੍ਰਸ਼ਾਸਨ ਚਲਾਉਣ ਪੱਖੋਂ ਹੰਕਾਰ, ਆਤਮ-ਸੰਤੁਸ਼ਟੀ ਅਤੇ ਨਾਕਾਬਲੀਅਤ ਵਾਲਾ (ਜਾਂ ਇਸ ਤੋਂ ਵੀ ਮਾੜਾ) ਹੋ ਸਕਦਾ ਹੈ। ਇਕ ਪੁਰਾਣੀ ਕਹਾਵਤ, 'ਜੋ ਬੰਗਾਲ ਅੱਜ ਸੋਚਦਾ ਹੈ, ਭਾਰਤ ਉਹ ਭਲਕੇ ਸੋਚਦਾ ਹੈ' ਇਕ ਵਾਰੀ ਮੁੜ ਸੱਚ ਸਾਬਤ ਹੋ ਰਹੀ ਹੈ, ਹਾਲਾਂਕਿ ਪਹਿਲਾਂ ਤੋਂ ਕਿਤੇ ਵੱਧ ਗ਼ਲਤ ਰਾਹਾਂ 'ਤੇ ਚੱਲਣ ਦੇ ਰੂਪ ਵਿਚ।

*ਸਥਾਈ ਆਰਥਿਕ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਭਾਵੇਂ ਮੋਦੀ ਸਰਕਾਰ ਤੋਂ ਦੂਰ ਹੀ ਹੈ (ਜਿਵੇਂ ਇਹ ਪੱਛਮੀ ਬੰਗਾਲ ਵਿਚ ਬਾਸੂ ਸਰਕਾਰ ਦੇ ਮਾਮਲੇ ਵਿਚ ਸੀ) ਪਰ ਤਾਂ ਵੀ ਦੋਵਾਂ ਨੇ ਸੇਧਿਤ ਭਲਾਈ ਸਕੀਮਾਂ ਪੱਖੋਂ ਕੁਝ ਕਾਮਯਾਬੀ ਜ਼ਰੂਰ ਹਾਸਲ ਕੀਤੀ। ਖੱਬੇ ਮੋਰਚੇ ਵੱਲੋਂ 'ਅਪਰੇਸ਼ਨ ਬਰਗਾ' ਤਹਿਤ ਜਾਰੀ ਕੀਤੇ ਗਏ ਜ਼ਮੀਨੀ ਅਖ਼ਤਿਆਰ ਇਸ ਸਬੰਧ ਵਿਚ ਭਾਜਪਾ ਵੱਲੋਂ ਪ੍ਰਚਾਰਤ ਰਸੋਈ ਗੈਸ ਅਤੇ ਮੁਫ਼ਤ ਰਾਸ਼ਨ ਵਰਗੀਆਂ ਸਕੀਮਾਂ ਦੇ ਸਮਰੂਪ ਸਨ। ਇਨ੍ਹਾਂ ਲਾਭਾਂ ਤੋਂ ਚੋਣਾਂ ਵਿਚ ਮਿਲਣ ਵਾਲੇ ਫ਼ਾਇਦੇ ਇਸ ਗੱਲ ਦਾ ਸਬੂਤ ਹਨ ਕਿ ਮੌਕੇ ਦੀ ਹਕੂਮਤ ਮਾਮੂਲੀ ਤਰੀਕੇ ਨਾਲ ਵੀ ਸਹੂਲਤਾਂ 'ਪਹੁੰਚਾ' ਸਕਦੀ ਹੈ।ਪੱਛਮੀ ਬੰਗਾਲ ਵਿਚਲੀਆਂ ਅਤੀਤ ਦੀਆਂ ਅਤੇ ਮੌਜੂਦਾ ਦੌਰ ਵਿਚ ਭਾਰਤ ਦੀਆਂ ਇਹ ਸਿਆਸੀ ਸਮਾਨਤਾਵਾਂ ਕਾਬਿਲ-ਏ-ਗ਼ੌਰ ਹਨ। ਯਕੀਨਨ ਇਨ੍ਹਾਂ ਵਿਚ ਕੁਝ ਅਹਿਮ ਵਖਰੇਵੇਂ ਵੀ ਹਨ। ਇਨ੍ਹਾਂ ਵਖਰੇਵਿਆਂ ਦੇ ਬਾਵਜੂਦ, ਢੰਗ-ਤਰੀਕਿਆਂ ਤੇ ਸਿੱਟਿਆਂ ਪੱਖੋਂ ਸਮਾਨਤਾਵਾਂ ਕਾਫ਼ੀ ਗ਼ੌਰ ਕਰਨ ਵਾਲੀਆਂ ਹਨ।*

ਬਿਰਹੋਂ-ਵੇਦਨਾ

# ਸੱਸੀ-ਪੁੰਨੂ ਪ੍ਰੀਤ ਕਥਾ

ਪੰਜਾਬ ਨੇ ਆਪਣੀਆਂ ਇਤਿਹਾਸਕ ਸੀਮਾਵਾਂ ਅੰਦਰ ਲੋਕ ਹਿਤ ਦੇ ਪੈਂਤੜੇ ਵਾਲੇ, ਲੁੱਟ-ਖਸੁੱਟ ਅਤੇ ਜ਼ਬਰ ਵਿਰੋਧੀ, ਸੰਗਠਿਤ, ਸਮਾਜਿਕ ਅਤੇ ਰਾਜਸੀ ਜੱਦੋ-ਜਹਿਦ, ਅਧਿਆਤਮਕਤਾ, ਸਰਬ-ਸਾਂਝੀਵਾਲਤਾ, ਨਿਆਂਪੂਰਨ ਮਨੁੱਖੀ ਸਮਾਨਤਾ ਅਤੇ ਮਨੁੱਖੀ ਆਚਰਨ ਦੀ ਉੱਚਤਾ ਤੇ ਕਿਰਤ ਦੀ ਮਹਿਮਾ ਵਿਚ ਉਠੀਆਂ ਲਹਿਰਾਂ ਵਿਚ ਬਾ-ਦਸਤੂਰ ਹਿੱਸਾ ਪਾਇਆ ਹੈ। ਪੰਜਾਬ ਲੋਕ-ਚੇਤਨਾ ਦਾ ਰੂਪਾਂਤਰਣ ਸੱਭਿਆਚਾਰਕ ਇਨਕਲਾਬ ਜਿਸ ਅਧੀਨ ਅਨੇਕਾਂ ਘੱਲੂ-ਘਾਰਿਆਂ ਅਤੇ ਸੰਘਰਸ਼ਾਂ ਰਾਹੀਂ ਨਿੱਤ-ਨਵੀਆਂ ਵੰਗਾਰਾਂ ਨੂੰ ਆਪਣੇ ਸਰੀਰਾਂ 'ਤੇ ਹੰਢਾਉਂਦਿਆਂ ਪਿਆਰ ਦਾ ਹੀ



**ਜਗਦੀਸ਼ ਸਿੰਘ ਚੋਹਕਾ**
**ਫੋਨ: 92179-97445**
**001-403-285-4208**

ਉਪਦੇਸ਼ ਦਿੱਤਾ। ਸਿੱਖ-ਗੁਰੂਆਂ ਦੁਆਰਾ ਨਿਰੰਤਰ ਗੁਣਾਤਮਕ ਰੂਪਾਂਤਰਣ ਕਰਦੇ ਰਹਿ ਕੇ ਧਰਮ ਦੀ ਕਿਰਤ, ਵੰਡ ਕੇ ਛਕਣ ਅਤੇ ਨਿਆਂ ਤੇ ਸੱਚ ਲਈ ਪਹਿਰਾ ਦਿੰਦੇ ਰਹਿਣ ਦਾ ਅਮਲੀ ਉਪਦੇਸ਼ ਦੇ ਕੇ ਜਾਤ-ਪਾਤ ਦਾ ਖੰਡਨ ਅਤੇ ਸਹਿਣਸ਼ੀਲਤਾ ਦਾ ਉਪਦੇਸ਼ ਦਿੱਤਾ। ਇਹੀ ਕਾਰਨ ਹੈ ਕਿ ਇੱਥੋਂ ਦੇ ਗੁਰੂਆਂ, ਸੂਫੀਆਂ, ਨਾਥਾਂ, ਸੰਤਾਂ ਤੇ ਫਕੀਰਾਂ ਨੇ ਮਿਲ ਕੇ ਪੰਜਾਬ ਦੇ ਪੰਜ ਦਰਿਆਵਾਂ ਅੰਦਰ ਮਾਂ ਬੋਲੀ ਪੰਜਾਬੀ ਰਾਹੀਂ ਮਿਸ਼ਰੀ ਘੋਲ ਕੇ ਸਾਡੇ ਪੰਜਾਬੀ ਵਿਰਸੇ, ਧਾਰਮਿਕ, ਰਾਜਨੀਤਕ ਅਤੇ ਸਾਹਿਤਕ ਸੱਭਿਆਚਾਰ ਨੂੰ ਇਕ ਇਤਿਹਾਸਕ ਵਿਲੱਖਣਤਾ ਦਾ ਧਾਰਨੀ ਬਣਾ ਦਿੱਤਾ।

ਸਦੀਆਂ ਤੋਂ ਪੰਜਾਬ ਅੰਦਰ ਲੋਕ-ਪ੍ਰੇਮੀ ਨਾਇਕਾਵਾਂ ਹੀਰ, ਸੋਹਣੀ, ਸਾਹਿਬਾ, ਸੱਸੀ ਅਤੇ ਹੋਰਨਾਂ ਦੀਆਂ ਪਿਆਰ ਕਥਾਵਾਂ ਨੂੰ ਅੱਜ ਵੀ ਯਾਦ ਕਰਦਿਆਂ ਅਸੀਂ ਪੀੜ੍ਹੀ ਦਰ ਪੀੜ੍ਹੀ ਇਕ ਵਿਰਸੇ ਵਜੋਂ ਇਤਿਹਾਸ ਦੇ ਜਿਊਂਦੇ-ਜਾਗਦੇ, ਅੰਗ ਮਹਿਸੂਸ ਕਰ ਰਹੇ ਹਾਂ। ਕਿਉਂਕਿ ਇਨ੍ਹਾਂ ਨਾਇਕਾਵਾਂ ਨੇ ਇਤਿਹਾਸ ਅੰਦਰ ਜਿਸਮਾਨੀ ਜਾਂ ਆਤਮਿਕ ਮੋਹ ਦੀ ਥਾਂ ਇਸ਼ਕ-ਹਕੀਕੀ (ਪਿਆਰ) ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਇਸ ਕਰਕੇ ਇਹ ਪ੍ਰੇਮ ਕਥਾਵਾਂ ਦਾ ਵਿਰਸਾ ਪੰਜਾਬ ਦੇ ਸਾਹਿਤ ਅੰਦਰ ਲੋਕ ਕਥਾਵਾਂ ਦਾ ਇਤਿਹਾਸ ਬਣ ਗਿਆ। ਇਹ ਕੋਈ ਅਤਿ-ਕਥਨੀ ਨਹੀਂ ਕਿ ਇਕ ਇਸਤਰੀ ਦੇ ਮਨ ਵਿਚੋਂ ਨਿਕਲੀ ਭਾਵਨਾ ਲੋਕ ਗੀਤਾਂ ਦੇ ਰੂਪ ਵਿਚ ਜਾਂ ਕਿੱਸਾਕਾਰਾਂ ਦੀਆਂ ਰਚਨਾਵਾਂ ਅੰਦਰ ਵਰਣਨ ਕੀਤੇ ਚਿੱਤਰਾਂ ਵਿਚ ਪੇਸ਼ ਕੀਤੇ ਸੀਨ ਅਮਰ ਹੋ ਗਏ ਹਨ। ਸੱਸੀ-ਪੁੰਨੂ ਕਿੱਸਾ ਪੰਰਪਰਾ ਅੰਦਰ ਇਹ ਪ੍ਰੀਤ-ਕਥਾ ਪੰਜਾਬੀ ਕਿੱਸਾ ਕਾਵਿ ਦੀ ਮਹੱਤਵਪੂਰਨ ਕਾਵਿ-ਕ੍ਰਿਤੀ ਹੈ ਜਿਹੜੀ ਪੰਜਾਬ ਜਨ-ਜੀਵਨ ਦਾ ਇਕ ਅਨਿੱਖੜਵਾਂ ਅੰਗ ਬਣ ਗਈ ਹੈ।

ਸੱਸੀ-ਪੁੰਨੂ ਦੀ ਪ੍ਰੀਤ ਕਥਾ ਪੰਜਾਬੀ ਕਿੱਸਾ ਕਾਵਿ ਦੀ ਇਕ ਮਹੱਤਵਪੂਰਨ ਕਾਵਿ-ਕ੍ਰਿਤੀ ਹੈ। ਇਹ ਪ੍ਰੀਤ ਕਹਾਣੀ ਚਾਹੇ ਕੱਛ (ਗੁਜਰਾਤ) ਦੇ ਇਲਾਕੇ ਵਿਚ ਪੁੰਗਰੀ ਅਤੇ ਪ੍ਰਵਾਨ ਚੜ੍ਹੀ ਪਰ ਇਸ ਪ੍ਰੀਤ ਕਹਾਣੀ ਦੀ ਮਹਿਕ ਸਿੰਧ ਦੇ ਇਲਾਕੇ ਰਾਹੀਂ ਪੰਜਾਬ ਵਿਚ ਪਹੁੰਚੀ ਅਤੇ ਪੰਜਾਬੀ ਸੱਭਿਆਚਾਰ ਦਾ ਅੰਗ ਬਣ ਗਈ। 1592 ਈ. ਵਿਚ ਅਕਬਰ ਬਾਦਸ਼ਾਹ ਨੇ ਠੱਟੇ ਦੇ ਰਾਜਾ ਮਿਰਜ਼ਾ ਬੇਗ ਨੂੰ ਹਰਾਇਆ ਤੇ ਸਿੰਧ 'ਤੇ ਕਬਜ਼ਾ ਕਰ ਲਿਆ ਅਤੇ ਇਸ ਨੂੰ ਮੁਲਤਾਨ ਸੂਬੇ ਦਾ ਹਿੱਸਾ ਬਣਾ ਦਿੱਤਾ, ਉਸ ਸਮੇਂ ਸੱਸੀ-ਪੁੰਨੂ ਦੀ ਪਿਆਰ ਕਹਾਣੀ ਨੂੰ ਬਹੁਤ ਸਾਰੇ ਲੇਖਕਾਂ ਤੇ ਕਿੱਸਾਕਾਰਾਂ ਨੇ ਉਰਦੂ, ਫਾਰਸੀ, ਸਿੰਧੀ, ਬਲੋਚਸਤਾਨੀ ਅਤੇ ਰਾਜਸਥਾਨੀ ਭਾਸ਼ਾਵਾਂ ਵਿਚ ਉਕਰਿਆ ਹੈ। ਪੰਜਾਬੀ ਵਿਚ ਇਹ ਕਿੱਸਾ ਕਦੋਂ ਤੇ ਕਿੱਥੇ ਲਿਖਿਆ ਗਿਆ ਇਸ ਬਾਰੇ ਠੋਸ ਜਾਣਕਾਰੀ ਨਹੀਂ ਹੈ? ਡਾ. ਹਰਨਾਮ ਸਿੰਘ ਸ਼ਾਨ ਮੁਤਾਬਕ ''ਸੱਸੀ ਹਾਸ਼ਮ'' ਵਿਚ ਸੱਸੀ-ਪੁੰਨੂ ਦੇ ਕਿੱਸੇ ਦਾ ਪਹਿਲਾ ਪੰਜਾਬੀ ਕਿੱਸਾਕਾਰ ਹਾਫ਼ਿਜ਼ ਬਰਖੁਰਦਾਰ ਨੂੰ ਮੰਨਿਆ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਪ੍ਰਸ਼ਯ ਨੂੰ ਪੰਜਾਬੀ ਦਾ ਪਹਿਲਾ ਕਿੱਸਾਕਾਰ ਦਰਸਾਇਆ ਹੈ ਜਿਸ ਨੇ ਸੱਸੀ-ਪੁੰਨੂ ਦਾ ਕਿੱਸਾ 770 ਬਿ-ਸੰਮਤ ਵਿਚ ਲਿਖਿਆ ਅਤੇ ਕਿੱਸਾਕਾਰ ਮਸਊਦ ਨੇ 1180 ਬਿ.-ਸੰਮਤ ਵਿਚ ਹਿੰਦਵੀ ਕਾਵਿ ਵਿਚ ਲਿਖਿਆ ਦੱਸਿਆ, ਪਰ ਕੋਈ ਲਿਖਤ ਨਹੀਂ ਮਿਲਦੀ ਹੈ।

ਸੱਸੀ-ਪੁੰਨੂ ਦੀ ਪ੍ਰੀਤ ਬਾਰੇ ਸਭ ਤੋਂ ਪਹਿਲਾ ਲਿਖਤੀ ਰੂਪ ਵਿਚ ਸੰਕੇਤ ਭਾਈ ਗੁਰਦਾਸ ਜੀ ਦੁਆਰਾ ਰਚਿਤ 27-ਵੀਂ ਵਾਰ ਦੀ ਪਹਿਲੀ ਪਉੜੀ ਵਿਚ ਮਿਲਦਾ ਹੈ;

''ਲੈਲਾ ਮਜਨੂੰ ਆਸ਼ਕੀ ਚਹੁੰ ਚੱਕੀ ਜਾਤੀ। ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ।

ਸੱਸੀ ਪੁੰਨੂ ਦੋਸਤੀ ਹੋਇ ਜਾਤ ਅਜਾਤੀ। ਮਹੀਵਾਲ ਨੇ ਸੋਹਣੀ ਨੈ ਤਰਦੀ ਰਾਤੀ।''

ਰਾਂਝਾ ਹੀਰ ਵਖਾਦੀਐ ਉਹ ਪਿਰਮ ਪਰਾਤੀ। ਪੀਰ ਮੁਰੀਦਾਂ ਪਿਰਹੜੀ ਗਾਵਨ ਪਾਰ ਭਾਤੀ।

ਪੰਜਾਬੀ ਦੇ ਸਭ ਤੋਂ ਪਹਿਲੇ ਕਿੱਸਾਕਾਰ ਦਮੋਦਰ ਦੁਆਰਾ ਰਚਿਤ ਕਿੱਸਾ ਹੀਰ ਵਿਚ ਸੱਸੀ ਪੁੰਨੂ ਦੀ ਪ੍ਰੀਤ ਕਥਾ ਬਾਰੇ ਕੁਝ ਸੰਕੇਤ ਮਿਲਦੇ ਹਨ:

''ਕੇ-ਤਕਸੀਰ ਮੈਂ ਬਖਤੋਂ ਤੱਤੀ, ਪਲਿਰ ਨਹੀਂ ਨਿਤੋਈ, ਔਸੀ ਨਿੱਤ ਪਈ ਆਰੀ ਕੇਚ ਮਿਲਾਵੇ ਕੋਈ''॥

ਦੰਦ-ਕਥਾਵਾਂ ਮੁਤਾਬਕ ਬੁਰਹਿਮਨਾਬਾਦ ਵਿਚ 'ਨਾਬੀਨਾ ਬ੍ਰਾਹਮਣ' ਦੇ ਘਰ ਉਸ ਦੇ ਵਿਆਹ ਦੇ ਚਾਰ ਸਾਲਾਂ ਬਾਅਦ ਇਕ ਲੜਕੀ ਨੇ ਜਨਮ ਲਿਆ। ਜੋਤਸ਼ੀਆਂ ਨੇ ਨਾਬੀਨਾ ਬ੍ਰਾਹਮਣ ਨੂੰ ਦੱਸਿਆ ਕਿ ਇਹ ਬੱਚੀ ਵੱਡੀ ਹੋ ਕੇ ਕਿਸੇ ਮੁਸਲਮਾਨ ਨਾਲ ਵਿਆਹ ਕਰਵਾਏਗੀ! ਨਾਬੀਨਾ ਬ੍ਰਾਹਮਣ ਨੇ ਡਰਦਿਆਂ ਉਸ ਬੱਚੀ ਨੂੰ ਸੰਦੂਕ ਵਿਚ ਬੰਦ ਕਰ ਕੇ ਦਰਿਆ ਸਿੰਧ ਵਿਚ ਰੁੜ੍ਹਵਾ ਦਿੱਤਾ। ਘਾਟ 'ਤੇ ਕੱਪੜੇ ਧੋਂਦੇ ਧੋਬੀ ਨੂੰ ਰੁੜ੍ਹਦਾ ਉਹ ਸੰਦੂਕ ਦਿਖਾਈ ਦਿੱਤਾ। ਉਸ ਨੇ ਸੰਦੂਕ ਫੜ ਲਿਆ ਤੇ ਦੇਖਿਆ ਕਿ ਉਸ ਵਿਚ ਇਕ ਛੋਟੀ ਬੱਚੀ ਸੀ। ਧੋਬੀ ਨੇ ਉਹ ਬੱਚੀ ਚੌਧਰੀ ਮੁਹੰਮਦ ਦੇ ਹਵਾਲੇ ਕਰ ਦਿੱਤੀ। ਨਿਰ-ਸੰਤਾਨ, ਚੌਧਰੀ ਨੂੰ ਉਹ ਬੱਚੀ ਚੰਗੀ ਲੱਗੀ ਤੇ ਉਨ੍ਹਾਂ ਨੇ ਬੱਚੀ ਦਾ ਨਾਂ ਸੱਸੀ ਰੱਖ ਕੇ ਉਸ ਦੀ ਬੜੇ ਚਾਵਾਂ-ਮਲ੍ਹਾਰਾਂ ਨਾਲ ਪਾਲਣਾ ਸ਼ੁਰੂ ਕਰ ਦਿੱਤਾ। ਵੱਡੀ ਹੋ ਕੇ ਸੱਸੀ ਇਕ ਗੁਲਾਬ ਦੇ ਫੁੱਲ ਵਾਂਗ ਖਿੜ ਗਈ। ਉਸ ਦੀ ਸੁੰਦਰਤਾ ਦੀ ਮਹਿਕ ਦੀਆਂ ਧੁੰਮਾਂ ਇਲਾਕੇ ਵਿਚ ਪੈ ਗਈਆਂ। ਮੁਹੰਮਦ ਦੇ ਸ਼ਹਿਰ 'ਭੰਬੋਰ' ਥਾਣੀਂ ਬਹੁਤ ਸਾਰੇ ਕਾਫ਼ਲੇ 'ਠੱਟੇ' ਨੂੰ ਜਾਂਦੇ ਹੁੰਦੇ ਸਨ। ਸੱਸੀ ਦੀ ਸੁੰਦਰਤਾ ਇਨ੍ਹਾਂ ਕਾਫਲਿਆਂ ਦੇ ਲੋਕਾਂ ਰਾਹੀਂ ਇਲਾਕੇ ਹੀ ਨਹੀਂ ਦੇਸ਼-ਵਿਦੇਸ਼ ਵਿਚ ਵੀ ਫੈਲ ਗਈ। ਮੁਨਸ਼ੀ ਸੁੰਦਰ ਦਾਸ ਆਰਾਮ ਨੇ 1758 ਈ. ਨੂੰ ਸੱਸੀ-ਪੁੰਨੂ ਕਿਸੇ ਵਿਚ ਲਿਖਿਆ ਹੈ:

ਸੱਸੀ ਦੇ ਅਹਿਵਾਲ ਨੂੰ ਕਹਿੰਦੇ ਨੇ ਸਭ ਗੁਣੀ, ਤੇਰਾ ਹੀ ਮੈਂ ਲਿਖਸਾਂ, ਜੇਹੀ ਇਕ ਗਲ ਸੁਣੀ।

ਇਸੇ ਤਰ੍ਹਾਂ ਹੀ ਮਿਲਖੀ ਰਾਮ ਨੇ ਬੈਂਤ ਛੰਦ ਵਿਚ ਸੱਸੀ-ਪੁੰਨੂੰ ਕਿੱਸੇ ਵਿਚ ਲਿਖਿਆ ਹੈ-

ਵਾਰਸ ਸ਼ਾਹ ਦੀ 'ਹੀਰ' ਤੇ ਫਜ਼ਲ ਸੋਹਣੀ; ਮਿਲਖੀ ਰਾਮ ਦੀ ਸੱਸੀ ਮਸ਼ਹੂਰ ਤਿੰਨੇ।

ਲੋਕੀ ਇਹਨਾਂ ਦੇ ਨਾਮ ਨੂੰ ਜਾਣਦੇ ਨੇ, ਰੌਸ਼ਨ ਚੰਦ ਵਾਂਗ ਦੂਰ ਦੂਰ ਤਿੰਨੇ।

ਕੇਚ ਮਕਰਾਨ ਦੇ ਰਾਜੇ ਦਾ ਸ਼ਹਿਜ਼ਾਦਾ ਪੁੰਨੂੰ ਵੀ ਆਪਣੀ ਸੁੰਦਰਤਾ ਅਤੇ ਹੁੰਦਲ ਹੇਲਤਾ ਕਾਰਨ ਪ੍ਰਸਿੱਧ ਸੀ। ਉਸ ਨੂੰ ਵੀ 'ਸੱਸੀ' ਦੀ ਸੁੰਦਰਤਾ ਬਾਰੇ ਜਦ ਕਨਸੋਅ ਮਿਲੀ ਤਾਂ ਉਹ ਸੱਸੀ ਨੂੰ ਪਾਉਣ ਲਈ ਵਿਆਕੁਲ ਹੋਇਆ। ਉਹ ਸੁਗੰਧੀਆਂ ਦਾ ਸੌਦਾਗਰ ਬਣ ਕੇ ਭੰਬੋਰ ਪਹੁੰਚ ਗਿਆ। ਉਸ ਦੀ ਖਬਰ ਵੀ ਸਭ ਪਾਸੇ ਪਹੁੰਚ ਗਈ। ਸੱਸੀ ਵੀ ਸੁਗੰਧੀਆਂ ਖਰੀਦਣ ਲਈ ਪਹੁੰਚੀ ਅਤੇ ਪੁੰਨੂ ਨੂੰ ਵੇਖ ਕੇ ਇਕਦਮ ਉਸ ਵੱਲ ਮਿਕਨਾਤੀਸੀ ਕਸ਼ਿਸ਼ ਵਾਂਗ ਖਿੱਚੀ ਗਈ। ਸੱਸੀ ਦੀ ਇਸ ਸਥਿਤੀ ਬਾਰੇ ਸੱਸੀ ਦੀ ਇਕ ਸਹੇਲੀ ਨੇ ਉਸ ਦੇ ਬਾਪ ਮੁਹੰਮਦ ਨੂੰ ਜਾ ਦੱਸਿਆ। ਸੱਸੀ-ਪੁੰਨੂ ਦੀਆਂ ਇਨ੍ਹਾਂ ਨਵੀਆਂ ਪਿਆਰ ਗੰਢਾਂ ਅੰਦਰ ਕਈ ਕਹਾਣੀਆਂ ਲੁਕੀਆਂ ਹੋਈਆਂ ਹਨ। ਆਖਰ ਪਿਆਰ ਦੇ ਕਈ ਵਲ-ਵਲੇਵਿਆਂ ਬਾਅਦ ਮੁਹੰਮਦ ਧੋਬੀ ਨੇ ਸੱਸੀ ਦਾ ਪੁੰਨੂ ਨਾਲ ਨਿਕਾਹ ਕਰ ਦਿੱਤਾ। ਪੁੰਨੂ ਕੇਚ ਵਾਪਸ ਜਾਣ ਲਈ ਭੁੱਲ ਗਿਆ ਤਾਂ ਬਾਦਸ਼ਾਹ ਨੂੰ ਬਹੁਤ ਫਿਕਰ ਲੱਗੀ। ਕਈ ਸੁਨੇਹੇ ਭੇਜਣ



ਬਾਅਦ ਪੁੰਨੂ ਕੇਚਮ ਵਾਪਿਸ ਨਾ ਆਇਆ ਤੇ ਉਸ ਦੇ ਬਾਪ ਨੇ ਦੁਖੀ ਹੋ ਕੇ ਪੁੰਨੂ ਦੇ ਤਿੰਨ ਸਕੇ ਭਰਾਵਾਂ ਨੂੰ ਭੰਬੋਰ ਭੇਜਿਆ। ਭੰਬੋਰ ਪੁੱਜ ਕੇ ਉਨ੍ਹਾਂ ਨੇ ਦੇਖਿਆ ਕਿ ਪੁੰਨੂ ਨੇ ਖੁਸ਼ੀ 'ਚ ਇਕ ਮਹਿਫ਼ਲ ਲਵਾਈ ਤੇ ਗੀਤ-ਸੰਗੀਤ ਚੱਲ ਰਿਹਾ ਸੀ। ਪੁੰਨੂ ਸ਼ਰਾਬ ਦੇ ਨਸ਼ੇ 'ਚ ਸੀ। ਉਸ ਦੇ ਭਰਾ 'ਚਨਰੇ' ਨੇ ਉਸ ਨੂੰ ਊਠ 'ਤੇ ਬਿਠਾਇਆ ਤੇ ਕੇਚ ਮਕਰਾਨ ਵੱਲ ਤੋਰੇ ਪਾ ਦਿੱਤੇ।

ਸਵੇਰ ਹੋਣ 'ਤੇ ਜਦੋਂ ਸੱਸੀ ਜਾਗੀ ਤਾਂ ਪੁੰਨੂ ਨੂੰ ਨਾ ਦੇਖ ਕੇ ਬਹੁਤ ਰੋਈ ਤੇ ਕੁਰਲਾਈ। ਪਰ ਉਸ ਦੀ ਸਹਾਇਤਾ ਲਈ ਕੋਈ ਨਾ ਬਹੁੜਿਆ। ਸੱਸੀ ਦੀ ਮਾਂ ਨੇ ਵੀ ਉਸ ਨੂੰ ਪੁੰਨੂ ਦਾ ਪਿੱਛਾ ਕਰਨ ਤੋਂ ਰੋਕਿਆ, ਪਰ ਉਹ ਬਾਉਲੀ ਹੋਈ ਪੁੰਨੂ-ਪੁੰਨੂ ਕਰਦੀ ਰੇਗਿਸਤਾਨ ਨੂੰ ਚੀਰਦੀ ਪਿਆਰ ਦੇ ਸਿਦਕ ਪਿੱਛੇ ਚੱਲ ਪਈ। ਉਸ ਦੇ ਮਲੂਕ ਪੈਰਾਂ ਵਿਚ ਛਾਲੇ ਪੈ ਗਏ। ਉਸ ਨੇ ਹੌਸਲਾ ਨਾ ਹਾਰਿਆ, ਤਪਦੇ ਥਲਾਂ ਵਿਚ ਉਹ ਪੁੰਨੂ ਨੂੰ ਪਾਉਣ ਲਈ ਵਾਹੋਦਾਹੀ ਅੱਗੇ ਹੀ ਅੱਗੇ ਤੁਰਦੀ ਗਈ। ਸ਼ਾਮ ਪੈਣ 'ਤੇ ਉਸ ਨੂੰ ਇਕ-ਵੱਗ ਦਿਸਿਆ। ਸੱਸੀ ਨੇ ਵੱਗ ਦੇ ਆਜੜੀ ਕੋਲੋਂ ਪੁੰਨੂ ਦੇ ਕਾਫਲੇ ਬਾਰੇ ਪੁਛਿਆ ਤੇ ਪਿਆਸੀ ਸੱਸੀ ਨੇ ਪਾਣੀ ਦੀ ਮੰਗ ਕੀਤੀ। ਆਜੜੀ ਦੀਆਂ ਅੱਖਾਂ ਨੌਜਵਾਨ ਲੜਕੀ ਨੂੰ ਦੇਖ ਕੇ ਲਲਚਾ ਗਈਆਂ। ਜਦੋਂ ਆਜੜੀ ਪਾਣੀ ਲੈਣ ਗਿਆ ਤਾਂ ਸੱਸੀ ਨੇ ਆਪਣੇ ਪਿਆਰ ਦੀ ਖਾਤਰ ਉਸ ਤਪੇ ਥਲ ਵਿਚ ਆਪਣੀ ਇੱਜ਼ਤ ਲਈ ਪ੍ਰਾਣ ਤਿਆਗ ਦਿੱਤੇ। ਜਦੋਂ ਆਜੜੀ ਵਾਪਸ ਆਇਆ ਸੱਸੀ ਆਪਣੇ ਪਿਆਰੇ ਪੁੰਨੂ ਦੀ ਖਾਤਰ ਦੁਨੀਆਂ ਤੋਂ ਜਾ ਚੁੱਕੀ ਸੀ।

ਦਸਮ ਗ੍ਰੰਥ ਦੇ ਚਰਿਤ 108 ਵਿਚ ਸੱਸੀ-ਪੁੰਨੂ ਦੇ ਪਿਆਰ ਦੀ ਕਹਾਣੀ ਅੰਦਰ ਰੰਭਾ ਦੀ ਕੁੱਖੋਂ ਪੈਦਾ ਹੋਈ ਲੜਕੀ ਦੀ ਵਰਤਾ ਅੰਦਰ ਇਹ ਲਿਖਿਆ ਹੈ,

ਮਰਨ ਸਭਨ ਕੇ ਮੁੰਡ ਪੇ ਸਫਲ ਮਰਨ ਤੈ ਤਾਹਿ, ਤਨਕ ਬਿਖੈ ਤਨ ਕੋ ਤਜੈ ਪ੍ਰਿਯ ਸੋ ਪ੍ਰੀਤ ਬਨਾਇ।

ਹਾਫਿਜ਼ ਬਰਖੁਰਦਾਰ ਨੇ ਸੱਸੀ-ਪੁੰਨੂ ਕਿੱਸੇ ਅੰਦਰ ਸੱਸੀ ਦੇ ਬਿਰਹਾ ਵਿਚ ਪੁੰਨੂ ਆਜੜੀ ਕੋਲੋ ਪੁੱਛਦਾ ਹੈ, ਲਿਖਿਆ ਹੈ-

ਪੁੰਨੂ ਪੁਛੇ ਭਾਈ ਆਜੜੀ ਦਸ ਅਸਾਂ ਇਹ ਗਲ, ਇਹ ਗ਼ੋਰ ਨਵੀਂ ਇਸ ਰਾਹ ਤੇ ਅੱਜ ਹੋਈ ਕਿ ਕੱਲ।

ਆਜੜੀ ਪੁੰਨੂ ਨੂੰ ਉਤਰ ਦੇਂਦਾ ਹੈ-

ਮੀਆਂ ਉਚੀ ਲੰਮੀ ਪਤਲੀ ਨਿੱਕੇ ਲੱਕ ਜਵਾਨ, ਨਾਮ ਸੱਸੀ ਧੀ ਜਾਮ ਦੀ ਬ੍ਰਿਹੋ ਦੇ ਮਾਨ।

ਇਹ ਪੁੰਨੂ ਪੁੰਨੂ ਕਰ ਮਰ ਗਈ। ਅਸਾਂ ਖਲਿਆ ਦਿਤੀ ਜਾਨ।

ਹਾਫ਼ਿਜ ਬਰਖੁਰਦਾਰ ਨੇ ਸੱਸੀ ਨੂੰ ਥਲਾਂ ਵਿਚ ਪੁੰਨੂ ਦੇ ਵਿਯੋਗ ਵਿਚ ਪ੍ਰਾਣ ਦੇਂਦੀ ਵਿਖਾਇਆ ਹੈ ਅਤੇ ਆਜੜੀ ਨੇ ਉਸ ਦੀ ਕਬਰ ਬਣਵਾਈ ਦਰਸਾਈ ਹੈ। ਕਿੱਸੇ ਵਿਚਲੀ ਬੋਲੀ ਲਹਿੰਦੀ ਪੰਜਾਬੀ ਹੈ। ਕਈ ਥਾਵਾਂ 'ਤੇ ਫਾਰਸੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਸੱਸੀ-ਪੁੰਨੂ ਦੀ ਪ੍ਰੀਤ-ਕਥਾ ਨੂੰ ਪੰਜਾਬੀ ਵਿਚ ਬਹੁਤ ਸਾਰੇ ਕਵੀਆਂ ਨੇ ਸਮੇਂ ਸਮੇਂ ਆਪੋ ਆਪਣੇ ਸਾਹਿਤਕ ਲਹਿਜ਼ੇ ਨਾਲ ਵਰਣਨ ਕਰਨ ਦੇ ਯਤਨ ਕੀਤੇ ਹਨ। ਇਨ੍ਹਾਂ ਕਵੀਆਂ ਵਿਚ ਹਾਫ਼ਿਜ਼ ਬਰਖੁਰਦਾਰ, ਫਕੀਰ ਮੁਹੰਮਦ, ਸੁੰਦਰ ਦਾਸ, ਬੇਹਬਲ, ਹਾਸ਼ਮਸ਼ਾਹ ਅਹਿਮਦ ਯਾਰ, ਸ਼ਾਹ ਮੁਹੰਮਦ, ਸਾਧੂ ਸਦਾ ਰਾਮ, ਮੀਰ ਹੁਸੈਨ, ਪੰ: ਮੋਹਨ ਲਾਲ, ਕਰੀਮ ਬਖ਼ਸ਼, ਸ. ਹਰਨਾਮ ਸਿੰਘ, ਇੰਦਰ ਸਿੰਘ, ਚੰਨਣ ਸਿੰਘ, ਭਾਈ ਕਾਹਨ ਸਿੰਘ ਆਦਿ, ਆਦਿ 80-ਤੋਂ ਵੀ ਵੱਧ ਕਵੀ (ਡਾ. ਹਰਨਾਮ ਸਿੰਘ ਸ਼ਾਨ), ਜਿਨ੍ਹਾਂ ਰਚਿਤ ਸੱਸੀ-ਪੁੰਨੂ ਦੀ ਪ੍ਰੀਤ ਕਹਾਣੀ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਅੰਦਰ ਅੱਜ ਵੀ ਪੰਜਾਬੀ ਜਨ-ਜੀਵਨ ਦਾ ਇਹ ਇਕ ਅਨਿੱਖੜਵਾਂ ਅੰਗ ਬਣ ਗਈ ਹੈ।

ਪੰਜਾਬੀ ਅਤੇ ਪੰਜਾਬੀ ਸਾਹਿਤ ਅੰਦਰ ਸੱਸੀ-ਪੁੰਨੂ ਦੇ ਪਿਆਰ ਦੇ ਕਿੱਸੇ ਅਤੇ ਕਹਾਣੀਆਂ ਅਨੇਕਾਂ ਲੋਕ ਗੀਤਾਂ ਅੰਦਰ ਗਾਈਆਂ ਜਾਂਦੀਆਂ ਹਨ। ਪੰਜਾਬੀ ਔਰਤਾਂ ਇਹ ਗੀਤ ਬੜੇ ਲੈਅ ਤੇ ਮਨੋਵੇਗ ਅਤੇ ਭਾਵਨਾ ਭਰਪੂਰ ਰੌਂਅ ਵਿਚ ਗਾਉਂਦੀਆਂ ਹਨ। ਭਾਵੇਂ ਇਸ ਕਿੱਸੇ ਦੀ ਨਾਇਕ ਸੱਸੀ ਤੇ ਪੁੰਨੂ ਸਿੰਧ ਖੇਤਰ (ਕੱਛ) ਨਾਲ ਤੁਅੱਲਕ ਰੱਖਦੇ ਹਨ, ਪਰ ਪੰਜਾਬੀਆਂ ਨੇ ਉਸ ਨੂੰ ਅਪਣਾ ਕੇ ਆਪਣਾ ਹੀ ਬਣਾ ਲਿਆ ਹੈ। 'ਆੜਤ' ਨੇ ਸੱਸੀ-ਪੁੰਨੂ ਦਾ ਕਿੱਸਾ ਮਾਝਾਂ ਵਿਚ ਲਿਖਿਆ ਪਰ ਇਸ ਨੂੰ ਉਸ ਨੇ ਪੰਜਾਬੀ ਸੱਭਿਆਚਾਰ ਅੰਦਰ ਪੇਸ਼ ਕੀਤਾ।

ਫੁੱਲਾਂ ਸੇਜ ਵਿਛਾਈ ਸੱਸੀ, ਹੋਤ ਪਿਆਲੇ ਪੀਤੇ, ਅਹਿਮਦ ਯਾਰ ਨੇ

ਹਾਸ਼ਮ ਸੱਸੀ ਸੋਹਣੀ ਜੋੜੀ, ਸਦ ਰਹਿਮਤ ਉਸਤਾਦੋਂ ਕਹਿ ਕੇ ਵੱਡਿਆਇਆ।

ਜੇ ਜ਼ੋਰ ਕਰੇਂ ਸਗੋਂ ਸ਼ੋਰ ਪਾਵੇ; ਵਿਚ ਸ਼ਹਿਰ ਭੰਬੋਰ ਨਾ ਕਦੀ ਰਹਿਸਾਂ (ਸ਼ਾਹ ਮੁਹੰਮਦ)

80 ਤੋਂ ਵੱਧ ਕਿੱਸਾਕਾਰਾਂ ਨੇ ਸੱਸੀ-ਪੁੰਨੂ ਦੀ ਪਿਆਰ-ਕਹਾਣੀ ਦੀਆਂ ਪੰਜਾਬੀ ਵਿਚ ਰਚਨਾ ਕੀਤੀਆਂ ਹਨ। ਪਰ ਹਾਸ਼ਮ ਵਰਗਾ ਸੋਜ਼, ਦਰਦ, ਬਿਰਹਾ ਕੋਈ ਵੀ ਕਿੱਸਾਕਾਰ ਆਪਣੇ ਕਿੱਸੇ ਵਿਚ ਪੇਸ਼ ਨਹੀਂ ਕਰ ਸਕਿਆ। ਇਸ ਤੋਂ ਬਿਨਾਂ ਇਨ੍ਹਾਂ ਨਾਇਕਾਂ ਦੀ ਪ੍ਰੀਤ-ਕਥਾ ਬਾਰੇ ਸੰਕੇਤ ਪੰਜਾਬੀ ਲੋਕ ਗੀਤਾਂ ਵਿਚ ਵੀ ਮਿਲਦੇ ਹਨ-

ਉਠਾਂ ਵਾਲਿਆ ਰਾਹ ਰੋਕ ਲਏ, ਕੁੜੀਆਂ ਜੂਹਾ ਮਲੀਆਂ।

ਮੇਲੇ ਜੈਤੋਂ ਦੇ, ਸੋਹਣੀਆਂ ਤੇ ਸੱਸੀਆਂ ਚੱਲੀਆਂ।

ਸੱਸੀ ਤੇ ਪੁੰਨੂੰ ਦੋਵੇ ਰਲ ਸੁੱਤੇ, ਮੁਖ ਪਰ ਲੈ ਕੇ ਰੁਮਾਲ, ਮਾਹੀਆਂ ਹਾਣੀਆਂ ਵੇ !

ਸੱਸੀ ਨੇ ਪਾਸਾ ਮੋੜਿਆ, ਪੁੰਨੂ ਤੇ ਹੈ ਨਹੀਂ ਨਾਲ, ਮਾਹੀਆਂ ਹਾਣੀਆਂ ਵੇ।

ਸੱਸੀ-ਪੁੰਨੂ ਦੇ ਪਿਆਰ ਅੰਦਰ ਅੱਜ ਵੀ ਇਸਤਰੀਆਂ ਸੱਸੀ ਦੀ ਮਜ਼ਾਰ 'ਤੇ ਦੀਵੇ ਬਾਲ ਕੇ ਉਸ ਨੂੰ ਸ਼ਰਧਾ ਭੇਟ ਕਰਦੀਆਂ ਹਨ। ਇਹ ਪੰਜਾਬ ਦੀ ਧਰਤੀ ਨੂੰ ਪਿਆਰ ਦੀ ਬਖਸ਼ਿਸ਼ ਹੈ, ਜੋ ਪੰਜਾਬੀ ਸੱਭਿਆਚਾਰ ਦੀ ਇਕ ਉਚਮ ਪ੍ਰਕਿਰਿਆ ਹੈ। ਭਾਵੇਂ ਉਨ੍ਹਾਂ ਦੇ ਜੀਵਨ ਦਾ ਅੰਤ ਹੋ ਗਿਆ ਪਰ ਉਨ੍ਹਾਂ ਦੀ ਮੌਤ ਵੀ ਇਕ ਤਰ੍ਹਾਂ ਨਾਲ ਮਿਹਰ ਸਾਬਤ ਹੋਈ ਹੈ ਜਿਸ ਨੇ ਉਨ੍ਹਾਂ ਦੇ ਪਿਆਰ ਨੂੰ ਅਮਰ ਕਰ ਦਿੱਤਾ ਹੈ।

ਸੱਸੀ-ਪੁੰਨੂ ਦੀ ਪ੍ਰੀਤ ਕਹਾਣੀ ਨੂੰ ਬਹੁਤ ਸਾਰੇ ਕਿੱਸਾਕਾਰਾਂ ਨੇ ਆਪੋ-ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਕਈ ਪੇਸ਼ਕਾਰਾਂ ਨੇ ਸੱਸੀ ਦੀ ਤਰਸਮਈ ਸਥਿਤੀ ਦਾ ਵਰਣਨ ਕੀਤਾ ਹੈ ਤੇ ਕਈਆਂ ਨੇ ਪਿਆਰ, ਤਾਂਘ, ਸੱਸੀ ਦੇ ਕੀਰਣੇ, ਇਸ਼ਕ ਦਾ ਵਿਛੋੜਾ, ਬਿਰਹੋਂ ਵੇਦਨਾ, ਆਸ਼ਕਾਂ ਦੇ ਹਾੜੇ ਅਤੇ 'ਲੱਖੂ' ਨੇ ਬੈਂਤ ਛੰਦ ਵਿਚ ਸੱਸੀ-ਪੁੰਨੂ ਸਬੰਧੀ ਪਹਿਲੀ ਸੀਹਰਫ਼ੀ ਵਿਚ ਲਿਖਿਆ ਹੈ-

ਅਲਫ਼ ਅਜ ਗਏ, ਹੋਤ ਭਜ ਮੈਥੋਂ, ਕੋਈ ਰੱਜ ਨਹੀਂ; ਕੀਕੂੰ ਜੀਵਸਾਂ ਮੈਂ।

ਸੁੰਞੀ ਸੇਜ ਡਰਾਂਵਦੀ ਖਾਂਵਦੀ ਹੈ, ਦਿਲ ਆਂਵਦੀ ਜ਼ਹਿਰ ਲੈ ਪੀਵਸਾਂ ਮੈ।

ਸੱਸੀ-ਪੁੰਨੂ ਬਾਰੇ ਆਧੁਨਿਕ ਪੰਜਾਬੀ ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਵਿਚ ਵੀ ਸੰਕੇਤ ਦਿੱਤੇ ਹਨ। ਕੁਝ ਵੀ ਹੋਵੇ ਪਰ ਇਸ ਪ੍ਰੇਮ-ਕਥਾ ਅੰਦਰ ਭੂਤ ਤੇ ਵਰਤਮਾਨ ਕਿੱਸਾਕਾਰਾਂ, ਲੇਖਕਾਂ ਅਤੇ ਕਵੀਆਂ ਨੇ ਮਾਂ ਬੋਲੀ ਪੰਜਾਬੀ ਨੂੰ ਜਿਥੇ ਪ੍ਰਫੁੱਲਤ ਕੀਤਾ ਉਥੇ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਜਨ-ਜੀਵਨ ਨੂੰ ਇਸ ਦੇ ਗਾਇਨ ਰਾਹੀਂ ਸਦੀਵੀ ਮਨੋਰੰਜਨ ਵੀ ਦਿੱਤਾ। ਸੱਸੀ ਦਾ ਅੰਤਰ ਕੂਕਨੁਸ ਵਾਂਗ ਸੀ, ਜਿਵੇਂ ਕੂਕਨੁਸ ਅੱਗ ਵਿਚ ਦਮਨ ਹੋ ਜਾਂਦਾ ਹੈ, ਉਸੇ ਤਰ੍ਹਾਂ ਸੱਸੀ ਵੀ ਪੁੰਨੂ ਦੇ ਇਸ਼ਕ ਵਿਚ ਥਲਾਂ ਦੀ ਸੜਦੀ ਬਲਦੀ ਰੇਤ ਵਿਚ ਸੜ-ਭੁੱਜ ਕੇ ਮਰ ਕੇ ਅਮਰ ਹੋ ਗਈ! ਸੱਸੀ-ਪੁੰਨੂ ਪ੍ਰੀਤ ਕਹਾਣੀ ਪੰਜਾਬੀ ਸੱਭਿਆਚਾਰ 'ਚ ਇਕ ਸ਼ਾਹਕਾਰ ਪ੍ਰੇਮ ਕਥਾ ਹੈ।

ਸੱਸੀ ਰੂਹ ਇਨਸਾਨ ਇਹੀ, ਜੋ ਗੋਹਰੂ ਹੈ ਨੂਰਾਨੀ।

ਦੁਨੀਆ ਹੈ ਦਰਿਆ; ਜਿਹਦੇ ਵਿਚ ਠਾਠ ਵਗੇ ਜ਼ੁਲਮਾਨੀ।

(ਬਾਗੇ ਮੁਹੱਬਤ-ਸੱਯਦ ਮੀਰ ਹੁਸੈਨ)

# ਰਿਸ਼ਤਿਆਂ ਦਾ ਕੀ ਰੱਖੀਏ ਨਾਂ...?

***ਮਨੁੱਖ ਬਹੁਤ ਲੰਮੇਰਾ ਪੈਂਡਾ ਮਾਰ ਕੇ ਅੱਜ ਦੇ ਯੁੱਗ ਤੱਕ ਪਹੁੰਚਿਆ ਹੈ। ਇਸ ਸਫਰ ਦੌਰਾਨ ਬਹੁਤ ਸਾਰੀਆਂ ਤਬਦੀਲੀ ਵਾਪਰੀਆਂ ਹਨ। ਅੱਜ ਵੀ ਇਹ ਤਬਦੀਲੀਆਂ ਵਿਆਪ ਰਹੀਆਂ ਹਨ ਪਰ ਇਨ੍ਹਾਂ ਦੀ ਰਫਤਾਰ ਇੰਨੀ ਜ਼ਿਆਦਾ ਤੇਜ਼ ਹੈ ਕਿ ਅੱਜ ਦਾ ਮਨੁੱਖ ਬੁਰੀ ਤਰ੍ਹਾਂ ਹਫ ਗਿਆ ਜਾਪਦਾ ਹੈ। ਸਿਤਮਜ਼ਰੀਫੀ ਇਹ ਕਿ ਇਕ ਪਾਸੇ ਤਾਂ ਅਸੀਂ ਵਿਕਾਸ ਦੀਆਂ ਪੌੜੀਆਂ ਚੜ੍ਹ ਰਹੇ ਹਾਂ ਪਰ ਦੂਜੇ ਪਾਸੇ ਮਨੁੱਖੀ ਰਿਸ਼ਤੇ ਨਿਘਾਰ ਵੱਲ ਜਾ ਰਹੇ ਹਨ। ਇਨ੍ਹਾਂ ਰਿਸ਼ਤਿਆਂ ਬਾਰੇ ਕੁਝ ਕੁ ਵਿਚਾਰਾਂ ਜਗਜੀਤ ਸਿੰਘ ਲੋਹਟਬੱਦੀ ਨੇ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

ਮਨੁੱਖੀ ਰਿਸ਼ਤੇ ਸਾਹਾਂ ਦਾ ਅਟੁੱਟ ਬੰਧਨ ਹੁੰਦੇ ਨੇ। ਸੁੱਚੇ ਮੋਤੀਆਂ ਦੀ ਲੜੀ ਵਰਗੇ। ਪਾਕ ਪਵਿੱਤਰਤਾ ਦੀ ਉਚੀ ਉਪਾਧੀ। ਰੂਹਾਨੀ ਮੋਹ ਦੀਆਂ ਤੰਦਾਂ। ਵਲਵਲਿਆਂ ਦੀ ਦੀਪਮਾਲਾ। ਭਾਵਨਾਤਮਕ ਸੰਬੰਧਾਂ ਦੀ ਰੰਗਲੀ ਤਸਵੀਰ। ਇਹ ਰਿਸ਼ਤਿਆਂ ਦੀ ਸੁੱਚਮਤਾ ਈ ਐ ਕਿ ਕੋਈ ਦੂਸਰਾ ਅਸਤਿੱਤਵ ਵੀ ਆਪਣਾ ਜਾਪਦੈ। ਕਿਸੇ ਹੋਰ ਦੀ ਮੌਜੂਦਗੀ, ਆਪਣੇ ਸਿਰ ਉਪਰ ਤਣੀ ਛੱਤ ਭਾਸਦੀ ਐ। ਕਿਸੇ ਦੀ ਰਹਿਨੁਮਾਈ, ਡਰ-ਭੈਅ ਤੋਂ ਮੁਕਤੀ ਦਾ ਜ਼ਰੀਆ ਬਣਦੀ ਐ। ਦਿਲ ਆਪ ਮੁਹਾਰੇ ਉਸ ਰਿਸ਼ਤੇ ਦੀ ਡੋਰੀ ਨਾਲ ਬੱਝ ਜਾਂਦੈ। ਦੁਨੀਆ ਰਹਿਣ ਲਈ, ਜਿਉਣ ਲਈ ਖ਼ੂਬਸੂਰਤ ਜੰਨਤ ਲੱਗਦੀ ਐ। ਮਨੁੱਖੀ ਰਿਸ਼ਤਿਆਂ ਦੀ ਇਹ ਲੜੀ ਸਾਰੇ ਬ੍ਰਹਿਮੰਡ ਨੂੰ ਆਪਣੇ ਵਿਚ ਸਮੋ ਲੈਂਦੀ ਐ। ਰੂਹ ਅਫ਼ਜ਼ੇ ਦੀ ਤਾਜ਼ਗੀ ਦਾ ਅਹਿਸਾਸ ਹੁੰਦੈ ਰਿਸ਼ਤਿਆਂ ਦੇ ਨਿੱਘ ਵਿਚ! ਪਰਿਵਾਰਕ ਨਾਤਿਆਂ ਦਾ ਇਹ ਤਲਿੱਸਮ ਹੀ ਇਨਸਾਨ ਨੂੰ ਦੂਸਰੇ ਜੀਵਾਂ ਨਾਲੋਂ ਉਚੀ ਕਸਵੱਟੀ 'ਤੇ ਰੱਖਦੈ, ਉਸਨੂੰ ਸੱਭਿਆ ਹੋਣ ਦਾ ਪ੍ਰਮਾਣ ਪੱਤਰ ਪ੍ਰਦਾਨ ਕਰਦੈ।

ਮੁੱਢ ਕਦੀਮਾਂ ਤੋਂ ਹੀ ਮਾਨਵ, ਰਿਸ਼ਤੇ ਸਿਰਜਣ ਵਿਚ

ਜਗਜੀਤ ਸਿੰਘ ਲੋਹਟਬੱਦੀ
singh.jagjit0311@gmail.com

ਜੁਟਿਆ ਰਿਹੈ। ਰੱਬੀ ਕਹਿਰ, ਬਦਬਖ਼ਤੀਆਂ, ਜੰਗਲੀ ਜੀਵਾਂ ਦਾ ਖ਼ੌਫ਼ ਸਾਡੇ ਪੁਰਖਿਆਂ ਨੂੰ ਡਰਾਉਂਦਾ ਰਿਹੈ। 'ਕੱਲਾ 'ਕਹਿਰਾ ਹੋਣ ਦਾ ਸਦਮਾ ਉਨ੍ਹਾਂ ਨੂੰ ਟੁੰਬਦਾ ਰਹਿੰਦਾ ਸੀ। ਰੋਜ਼ੀ ਰੋਟੀ ਦੀ ਭਾਲ, ਮੌਸਮ ਦੀ ਬੇਵਫ਼ਾਈ, ਆਪਣੇ ਤੋਂ ਡਾਢਿਆਂ ਨਾਲ ਮੱਥਾ ਲੱਗਣ ਦਾ ਅਹਿਸਾਸ, ਉਨ੍ਹਾਂ ਨੂੰ ਰਿਸ਼ਤਿਆਂ ਦੀ ਤਲਾਸ਼ ਵੱਲ ਲੈ ਤੁਰਿਆ। ਝੁੰਡਾਂ ਵਿਚ ਵਿਚਰਦੇ ਪਸ਼ੂਆਂ-ਪੰਛੀਆਂ ਨੇ ਉਨ੍ਹਾਂ ਨੂੰ ਜ਼ਰੂਰ 'ਆਪਣੇਪਣ' ਦਾ ਪਾਠ ਪੜ੍ਹਾਇਆ ਹੋਵੇਗਾ। ਇਹੀ ਕਾਰਨ ਸੀ ਕਿ ਉਹ ਵੀ ਇੱਕਾ-ਦੁੱਕਾ ਮੇਲ-ਜੋਲ ਤੋਂ ਅੱਗੇ ਵਧ ਵੱਡੀ ਖ਼ਲਕਤ ਨਾਲ ਜੁੜ ਗਿਆ। ਪਹਿਲਾਂ-ਪਹਿਲ ਜੋ ਵੀ ਇਨਸਾਨ ਉਸ ਦੇ ਸੰਪਰਕ ਵਿਚ ਆਏ, ਉਹ ਹੀ ਉਸਦੇ ਮੁਢਲੇ ਰਿਸ਼ਤੇਦਾਰ ਹੋ ਨਿੱਬੜੇ। ਸਾਂਝੇ ਟੀਚੇ ਦੀ ਪ੍ਰਾਪਤੀ ਲਈ ਇਹ ਸੱਜੀਆਂ-ਖੱਬੀਆਂ ਬਾਹਾਂ ਬਣੇ। ਸਮੇਂ ਦੇ ਬਦਲਾਅ ਨਾਲ ਅੱਜ ਇੱਕੀਵੀਂ ਸਦੀ ਵਿਚ ਦੁਨੀਆਂ ਸੁੰਗੜ ਗਈ ਹੈ ਅਤੇ ਮਨੁੱਖ ਸੱਤ ਸਮੁੰਦਰੋਂ ਪਾਰ ਨਵੇਂ ਰਿਸ਼ਤੇ ਗੰਢ ਰਿਹੈ। ਆਪਸੀ ਮਿਲਾਪ ਦੀਆਂ ਇਹ ਕੜੀਆਂ ਇੰਨੀਆਂ ਮਜ਼ਬੂਤ ਹੋ ਗਈਆਂ ਹਨ ਕਿ ਇਨ੍ਹਾਂ ਨੇ ਰੰਗ, ਨਸਲ, ਧਰਮ ਅਤੇ ਧਰਤੀ ਦਾ ਭੇਦ ਮਿਟਾ ਦਿੱਤਾ ਹੈ। ਮਨੁੱਖੀ ਸਰੋਕਾਰ ਕੰਡਿਆਲੀਆਂ ਤਾਰਾਂ ਟੱਪ ਕੇ ਮਾਨਵਤਾ ਦੀ ਸੱਤਰੰਗੀ ਪੀਂਘ ਦਾ ਭੁਲੇਖਾ ਪਾਉਂਦੇ ਹਨ।

ਵਿਸ਼ਵੀਕਰਨ ਵਿਚ ਰਿਸ਼ਤੇ ਨਾਤਿਆਂ ਦਾ ਘੇਰਾ ਇੰਨਾ ਵਿਸ਼ਾਲ ਹੋਣ ਦੇ ਬਾਵਜੂਦ ਵੀ ਅੱਜ ਤਿੜਕਣ ਕਿਉਂ ਹੈ? ਰਿਸ਼ਤਿਆਂ ਦੀ ਟੁੱਟ-ਭੱਜ ਵਿਚ ਮਨੁੱਖ ਦਾ ਪਰਸਪਰ ਵਿਰੋਧੀ ਰਵੱਈਆ ਕੀ ਦਰਸਾਉਂਦੈ? ਇੱਕੋ ਪੇਟੋਂ ਜੰਮੇ ਵੱਖਰੇ ਪਾੜਿਆਂ ਵਿਚ ਕਿਉਂ ਖੜ੍ਹੇ ਨੇ? ਮੋਹ ਦੀਆਂ ਤੰਦਾਂ ਦੇ ਧਾਗੇ ਐਨੇ ਕੱਚੇ ਕਿਵੇਂ ਹੋ ਗਏ? ਮਨੁੱਖੀ ਮਨ ਵਿਚਲੀ ਵਿਰੋਧਾਭਾਸ ਅਤੇ ਉਲਝਣ ਦੀ ਤਸਵੀਰ ਵੀ ਕੁਝ ਘੁਸਮੁਸਾ ਜਿਹਾ ਦ੍ਰਿਸ਼ ਪੇਸ਼ ਕਰਦੀ ਹੈ:

ਆਦਮੀ, ਭੀੜ ਤੋਂ ਬਿਨਾਂ ਜਿਉਂ ਨਹੀਂ ਸਕਦਾ।
ਆਦਮੀ, ਭੀੜ 'ਚ ਰਲ ਕੇ ਮਰ ਜਾਂਦਾ ਹੈ।
ਆਦਮੀ, ਅਨੋਖੀ ਤਰ੍ਹਾਂ ਦਾ ਇਕੱਲਾ ਹੈ।

ਪੰਜਾਬ ਪ੍ਰਾਹੁਣਚਾਰੀ ਦੀ ਮਿਸਾਲ ਰਿਹੈ। ਸਿਆਣੇ ਦੱਸਦੇ ਨੇ ਕਿ ਇੱਕ ਘਰ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਸਾਂਝਾ ਮਹਿਮਾਨ ਹੁੰਦਾ ਸੀ। ਘਰ ਕੱਚੇ ਸਨ, ਪਰ ਮਨ ਸੱਚੇ ਸਨ। ਧੀ-ਧਿਆਣੀ ਪੂਰੇ ਪਿੰਡ ਦੀ ਇੱਜ਼ਤ ਸਮਝੀ ਜਾਂਦੀ ਸੀ। ਗਲੀ-ਮੁਹੱਲੇ ਆਇਆ ਅਜਨਬੀ ਵੀ ਅਪਣੱਤ ਮਹਿਸੂਸ ਕਰਦਾ ਸੀ। ਮੰਗਤੇ ਦੀ ਝੋਲੀ ਖ਼ੈਰ ਪਾਉਣੀ, ਭੁੱਖੇ ਨੂੰ ਰੋਟੀ, ਪੰਛੀਆਂ ਨੂੰ ਚੋਗਾ ਅਤੇ ਕੁੱਤਿਆਂ ਬਿੱਲੀਆਂ ਨੂੰ ਬੁਰਕੀ ਪਾਉਣ ਨੂੰ ਚੰਗਾ ਕਾਰਜ ਸਮਝਿਆ ਜਾਂਦਾ ਸੀ। ਘਰਾਂ ਦੇ ਦਰਵਾਜ਼ੇ ਲੋੜਵੰਦਾਂ ਨੂੰ 'ਜੀ ਆਇਆਂ' ਕਹਿਣ ਲਈ ਹਮੇਸ਼ਾ ਖੁੱਲ੍ਹੇ ਮਿਲਦੇ ਸਨ। ਵਡੇਰਿਆਂ ਦੀ ਅਸੀਸ ਹੁੰਦੀ 'ਤੱਤੇ ਪਾਣੀਆਂ ਨਾਲ ਘਰ ਨੀ ਫੁਕਦੇ, ਚੰਨ! ਹਰੇਕ ਜੀਅ ਆਪਣੀ ਕਿਸਮਤ ਨਾਲ ਲੈ ਕੇ ਆਉਂਦੈ।' ਓਪਰੀਆਂ ਰੂਹਾਂ ਵੀ ਕਿਸੇ ਅਣਜਾਣ ਰਿਸ਼ਤੇ ਦੇ ਨਿੱਘ ਨਾਲ ਲਬਰੇਜ਼ ਹੁੰਦੀਆਂ ਸਨ। ਅਚਾਨਕ ਆਈ ਕਿਹੜੀ ਹਨੇਰੀ ਨੇ ਰਿਸ਼ਤੇ ਤਾਸ਼ ਦੇ ਪੱਤਿਆਂ ਵਾਂਗ ਖਿੰਡਾ ਦਿੱਤੇ? ਬਲਦੇਵ ਸਿੰਘ ਸੜਕਨਾਮਾ ਲਿਖਦੈ: "ਜਦ ਹਵਾ ਰੁਮਕਦੀ ਹੈ ਤਾਂ ਨਿੰਮ ਦੇ ਪੱਤੇ ਵੀ ਹਿੱਲਦੇ ਹਨ ਤੇ ਕੋਈ ਕੋਈ ਪੀਲਾ ਹੋਇਆ ਪੱਤਾ ਹੇਠਾਂ ਡਿੱਗਦਾ ਹੈ। ਸਾਰੇ ਰਿਸ਼ਤੇ ਵੀ ਏਵੇਂ ਹੌਲੀ-ਹੌਲੀ ਝੜਦੇ ਜਾ ਰਹੇ ਹਨ। ਕਿੱਧਰ ਗਈਆਂ ਉਹ ਭਾਵਨਾਵਾਂ, ਉਹ ਨਜ਼ਦੀਕੀਆਂ? ਹਰ ਤਰ੍ਹਾਂ ਦੇ ਦੁੱਖਾਂ-ਸੁੱਖਾਂ ਵਿਚੋਂ ਵੀ ਆਪਣਾ ਰਾਹ ਬਣਾ ਲੈਣ ਦਾ ਹੌਸਲਾ। ਹਰ ਇੱਕ ਦੁੱਖ ਨੂੰ ਝੱਲ ਲੈਣਾ ਤੇ ਫੇਰ ਆਪਣੇ ਕੰਮਾਂ ਵਿਚ, ਆਪਣੇ ਰੁਜ਼ਗਾਰ ਵਿਚ ਰੁੱਝ ਜਾਣਾ..."

ਪੱਥਰ ਯੁੱਗ ਤੋਂ ਬਿਜਲਈ ਯੁੱਗ ਤੱਕ ਆਏ ਤਬਦੀਲੀਆਂ ਦੇ ਹੜ੍ਹ ਨੇ ਰਿਸ਼ਤਿਆਂ ਨੂੰ ਵੀ ਤਾਰ-ਤਾਰ ਕਰ ਛੱਡਿਐ। ਮਨੁੱਖੀ ਮਨ ਦੀ ਲਾਲਸਾ ਅਰਸ਼ਾਂ ਦੀ ਉਡਾਰੀ ਮਾਰਦੀ ਐ। ਰਾਤੋ-ਰਾਤ ਅਮੀਰ ਬਣਨ ਦੇ ਸੁਪਨਿਆਂ ਨੇ ਰਾਤਾਂ ਦੀ ਨੀਂਦ ਉਡਾ ਦਿੱਤੀ ਐ। ਤੰਗੀਆਂ ਤੁਰਸ਼ੀਆਂ ਨੇ ਰਿਸ਼ਤਿਆਂ ਨੂੰ ਝੰਜੋੜ ਦਿੱਤੈ। ਸਾਂਝੇ ਪਰਿਵਾਰ ਖੇਰੂੰ-ਖੇਰੂੰ ਹੋ ਰਹੇ ਨੇ। ਨਵੇਂ ਦਿਸਹੱਦਿਆਂ ਦੀ ਭਟਕਣ ਨੇ ਸਦੀਆਂ ਪੁਰਾਣੀ ਪਰੰਪਰਾ ਨੂੰ ਇਤਿਹਾਸ ਦਾ ਪੰਨਾ ਬਣਾ ਧਰਿਐ।



ਮਨਾਂ ਵਿਚਲੀ ਹਉਮੈ ਤੇ ਆਪਣਿਆਂ ਤੋਂ ਅੱਗੇ ਲੰਘਣ ਦੀ ਹੋੜ ਨੇ ਰਿਸ਼ਤਿਆਂ ਨੂੰ ਗੰਧਲਾ ਕਰ ਦਿੱਤੈ। ਘਰਾਂ ਦੀਆਂ ਦੀਵਾਰਾਂ 'ਤੇ ਆਓ-ਭਗਤ ਦੀ ਜਗ੍ਹਾ 'ਕੁੱਤਿਆਂ ਤੋਂ ਬਚੋ' ਦੀਆਂ ਫੱਟੀਆਂ ਲਟਕਦੀਆਂ ਮਿਲਦੀਆਂ ਨੇ। ਘਰਾਂ ਅੰਦਰ ਲੱਗੇ ਕੈਮਰੇ ਤੈਅ ਕਰਦੇ ਨੇ ਕਿ ਮਹਿਮਾਨ ਨਾਲ ਕੀ ਸਲੂਕ ਕਰਨੈਂ।

ਬਜ਼ੁਰਗ ਬੇਲੋੜੇ ਹੋ ਗਏ ਨੇ, ਬੋਝ ਲੱਗਣ ਲੱਗੇ ਨੇ। 'ਆਊਟਡੇਟਡ' ਦੀ ਤਖ਼ਤੀ ਉਨ੍ਹਾਂ ਦੇ ਗਲੀਂ ਪਾਈ ਐ। ਨਵੀਂ ਪੀੜ੍ਹੀ ਤੋਂ ਸਿਆਣਾ ਕੋਈ ਨਹੀਂ। ਬਿਰਧ ਆਸ਼ਰਮ ਪਨਪ ਰਹੇ ਨੇ। ਖੁਸ਼ੀਆਂ ਦੇ ਮੌਕੇ ਦਿਖਾਵੇ ਲਈ ਫ਼ਲ-ਫਰੂਟ ਅਤੇ ਸਜਾਵਟੀ ਪੇਸ਼ਕਾਰੀਆਂ ਦਾ ਤਾਣਾ ਬੁਣਿਆ ਜਾਂਦੈ, ਪਰ ਵਡੇਰੇ ਘਰ ਦੀ ਕਿਸੇ ਨੁੱਕਰੇ ਲੇਟੇ ਹੋਏ ਬੋਲਾਂ ਦੀ ਸਾਂਝ ਨੂੰ ਸਹਿਕਦੇ ਨੇ। ਦੋ ਪਲ ਦੀ ਗੁਫਤਗੂ ਵਿਚ ਵੀ ਬੱਚਿਆਂ ਦੀ 'ਬਿਜ਼ੀ ਲਾਈਫ਼' ਅਤੇ 'ਪ੍ਰਾਈਵੇਸੀ' ਆੜੇ ਆ ਜਾਂਦੀ ਐ। ਬਚਪਨ ਵਿਚ ਜਿਨ੍ਹਾਂ ਨੂੰ ਉਂਗਲੀ ਫੜ ਕੇ ਤੁਰਨਾ ਸਿਖਾਇਆ ਸੀ, ਮੋਢਿਆਂ 'ਤੇ ਬਿਠਾ ਕੇ ਮੇਲੇ ਦਿਖਾਏ ਸਨ, ਜਿਨ੍ਹਾਂ ਲਈ ਮਹਿਲ ਮਾੜੀਆਂ ਦੇ ਸੁਪਨੇ ਸਿਰਜੇ ਸਨ, ਉਹ ਕਿਵੇਂ ਮੂੰਹ ਫੇਰ ਲੈਂਦੇ ਨੇ? ਤਾ-ਉਮਰ ਝੱਖੜ ਝਾਗ ਕੇ, ਆਪਣੀਆਂ ਖਾਹਿਸ਼ਾਂ ਨੂੰ ਦਬਾ ਕੇ, ਜਿਨ੍ਹਾਂ ਬੱਚਿਆਂ ਵਾਸਤੇ ਆਪਣੇ ਟਾਕੀਆਂ ਲੱਗੇ ਲੀੜਿਆਂ ਨੂੰ ਜੱਗ ਜ਼ਾਹਰ ਨਹੀਂ ਹੋਣ ਦਿੱਤਾ, ਜਵਾਨ ਹੁੰਦਿਆਂ ਹੀ ਉਨ੍ਹਾਂ ਅੰਦਰ ਕਿਹੜਾ ਰਾਵਣ ਆ ਪ੍ਰਗਟ ਹੁੰਦੈ, ਕਿ ਉਹ ਸਿਰਜੇ ਸੁਪਨਿਆਂ ਨੂੰ ਲੱਤ ਮਾਰ ਕੇ ਰੇਤ ਦੇ ਘਰ ਦੀ ਤਰ੍ਹਾਂ ਢਾਹ ਦਿੰਦੇ ਨੇ। ਬਾਹਰੋਂ 'ਸਭ ਅੱਛਾ' ਹੋਣ ਦਾ ਸੰਕੇਤ ਹੁੰਦੈ, ਪਰ ਮਨਾਂ ਅੰਦਰਲੀ ਸਿਉਂਕ ਖੋਖਲਾ ਕਰੀ ਜਾਂਦੀ ਐ। ਰਿਸ਼ਤਿਆਂ ਦੇ ਚੁਬਾਰੇ, ਕਬਰਾਂ ਵਿਚ ਬਦਲ ਜਾਂਦੇ ਨੇ। ਕਹਿੰਦੇ ਨੇ, ਮੂਲ ਨਾਲੋਂ ਵਿਆਜ ਪਿਆਰਾ ਹੁੰਦੈ। 'ਨਸ਼ੇੜੀ ਪੋਤੇ ਨੇ ਦਾਦੇ ਦਾ ਕਤਲ ਕਰ ਦਿੱਤਾ' ਅਖ਼ਬਾਰਾਂ ਦੀ ਸੁਰਖੀ ਬਣੀ ਹੈ।

ਪਤੀ-ਪਤਨੀ ਦੀ ਹਉਮੈ ਨੇ ਵੀ ਯੁਗ ਪਲਟਾਊ ਕਾਰਜ ਕੀਤੈ। ਸੱਤ ਜਨਮਾਂ ਤੱਕ ਸਾਥ ਨਿਭਾਉਣ ਦੀਆਂ ਕਸਮਾਂ ਬੱਦਲੀ ਧੂੰਆਂ ਬਣੀਆਂ ਨੇ। ਅਗਨੀ ਦੁਆਲੇ ਮੰਤਰਾਂ ਦੀਆਂ ਉਚਾਰੀਆਂ ਧੁਨਾਂ ਵਿਚਕਾਰ ਲਏ ਫ਼ੇਰੇ ਫਿੱਟ ਲਾਹਣਤਾਂ ਪਾਉਣੋਂ ਹਟ ਗਏ ਨੇ। ਸਿਆਣਿਆਂ ਦੀ ਸਲਾਹ 'ਪੇਕੇ ਘਰ ਪਤੀ ਨੂੰ ਨਾਰਾਜ਼ ਕਰ ਕੇ ਨਹੀਂ ਆਉਣਾ', 'ਸਹੁਰਿਆਂ ਨਾਲ ਬੋਲ ਕੁਬੋਲ ਕਰ ਕੇ ਨਹੀਂ ਆਉਣਾ' ਬੀਤੇ ਦੀਆਂ ਬਾਤਾਂ ਨੇ। ਨਵੀਂ ਸਿੱਖਿਆ 'ਜਕਣਾ ਨੀ, ਮੋਬਾਈਲ ਦੀ ਘੰਟੀ ਮਾਰਨੀ ਐ ਤੇ ਅਸੀਂ ਖੜ੍ਹੇ ਹੋਵਾਂਗੇ' ਰਿਸ਼ਤਿਆਂ ਦਾ ਮੂੰਹ ਚਿੜ੍ਹਾਉਂਦੇ ਨੇ। ਔਰਤ ਦੀ ਪੜ੍ਹਾਈ-ਲਿਖਾਈ ਉਸਦੀ ਸੁਤੰਤਰਤਾ ਵੱਲ ਵਧਦਾ ਕਦਮ ਹੁੰਦੈ। ਇੱਥੇ ਹੀ ਮਰਦ ਦੀ ਹਉਮੈ ਠਿੱਟ ਹੁੰਦੀ ਆ। 'ਪੈਰ ਦੀ ਜੁੱਤੀ' ਵਾਲੀ ਸੋਚ ਮਸਲੀ ਗਈ ਲੱਗਦੀ ਆ। ਰਿਸ਼ਤੇ ਤਰੇੜੇ ਜਾਂਦੇ ਨੇ। ਵਿਸ਼ਵਾਸ ਦੀ ਘਾਟ, ਮਨ ਮਰਜ਼ੀ ਦਾ ਪ੍ਰੇਮ ਵਿਆਹ ਕਦੇ ਨਾ ਕਦੇ ਅੰਦਰਲੇ ਮਨ ਨੂੰ ਸੱਟ ਮਾਰਦੇ ਨੇ। ਵਿਆਹ ਤੋਂ ਬਾਹਰਲੇ ਸੰਬੰਧ ਚੰਗਿਆੜੀ ਨੂੰ ਹਵਾ ਦਿੰਦੇ ਨੇ। ਟੀ ਵੀ ਸੀਰੀਅਲਾਂ ਨੇ ਕਿਸੇ 'ਤੀਸਰੇ' ਦੀ ਸ਼ਮੂਲੀਅਤ ਨੂੰ ਘਰ-ਘਰ ਦੀ ਕਹਾਣੀ ਬਣਾਇਐ। ਤਲਾਕ ਫ਼ੈਸ਼ਨ ਬਣਿਐ। 'ਜਾਗਰੂਕਤਾ' ਇੱਥੋਂ ਤੱਕ ਵਧ ਚੁੱਕੀ ਹੈ ਕਿ ਸਾਲਾਂਬੱਧੀ ਵਿਆਹ ਬੰਧਨ ਵਿਚ ਇਕੱਠੇ ਰਹਿਣ ਪਿੱਛੋਂ 'ਵਿਚਾਰਾਂ ਦਾ ਨਾ ਮਿਲਣਾ' ਅਜੋਕੇ ਜੀਵਨ ਦੀ ਨਿਸ਼ਾਨੀ ਐ। ਨਵੀਂ ਤ੍ਰਾਸਦੀ 'ਲਿਵ-ਇਨ-ਰਿਲੇਸ਼ਨਸ਼ਿਪ' ਬਣੀ ਐ। ਧਾਰਮਿਕ ਗ੍ਰੰਥਾਂ ਨਾਲ ਬੱਝੇ ਸਮਾਜ ਵਿਚ ਇਸ ਤਰ੍ਹਾਂ ਦੀ ਬਲਾਅ ਕੀ ਗੁਲ ਖਿਲਾਉਂਦੀ ਹੈ; ਸਭ ਦੇ ਸਾਹਮਣੇ ਹੈ।

ਸ਼ਾਹਾਨਾ ਜੀਵਨ, ਮੌਜ ਮਸਤੀ, ਅਮੀਰ ਕਲੱਬ, ਜੂਏਖ਼ਾਨਿਆਂ ਨੇ ਰਿਸ਼ਤਿਆਂ ਦੀ ਮਹਿਕ ਘਟਾ ਕੇ ਕਾਗ਼ਜ਼ੀ ਫੁੱਲਾਂ 'ਚ ਵਾਧਾ ਕੀਤੈ। ਮਨਾਂ ਵਿਚ ਭਰੀ ਵਿਹੁ ਨੇ ਰਿਸ਼ਤਿਆਂ ਵਿਚਲੀ ਮਿਠਾਸ ਨੂੰ ਖੱਟਾਸ ਕਰ ਦਿੱਤੈ। ਸ਼ਾਇਰ ਤ੍ਰੈਲੋਚਨ ਲੋਚੀ ਸਮਿਆਂ 'ਤੇ ਝੋਰਾ ਕਰਦੈ:

ਸ਼ਹਿਰ 'ਚੋਂ ਨਾਗਾਂ ਨੇ ਤਾਂ ਭੱਜਣਾ ਹੀ ਸੀ
ਬੰਦਿਆਂ ਵਿਚ ਜ਼ਹਿਰ ਦੀ ਬਹੁਤਾਤ ਸੀ।
ਉਠ ਕੇ ਬੂਹਾ ਕਿਸੇ ਨਾ ਖੋਲ੍ਹਿਆ
ਮੁੜ ਗਈ ਦਰਵਾਜ਼ਿਉਂ ਪ੍ਰਭਾਤ ਸੀ।

ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਗੰਢ ਵੀ ਸਰਕਦੀ ਜਾ ਰਹੀ ਹੈ। ਪਿਤਾ-ਪੁਰਖੀ ਜਾਇਦਾਦਾਂ ਦੀ ਵੰਡ ਨੇ ਗੁੱਟ 'ਤੇ ਬੰਨ੍ਹੀ ਰੱਖੜੀ ਦਾ ਚੇਤਾ ਵਿਸਾਰ ਦਿੱਤੈ ਅਤੇ ਠਾਣਿਆਂ ਕਚਹਿਰੀਆਂ ਵਿਚ ਚੱਲਦੇ ਮੁਕੱਦਮਿਆਂ ਨੇ ਅੱਖ ਦੀ ਸ਼ਰਮ ਨੂੰ ਗਾਇਬ ਕਰ ਛੱਡਿਐ। ਆਰਥਿਕ ਸੌੜਾਂ ਸਮਾਜਿਕ ਬੰਧਨਾਂ 'ਤੇ ਭਾਰੂ ਪਈਆਂ ਨੇ। "ਭੈਣਾਂ ਵਰਗਾ ਸਾਕ ਨਾ ਕੋਈ, ਰੁੱਸ ਕੇ ਨਾ ਬਹਿਜੀਂ ਵੀਰਿਆ" ਅਰਥਾਂ ਤੋਂ ਸੱਖਣਾ ਹੋ ਗਿਐ। ਕਿੱਥੇ ਗਈਆਂ ਸੌਂਹਾਂ ਅਤੇ ਸੁਗੰਧਾਂ? ਭਾਈ, ਭਾਈ ਤੋਂ ਨਾਬਰ ਹੋਇਐ। ਵੱਟਾਂ ਬਣਾਈ ਬੈਠੇ ਨੇ। ਕਿੱਥੇ ਗਏ ਕੁਲਵੰਤ ਸਿੰਘ ਵਿਰਕ ਦੇ ਲਾਲ ਤੇ ਦਿਆਲ? ਧੀਰ ਦੇ ਕਪੂਰ ਸਿੰਹੁ ਤੇ ਦਰਬਾਰਾ, ਕਿੱਧਰ ਅਲੋਪ ਹੋ ਗਏ? ਦੁਸ਼ਮਣੀਆਂ ਪੁਗਾ ਕੇ ਵੀ ਜਿਨ੍ਹਾਂ ਨੇ ਪਾਕ ਰਿਸ਼ਤਿਆਂ ਦਾ ਦਾਮਨ ਨਹੀਂ ਛੱਡਿਆ। ਅੱਜ ਆਮ ਕਹਾਵਤ ਹੈ ਕਿ ਹਜ਼ਾਰਾਂ ਰਿਸ਼ਤੇਦਾਰਾਂ ਨਾਲੋਂ ਇੱਕ ਸੱਚਾ ਦੋਸਤ ਸੁਹਿਰਦ ਹੁੰਦੈ। ਕਈ ਵਾਰੀ ਉਮਰਾਂ ਤੋੜੀ ਸਾਥ ਨਿਭਾਅ ਜਾਂਦੇ ਨੇ ਇਹ ਅਜਨਬੀ, ਜਿੱਥੇ ਸਾੜਾ, ਈਰਖਾ ਅਤੇ ਤੰਗ ਦਿਲੀ ਦਸਤਕ ਨਹੀਂ ਦਿੰਦੀ।

ਅਮਾਨਵੀ ਇਲੈਕਟ੍ਰਾਨਿਕ ਯੰਤਰਾਂ ਨੇ, ਜਿੱਥੇ ਅਣਜਾਣ ਰਿਸ਼ਤਿਆਂ ਨੂੰ ਨੇੜੇ ਲਿਆਂਦਾ, ਉਥੇ ਜੜ੍ਹਾਂ 'ਤੇ ਸੱਟ ਵੀ ਮਾਰੀ ਐ। ਤਾਹਨੇ-ਮਿਹਣੇ, ਗਾਲੀ-ਗਲੋਚ ਅੱਜ ਕੱਲ੍ਹ ਮੋਬਾਈਲ ਦੀ 'ਸਟੇਟਸ' ਦੱਸਦੀ ਐ। ਮਨਾਂ ਵਿਚਲਾ ਖਲਾਅ ਰਿਸ਼ਤੇ ਦੀ ਪਵਿੱਤਰਤਾ ਭੁਲਾ, ਖਟਾਸ ਨੂੰ ਜੱਗ ਜ਼ਾਹਰ ਕਰ ਦਿੰਦੈ, ਜਿਸ ਦੇ ਫ਼ੱਟ ਭਰਨੇ ਮੁਸ਼ਕਿਲ ਹੋ ਜਾਂਦੇ ਨੇ। ਸੋਸ਼ਲ ਮੀਡੀਆ ਦੀਆਂ 'ਲਾਈਕਸ' ਅਤੇ 'ਡਿਸਲਾਈਕਸ' ਨਿਰਧਾਰਿਤ ਕਰਦੀਆਂ ਨੇ ਕਿ ਨਿੱਘ ਕਿੰਨੈ? ਇੱਕ ਖਾਂਦੇ-ਪੀਂਦੇ ਪਰਿਵਾਰ ਦਾ ਮੰਗਣੀ ਰਿਸ਼ਤਾ ਇਸ ਕਰ ਕੇ ਭੁਰ ਗਿਆ, ਕਿ ਮੰਗੇਤਰ ਲੜਕੇ ਨੇ ਆਪਣੀ ਹੋਣ ਵਾਲੀ ਪਤਨੀ ਦੇ ਭਰਾ ਦੀ 'ਪੋਸਟ' ਨੂੰ 'ਹਿੱਪ ਹਿੱਪ ਹੁਰਰੇ' ਨਹੀਂ ਕੀਤਾ। ਸ਼ਿਕਾਇਤ ਸੀ ਕਿ ਅੱਜ ਮੇਰੇ ਭਰਾ ਦੀ ਫੇਸਬੁੱਕ ਪੋਸਟ ਲਾਈਕ ਕਰਨ ਦਾ ਵਿਹਲ ਨਹੀਂ, ਤਾਂ ਕੱਲ੍ਹ ਮੇਰੇ ਲਈ ਕਿੱਥੋਂ ਸਮਾਂ ਮਿਲੇਗਾ?

ਖ਼ੈਰ ਪ੍ਰਮਾਤਮਾ ਸੁਮੱਤ ਬਖ਼ਸ਼ੇ! ਇਨ੍ਹਾਂ ਪਾਵਨ ਧਾਗਿਆਂ ਦੀਆਂ ਗੰਢਾਂ ਮਜ਼ਬੂਤ ਕਰੀਏ, ਕਿਉਂਕਿ ਗ਼ਮਗੀਨ ਪਲਾਂ ਵਿਚ ਤੁਹਾਡੀ ਆਵਾਜ਼, ਤੁਹਾਡੇ 'ਆਪਣਿਆਂ' ਨੇ ਹੀ ਸੁਣਨੀ ਐ। ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡਾ ਦਿਲ ਕਿਸੇ ਹੋਰ ਵਜੂਦ ਵਿਚ ਵੀ ਧੜਕਦੈ!!

ਅਜੋਕੇ ਪ੍ਰਸੰਗ ਵਿਚ:

ਦਿਲੋਂ ਤਾਂ ਪਹਿਲਾਂ ਹੀ, ਕਿਹੜਾ ਕੋਈ ਨੇੜੇ ਕਿਸੇ ਦੇ ਸੀ,
ਕਰੋਨਾ ਨੇ ਤਾਂ ਬੱਸ ਸਾਨੂੰ ਸਾਡਾ ਸੱਚ ਹੀ ਦਿਖਾਇਆ ਏ। ( ਸੰਜੀਵ ਆਨੰਦ )

## ਗ਼ਜ਼ਲ

ਕਦੇ ਨਾ ਹਾਦਸਾ ਬਣਿਆਂ, ਨਾ ਮੈਂ ਹਥਿਆਰ ਬਣਿਆਂ ਹਾਂ।
ਦਵਾ ਬਣਿਆਂ, ਦੁਆ ਬਣਿਆਂ, ਮੈਂ ਜਿੰਨੀ ਵਾਰ ਬਣਿਆਂ ਹਾਂ।

ਜਦੋਂ ਖਾਮੋਸ਼ ਰਹਿਣੇ ਦੀ ਸਜ਼ਾ, ਸਾਜ਼ਾਂ ਨੂੰ ਹੋਈ ਤਾਂ,
ਮੈਂ ਸੁਰ ਹੋਇਆ, ਹੋਇਆ ਸ਼ਬਦ, ਸਿਰਜਣਹਾਰ ਬਣਿਆ ਹਾਂ।

ਪਸਾਰੇ ਪੈਰ ਚਾਦਰ ਵੇਖ ਕੇ ਹੀ ਜ਼ਿੰਦਗੀ ਸਾਰੀ,
ਨਾ ਧਰਤੀ ਹੇਠਲੇ ਇਸ ਬਲਦ ਉਤੇ ਭਾਰ ਬਣਿਆਂ ਹਾਂ।

ਤੁਹਾਡੇ ਤੇ ਮੇਰੇ ਵਿੱਚ ਫ਼ਰਕ ਹੈ ਤਾਂ ਸਿਰਫ ਏਨਾ ਹੀ,
ਤੁਸੀਂ ਬਣਦੇ ਭੰਵਰ, ਮੈਂ ਸਦਾ ਪਤਵਾਰ ਬਣਿਆਂ ਹਾਂ।



ਅਜੈ ਤਨਵੀਰ

ਗਿਲਾ-ਸ਼ਿਕਵਾ ਨਹੀਂ ਮੈਨੂੰ, ਕੋਈ ਜਾਣੇ ਜਾਂ ਨਾ ਜਾਣੇ,
ਕਦੇ ਵੀ ਭੀੜ-ਤੰਤਰ ਦਾ ਨਾ ਹਿੱਸੇਦਾਰ ਬਣਿਆਂ ਹਾਂ।

ਮੈਂ ਰਹਿੰਦਾ ਸਾਰੀ ਉਮਰ ਧਾਤ, ਜੇ ਨਾ ਅੱਗ ਵਿੱਚ ਢਲਦਾ,
ਤਸੀਹੇ ਜਰ ਕੇ, ਮਿਹਨਤਕਸ਼ ਲਈ ਔਜ਼ਾਰ ਬਣਿਆਂ ਹਾਂ।

ਲਿਖੀ ਬੇਖੌਫ਼ ਹੋ 'ਸਰਹੰਦ' ਤੇ 'ਚਮਕੌਰ' ਦੀ ਗਾਥਾ,
ਮੈਂ 'ਅੱਲਾ ਯਾਰ ਖਾਂ' ਦਾ ਤਾਂ ਹੀ ਪੈਰੋਕਾਰ ਬਣਿਆਂ ਹਾਂ।

ਮੁਹੱਬਤ ਨੇ ਸਿਖਾ ਦਿੱਤਾ ਹੈ ਮੈਨੂੰ ਮਹਿਕਣਾ ਤਨਵੀਰ,
ਤੇਰੇ ਰਸਤੇ 'ਚ ਇਸ ਕਰਕੇ ਖਿੜੀ ਗੁਲਜ਼ਾਰ ਬਣਿਆਂ ਹਾਂ।


# ਨਾਰੀ ਸੰਵੇਦਨਾ ਨੂੰ ਸੰਘਰਸ਼ ਵਿਚ ਰੂਪਾਂਤਰਿਤ ਕਰਦੀ ਅਨੰਤ ਕਥਾ ਦਾ ਅਨੰਤ ਬਿਰਤਾਂਤ 'ਮੈਂ ਇਕ ਕਥਾ' (ਕਹਾਣੀ ਸੰਗ੍ਰਹਿ)

## ਪੁਸਤਕ ਚਰਚਾ

**ਨਿਰੰਜਣ ਬੋਹਾ**
ਫੋਨ: 91-89682-82700

ਵਿਸ਼ਵਜੋਤੀ ਧੀਰ ਸੰਨ 2007 ਵਿਚ ਆਪਣੇ ਕਹਾਣੀ ਸੰਗ੍ਰਹਿ 'ਆਖਿਰ ਸਿੰਕਦਰ ਜਿੱਤ ਗਿਆ' ਦੇ ਪ੍ਰਕਾਸ਼ਨ ਤੋਂ ਪੂਰੇ 15 ਵਰ੍ਹੇ ਬਾਅਦ ਆਪਣਾ ਨਵਾਂ ਕਹਾਣੀ-ਸੰਗ੍ਰਹਿ 'ਮੈਂ ਇਕ ਕਥਾ' ਲੈ ਕੇ ਪੰਜਾਬੀ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋਈ ਹੈ। ਭਾਵੇਂ ਉਸ ਦੀਆਂ ਕਹਾਣੀਆਂ ਲਿਖਣ ਦੀ ਰਫਤਾਰ ਧੀਮੀ ਹੈ ਪਰ ਇਨ੍ਹਾਂ ਦੀ ਸੰਵਾਦਕ ਸਮਰੱਥਾ ਬਹੁਤ ਤੀਬਰ ਤੇ ਪ੍ਰਭਾਵੀ ਹੈ। ਉਸ ਦੇ ਇਸ ਨਵੇਂ ਕਹਾਣੀ-ਸੰਗ੍ਰਹਿ ਵਿਚ ਉਸ ਦੀਆਂ ਕੁਲ ਚਾਰ ਕਹਾਣੀਆਂ ਸ਼ਾਮਲ ਹਨ। 'ਮੈਂ ਇਕ ਕਥਾ' ਨਾਂ ਦੀ ਕੋਈ ਵੀ ਕਹਾਣੀ, ਸੰਗ੍ਰਹਿ ਵਿਚ ਸ਼ਾਮਿਲ ਨਹੀਂ ਹੈ ਪਰ ਕਹਾਣੀ-ਸੰਗ੍ਰਹਿ ਦੇ ਇਸ ਟਾਈਟਲ ਦਾ ਥੀਮਕ ਪਸਾਰ ਚਾਰਾਂ ਹੀ ਕਹਾਣੀਆਂ ਵਿਚ ਪਸਰਿਆ ਵਿਖਾਈ ਦਿੰਦਾ ਹੈ। ਇਨ੍ਹਾਂ ਕਹਾਣੀਆਂ ਦਾ ਵਿਸ਼ਲੇਸ਼ਣੀ ਬੋਧ ਹਰ ਮਨੁੱਖ ਨੂੰ ਆਪਣੇ ਆਪ ਵਿਚ ਕਥਾ ਕਰਾਰ ਦਿੰਦਾ ਹੈ ਤੇ ਇਸ ਅਨੁਸਾਰ ਸਮਾਜਿਕ, ਆਰਥਿਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਦੇ ਯਤਨਾਂ ਵਿਚੋਂ ਮਿਲਦੀ ਸਫਲਤਾ ਜਾਂ ਅਸਫ਼ਲਤਾ ਹਰ ਮਨੁੱਖੀ ਕਥਾ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕਰਦੀ ਹੈ। ਚਾਹੇ ਇਨ੍ਹਾਂ ਕਹਾਣੀਆਂ ਦੇ ਵਿਸ਼ੇ ਵੱਖਰੇ ਵੱਖਰੇ ਹਨ ਪਰ ਪੁਸਤਕ ਟਾਈਟਲ ਦਾ ਥੀਮ ਜਾਂ ਕੇਂਦਰੀ ਵਿਚਾਰ ਇਨ੍ਹਾਂ ਨੂੰ ਇਕ ਸਾਂਝੇ ਸੂਤਰ ਵਿਚ ਵੀ ਬੰਨ੍ਹਦਾ ਹੈ। ਪੁਸਤਕ ਦੇ ਵਿਚਾਰਧਾਰਾਈ ਨੁਕਤੇ ਅਨੁਸਾਰ ਸਮਾਜ ਦੀ ਪੁਰਸ਼ ਪ੍ਰਧਾਨਤਾ ਅਨੰਤਕਾਲ ਤੋਂ ਹੀ ਔਰਤ ਤੋਂ ਉਸਦੇ ਹਿੱਸੇ ਦੇ ਮਨੁੱਖੀ ਅਧਿਕਾਰ ਖੋਹਣ ਦੇ ਯਤਨ ਕਰ ਰਹੀ ਹੈ ਤਾਂ ਇਸ ਸਥਿਤੀ ਵਿਚ ਉਭਰਣ ਲਈ ਉਸ ਵੱਲੋਂ ਕੀਤਾ ਜਾਣ ਵਾਲਾ ਸੰਘਰਸ਼ ਵੀ ਉਸਦੇ ਜੀਵਨ ਦੀ ਅਨੰਤ ਕਥਾ ਬਣ ਜਾਂਦਾ ਹੈ।

ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਵਿਚਲੇ ਨਾਰੀ ਪਾਤਰਾਂ ਅੰਦਰਲੀ ਵੇਦਨਾ ਤੇ ਸੰਵੇਦਨਾ ਕਈ ਸੰਘਰਸ਼ੀ ਪੜਾਵਾਂ ਵਿਚੋ ਲੰਘ ਕੇ ਔਰਤ ਨੂੰ ਲਿੰਗ-ਭੇਦ ਮੁਕਤ ਆਜ਼ਾਦੀ ਦਿਵਾਉਣ ਦੇ ਮੰਤਵੀ ਉਦੇਸ਼ ਨਾਲ ਜਾ ਜੁੜਦੀ ਹੈ। ਅਜੋਕੇ ਪੂੰਜੀਵਾਦੀ ਯੁਗ ਵਿਚ ਔਰਤ ਦੀ ਸਮਾਜਿਕ ਸਥਿਤੀ ਕਾਫੀ ਗੁੰਝਲਦਾਰ ਬਣੀ ਹੋਈ ਹੈ। ਭਾਵੇਂ ਉਸ ਕੋਲੋਂ ਜਾਗੀਰਦਾਰੀ ਯੁਗ ਵਲੋਂ ਖੋਹੇ ਮਨੁੱਖੀ ਅਧਿਕਾਰ ਵਾਪਸ ਕਰਨ ਦਾ ਵਿਖਾਵਾ ਕੀਤਾ ਜਾ ਰਿਹਾ ਹੈ ਪਰ ਮਨੁੱਖੀ ਅਵਚੇਤਨ ਵਿਚ ਪਏ ਮੱਧਕਾਲੀ ਯੁਗ ਦੇ ਸੰਸਕਾਰ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਦੇ ਰਾਹ ਵਿਚ ਅਜੇ ਵੀ ਵੱਡੀ ਰੁਕਾਵਟ ਬਣੇ ਹੋਏ ਹਨ। ਸੰਗ੍ਰਹਿ ਦੀ ਪਹਿਲੀ ਕਹਾਣੀ 'ਰਿਲੇਅ ਰੇਸ' ਇਸ ਕੌੜੇ ਸੱਚ ਨੂੰ ਬਿਆਨਦੀ ਹੈ ਕਿ 21ਵੀਂ ਸਦੀ ਵਿਚ ਪਹੁੰਚ ਕੇ ਵੀ ਧੀਆਂ ਦੇ ਮਾਪੇ ਉਨ੍ਹਾਂ ਲਈ ਲਈ ਵਰ-ਘਰ ਤਲਾਸ਼ ਕਰਨ ਵੇਲੇ ਮੁੰਡੇ ਦੀ ਵਿਦਿਅਕ ਤੇ ਬੌਧਿਕ ਯੋਗਤਾ ਦੇ ਮੁਕਾਬਲੇ ਵਿਚ ਉਸ ਦੇ ਨਾਂ ਬੋਲਦੀ ਜ਼ਮੀਨ-ਜਾਇਦਾਦ ਨੂੰ ਵੱਧ ਅਹਿਮੀਅਤ ਦੇ ਰਹੇ ਹਨ। ਇਸੇ ਕਾਰਨ ਦਕਸ਼ ਵਰਗਾ ਸਿਰੇ ਦਾ ਨਸ਼ੇੜੀ ਮੁੰਡਾ ਕੋਮਲ ਵਰਗੀ ਪੜ੍ਹੀ ਲਿਖੀ ਤੇ ਸੰਵੇਸਨਸ਼ੀਲ ਕੁੜੀ ਦਾ ਮੰਗੇਤਰ ਬਣਨ ਵਿਚ ਸਫ਼ਲ ਹੋ ਜਾਂਦਾ ਹੈ। ਕੋਮਲ ਵਲੋਂ ਆਪਣੇ ਘਰ ਬਰਾਤ ਆਉਣ ਤੋਂ ਇਕ ਦਿਨ ਪਹਿਲਾਂ ਨਸ਼ੇੜੀ ਲਾੜੇ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰਨਾ ਚਾਹੇ ਪ੍ਰਚੱਲਿਤ ਸਮਾਜਿਕ ਰਵਾਇਤਾਂ ਨੂੰ ਸਿੱਧੀ ਚੁਣੌਤੀ ਦੇਣ ਵਾਲਾ ਕਾਰਜ ਹੈ ਪਰ ਉਹ 'ਲੋਕ ਕੀ ਕਹਿਣਗੇ' ਦੇ ਰੂੜ੍ਹੀਗਤ ਦਬਾਵਾਂ ਦਾ ਸਾਬਤ ਕਦਮੀਂ ਮੁਕਾਬਲਾ ਕਰ ਸਕਣ ਵਿਚ ਸਫ਼ਲ ਰਹਿੰਦੀ ਹੈ, ਜਦਕਿ ਉਸਦੇ ਮਾਪੇ ਪੂਰੀ ਤਰ੍ਹਾਂ ਅਜਿਹੇ ਸੰਸਕਾਰਗਤ ਦਬਾਵਾਂ ਦੀ ਜਕੜ ਵਿਚ ਹਨ।




ਉਸਦੀ ਸਹੇਲੀ ਚੇਤਨਾ ਤੇ ਉਸਦੀ ਮਾਂ ਜ਼ਿੰਦਗੀ ਦੀ ਰਿਲੇਅ ਰੇਸ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੀਆਂ ਔਰਤਾਂ ਹੋਣ ਦੇ ਨਾਤੇ ਉਸ ਅੰਦਰ ਅਜਿਹੀ ਸਿਰਜਣਾਤਮਕ ਊਰਜਾ ਦਾ ਸੰਚਾਰ ਕਰਦੀਆਂ ਹਨ ਕਿ ਉਹ ਵੀ ਕਿਸੇ 'ਤੇ ਨਿਰਭਰ ਰਹਿਣ ਦੀ ਬਜਾਇ ਆਪਣੇ ਦਮ 'ਤੇ ਜ਼ਿੰਦਗੀ ਦੀ ਨਵੇਂ ਸਿਰੇ ਤੋਂ ਸ਼ੁਰੂਆਤ ਕਰਨ ਬਾਰੇ ਸੋਚਣ ਲੱਗਦੀ ਹੈ। ਆਪਣੇ ਨਾਲ ਵਾਪਰੀ ਦੁਖਾਂਤਕ ਘਟਨਾ ਤੋਂ ਬਾਅਦ ਚਾਹੇ ਉਹ ਆਪਣੀ ਸਹੇਲੀ ਦੇ ਘਰ ਕੁਝ ਵਕਤ ਲਈ ਮਾਨਸਿਕ ਰਾਹਤ ਹਾਸਲ ਕਰਨ ਦੇ ਉਦੇਸ਼ ਨਾਲ ਹੀ ਆਉਂਦੀ ਹੈ ਪਰ ਇੱਥੇ ਆ ਕੇ ਉਸ ਅੰਦਰ ਪੈਦਾ ਹੋਇਆ ਸਵੈ-ਵਿਸ਼ਵਾਸ ਹੀ ਉਸ ਲਈ ਮੁਕਤੀ ਦਾ ਮਾਰਗ ਬਣ ਜਾਂਦਾ ਹੈ। ਜੇ ਉਹ ਮਾਪਿਆਂ ਦੀ ਇੱਛਾ ਅਨੁਸਾਰ ਦਕਸ਼ ਨਾਲ ਵਿਆਹ ਕਰਵਾ ਕੇ ਪੇਕਾ ਘਰ ਛੱਡਦੀ ਤਾਂ ਯਕੀਨੀ ਰੂਪ ਵਿਚ ਉਸਨੂੰ ਨਰਕੀ ਜ਼ਿੰਦਗੀ ਜਿਊਣੀ ਪੈਣੀ ਸੀ ਪਰ ਜਦੋਂ ਉਹ ਔਰਤ ਦੀ ਬਲੀ ਮੰਗਦੇ ਮੱਧਕਾਲੀ ਯੁਗ ਦੇ ਸੰਸਕਾਰਾਂ ਤੋਂ ਛੁਟਕਾਰਾ ਪਾਉਣ ਲਈ ਆਪਣੀ ਮਰਜ਼ੀ ਨਾਲ ਆਪਣਾ ਪੇਕਾ ਘਰ ਛੱਡਦੀ ਹੈ ਤਾਂ ਉਸਦੇ ਚੰਗੇਰੇ ਭਵਿੱਖ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਉਸ ਦਾ ਸਵਾਗਤ ਕਰਦੀਆਂ ਜਾਪਦੀਆਂ ਹਨ। ਇਸ ਤਰ੍ਹਾਂ ਕਹਾਣੀ ਨਾਰੀ ਮੁਕਤੀ ਦੇ ਹੱਕ ਤੇ ਵਿਰੋਧ ਵਿਚ ਭੁਗਤਦੀ ਸੋਚ ਦੇ ਦਵੰਦਾਤਮਕ ਤਣਾਓ ਵਿਚੋਂ ਔਰਤ ਦੀ ਆਜ਼ਾਦੀ ਦਾ ਅਜਿਹਾ ਰਾਹ ਤਲਾਸ਼ਦੀ ਹੈ ਜੋ ਹੋਰਨਾਂ ਨੂੰ ਵੀ ਆਪਣੇ ਵੱਲ ਖਿੱਚ ਸਕੇ।

ਕਹਾਣੀ 'ਮੈਨਗਰੂਵ' ਦੀ ਸ਼ੁਰੂਆਤ ਭਾਵੇਂ ਮਹਾਜਨੀ ਗੁਲਾਮੀ ਭੋਗ ਰਹੇ ਮਕੈਨਿਕ ਪੂਰਨ ਦੀਆਂ ਦੁਸ਼ਵਾਰੀਆਂ ਨਾਲ ਹੁੰਦੀ ਹੈ ਪਰ ਕਹਾਣੀ ਦਾ ਮੱਧ ਤੇ ਅੰਤ ਨਾਰੀ ਮੁਕਤੀ ਦੀ ਉਲਝੀ ਸਮੱਸਿਆ ਦਾ ਹੀ ਤਰਕਸੰਗਤ ਹੱਲ ਤਲਾਸ਼ ਕਰਨ ਦੀ ਕਿਰਿਆਸ਼ੀਲਤਾ ਨਾਲ ਜੁੜਿਆ ਹੋਇਆ ਹੈ। ਇਸ ਕਹਾਣੀ ਦੇ ਕਈ ਪਾਤਰ ਸਮਾਜ ਦੀ ਲਿੰਗ-ਭੇਦ ਵਾਲੀ ਬਣਤਰ ਦਾ ਦੁਖਾਂਤ ਭੋਗ ਰਹੇ ਹਨ। ਇਕ ਪਾਸੇ ਤੀਸ਼ੇ ਸੇਠ ਤੇ ਪਰਦੀਪ ਵਰਗੇ ਵਿਆਹੇ ਵਰ੍ਹੇ ਨੌਜਵਾਨ ਬਿਗਾਨੀਆਂ ਔਰਤਾਂ ਮਗਰ ਦੌੜਦੇ ਵਿਖਾਈ ਦਿੰਦੇ ਹਨ ਤਾਂ ਦੂਜੇ ਪਾਸੇ ਉਨ੍ਹਾਂ ਦੀਆਂ ਔਰਤਾਂ ਹਵੇਲੀਆਂ ਵਿਚ ਕੈਦੀਆਂ ਤੋਂ ਵੀ ਬਦਤਰ ਜ਼ਿੰਦਗੀ ਜਿਉਂ ਰਹੀਆਂ ਹਨ। ਇਸ ਕਹਾਣੀ ਵਿਚਲੀਆਂ ਔਰਤ ਪਾਤਰਾਂ ਦੀ ਸ਼ਖਸੀ ਆਜ਼ਾਦੀ ਦੇ ਵੀ ਵੱਖੋ ਵੱਖ ਪੜਾਅ ਹਨ। ਜਿੱਥੇ ਤੀਸ਼ੇ ਦੀ ਪਤਨੀ ਸੰਧਿਆ ਆਪਣੇ ਪਤੀ ਵਲੋਂ ਕੀਤੇ ਜਾਂਦੇ ਅਮਾਨਵੀ ਵਿਹਾਰ ਕਾਰਨ ਅੰਦਰ ਹੀ ਅੰਦਰ ਤੜਫ ਰਹੀ ਹੈ ਉੱਥੇ ਉਸ ਦੀ ਦਰਾਣੀ ਚੰਚਲ ਸਮਾਜਿਕ ਮਰਿਆਦਾ ਦੇ ਨਾਂ 'ਤੇ ਕੀਤੀ ਕੈਦ ਨੂੰ ਕਬੂਲਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੈ। ਕਹਾਣੀਕਾਰਾ ਸੰਧਿਆ ਦੀ ਕੁੰਠਿਤ ਮਾਨਸਿਕਤਾ ਨੂੰ ਉਸਨੂੰ ਪੈਂਦੇ ਬੇਹੋਸ਼ੀ ਦੇ ਦੌਰਿਆਂ ਰਾਹੀਂ ਬੜੀ ਕਲਾਤਮਿਕਤਾ ਨਾਲ ਉਭਾਰਨ ਵਿਚ ਸਫ਼ਲ ਰਹੀ ਹੈ। ਧਾਰਮਿਕ ਸਮਾਗਮ ਸਮੇਂ ਉਸ ਵਲੋਂ ਰਾਧਾ ਰੂਪ ਵਿਚ ਕੀਤਾ ਮਦਹੋਸ਼ ਨਾਚ ਵੀ ਉਸ ਦੀਆਂ ਦਮਿਤ ਇੱਛਾਵਾਂ ਦੀ ਅੰਸ਼ਿਕ ਪੂਰਤੀ ਦਾ ਹੀ ਇਕ ਵਸੀਲਾ ਸਾਬਤ ਹੁੰਦਾ ਹੈ। ਸੰਧਿਆ ਵਲੋਂ ਆਪਣੇ ਇਲਾਜ ਕਰਨ ਵਾਲੇ ਡਾਕਟਰ ਨਾਲ ਫਰਾਰ ਹੋਣ ਦੀ ਘਟਨਾ ਜਦੋਂ ਇਕ ਦਮ ਸਾਹਮਣੇ ਆਉਂਦੀ ਹੈ ਤਾਂ ਪਾਠਕ ਹੈਰਾਨ ਰਹਿ ਜਾਂਦੇ ਹਨ। ਕਹਾਣੀ ਦਾ ਅੰਤ ਭਾਵੇਂ ਸਨਸਨੀ ਪੈਦਾ ਕਰਨ ਵਾਲਾ ਹੈ ਪਰ ਇਹ ਕਹਾਣੀ ਤੀਸ਼ੇ ਵਰਗੇ ਲੋਕਾਂ ਨੂੰ ਆਪਣੀ ਦਮਨਕਾਰੀ ਮਾਨਸਿਕਤਾ ਨੂੰ ਤਬਦੀਲ ਕਰਨ ਦੀ ਚਿਤਾਵਨੀ ਬੜੇ ਸਖਤ ਲਹਿਜ਼ੇ ਵਿਚ ਦੇਣ ਵਿਚ ਸਫਲ ਰਹੀ ਹੈ।

ਕਹਾਣੀ 'ਦਾਮਨ-ਏ ਕੋਹ' ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਇਸ ਨਵ-ਪੂੰਜੀਵਾਦ ਯੁੱਗ ਦੀਆਂ ਸਮਾਜਿਕ ਤੇ ਆਰਥਿਕ ਕੀਮਤਾਂ ਵਲੋਂ ਕੇਵਲ ਔਰਤ ਹੀ ਨਹੀਂ ਸਗੋਂ ਪੁਰਸ਼ ਦੀਆਂ ਭਾਵਨਾਵਾਂ ਦਾ ਵੀ ਨਿਰੰਤਰ ਰੂਪ ਵਿਚ ਦਮਨ ਕੀਤਾ ਜਾ ਰਿਹਾ ਹੈ। ਫਾਈਨ ਆਰਟ ਵਿਸ਼ੇ ਦਾ ਪ੍ਰੋਫੈਸਰ ਪਾਰਸ ਚਿੱਤਰਕਾਰੀ ਦੀ ਕਲਾ ਨੂੰ ਰੂਹ ਤੋਂ ਪਿਆਰ ਕਰਦਾ ਹੈ ਪਰ ਪੈਸੇ ਤੇ ਪਦਾਰਥਕ ਸਹੂਲਤਾਂ ਨੂੰ ਕਲਾ ਨਾਲੋਂ ਵੱਧ ਅਹਿਮੀਅਤ ਦੇਣ ਵਾਲੀ ਪਤਨੀ ਦੇ ਦਬਾਅ ਹੇਠ ਉਹ ਆਪਣੀ ਆਰਟ ਗੈਲਰੀ ਛੱਡ ਕੇ ਕੈਨੇਡਾ ਦੀ ਪੀਜ਼ਾ ਹੱਟ ਦੀਆਂ ਪਲੇਟਾਂ ਸਾਫ ਕਰਨ ਲਈ ਮਜਬੂਰ ਹੈ। ਕਹਾਣੀ ਦੀ ਦੂਸਰੀ ਮੁੱਖ ਪਾਤਰ ਮੈਨਾ ਉਰਫ ਤਸਨੀਫ਼ ਸੰਗੀਤ ਨੂੰ ਦਿਲੋਂ ਪਿਆਰ ਕਰਦੀ ਹੈ ਪਰ ਉਸ ਦਾ ਤਾਨਾਸ਼ਾਹ ਬਿਰਤੀ ਦਾ ਮੇਜਰ ਪਤੀ ਉਸ ਦੀਆਂ ਭਾਵਨਾਵਾਂ ਨੂੰ ਦਬਾਉਣ ਵਿਚ ਕੋਈ ਕਸਰ ਨਹੀਂ ਛੱਡਦਾ। ਕੁਝ ਸਮਾਂ ਇਹ ਦੋਵੇਂ ਕਲਾਕਾਰ ਪਾਤਰ ਇਕ ਦੂਜੇ ਦੇ ਸਾਥ ਵਿਚੋਂ ਮਾਨਸਿਕ ਸਕੂਨ ਹਾਸਲ ਕਰਦੇ ਹਨ ਪਰ ਪਾਰਸ ਦੇ ਵਿਦੇਸ਼ ਚਲੇ ਜਾਣ 'ਤੇ ਇਹ ਰਾਹਤ ਵੀ ਬੰਦ ਹੋ ਜਾਂਦੀ ਹੈ। ਕੁਝ ਸਾਲ ਬਾਅਦ ਜਦੋਂ ਪਾਰਸ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਵਾਪਸ ਸੁੰਦਰ ਨਗਰ ਪਰਤਦਾ ਹੈ ਤਾਂ ਉਦੋਂ ਤਕ ਤਸਨੀਫ਼ ਆਪਣੇ ਪਤੀ ਤੋਂ ਤਲਾਕ ਲੈ ਕੇ ਕਾਲਜ ਵਿਚ ਸੰਗੀਤ ਦੇ ਪ੍ਰੋਫੈਸਰ ਵਜੋਂ ਆਪਣੀ ਨਵੀਂ ਪਛਾਣ ਬਣਾ ਚੁੱਕੀ ਹੁੰਦੀ ਹੈ। ਜੇ ਤਸਨੀਫ਼ ਉਸ ਦੀ ਪ੍ਰੇਰਣਾ ਨਾਲ ਆਪਣਾ ਇਹ ਨਵਾਂ ਮੁਕਾਮ ਹਾਸਿਲ ਕਰਦੀ ਹੈ ਤੇ ਉਹ ਵੀ ਤਸਨੀਫ਼ ਦੀ ਪ੍ਰੇਰਣਾ ਨਾਲ ਹੀ ਆਪਣੇ ਅੰਦਰਲੇ ਕਲਾਕਾਰ ਨੂੰ ਕਦੇ ਵੀ ਮਰਨ ਨਾ ਦੇਣ ਦਾ ਅਹਿਦ ਲੈਂਦਾ ਹੈ। ਪਹਿਲੀ ਹੀ ਮੁਲਾਕਾਤ ਵਿਚ ਤਫਨੀਫ਼ ਵਲੋਂ ਪਾਰਸ ਨੂੰ ਆਪਣੀ ਜੀਵਨ ਦੀ ਸਾਰੀ ਦਰਦ ਕਹਾਣੀ ਦੱਸਣ ਦੀ ਗੱਲ ਸੁਭਾਵਿਕਤਾ ਦੀਆਂ ਹੱਦਾਂ ਦਾ ਉਲੰਘਣ ਕਰਦੀ ਜਾਪਦੀ ਹੈ। ਜਿਸ ਬੰਦੇ ਦਾ ਉਹ ਨਾਂ ਵੀ ਨਹੀਂ ਜਾਣਦੀ ਤੇ ਉਸ ਨੂੰ ਉਹ ਅਚਨਚੇਤੀ ਹੋਈ ਪਹਿਲੀ ਹੀ ਮੁਲਾਕਾਤ ਵਿਚ ਆਪਣੇ ਬਾਰੇ ਸਾਰਾ ਕੁਝ ਕਿਵੇਂ ਦੱਸ ਸਕਦੀ ਹੈ?

ਸੰਗ੍ਰਹਿ ਦੀ ਆਖਿਰੀ ਤੇ ਚੌਥੀ ਕਹਾਣੀ 'ਅਨੰਤ ਕਥਾ' ਵੀ ਨਾਰੀ ਮਨ ਦੀਆਂ ਹੋਰ ਪਰਤਾਂ ਪਰਤਦੀ ਹੈ। ਇਕ ਪਾਸੇ ਕਹਾਣੀ ਦੀ ਪਾਤਰ ਕਲਪਨਾ ਵਲੋਂ ਕੀਤੀਆਂ ਆਪਣੀ ਜ਼ਿੰਦਗੀ ਨੂੰ ਆਪਣੀ ਮਰਜ਼ੀ ਅਨੁਸਾਰ ਜਿਊਣ ਦੀਆਂ ਕਲਪਨਾਵਾਂ ਉਸ ਦੇ ਪਤੀ ਦੀ ਮਰਜ਼ੀ ਦੇ ਦਾਬੇ ਹੇਠ ਦਮ ਤੋੜ ਰਹੀਆਂ ਹਨ ਤਾਂ ਦੂਜੇ ਪਾਸੇ ਉਸਦੀ ਸ਼ਖ਼ਸੀ ਆਜ਼ਾਦੀ 'ਤੇ ਵੀ ਕਈ ਪ੍ਰਕਾਰ ਦੀਆਂ ਬੰਦਿਸ਼ਾਂ ਲਾਈਆਂ ਜਾ ਰਹੀਆਂ ਹਨ। ਇਸ ਸਮੇਂ ਸਾਹਿਤ ਦੇ ਪਾਠ ਰਾਹੀਂ ਹਾਸਲ ਹੋਇਆ ਜ਼ਿੰਦਗੀ ਜਿਊਣ ਦਾ ਸਲੀਕਾ ਹੀ ਉਸਦਾ ਰਾਹ ਰੁਸ਼ਨਾਉਂਦਾ ਹੈ। ਭਾਵੇਂ ਉਹ ਕਿਸੇ ਸਮਾਜਿਕ ਮਰਿਆਦਾ ਦਾ ਉਲੰਘਣ ਨਹੀਂ ਕਰਦੀ ਪਰ ਆਪਣੀ ਜ਼ਿੰਦਗੀ ਦੀ ਮਾਲਕ ਆਪ ਬਣਨ ਦੀ ਸੋਚ ਉਸ ਲਈ ਸਵੈ-ਸਿਰਜਤ ਮਾਰਗ ਦਰਸ਼ਕ ਬਣ ਜਾਂਦੀ ਹੈ।

ਵਿਸ਼ਵਜੋਤੀ ਧੀਰ ਦੀਆਂ ਇਹੋ ਚਾਰੋਂ ਕਹਾਣੀਆਂ ਭਾਰਤੀ ਔਰਤ ਦਾ ਅਜਿਹਾ ਸ਼ਕਤੀਸ਼ਾਲੀ ਸ਼ਖ਼ਸੀ ਬਿੰਬ ਉਸਾਰਦੀਆਂ ਹਨ, ਜਿਹੜਾ ਸਮਾਜ ਵਿਚ ਉਨ੍ਹਾਂ ਦੀ ਹਕੀਕੀ ਬਰਾਬਰੀ ਦਾ ਰਾਹ ਪੱਧਰਾ ਕਰ ਸਕਣ ਦੇ ਸਮਰੱਥ ਹੋਵੇ। ਉਹ ਆਪਣੇ ਸਮਕਾਲੀ ਵਰਤਾਰਿਆਂ ਦਾ ਸਹਿਜ ਬਿਰਤਾਂਤ ਸਿਰਜਦੀ ਹੈ ਇਸ ਲਈ ਉਸ ਦੀਆਂ ਕਹਾਣੀਆਂ ਵੀ ਸਹਿਜ ਰੂਪ ਵਿਚ ਪਾਠਕੀ ਸਵੀਕ੍ਰਿਤੀ ਹਾਸਲ ਕਰ ਲੈਂਦੀਆਂ ਹਨ। ਇਨ੍ਹਾਂ ਵਿਚਲਾ ਕਥਾ ਰਸ ਵੀ ਇਨ੍ਹਾਂ ਦੀ ਪੜ੍ਹਨਯੋਗਤਾ ਨੂੰ ਵਧਾਉਂਦਾ ਹੈ। ਮੈਂ ਇਸ ਪੁਸਤਕ ਨੂੰ ਪੜ੍ਹਨ ਤੇ ਵਿਚਾਰਨ ਯੋਗ ਪੁਸਤਕਾਂ ਦੀ ਸੂਚੀ ਵਿਚ ਸ਼ਾਮਲ ਕਰ ਕੇ ਵਿਸ਼ੇਸ਼ ਰਾਹਤ ਮਹਿਸੂਸ ਕਰ ਰਿਹਾ ਹਾਂ। 72 ਪੰਨਿਆ ਤੇ 200 ਰੁਪਏ ਮੁੱਲ ਵਾਲੀ ਇਸ ਪੁਸਤਕ ਨੂੰ ਸਪਰੈਂਡ ਪਬਲੀਕੇਸ਼ਨਜ਼ ਪਟਿਆਲਾ ਨੇ ਛਾਪਿਆ ਹੈ।

---

# ਕਾਵਿ ਕਿਆਰੀ

## ਭਗਤ ਸਿੰਘ ਨੂੰ

************

ਸ਼ੇਰਾ ਤੇਰੀਆਂ ਬੈਠਕਾਂ 'ਚ
ਗਿੱਦੜ ਕਰਨ ਕਲੋਲ,
ਆਰੀਏ ਸਮਾਜੀ ਆਖ
ਅੱਜ ਬੋਲਣ ਬੋਲ ਕੁਬੋਲ।

ਵੰਡਣਾ ਚਾਹੇ ਸ਼ਹੀਦਾਂ ਨੂੰ
ਧਰਮ ਦੀ ਚਾਦਰ ਓੜ,
ਬਦਕਿਸਮਤੀ ਹੈ ਦੇਸ਼ ਦੀ
ਤੱਕ ਰਹੇ ਹਾਂ ਮੱਥੇ ਫੋੜ।

ਭੁੱਲੇ ਨੇ ਕੁਰਬਾਨੀ ਨੂੰ
ਆਜ਼ਾਦੀ ਦੀ ਬਲੀ ਮਿਸ਼ਾਲ,
ਭਾਵੇਂ ਆਜ਼ਾਦੀ ਮਾਣਦੇ
ਤੱਕੋ ਅਕ੍ਰਿਤਘਣਾਂ ਦਾ ਹਾਲ।

ਬੰਬ ਸੁੱਟ ਕੇ ਵਿਚ ਅਸੈਂਬਲੀ
ਸੀ ਤੂੰ ਬੋਲ਼ੇ ਲਏ ਜਗਾ,
ਤੈਨੂੰ ਆਖਦੇ ਅਤਿਵਾਦੀ
ਅੱਜ ਸ਼ਰੇਆਮ ਦੇਂਦੇ ਦਗ਼ਾ।

ਪਿੱਠੂ ਸਾਮਰਾਜੀਏ ਨੇ
ਰਾਏ ਬਹਾਦਰ, ਸਫ਼ੈਦਪੋਸ਼,
ਮਰਵਾਏ ਜਲ੍ਹਿਆਂ ਵਾਲ਼ੇ ਬਾਗ 'ਚ
ਹੈ ਸੱਚਾ ਦੋਸ਼।

ਸਿਰੋਪੇ ਅਕਾਲ ਤਖ਼ਤੋਂ ਦੇ ਕੇ
ਕਾਤਿਲ ਓਡਵਾਇਰ,
ਮਾਫ਼ੀਆਂ ਮੰਗਦਾ ਫਿਰੇ
ਹੱਥ ਜੋੜ ਦੋਹਤਾ ਕਾਇਰ।

ਸਰਾਏ ਨਾਗਾ ਗੁਰਦੁਆਰੇ 'ਤੇ
ਫਾਇਰ ਦਿੱਤੇ ਖੋਲ੍ਹ,
ਹੱਥੀਂ ਨਿਹੰਗ ਮਾਰ'ਤੇ
ਅਖਬਾਰ ਵਿਚ ਝੂਠ ਬੋਲ।

ਫਿਰ ਭੀ ਅੱਜ ਘੁੰਮਦੈ
ਸਿੱਖਾਂ ਦਾ ਬਣ ਸਰਬਰਾਹ,
ਆਉ ਥਾਂ-ਥਾਂ ਪਿੱਟੀਏ
ਪਾਈਏ ਇਦ੍ਹੇ ਸਿਰ ਸੁਆਹ।

ਝੋਲ਼ੀ ਚੁੱਕ ਰਹੇ ਗੋਰਿਆਂ ਦੇ
ਹਾਕਮਾਂ ਦੇ ਝਿਆਲ਼,
ਲੱਭ ਲਈਏ ਹੁਣ ਆਗੂ ਨਵੇਂ
ਛੱਡ ਇਦ੍ਹੇ ਖਿਆਲ।

*-ਸੇਵਾ ਸਿੰਘ 'ਨੂਰਪੁਰੀ'*

---

## ਗ਼ਜ਼ਲ

ਸੋਚਾਂ 'ਚ ਅਸਮਾਨ ਖੜ੍ਹੇ ਨੇ।
ਮਨ ਵਿਚ ਅਰਮਾਨ ਬੜੇ ਨੇ।
ਸੂਰਤ ਵੇਖ ਫਰਿਸ਼ਤੇ ਜਾਪਣ,
ਸੀਰਤ ਵਿਚ ਸ਼ੈਤਾਨ ਬੜੇ ਨੇ।
ਛੱਡ ਮੈਦਾਨ ਨੇ ਭੱਜ ਜਾਂਦੇ,
ਕਹਿਣ ਨੂੰ ਬਲਵਾਨ ਬੜੇ ਨੇ।
ਤੈਨੂੰ ਉੱਚਿਆਂ ਵੇਖਣ ਲਈ,
ਦਿਲ ਵਿਚ ਅਰਮਾਨ ਬੜੇ ਨੇ।
ਲੋਕਾਂ ਦੀ ਗੁਰਬਤ ਨੂੰ ਦੇਖ
ਨੇਕ ਦਿਲ ਪ੍ਰੇਸ਼ਾਨ ਬੜੇ ਨੇ।
ਇਕ ਇਕੱਲੀ ਦੁਨੀਆ ਨਈਓਂ,
ਸ੍ਰਿਸ਼ਟੀ 'ਚ ਜਹਾਨ ਬੜੇ ਨੇ।

ਹਾਰ ਕੇ ਨਾ ਤੂੰ ਢੇਰੀ ਢਾਅ,
ਜਿੱਤਣ ਲਈ ਮੈਦਾਨ ਬੜੇ ਨੇ।
ਬਰਕ ਰਫਤਾਰ ਜ਼ਮਾਨੇ ਦੀ,
ਸੋਚਾਂ ਵਿਚ ਤੂਫਾਨ ਬੜੇ ਨੇ।
ਅੰਬਰ ਚੜ੍ਹੀ ਮਹਿੰਗਾਈ ਤੋਂ,
ਵੇਖ ਲੋਕ ਪ੍ਰੇਸ਼ਾਨ ਬੜੇ ਨੇ।

ਵੇਖ ਕੇ ਚਾਲੇ ਲੀਡਰਾਂ ਦੇ,
ਲੋਕੀ ਦੇਖ ਹੈਰਾਨ ਬੜੇ ਨੇ।
ਧੋਖਾ ਉਹੀਓ ਖਾ ਲੈਂਦੇ ਹਨ,
ਲੋਕੀ ਜੋ ਜਜਮਾਨ ਬੜੇ ਨੇ।
ਵੇਖ ਚਮਨ ਦੇ ਭੰਵਰਿਆਂ ਨੂੰ,
ਫੁੱਲਾਂ 'ਤੇ ਕੁਰਬਾਨ ਬੜੇ ਨੇ।

ਸਾਂਭ ਕੇ ਆਪਣਾ ਦਾਮਨ ਰੱਖ,
ਤੇਰੇ 'ਤੇ ਨਿਗਰਾਨ ਬੜੇ ਨੇ।
ਲਗਦੇ ਚੰਗਾ ਸੱਚ ਕਹਿਣ ਨੂੰ,
ਪਰ ਇਹਦੇ ਨੁਕਸਾਨ ਬੜੇ ਨੇ।
ਦਿਲ ਸੁਗੰਧੀਆਂ ਨਾਲ ਭਰੇ,
ਜ਼ਿਹਨਾਂ 'ਚ ਗੁਲਦਾਨ ਬੜੇ ਨੇ।

ਤੋੜ ਕੇ ਤਾਰੇ ਝੋਲੀ ਪਾਵਾਂ,
ਬੱਚੇ ਦੇ ਅਰਮਾਨ ਬੜੇ ਨੇ।
ਖ਼ੁਆਬਾਂ ਨੂੰ ਪੂਰਾ ਕਰਨ ਦੇ,
ਝੱਲੇ ਦੇ ਅਰਮਾਨ ਬੜੇ ਨੇ।
ਬਾਹਰੋਂ ਦਿਖਦੇ ਨੇ ਜੋ ਮੋਨ,
ਅੰਦਰਾਂ 'ਚ ਘਮਸਾਨ ਬੜੇ ਨੇ।
"ਅੱਬਾਸ" ਮੈਂ ਦੱਸਾਂ ਸਾਡੇ ਉੱਪਰ,
ਡਾਢੇ ਦੇ ਅਹਿਸਾਨ ਬੜੇ ਨੇ।

*ਮੁਹੰਮਦ ਅੱਬਾਸ ਧਾਲੀਵਾਲ*
*ਫੋਨ: 9855259650*

# 'ਮੋਹ' ਨੇ ਮੋਹ ਲਿਆ ਪੰਜਾਬੀ ਸਿਨੇਮਾ

ਪੌਲੀਵੁੱਡ

ਪੰਜਾਬੀ ਸਿਨਮੇ ਵਿਚ ਬਹੁਤ ਘੱਟ ਅਜਿਹੀਆਂ ਫ਼ਿਲਮਾਂ ਬਣਦੀਆਂ ਹਨ ਜੋ ਦਰਸ਼ਕਾਂ ਦੇ ਧੁਰ ਅੰਦਰ ਲਹਿ ਜਾਂਦੀਆਂ ਹਨ। ਕਾਮੇਡੀ ਅਤੇ ਵਿਆਹ ਦੀਆਂ ਫਿਲਮਾਂ ਦੇ ਮੁਕਾਬਲੇ ਰੁਮਾਂਸਮਈ ਫਿਲਮਾਂ ਦਾ ਦੌਰ ਸ਼ੁਰੂ ਕਰਨ ਵਾਲੇ ਲੇਖਕ ਨਿਰਦੇਸ਼ਕ ਜਗਦੀਪ ਸਿੱਧੂ ਦੀ ਸਿਫ਼ਤ ਕਰਨੀ

**ਸੁਰਜੀਤ ਜੱਸਲ**
**ਫੋਨ: 98146-07737**

ਬਣਦੀ ਹੈ ਕਿ ਉਸ ਨੇ 'ਕਿਸਮਤ, ਸੁਫ਼ਨਾ, ਲੇਖ' ਅਤੇ ਹੁਣ 'ਮੋਹ' ਵਰਗੀਆਂ ਸੰਗੀਤਮਈ ਰੁਮਾਂਟਿਕ ਫਿਲਮਾਂ ਦੀ ਲੜੀ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਬੀਤੇ ਦਿਨੀਂ ਰਿਲੀਜ਼ ਹੋਈ ਉਸ ਦੀ ਨਵੀਂ ਫਿਲਮ 'ਮੋਹ' ਬਾਰੇ ਗੱਲ ਕਰਦਿਆਂ ਖੁਸ਼ੀ ਹੁੰਦੀ ਹੈ ਕਿ ਪੰਜਾਬੀ ਸਿਨੇਮੇ ਨੂੰ ਗੀਤਾਜ਼ ਬਿੰਦਰੱਖੀਆ ਜਿਹਾ ਸੰਭਾਵਨਾਵਾਂ ਭਰਪੂਰ ਅਦਾਕਾਰ ਮਿਲਿਆ ਹੈ। ਜ਼ਿਕਰਯੋਗ ਹੈ ਕਿ ਲੰਮੀ ਹੇਕ ਵਾਲੇ ਗਾਇਕ ਸੁਰਜੀਤ ਬਿੰਦਰੱਖੀਆ ਦੇ ਹੋਣਹਾਰ ਬੇਟੇ ਗਿਤਾਜ਼ ਦੀ ਇਹ ਪਹਿਲੀ ਫਿਲਮ ਹੈ ਜਿਸ ਵਿਚ ਉਸ ਨੇ ਰੱਬੀ ਦਾ ਕਿਰਦਾਰ ਨਿਭਾਇਆ ਹੈ।

'ਮੋਹ' ਪਿਆਰ ਦਾ ਸੋਧਿਆ ਹੋਇਆ ਮਲਵਈ ਜ਼ੁਬਾਨ ਦਾ ਇਕ ਪ੍ਰਚੱਲਿਤ ਸ਼ਬਦ ਹੈ ਜਿਸਦੀ ਡੂੰਘਾਈ ਦਾ ਅਹਿਸਾਸ ਫਿਲਮ 'ਮੋਹ' ਵੇਖਦਿਆਂ ਹੀ ਮਹਿਸੂਸ ਹੁੰਦਾ ਹੈ। ਜਿਸਮਾਂ ਦੀ ਭੁੱਖ ਤੋਂ ਕੋਹਾਂ ਦੂਰ, ਸੁੱਚੀਆਂ ਪਾਕ ਪਵਿੱਤਰ ਰੂਹਾਂ ਵਾਲਾ ਮੋਹ... ਇਹ ਮੋਹ ਉਮਰਾਂ ਨਹੀਂ ਵੇਖਦਾ, ਰੰਗ-ਰੂਪ ਨਹੀਂ ਵੇਖਦਾ, ਹਾਣ-ਪਰਵਾਣ ਵੀ ਨਹੀਂ ਵੇਖਦਾ... ਬਸ ਦਿਲਾਂ ਦੀ ਧੜਕਣ ਹੀ ਸੁਣਦਾ ਹੈ। ਫ਼ਿਲਮ 'ਮੋਹ' ਇਕ ਅਜਿਹੀ ਪਿਆਰ ਕਹਾਣੀ ਹੈ ਜੋ ਪੰਜਾਬ ਦੀ ਧਰਾਤਲ ਨਾਲ ਜੁੜੀ ਸਮਾਜਿਕ ਦਾਇਰੇ 'ਚੋਂ ਉਪਜੀਆਂ ਘਟਨਾਵਾਂ ਆਧਾਰਿਤ ਸ਼ਾਇਰੀਨੁਮਾ ਗੀਤ ਸੰਗੀਤ ਦੀ ਅਨੋਖੀ ਮਿਸਾਲ ਹੈ।

ਫਿਲਮ ਦਾ ਨਾਇਕ ਹੈ ਰੱਬੀ ਅਤੇ ਨਾਇਕਾ ਗੋਰੇ। ਰੱਬੀ ਦਾ ਕਿਰਦਾਰ ਗੀਤਾਜ਼ ਨੇ ਏਨਾ ਖੂੱਬ ਕੇ ਨਿਭਾਇਆ ਹੈ ਜੋ ਦਰਸ਼ਕਾਂ ਦੇ ਦਿਲਾਂ ਵਿਚ ਹੀ ਜਾ ਉਤਰਿਆ। ਗੋਰੇ ਦਾ ਕਿਰਦਾਰ ਸਰਗੁਣ ਮਹਿਤਾ ਨੇ ਨਿਭਾਇਆ ਹੈ। ਸ਼ਿਵ ਕੁਮਾਰ ਬਟਾਲਵੀ ਦੀਆਂ ਕਿਤਾਬਾਂ ਪੜ੍ਹਨ ਵਾਲਾ ਅੱਲ੍ਹੜ ਮੁੰਡਾ ਰੱਬੀ ਸਕੂਲ ਪੜ੍ਹਦੀ ਮੰਡੀਰ 'ਚੋਂ ਵਿਲੱਖਣ ਸੋਚ ਵਾਲਾ ਹੈ, ਜੋ ਪਿਆਰ ਨੂੰ ਵਾਸ਼ਨਾ ਨਾਲੋਂ ਸਾਹਾਂ ਦੇ ਸਕੂਨ ਨੂੰ ਵਧੇਰੀ ਅਹਿਮੀਅਤ ਦਿੰਦਾ ਹੈ। ਨਾਨਕੇ ਪਿੰਡ ਪੜ੍ਹਨ ਗਿਆ ਰੱਬੀ ਗੁਆਂਢ 'ਚ ਰਹਿੰਦੀ ਇਕ ਵਿਆਹੁਤਾ ਔਰਤ ਗੋਰੇ ਦੇ ਮੋਹ ਵਿਚ ਭਿੱਜ ਜਾਂਦਾ ਹੈ। ਗੋਰੇ ਭਰ ਜੋਬਨ ਮੁਟਿਆਰ ਹੈ, ਜਿਸ ਦੀ ਗੋਦੀ ਇਕ ਜੁਆਕ ਵੀ ਹੈ। ਉਹ ਘਰੋਂ ਦੁਖੀ ਹੈ ਉਸ ਦਾ ਘਰਵਾਲਾ ਸ਼ਰਾਬੀ ਕਿਸਮ ਦਾ ਦਿਹਾੜੀਦਾਰ ਬੰਦਾ ਹੈ। ਗੋਰੇ ਦਾ ਅਤੀਤ ਨਾਚ ਕਲਾ ਗਰੁੱਪ ਨਾਲ ਜੁੜਿਆ ਹੋਇਆ ਸੀ ਪਰ ਵਿਆਹ ਸਮਾਗਮਾਂ 'ਚ ਸ਼ਰਾਬੀਆਂ ਦੀਆਂ ਲਲਚਾਈਆਂ ਨਜ਼ਰਾਂ ਤੋਂ ਡਰਦਿਆਂ ਵਿਆਹ ਕਰਵਾ ਲੈਂਦੀ ਹੈ। ਬਾਅਦ ਵਿਚ ਉਸਦੇ ਘਰਵਾਲੇ ਨੂੰ ਇਸ ਬਾਰੇ ਪਤਾ ਲੱਗਦਾ ਹੈ ਤਾਂ ਉਹ ਉਸ ਨੂੰ ਨਫ਼ਰਤ ਕਰਨ ਲੱਗਦਾ ਹੈ। ਜਦ ਵੀ ਕਿਸੇ ਚਲਦੇ ਗੀਤ 'ਤੇ ਗੋਰੇ ਨੱਚਦੀ ਹੈ ਤਾਂ ਉਹ ਉਸ ਦੀ ਕੁੱਟਮਾਰ ਕਰਦਾ ਹੈ। ਪਤੀ ਦੀਆਂ ਵਧੀਕੀਆਂ ਤੋਂ ਤੰਗ ਆਈ ਗੋਰੇ ਦੀ ਜ਼ਿੰਦਗੀ ਵਿਚ ਜਦ ਰੱਬੀ ਆਉਂਦਾ ਹੈ ਤਾਂ ਉਸਦੇ ਚਿਹਰੇ 'ਤੇ ਨੂਰ ਆ ਜਾਂਦਾ ਹੈ। ਹੌਲੀ ਹੌਲੀ ਰੱਬੀ ਉਸ ਦੇ ਸਾਹਾਂ ਵਿਚ ਵੱਸ ਜਾਂਦਾ ਹੈ। ਪੜ੍ਹਾਈ ਪੂਰੀ ਹੋਣ 'ਤੇ ਜਦ ਉਹ ਆਪਣੇ ਪਿੰਡ ਜਾਣ ਲੱਗਦਾ ਹੈ ਤਾਂ ਗੋਰੇ ਉਸਦਾ ਵਿਛੋੜਾ ਨਾ ਝੱਲਦੀ ਹੋਈ ਉਸਨੂੰ ਰੋਕਦੀ ਹੈ ਅਤੇ ਘਰੋਂ ਭੱਜ ਕੇ ਨਵੀਂ ਜ਼ਿੰਦਗੀ ਜਿਊਣ ਬਾਰੇ ਕਹਿੰਦੀ ਹੈ ਪਰ ਰੱਬੀ ਉਸਦੇ ਅਤੇ ਆਪਣੇ ਪਰਿਵਾਰ ਦੀ ਇੱਜ਼ਤ ਦੀ ਗੱਲ ਕਰਦਾ ਹੋਇਆ ਜਲਦੀ ਮੁੜ ਆਉਣ ਦਾ ਵਾਅਦਾ ਕਰਦਾ ਹੈ।

ਰੱਬੀ ਦੇ ਜਾਣ ਮਗਰੋਂ ਉਸ ਦੇ ਦੋਸਤ ਗੋਰੇ 'ਤੇ ਆਪਣਾ ਹੱਕ ਜਮਾਉਣ ਲਈ ਰੱਬੀ ਖਿਲਾਫ਼ ਮਨਘੜਤ ਕਹਾਣੀਆਂ ਬਣਾ ਕੇ ਆਪਣਾ ਮਤਲਬ ਕੱਢਦੇ ਹਨ। ਉਧਰ ਉਹੀ ਦੋਸਤ ਰੱਬੀ ਕੋਲ ਗੋਰੇ ਦੀ ਬੇਵਫਾਈ ਦਾ ਝੂਠਾ ਚਿੱਠਾ ਪੜ੍ਹ ਕੇ ਸੁਣਾਉਂਦੇ ਹਨ ਤਾਂ ਰੱਬੀ ਦਾ ਦਿਲ ਟੁੱਟ ਜਾਂਦਾ ਹੈ ਅਤੇ ਆਪਣੇ ਆਪ ਨੂੰ ਸ਼ਰਾਬ ਦੇ ਪਿਆਲੇ ਵਿਚ ਡੋਬ ਲੈਂਦਾ ਹੈ। ਉਸਦੇ ਘਰ ਦੇ ਉਸਦੀ ਜ਼ਿੰਦਗੀ ਬਦਲਣ ਲਈ ਉਸ ਦਾ ਵਿਆਹ ਵੀ ਕਰਦੇ ਹਨ ਪਰ ਉਹ ਗੋਰੇ ਨੂੰ ਆਪਣੇ ਦਿਲ 'ਚੋਂ ਨਹੀਂ ਕੱਢ ਸਕਦਾ। ਗੋਰੇ ਦੇ ਗ਼ਮ ਵਿਚ ਰੱਬੀ ਸ਼ਿਵ ਦੀ ਸ਼ਾਇਰੀ



ਅਤੇ ਸ਼ਰਾਬ ਨੂੰ ਆਪਣਾ ਸਹਾਰਾ ਬਣਾਉਂਦਾ ਹੈ। ਇਸੇ ਗ਼ਮ ਵਿਚ ਘਰ ਦੇ ਹਾਲਾਤ ਤੋਂ ਤੰਗ ਆਇਆ ਉਹ ਪਿੰਡ ਛੱਡ ਜਾਂਦਾ ਹੈ ਅਤੇ ਸਮਾਂ ਪਾ ਕੇ ਫਿਲਮਾਂ ਲਿਖਣ ਵਾਲਾ ਵੱਡਾ ਲੇਖਕ ਬਣ ਜਾਂਦਾ ਹੈ। ਪਿਆਰ ਅਤੇ ਵਿਛੋੜੇ ਦੀ ਇਸ ਫਿਲਮ ਦਾ ਅਖ਼ੀਰ ਵੀ ਬੜ੍ਹਾ ਅਜੀਬ ਹੈ ਜਦ ਕਈ ਸਾਲਾਂ ਬਾਅਦ ਰੱਬੀ ਫਿਲਮੀ ਦੁਨੀਆਂ 'ਚੋਂ ਆਪਣੀ ਅਸਲ ਦੁਨੀਆਂ 'ਚ ਆਪਣੇ ਨਾਨਕੇ ਪਿੰਡ ਵਾਪਸ ਆਉਂਦਾ ਹੈ ਤਾਂ ਉਸ ਨੂੰ ਸਦਮਾ ਲੱਗਦਾ ਹੈ ਅਤੇ ਉਹ ਆਪਣੇ ਪੁਰਾਣੇ ਦੋਸਤ ਨਾਲ ਗੋਰੇ ਦੀ ਭਾਲ ਕਰਦਾ-ਕਰਦਾ ਹਿਮਾਚਲ ਦੀਆਂ ਪਹਾੜੀਆਂ ਵਿਚ ਪਹੁੰਚ ਜਾਂਦਾ ਹੈ। ਬੜੀ ਮੁਸ਼ਕਲ ਨਾਲ ਗੋਰੇ ਤੇ ਰੱਬੀ ਦੀ ਮੁਲਾਕਾਤ ਹੁੰਦੀ ਹੈ। ਗ਼ਲਤ-ਫ਼ਹਿਮੀਆਂ ਦੀ ਸ਼ਿਕਾਰ ਹੋਈ ਗੋਰੇ ਰੱਬੀ ਨੂੰ ਮੌਤ ਦੀ ਘਾਟ ਉਤਾਰ ਦਿੰਦੀ ਹੈ। ਅਖ਼ੀਰ ਸਹਿਕਦਾ ਹੋਇਆ ਰੱਬੀ ਜਦ ਅਸਲ ਸੱਚਾਈ ਦੱਸ ਅੱਖਾਂ ਮੀਚ ਜਾਂਦਾ ਹੈ ਤਾਂ ਗੋਰੇ ਨੂੰ ਬਹੁਤ ਪਛਤਾਵਾ ਹੁੰਦਾ ਹੈ। ਫਿਲਮ ਦੇ ਨਿਰਦੇਸ਼ਕ ਨੇ ਇਸ ਕਹਾਣੀ ਦੇ ਅੰਤ ਨੂੰ ਸੁਖਦ ਬਣਾਉਣ ਲਈ ਗੋਰੇ ਦੀ ਕੁੱਖੋਂ ਉਸਦੇ ਅਧੂਰੇ ਪਿਆਰ ਮੋਹ ਨੂੰ ਪੁੱਤਰ ਦੇ ਰੂਪ ਵਿਚ ਪੁਨਰ ਜਨਮ ਵਜੋਂ ਵਿਖਾਇਆ ਹੈ। ਜਗਦੀਪ ਸਿੱਧੂ ਦੀ ਇਸ ਫਿਲਮ ਦਾ ਕਲਾਈਮੈਕਸ ਲੋੜ ਤੋਂ ਵੱਧ ਲੰਮੇਰਾ ਹੈ ਅਤੇ ਆਮ ਦਰਸ਼ਕ ਦੀ ਸੋਚ ਤੋਂ ਪਰੇ ਹੈ। ਫਿਲਮ ਵਿਚ ਜਾਨੀ ਦੇ ਗੀਤ ਅਤੇ ਬੀ ਪਰਾਕ ਦੀ ਸੋਹਜ ਭਰੀ ਗਾਇਕੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਸਰਗੁਣ ਮਹਿਤਾ ਦਾ ਕਿਰਦਾਰ ਉਸ ਦੀਆਂ ਪਹਿਲੀਆਂ ਫਿਲਮਾਂ ਨਾਲੋਂ ਬਹੁਤ ਹਟਕੇ ਹੈ, ਜੋ ਉਸ ਨੇ ਰੂਹ ਨਾਲ ਨਿਭਾਇਆ ਹੈ। ਰਾਣੇ ਦੇ ਕਿਰਦਾਰ ਵਿਚ ਐਂਬੀ ਅੰਮ੍ਰਿਤ ਨੇ ਚੰਗੀ ਪਛਾਣ ਛੱਡੀ ਹੈ। ਪ੍ਰਕਾਸ਼ ਗਾਧੂ, ਅਨੀਤਾ ਮੀਤ, ਜਸ਼ਨਪ੍ਰੀਤ ਗੋਸ਼ਾ, ਪਰਮਿੰਦਰ ਬਰਨਾਲਾ ਦੇ ਕਿਰਦਾਰ ਵੀ ਪ੍ਰਭਾਵਸ਼ਾਲੀ ਹਨ। ਇਸ ਤੋਂ ਇਲਾਵਾ ਰੰਗਮੰਚ ਦੇ ਕਲਾਕਾਰ ਸੁਖਦੇਵ ਲੱਧੜ, ਬਲਰਾਜ ਸਿੱਧੂ, ਫਤਿਹ ਸਿਆਣ ਅਤੇ ਗਾਇਕ ਪ੍ਰਭ ਬੈਂਸ ਆਦਿ ਕਲਾਕਾਰਾਂ ਨੂੰ ਵੱਡੇ ਪਰਦੇ 'ਤੇ ਲਿਆ ਕੇ ਜਗਦੀਪ ਸਿੱਧੂ ਨੇ ਸ਼ਲਾਘਾਯੋਗ ਕੰਮ ਕੀਤਾ ਹੈ।

ਫਿਲਮ ਦੀ ਕਹਾਣੀ ਸ਼ਿਵ ਤਰਸੇਮ ਅਤੇ ਗੋਵਿੰਦ ਸਿੰਘ ਦੀ ਲਿਖੀ ਹੈ ਜਦਕਿ ਡਾਇਲਾਗ ਤੇ ਸਕਰੀਨ ਪਲੇਅ ਸ਼ਿਵ ਤਰਸੇਮ, ਗੋਵਿੰਦ ਤੇ ਜਗਦੀਪ ਸਿੱਧੂ ਨੇ ਲਿਖਿਆ ਹੈ। ਗੰਭੀਰਤਾ ਨਾਲ ਵੇਖੀਏ ਤਾਂ ਇਹ ਜਗਦੀਪ ਸਿੱਧੂ ਦੀ ਪਹਿਲਾਂ ਬਣਾਈ ਰੁਮਾਂਟਿਕ ਫਿਲਮ ਕਿਸਮਤ ਤੋਂ ਵੀ ਦੋ ਕਦਮ ਅੱਗੇ ਪ੍ਰਤੀਤ ਹੁੰਦੀ ਹੈ। ਭਾਵੇਂ ਕਿ ਇਸ ਫਿਲਮ ਵਿਚ ਬਹੁਤੇ ਨਾਮੀ ਕਲਾਕਾਰ ਵੀ ਨਹੀਂ ਪਰ ਹਰ ਛੋਟੇ ਵੱਡੇ ਕਲਾਕਾਰ ਤੋਂ ਉਸ ਨੇ ਬਾਖ਼ੂਬੀ ਕੰਮ ਲਿਆ ਹੈ। ਕਾਮੇਡੀ ਵਿਸ਼ੇ ਤੋਂ ਬਿਲਕੁਲ ਹਟਵੀਂ ਇਹ ਫਿਲਮ ਦਰਸ਼ਕਾਂ ਨੂੰ ਪੂਰੀ ਤਰ੍ਹਾਂ ਬੰਨ੍ਹ ਕੇ ਰੱਖਦੀ ਹੈ। ਫਿਲਮ ਦੀ ਕਹਾਣੀ, ਸਕਰੀਨਪਲੇਅ ਬਹੁਤ ਹੀ ਵਧੀਆ ਤਰੀਕੇ ਨਾਲ ਲਿਖਿਆ ਗਿਆ ਹੈ। ਅਨੇਕਾਂ ਡਾਇਲਾਗ ਦਰਸ਼ਕਾਂ ਦੇ ਲੂੰ ਕੰਡੇ ਖੜ੍ਹੇ ਕਰਦੇ ਹਨ। ਖਾਸ ਗੱਲ ਇਹ ਹੈ ਕਿ ਸਾਰੀ ਫਿਲਮ ਵਿਚ ਨਾਇਕ-ਨਾਇਕਾ ਨੇ ਸੁੱਚੀ ਮੁਹੱਬਤ ਦੀ ਮਿਸਾਲ ਪੈਦਾ ਕਰਦਿਆਂ ਗਲਵਕੜੀ ਤਕ ਨਹੀਂ ਪਾਈ। ਫਿਲਮ ਦੇ ਅਖ਼ੀਰ ਵਿਚ ਇਕ ਦ੍ਰਿਸ਼ ਅਜਿਹਾ ਵੀ ਆਉਂਦਾ ਹੈ ਜਦੋਂ ਗੋਰੇ ਦੇ ਕਿਰਦਾਰ ਵਿਚ ਸਰਗੁਣ ਮਹਿਤਾ ਰੱਬੀ ਨੂੰ ਗਲ ਨਾਲ ਲਾਉਣ ਲੱਗਦੀ ਹੈ ਤਾਂ ਰੱਬੀ ਇਹ ਕਹਿ ਕੇ ਰੋਕਦਾ ਹੈ ਕਿ "ਹੁਣ ਨਾ ਕੋਲ ਆ... ਨਹੀਂ ਤਾਂ ਸਮਾਜ ਇਸ ਨੂੰ ਵੀ ਹਵਸ ਦਾ ਨਾਂ ਦੇਦੂ।"

ਅਸਲ ਵਿਚ ਇਹ ਫ਼ਿਲਮ ਆਪਣੇ ਤੋਂ ਵੱਡੀ ਉਮਰ ਦੀ ਔਰਤ ਦੇ ਪਿਆਰ 'ਚ ਤਬਾਹ ਹੋਈ ਜਵਾਨੀ ਦੀ ਕਹਾਣੀ ਹੈ, ਜੋ ਮਨੋਰੰਜਨ ਦੇ ਨਾਲ-ਨਾਲ ਜਵਾਨੀ ਦੀ ਦਹਿਲੀਜ਼ ਵੱਲ ਕਦਮ ਵਧਾ ਰਹੇ ਨੌਜਵਾਨਾਂ ਨੂੰ ਸੰਭਲ ਕੇ ਤੁਰਨ ਦਾ ਸੁਨੇਹਾ ਦਿੰਦੀ ਹੈ।

# ਅਣਜੰਮੀਆਂ ਧੀਆਂ ਦਾ ਸਰਾਧ

'ਨੀ ਕੁੜੇ, ਅਜੇ ਤਿਆਰ ਨਹੀਂ ਹੋਈ, ਤੈਨੂੰ ਰਾਤੀਂ ਵੀ ਕਿਹਾ ਸੀ ਕਿ ਅੱਜ ਅਖੀਰਲਾ ਸਰਾਧ ਵੇ ਅਤੇ ਸੁਵੱਖਤੇ ਉਠ ਕੇ ਵਡੇ-ਵਡੇਰਿਆਂ ਨਮਿੱਤ ਕੁਝ ਰਸਦ-ਪਾਣੀ ਗੁਰਦੁਆਰੇ ਦੇਣਾ ਵੇ, ਅੱਜ-ਕੱਲ੍ਹ ਤਾਂ ਪੰਜ ਸਿੰਘ ਭਾਲਣੇ ਬੜੇ ਔਖੇ ਹੋਏ ਪਏ ਨੇ।'

'ਤੁਸੀਂ ਹੋ ਆਓ ਬੇਬੇ ਜੀ, ਮੈਂ ਨਹੀਂ ਜਾਣਾ ਗੁਰਦੁਆਰੇ...।'

'ਜ਼ਮਾਨੇ ਨੂੰ ਪਤਾ ਨੀ ਕੇਹੜੀ ਹਵਾ ਲੱਗ ਗਈ, ਅੱਜ-ਕੱਲ੍ਹ ਦੀ ਮੰਡੀਰ ਤਾਂ ਕੋਈ ਪੁਰਾਣੇ ਰੀਤੀ-ਰਿਵਾਜਾਂ ਨੂੰ ਮੰਨਦੀ ਹੀ ਨਹੀਂ, ਜਦੋਂ ਦੀ

**ਹਰਪ੍ਰੀਤ ਸਿੰਘ**
**ਫੋਨ: 99924-14888**

ਲੋਕਾਂ ਨੇ ਆਹ ਕਿਸੇ ਸਿਰ-ਫਿਰੇ ਲੇਖਕ ਦੀ 'ਦੰਦ ਘਸਾਈ' ਕਹਾਣੀ ਪੜੀ ਹੈ, ਕੋਈ ਸਰਾਧ ਦੀ ਰੋਟੀ ਖਾਣ ਨੂੰ ਤਿਆਰ ਨਹੀਂ।'

'ਕਿਓਂ ਨਹੀ ਜਾਣਾ ਗੁਰਦੁਆਰੇ...ਚੱਲ ਛੇਤੀ ਤਿਆਰ ਹੋ, ਅਜਿਹੇ ਬੋਲ ਨਹੀਂ ਬੋਲੀਦੇ ਨੂੰਹੇ। ਜੇਕਰ ਅਰਦਾਸ ਹੋ ਗਈ ਤਾਂ ਬਿਨਾ ਨਾਂ ਬੁਲਾਏ ਰਸਦ ਦੇਣੀ ਪਊ, ਫਿਰ ਪਿੰਡ ਵਾਲਿਆਂ ਨੂੰ ਪਤਾ ਕਿਵੇਂ ਲਗੂ ਕੀ ਬਚਿੰਤੀ ਨੇ ਵੀ ਆਪਣੇ ਵਡੇਰਿਆਂ ਨਮਿੱਤ ਅਰਦਾਸ ਕਰਵਾਈ ਏ।' ਇਹ ਕਹਿੰਦੀ ਬਚਿੰਤੀ ਛੇਤੀ-ਛੇਤੀ ਰਸੋਈ ਦਾ ਕੰਮ ਨਿਬੇੜ ਰਹੀ ਸੀ।

'ਬੇਬੇ ਆਹ ਕੀ ਪਿਆ ਏ ਸਰਾਧਾਂ-ਸੁਰਾਧਾਂ ਵਿਚ, ਤੇ ਕਿਹੜੇ ਵੱਡੇ-ਵਡੇਰਿਆਂ ਦੀ ਗੱਲ ਕਰਦੇ ਓ, ਵੇਖਿਆ ਨਹੀਂ ਗਿੰਦਰ ਦੇ ਦਾਦਾ ਜੀ ਨੂੰ, ਵਿਚਾਰੇ ਦੋ ਮਹੀਨੇ ਮੰਜੇ 'ਤੇ ਪਏ ਰਹੇ ਤੇ ਤੁਸੀਂ ਉਨ੍ਹਾਂ ਨੂੰ ਤੂੜੀ ਵਾਲੇ ਕਮਰੇ ਵਿਚ ਡੱਕ ਦਿੱਤਾ ਸੀ, ਨਾ ਤਾਂ ਆਪ ਚੱਜ ਨਾਲ ਸੇਵਾ ਕੀਤੀ ਤੇ ਨਾ ਹੀ ਮੈਨੂੰ ਕਰਨ ਦਿੱਤੀ ਅਤੇ ਉਹ ਵਿਚਾਰੇ ਦੁੱਖ ਨਾ ਸਹਾਰਦੇ ਹੋਏ ਸਮੇਂ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ, ਹੁਣ ਉਨ੍ਹਾਂ ਨਮਿੱਤ ਸਰਾਧ ਕਰਨ ਦਾ ਕੀ ਫ਼ਾਇਦਾ।'

'ਨੀਂ ਮਰ ਜਾਵੇਂ ਤੂੰ, ਵੇਖ ਕਿਵੇਂ ਜ਼ਬਾਨ ਲੱਪ-ਲੱਪ ਕਰਦੀ ਵੇ...ਤੈਨੂੰ ਕਿਹੈ ਨਾ ਚਲਣਾ ਵੇ ਗੁਰਦੁਆਰੇ, ਨਾਲੇ ਸਾਡੇ ਵੱਡੇ-ਵਡੇਰੇ ਕਰਦੇ ਆਏ ਨੇ ਅਸੀਂ ਤਾਂ ਸਿਰੋਂ ਭਾਰਾ ਹੀ ਲਾਹੁਣਾ ਵੇ, ਨਾਲੇ ਲੋਕੀਂ ਕੀ ਕਹਿਣਗੇ ਕੀ ਬਚਿੰਤੀ ਨੇ ਆਪਣੇ ਵਡੇਰਿਆਂ ਦੀ ਰੋਟੀ ਨਹੀਂ ਕੱਢੀ।'

'ਚੰਗਾ ਬੇਬੇ ਫਿਰ ਇਕ ਕੰਮ ਕਰ, ਆਹ ਫੜ 100 ਰੁਪਏ ਅਤੇ ਭਾਈ ਨੂੰ ਕਹੀਂ ਕਿ ਤੇਰੀਆਂ ਪੋਤਰੀਆਂ ਦੀ ਵੀ ਅਰਦਾਸ ਕਰ ਦੇਵੇ।'

'ਨੀ ਕੁਲਹਿਣੀਏ...ਨੀ ਤੇਰਾ ਕੱਖ ਨਾ ਰਵੇ, ਨੀ ਭਰਾਵਾਂ ਪਟੀਏ, ਆਪਣੀ ਮਾਂ ਨੂੰ ਆਖ.., ਉਹ ਕਰੇ ਅਜਿਹੇ ਕੁਚੱਜੇ ਕੰਮ ਤੇਰੀਆਂ ਭਤੀਜੀਆਂ ਦੇ ਨਾਂ 'ਤੇ, ਤੁਹਾਡੇ ਖਾਨਦਾਨ ਵਿਚ ਹੁੰਦਾ ਹੋਊ ਅਜਿਹਾ ਕੰਮ। ਆ ਲੈਣ ਦੇ ਮੇਰੇ ਫੌਜੀ ਪੁੱਤ ਹਰਜੀਤ ਨੂੰ ਮੱਝਾਂ ਦੀ ਧਾਰ ਕੱਢ ਕੇ ਆਉਂਦਾ ਹੋਣੈ, ਤੇਰੀ ਉਹ ਕਾਰ ਕਰੂੰ ਕਿ ਯਾਦ ਰੱਖੇਂਗੀ...ਤੇਰੀ ਗੁੱਤ ਨਾ ਪੱਟ ਕੇ ਹੱਥ ਫੜਾਊ ਤਾਂ ਮੈਨੂੰ ਬਚਿੰਤੀ ਕਿਸ ਕਹਿਣੈ।'

'ਲੈ ਬੇਬੇ ਫੜ ਦੁੱਧ ਦੀ ਬਾਲਟੀ, ਕੀ ਹੋ ਗਿਆ ਬੜਾ ਅਵਾ-ਤਵਾ ਬੋਲੀ ਜਾਂਦੀ ਏ ਸਵੇਰੇ-ਸਵੇਰੇ...।'

ਵੇ ਆਹ ਵੇਖ ਲੈ ਆਪਣੀ ਰੰਨ ਨੂੰ, ਕਿੱਦਾਂ ਦੀਆਂ ਗੱਲਾਂ ਕਰਦੀ ਪਈ ਏ, ਏਨੂੰ ਕੋਈ ਸ਼ਰਮ-ਹਯਾ ਹੀ ਨਹੀਂ, ਆਪ ਪੁੱਛ ਲੈ ਕਿਸ ਦੇ ਸਰਾਧ ਦੀ ਅਰਦਾਸ ਕਰਵਾਉਣੀ ਸੀ ਇਸ ਨੇ ਮੈਥੋਂ।'

ਫੌਜੀ ਦੇ ਪੁੱਛਣ 'ਤੇ ਉਸਦੀ ਵਹੁਟੀ ਨੇ ਸਾਰੀ ਵਾਰਤਾ ਸੁਣਾ ਦਿੱਤੀ।

'ਉਹ ਠੀਕ ਹੀ ਤਾਂ ਕਹਿੰਦੀ ਏ, ਤੈਨੂੰ ਮੈਂ ਵੀ ਬਥੇਰਾ ਸਮਝਾਇਆ ਸੀ ਕਿ ਭਾਵੇਂ ਕੁੜੀ ਹੋਵੇ ਜਾਂ ਮੁੰਡਾ, ਕੋਈ ਚੈਕ-ਚੁਕ ਨਹੀਂ ਕਰਵਾਉਣਾ,



ਰੱਬ ਦੀ ਦਿੱਤੀ ਅਮਾਨਤ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰ ਲੈਣਾ ਚਾਹੀਦਾ ਏ ਪਰ ਤੂੰ ਮੇਰੀ ਇੱਕ ਨਾ ਸੁਣੀ ਅਤੇ ਮੇਰੇ ਡਿਊਟੀ ਜਾਣ ਤੋਂ ਬਾਅਦ ਦਵਾਈ ਦੇ ਬਹਾਨੇ ਨਾਲ ਲੈ ਗਈ ਅਤੇ ਅਬਾਰਸ਼ਨ ਕਰਵਾ ਦਿੱਤਾ, ਇਹ ਉਨ੍ਹਾਂ ਅਣਜੰਮੀਆਂ ਧੀਆਂ ਦੀ ਗੱਲ ਕਰਦੀ ਏ ਜਿਹੜੀਆਂ ਤੇਰੇ ਵਰਗੀਆਂ ਸੱਸਾਂ ਨੇ ਪੋਤਰਿਆਂ ਦੇ ਲਾਲਚ ਵਿਚ ਜਨਮ ਲੈਣ ਤੋਂ ਪਹਿਲਾਂ ਹੀ ਮਰਵਾ ਦਿੱਤੀਆਂ। ਉਨ੍ਹਾਂ ਦਾ ਵੀ ਤਾਂ ਹੱਕ ਬਣਦਾ ਹੈ ਸਰਾਧਾਂ 'ਤੇ...।'

ਇਹ ਸੁਣ ਕੇ ਬਚਿੰਤੀ ਸੁੰਨ ਹੋ ਗਈ, ਉਸ ਨੂੰ ਕੋਈ ਸਮਝ ਨਹੀਂ ਆ ਰਹੀ ਸੀ।

'ਬੇਬੇ, ਨਾਲੇ ਕੁੜੀਆਂ ਕਿਸੇ ਤੋਂ ਘੱਟ ਥੋੜ੍ਹੀ ਨੇ, ਅੱਜ-ਕੱਲ੍ਹ ਤਾਂ ਹਰੇਕ ਕੰਮ ਵਿਚ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੀਆਂ ਹਨ, ਆਹ ਵੇਖ ਲੈ ਗੁਆਂਢੀ ਸੁਰਜੀਤ ਕੌਰ ਨੂੰ। ਤਿੰਨ ਮੁੰਡੇ ਨੇ, ਇਕ ਸ਼ਹਿਰ ਚਲਾ ਗਿਆ, ਦੂਜੇ ਨੂੰ ਵਿਦੇਸ਼ ਭੇਜ ਦਿੱਤਾ ਅਤੇ ਤੀਜਾ ਮਾੜੀ ਸੰਗਤ ਦੇ ਹਰ ਸਮੇਂ ਨਸ਼ੇੜੀ ਹੋਇਆ ਫਿਰਦਾ ਵੇ। ਤਿੰਨ-ਤਿੰਨ ਪੁੱਤਰ ਹੋਣ 'ਤੇ ਵੀ ਉਹ ਆਪ ਲਾਵਾਰਸਾਂ ਵਾਂਗੂੰ ਪਈ ਰਹਿੰਦੀ ਏ। ਸ਼ੁਕਰ ਕਰ ਸੱਚੇ ਪਾਤਸ਼ਾਹ ਦਾ ਉਸ ਦੀ ਧੀ ਆਪਣੇ ਪਿੰਡ ਦੇ ਸਕੂਲ ਮਾਸਟਰਨੀ ਲੱਗੀ ਹੋਈ ਏ, ਵਿਚਾਰੀ ਆਂਦੇ-ਜਾਂਦੇ ਆਪਣੀ ਮਾਂ ਦੀ ਦੇਖਭਾਲ ਕਰ ਜਾਂਦੀ ਏ ਅਤੇ ਉਸਨੇ ਇੱਕ ਆਇਆ ਵੀ ਰੱਖੀ ਹੋਈ ਹੈ। ਬੇਬੇ ਆਪਣੇ ਆਲੇ-ਦੁਆਲੇ ਝਾਤੀ ਮਾਰ ਕੇ ਵੇਖ, ਬੁਢਾਪੇ ਦੀ ਡੰਗੋਰੀ ਪੁੱਤਰਾਂ ਨਾਲੋਂ ਧੀਆਂ ਜ਼ਿਆਦਾ ਨੇ। ਅਸੀਂ ਫੌਜ ਵਿਚ ਸੈਂਕੜੇ ਬੰਦੇ ਦੁੱਖ-ਸੁੱਖ ਦੇ ਭਾਈਵਾਲ ਹਾਂ, ਤੈਥੋਂ ਆਪਣੀ ਨੂੰਹ ਨਾਲ ਵੀ ਪਿਆਰ ਨਾਲ ਨਹੀਂ ਰਿਹਾ ਜਾਂਦਾ, ਜੇ ਤੈਨੂੰ ਕੁੱਝ ਹੋ ਗਿਆ ਤਾਂ ਮੇਰੇ ਤੋਂ ਪਹਿਲਾਂ ਤੇਰੀ ਨੂੰਹ ਨੇ ਹੀ ਤੈਨੂੰ ਸੰਭਾਲਣਾ ਵੇ।'

ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥

'ਤੂੰ ਤਾਂ ਐਵੇਂ ਹੀ ਝੂਰੀ ਜਾਂਦੀ ਏ, ਪਰਮਾਤਮਾ ਨੂੰ ਹਰ ਇੱਕ ਜੀਅ-ਜੰਤੂ ਦਾ ਫਿਕਰ ਹੈ।'

ਹੁਣ ਫੌਜੀ ਹਰਜੀਤ ਆਪਣੀ ਮਾਂ ਵੱਲ ਸਵਾਲੀਆ ਨਜ਼ਰਾਂ ਨਾਲ ਵੇਖ ਰਿਹਾ ਸੀ। ਉਸ ਦੀਆਂ ਖਰੀਆਂ-ਖਰੀਆਂ ਗੱਲਾਂ ਸੁਣ ਬਚਿੰਤੀ ਆਪਣੇ ਆਪ ਨੂੰ ਲਾਹਣਤਾਂ ਪਾ ਰਹੀ ਸੀ ਅਤੇ ਰੱਬ ਤੋਂ ਆਪਣੇ ਕੀਤੇ ਪਾਪ ਦੀ ਮੁਆਫੀ ਮੰਗ ਰਹੀ ਸੀ ਕਿ ਅਣਜਾਣੇ ਮੇਰੇ ਤੋਂ ਕੀ ਕਹਿਰ ਹੋ ਗਿਆ ਸੀ...ਪਰ ਹੁਣ ਮੈਂ ਅਜਿਹਾ ਨਹੀਂ ਕਰਾਂਗੀ ਅਤੇ ਹੋਰ ਕਿਸੇ ਨੂੰ ਵੀ ਭਰੂਣ ਹੱਤਿਆ ਨਹੀਂ ਕਰਨ ਦਿਆਂਗੀ।

'ਵੇ ਪੁੱਤ ਹਰਜੀਤ ਮੈਨੂੰ ਆਪਣੇ ਕੀਤੇ ਦਾ ਪਛਤਾਵਾ ਏ, ਤੂੰ ਮੇਰੇ ਨਾਲ ਚੱਲ ਆਹ ਰਸਦ ਵੀ ਬਸਤੀ ਵਿਚ ਰਹਿੰਦੇ ਲੋੜਵੰਦਾਂ ਨੂੰ ਦੇ ਆਈਏ।'

# ਜੋਗੀ ਬਨਾਮ ਦਿਲ ਦਾ ਦਰਦ






ਫਿਲਮ 'ਜੋਗੀ' ਵਿਚ ਦਿਲਜੀਤ ਦੁਸਾਂਝ ਅਤੇ (ਸੱਜੇ) ਫਿਲਮ ਦਾ ਪੋਸਟਰ।

ਅਦਾਕਾਰ ਦਿਲਜੀਤ ਦੋਸਾਂਝ ਦੀ ਫਿਲਮ 'ਜੋਗੀ' ਦੇ ਨੈਟਫਲਿਕਸ 'ਤੇ ਨਸ਼ਰ ਹੋਣ ਤੋਂ ਬਾਅਦ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦਿਲਜੀਤ ਦੁਸਾਂਝ ਨੇ ਫਿਲਮ ਵਿਚ ਅਲੀ ਅੱਬਾਸ ਜ਼ਫਰ ਅਤੇ ਹਿਮਾਂਸ਼ੂ ਮਹਿਰਾ ਨਾਲ ਕੀਤੇ ਕੰਮ

**ਗੁਰਜੰਟ ਸਿੰਘ**

ਬਾਰੇ ਆਪਣਾ ਤਜਰਬਾ ਸਾਂਝਾ ਕੀਤਾ ਹੈ। ਉਸ ਨੇ ਆਖਿਆ ਕਿ ਇਹ ਬਹੁਤ ਹੀ ਅਹਿਮ ਗੱਲ ਹੈ ਕਿ ਫਿਲਮ ਦੀ ਕਹਾਣੀ ਬਹੁਤ ਸੰਵੇਦਨਸ਼ੀਲ ਹੈ। ਫਿਲਮ ਦੀ ਸ਼ੂਟਿੰਗ ਕੌਮੀ ਰਾਜਧਾਨੀ ਵਿਚ ਕੀਤੀ ਗਈ ਹੈ ਜੋ ਸਾਲ 1984 ਵਿਚ ਵਾਪਰੇ ਸਿੱਖ ਕਤਲੇਆਮ 'ਤੇ ਆਧਾਰਿਤ ਹੈ। ਫਿਲਮ ਵਿਚ ਤਿੰਨ ਦੋਸਤ ਆਪੋ-ਆਪਣੇ ਇਲਾਕਿਆਂ ਵਿਚ ਸੈਂਕੜੇ ਲੋਕਾਂ ਦੀ ਜਾਨ ਬਚਾਉਂਦੇ ਨਜ਼ਰ ਆਉਂਦੇ ਹਨ।

ਇਸ ਫਿਲਮ ਵਿਚ ਦਿਲਜੀਤ ਦੋਸਾਂਝ, ਕੇ. ਮਿਸ਼ਰਾ, ਮੁਹੰਮਦ ਜ਼ੀਸ਼ਾਨ ਅਯੂਬ, ਹਿਤੇਨ ਤੇਜਵਾਨੀ, ਅਮਾਇਰਾ ਦਸਤੂਰ ਦੀਆਂ ਅਹਿਮ ਭੂਮਿਕਾਵਾਂ ਹਨ। ਫਿਲਮ ਵਿਚ ਦਿਲਜੀਤ ਦੁਸਾਂਝ ਨੇ ਜੋਗੀ ਦਾ ਕਿਰਦਾਰ ਨਿਭਾਇਆ ਹੈ ਜੋ ਭਾਈਚਾਰੇ ਅਤੇ ਏਕਤਾ ਦਾ ਹਾਮੀ ਹੈ ਅਤੇ ਆਪਣਿਆਂ ਦੀ ਹਿਫਾਜ਼ਤ ਲਈ ਹਰ ਹਾਲਾਤ ਨਾਲ ਮੱਥਾ ਲਾਉਣ ਦਾ ਫੈਸਲਾ ਕਰਦਾ ਹੈ।

ਦਿਲਜੀਤ ਦੁਸਾਂਝ ਨੇ ਇਸ ਫਿਲਮ ਵਿਚ ਅਲੀ ਅਤੇ ਹਿਮਾਂਸ਼ੂ ਨਾਲ ਕੰਮ ਕਰਨ ਦਾ ਤਜਰਬਾ ਸਾਂਝਾ ਕਰਦਿਆਂ ਕਿਹਾ, "ਅਲੀ ਅਤੇ ਹਿਮਾਂਸ਼ੂ ਨਾਲ ਇਸ ਪ੍ਰੋਜੈਕਟ 'ਤੇ ਕੰਮ ਕਰਨਾ ਬਹੁਤ ਸ਼ਾਨਦਾਰ ਰਿਹਾ। ਇਹ ਕਾਫ਼ੀ ਅਹਿਮ ਹੁੰਦਾ ਹੈ ਕਿ ਕਹਾਣੀ ਭਰੋਸੇਯੋਗ ਅਤੇ ਗੰਭੀਰ ਹੋਵੇ। ਮੈਂ ਬਹੁਤ ਖੁਸ਼ ਹਾਂ ਕਿ ਅਲੀ ਤੇ ਹਿਮਾਂਸ਼ੂ ਨੇ ਕਹਾਣੀ ਦੀ ਬਹੁਤ ਚੰਗੀ ਤਰ੍ਹਾਂ ਗੰਭੀਰਤਾ ਨਾਲ ਸਮਝਿਆ। ਮੈਂ ਖੁਸ਼ ਹਾਂ ਕਿ ਦਰਸ਼ਕਾਂ ਨੇ ਵੀ ਸਾਡੇ ਕੰਮ ਨੂੰ ਪਸੰਦ ਕਰ ਕੇ ਸਾਡੀ ਸਾਰਿਆਂ ਦੀ ਹੌਸਲਾ-ਅਫਜ਼ਾਈ ਕੀਤੀ ਹੈ।"

ਯਾਦ ਰਹੇ ਕਿ ਫਿਲਮ 'ਜੋਗੀ' ਦਾ ਨਿਰਦੇਸ਼ਨ ਅਲੀ ਅੱਬਾਸ ਜ਼ਫਰ ਨੇ ਕੀਤਾ ਹੈ ਜਦਕਿ ਹਿਮਾਂਸ਼ੂ ਕਿਸ਼ਨ ਮਹਿਰਾ ਅਤੇ ਅਲੀ ਅੱਬਾਸ ਜ਼ਫਰ ਨੇ ਮਿਲ ਕੇ ਫਿਲਮ ਦਾ ਨਿਰਮਾਣ ਕੀਤਾ ਹੈ। ਇਸ ਫਿਲਮ ਨੂੰ ਫਿਲਮ-ਆਲੋਚਕਾਂ ਨੇ ਵੀ ਪਸੰਦ ਕੀਤਾ ਹੈ। ਅਨੁਜ ਕੁਮਾਰ ਨੇ ਪ੍ਰਸਿੱਧ ਅਖ਼ਬਾਰ 'ਦਿ ਹਿੰਦੂ' ਵਿਚ ਲਿਖਿਆ ਹੈ ਕਿ ਦਿਲਜੀਤ ਦੁਸਾਂਝ ਅੰਦਰ ਦਰਸ਼ਕਾਂ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ ਸੰਵੇਦਨਸ਼ੀਲਤਾ ਹੈ। ਇਸ ਫਿਲਮ ਵਿਚ ਉਸ ਨੇ ਜਿਹੜਾ ਕਿਰਦਾਰ ਨਿਭਾਇਆ ਹੈ, ਉਹ ਬੇਦਾਗ ਹੈ ਅਤੇ ਨਾਲ ਹੀ ਇਤਿਹਾਸ ਸਿਰਜਦਾ ਹੈ। ਉਂਝ ਵੀ ਇਹ ਫਿਲਮ ਅਜਿਹੀ ਪ੍ਰੇਮ ਕਹਾਣੀ ਹੈ ਜਿਸ ਵਿਚ ਕੁੜੀ ਉਤੇ ਦੋਸਤਾਂ ਵਿਚਕਾਰ ਪਾਟਕ ਪਾਉਣ ਦੇ ਦੋਸ਼ ਵੀ ਲੱਗਦੇ ਹਨ। ਫਿਲਮ ਦੇ ਨਿਰਦੇਸ਼ਕ ਨੇ ਦਿਲਜੀਤ ਦੁਸਾਂਝ ਵਾਲੇ ਜੋਗੀ ਦੇ ਕਿਰਦਾਰ ਨੂੰ ਬਹੁਤ ਮਿਹਨਤ ਨਾਲ ਘੜਿਆ ਹੈ। ਫਿਲਮ ਵਿਚ ਕੁੜੀ ਦੇ ਕਿਰਦਾਰ ਵਿਚ ਅਮਾਇਰਾ ਦਸਤੂਰ ਨੇ ਵੀ ਆਪਣੀ ਚੰਗੀ ਹਾਜ਼ਰੀ ਲੁਆਈ ਹੈ।"

ਇਸ ਫਿਲਮ ਦਾ ਪਲਾਟ 1984 ਵਿਚ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਬਾਰੇ ਵਿਉਂਤਿਆ ਗਿਆ ਹੈ। ਇਹ ਕਤਲੇਆਮ ਅਪਰੇਸ਼ਨ ਬਲੂ ਸਟਾਰ ਤੋਂ ਚਾਰ ਮਹੀਨੇ ਬਾਅਦ ਹੋਇਆ। ਫਿਲਮ ਵਿਚ ਸਾਰੀਆਂ ਘਟਨਾਵਾਂ ਤ੍ਰਿਲੋਕਪੁਰੀ ਨਾਲ ਜੋੜ ਕੇ ਦਿਖਾਈਆਂ ਗਈਆਂ ਹਨ। ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸ ਲੜਨ ਵਾਲੇ ਉਘੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਇਹ ਫਿਲਮ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਹੈ। ਉਨ੍ਹਾਂ ਨੇ ਉਨ੍ਹਾਂ ਆਦਮੀਆਂ ਦੇ ਨਾਂ ਵੀ ਦੱਸੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਫਿਲਮ ਦੇ ਕਿਰਦਾਰ ਘੜੇ ਗਏ ਹਨ।

ਇਸ ਫਿਲਮ ਨਾਲ ਸਿੱਖ ਕਤਲੇਆਮ ਦਾ ਮੁੱਦਾ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਿਆ ਹੈ। ਫਿਲਮ ਦੇ ਅਦਾਕਾਰ ਦਿਲਜੀਤ ਦੁਸਾਂਝ ਦਾ ਕਹਿਣਾ ਹੈ ਕਿ ਇਹ ਅਜਿਹਾ ਜ਼ਖਮ ਹੈ ਜੋ ਅਜੇ ਤੱਕ ਭਰਿਆ ਨਹੀਂ ਹੈ। ਇਹ ਜ਼ਖਮ ਅਜੇ ਤੱਕ ਰਿਸ ਰਿਹਾ ਹੈ।

# ਦਾਦੀ ਅਤੇ ਪੋਤੀ ਦੀ ਜੋੜੀ

ਅਦਾਕਾਰਾ ਸਾਰਾ ਅਲੀ ਖਾਨ ਨੂੰ ਅਕਸਰ ਹੀ ਆਪਣੀ ਦਾਦੀ ਅਤੇ ਉਘੀ ਅਦਾਕਾਰਾ ਸ਼ਰਮੀਲਾ ਟੈਗੋਰ ਬਾਰੇ ਗੱਲਾਂ ਕਰਦੇ ਦੇਖਿਆ ਗਿਆ ਹੈ। ਹਾਲ ਹੀ ਵਿਚ ਸਾਰਾ ਨੇ ਆਖਿਆ ਕਿ ਜੇਕਰ ਉਸ ਦੀ ਦਾਦੀ ਬਾਰੇ ਫਿਲਮ ਬਣਦੀ ਹੈ ਤਾਂ ਉਹ ਪਰਦੇ 'ਤੇ ਉਸ ਦਾ ਕਿਰਦਾਰ ਨਿਭਾਏਗੀ। ਇਹ ਗੱਲ ਅਦਾਕਾਰਾ ਨੇ ਇਕ ਪ੍ਰਸ਼ੰਸਕ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਹੀ। ਸਾਰਾ ਨੇ ਕਿਹਾ, "ਖੂਬਸੂਰਤੀ 'ਚ ਮੇਰਾ ਉਨ੍ਹਾਂ ਨਾਲ ਕੋਈ ਮੁਕਾਬਲਾ ਨਹੀਂ ਹੈ। ਉਹ ਬਹੁਤ ਸੁੰਦਰ ਹਨ; ਉਂਝ ਵੀ, ਮੈਂ ਨਹੀਂ ਮੰਨਦੀ ਕਿ ਮੈਂ ਕੋਈ ਏਡੀ ਹਸੀਨ ਹਾਂ।"

ਚੇਤੇ ਰਹੇ ਕਿ ਸ਼ਰਮੀਲਾ ਟੈਗੋਰ ਨੂੰ ਸਾਲ 1964 'ਚ ਆਈ ਹਿੱਟ ਫਿਲਮ 'ਕਸ਼ਮੀਰ ਕੀ ਕਲੀ' ਲਈ ਬਹੁਤ ਪਿਆਰਿਆ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਦੀ ਰਾਜੇਸ਼ ਖੰਨਾ ਨਾਲ ਫਿਲਮ 'ਅਰਾਧਨਾ', 'ਸਫਰ' ਅਤੇ 'ਅਮਰ ਪ੍ਰੇਮ' ਵਿਚ ਪਰਦੇ 'ਤੇ ਜੁਗਲਬੰਦੀ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਸੀ।

ਸਾਰਾ ਅਲੀ ਖਾਨ ਨੇ ਦੱਸਿਆ ਕਿ ਉਸ ਨੇ ਆਪਣੀ ਦਾਦੀ ਸ਼ਰਮੀਲਾ ਟੈਗੋਰ ਨਾਲ ਕਦੀ ਉਨ੍ਹਾਂ ਦੇ ਕਰੀਅਰ ਬਾਰੇ ਬਹੁਤੀ ਗੱਲਬਾਤ ਨਹੀਂ ਕੀਤੀ। ਗੱਲਾਂ ਕਰਨ ਨੂੰ ਬਥੇਰੀਆਂ ਹੁੰਦੀਆਂ ਹਨ, ਮੁੱਕਦੀਆਂ ਹੀ ਨਹੀਂ। ਅਸਲ ਵਿਚ ਉਹ ਪੜ੍ਹਦੇ ਬਹੁਤ ਹਨ ਅਤੇ ਉਨ੍ਹਾਂ ਨੂੰ ਚਲੰਤ ਮਾਮਲਿਆਂ 'ਚ ਵੀ ਬਹੁਤ ਜ਼ਿਆਦਾ ਦਿਲਚਸਪੀ ਹੈ। ਹੋਰ ਤਾਂ ਹੋਰ, ਉਨ੍ਹਾਂ ਕੋਲ ਆਮ ਗਿਆਨ ਵੀ ਦਾ ਭਰਪੂਰ ਭੰਡਾਰ ਹੈ।

ਹੁਣ ਖਬਰ ਮਿਲੀ ਹੈ ਕਿ ਸਾਰਾ ਅਲੀ ਖਾਨ ਹੁਣ ਲਕਸ਼ਮਨ ਉਤੇਕਰ ਦੀ ਫਿਲਮ ਵਿਚ ਵਿੱਕੀ ਕੌਸ਼ਲ ਨਾਲ ਨਜ਼ਰ ਆਵੇਗੀ। ਉਹ ਵਿਕਰਾਂਤ ਮੈਸੀ ਨਾਲ ਫਿਲਮ 'ਗੈਸਲਾਈਟ' ਵਿਚ ਵੀ ਕੰਮ ਕਰ ਰਹੀ ਹੈ।



ਅਦਾਕਾਰਾ ਸ਼ਰਮੀਲਾ ਟੈਗੋਰ ਅਤੇ ਸਾਰਾ ਅਲੀ ਖਾਨ।

## 'ਡਾਕਟਰ ਜੀ' ਆਯੁਸ਼ਮਾਨ



ਅਦਾਕਾਰ ਆਯੁਸ਼ਮਾਨ ਖੁਰਾਣਾ ਦੀ ਕਾਮੇਡੀ ਫਿਲਮ 'ਡਾਕਟਰ ਜੀ' 14 ਅਕਤੂਬਰ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ। 'ਡਾਕਟਰ ਜੀ' ਵਿਚ ਆਯੁਸ਼ਮਾਨ ਮੈਡੀਕਲ ਦੇ ਵਿਦਿਆਰਥੀ ਵਜੋਂ ਭੂਮਿਕਾ ਨਿਭਾਅ ਰਿਹਾ ਹੈ। ਅਦਾਕਾਰ ਨੇ ਫਿਲਮ ਦਾ ਪਹਿਲਾ ਪੋਸਟਰ ਜਾਰੀ ਕਰ ਦਿੱਤਾ ਹੈ।

ਫਿਲਮ ਵਿਚ ਉਸ ਦੇ ਮੈਡੀਕਲ ਦੀ ਪੜ੍ਹਾਈ ਤੋਂ ਲੈ ਕੇ 'ਪੁਰਸ਼ ਗਾਇਨੀਕੋਲੋਜਿਸਟ' ਬਣਨ ਤੱਕ ਸਫਰ ਨੂੰ ਦਿਖਾਇਆ ਹੈ। 'ਡਾਕਟਰ ਜੀ' ਵਿਚ ਡਾ. ਫਾਤਿਮਾ ਸਿੱਦੀਕੀ ਦਾ ਕਿਰਦਾਰ ਰਕੁਲਪ੍ਰੀਤ ਸਿੰਘ, ਡਾ. ਨੰਦਨੀ ਸ੍ਰੀਵਾਸਤਵ ਦਾ ਸ਼ੇਫਾਲੀ ਅਤੇ ਆਯੁਸ਼ਮਾਨ ਦੀ ਮਾਂ ਦਾ ਅਹਿਮ ਕਿਰਦਾਰ ਸ਼ੀਬਾ ਚੱਢਾ ਨਿਭਾਏਗੀ। ਆਯੁਸ਼ਮਾਨ ਖੁਰਾਣਾ ਨੇ ਸੋਸ਼ਲ ਮੀਡੀਆ 'ਤੇ 'ਡਾਕਟਰ ਜੀ' ਦਾ ਪੋਸਟਰ ਜਾਰੀ ਕੀਤਾ ਹੈ। ਇਹ ਫਿਲਮ ਅਨੁਭੂਤੀ ਕਸ਼ਯਪ ਨੇ ਨਿਰਦੇਸ਼ਤ ਕੀਤੀ ਹੈ।

# ਸਭ ਨੂੰ ਹਸਾਉਂਦਾ ਹਸਾਉਂਦਾ ਤੁਰ ਗਿਆ ਕਾਮੇਡੀ ਜਗਤ ਦਾ ਤਾਰਾ ਰਾਜੂ

ਭਾਰਤ ਦੇ ਕਾਮੇਡੀ ਜਗਤ ਦੇ ਬ੍ਰਹਿਮੰਡ 'ਚੋਂ ਰਾਜੂ ਸ੍ਰੀਵਾਸਤਵ ਦੇ ਨਾਮ ਦਾ ਤਾਰਾ ਆਖਰਕਾਰ ਟੁੱਟ ਗਿਆ। ਉਹ ਕਈ ਦਿਨਾਂ ਤੋਂ ਬਿਮਾਰ ਸੀ ਅਤੇ ਹਸਪਤਾਲ ਵਿਚ ਦਾਖਲ ਸੀ। ਉਸ ਨੇ ਨਵੀਂ ਦਿੱਲੀ ਦੇ ਏਮਸ ਹਸਪਤਾਲ ਵਿਚ ਆਖਰੀ ਸਾਹ ਲਿਆ। ਦੇਸ਼ ਦੇ ਚੋਟੀ ਦੇ ਨਾਮੀ

**ਜਗਜੀਤ ਸਿੰਘ ਸੇਖੋਂ**

ਹਾਸਰਸ ਕਲਾਕਾਰਾਂ 'ਚ ਸ਼ੁਮਾਰ ਰਾਜੂ ਸ੍ਰੀਵਾਸਤਵ ਦਾ ਜੀਵਨ ਬਹੁਤ ਔਕੜਾਂ ਭਰਿਆ ਰਿਹਾ ਹੈ। ਰਾਜੂ ਦਾ ਜਨਮ ਕਾਨਪੁਰ (ਉੱਤਰ ਪ੍ਰਦੇਸ਼) ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਰਮੇਸ਼ ਚੰਦਰ ਸ੍ਰੀਵਾਸਤਵ ਸਰਕਾਰੀ ਮੁਲਾਜ਼ਮ ਅਤੇ ਕਵੀ ਸਨ ਤੇ ਉਨ੍ਹਾਂ ਦੀ ਮਾਤਾ ਸਰਸਵਤੀ ਸ੍ਰੀਵਾਸਤਵ ਘਰੇਲੂ ਔਰਤ ਸੀ। ਰਾਜੂ ਦਾ ਪਹਿਲਾ ਨਾਂ ਸੱਤਿਆ ਪ੍ਰਕਾਸ਼ ਸ੍ਰੀਵਾਸਤਵ ਸੀ।

ਰਾਜੂ ਨੂੰ ਬਚਪਨ ਤੋਂ ਹੀ ਕਾਮੇਡੀਅਨ ਬਣਨ ਦਾ ਬਹੁਤ ਸ਼ੌਕ ਸੀ ਤੇ ਉਹ ਆਪਣੇ ਇਸ ਸੁਫ਼ਨੇ ਨੂੰ ਪੂਰਾ ਕਰਨ ਲਈ 1980ਵਿਆਂ ਵਿਚ ਮੁੰਬਈ ਚਲਾ ਆ ਗਿਆ ਸੀ। ਉਸ ਵੇਲੇ ਕਾਮੇਡੀ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ, ਇਸ ਕਰਕੇ ਰਾਜੂ ਨੂੰ ਕੰਮ ਲੱਭਣ ਵਿਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ





ਰਾਜੂ ਨੇ ਆਟੋ ਰਿਕਸ਼ਾ ਚਲਾਉਣਾ ਸ਼ੁਰੂ ਕੀਤਾ ਅਤੇ ਉਹ ਆਪਣੇ ਸੁਫ਼ਨੇ ਨੂੰ ਜਿਉਂਦਾ ਰੱਖਣ ਲਈ 50 ਰੁਪਏ 'ਚ ਸ਼ੋਅ ਵੀ ਕਰਦਾ ਰਿਹਾ। ਸਾਲ 1988 ਵਿਚ ਉਸ ਨੂੰ ਫਿਲਮ 'ਤੇਜ਼ਾਬ' ਵਿਚ ਨਿੱਕੀ ਜਿਹੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਿਆ, ਜਿਥੋਂ ਉਸ ਦਾ ਸਿਨੇ ਜਗਤ 'ਚ ਸਫਰ ਸ਼ੁਰੂ ਹੋਇਆ; ਉਪਰੰਤ ਸਲਮਾਨ ਖ਼ਾਨ ਦੀ ਫਿਲਮ 'ਮੈਨੇ ਪਿਆਰ ਕੀਆ' ਵਿਚ ਉਸ ਦੀ ਭੂਮਿਕਾ ਸ਼ਲਾਘਾਯੋਗ ਸੀ।

ਇਸ ਤੋਂ ਇਲਾਵਾ ਉਸ ਨੇ 'ਬਾਜ਼ੀਗਰ' ਅਤੇ 'ਬੰਬੇ ਟੂ ਗੋਆ' ਦੀ ਰੀਮੇਕ 'ਆਮਦਨੀ ਅਠੰਨੀ ਖਰਚਾ ਰੁਪਈਆ' ਆਦਿ ਫਿਲਮਾਂ ਵਿਚ ਕੰਮ ਕੀਤਾ। ਉਹ ਫਿਲਮ ਡਿਵੈੱਲਪਮੈਂਟ ਕੌਂਸਲ ਆਫ ਉੱਤਰ ਪ੍ਰਦੇਸ਼ ਦੇ ਚੇਅਰਪਰਸਨ ਵੀ ਸਨ। 'ਦਿ ਗ੍ਰੇਟ ਇੰਡੀਅਨ ਲਾਫਟਰ ਚੈਲੇਂਜ' ਨੇ ਉਸ ਨੂੰ ਕੌਮੀ ਪੱਧਰ 'ਤੇ ਪਛਾਣ ਦਿੱਤੀ। ਉਸ ਨੇ 'ਕਿੰਗ ਆਫ ਕਾਮੇਡੀ' ਤੇ 'ਦਿ ਗ੍ਰੇਟ ਇੰਡੀਅਨ ਲਾਫਟਰ ਚੈਲੇਂਜ-ਚੈਂਪੀਅਨਜ਼' ਦੇ ਖਿਤਾਬ ਜਿੱਤੇ।

ਸਾਲ 2014 ਵਿਚ ਰਾਜੂ ਨੂੰ ਲੋਕ ਸਭਾ ਚੋਣਾਂ ਲਈ ਕਾਨਪੁਰ ਤੋਂ ਸਮਾਜਵਾਦੀ ਪਾਰਟੀ ਦੀ ਟਿਕਟ ਮਿਲੀ ਪਰ ਉਸ ਨੇ ਇਹ ਟਿਕਟ ਵਾਪਸ ਕਰ ਦਿੱਤੀ। ਜ਼ਿੰਦਗੀ ਦੇ ਉਤਰਾਅ-ਚੜ੍ਹਾਵਾਂ ਨਾਲ ਜੂਝਦਿਆਂ ਰਾਜੂ ਸ੍ਰੀਵਾਸਤਵ ਅਖੀਰ 42 ਦਿਨ ਆਈ.ਸੀ.ਯੂ. ਵਿਚ ਜ਼ਿੰਦਗੀ ਦੀ ਜੰਗ ਹਾਰ ਗਿਆ। ਰਾਜੂ ਦਾ ਕੰਮ ਹਮੇਸ਼ਾ ਉਸ ਨੂੰ ਅਮਰ ਰੱਖੇਗਾ। ਉਸ ਨੂੰ 10 ਅਗਸਤ ਨੂੰ ਦਿਲ ਦਾ ਦੌਰਾ ਪੈਣ ਮਗਰੋਂ ਦਿੱਲੀ ਦੇ ਏਮਸ ਵਿਚ ਦਾਖਲ ਕਰਵਾਇਆ ਗਿਆ ਸੀ ਅਤੇ ਉਦੋਂ ਤੋਂ ਹੀ ਉਹ ਵੈਂਟੀਲੇਟਰ 'ਤੇ ਸਨ। ਬਾਅਦ ਵਿਚ ਉਹ ਭਾਜਪਾ ਵਿਚ ਚਲੇ ਗਿਆ ਸੀ।

ਹਾਸਰਸ ਕਲਾਕਾਰ ਰਾਜੂ ਸ੍ਰੀਵਾਸਤਵ ਦੀ ਮੌਤ 'ਤੇ ਦੁੱਖ ਦਾ ਪ੍ਰਗਟ ਕਰਦਿਆਂ ਹਾਸਰਸ ਕਲਾਕਾਰ ਭਾਰਤੀ ਸਿੰਘ ਨੇ ਮਰਹੂਮ ਅਦਾਕਾਰ ਰਾਜ ਕਪੂਰ ਦੀ ਫਿਲਮ 'ਮੇਰਾ ਨਾਮ ਜੋਕਰ' ਦਾ ਡਾਇਲਾਗ 'ਜੀਨਾ ਯਹਾਂ ਮਰਨਾ ਯਹਾਂ' ਸਾਂਝਾ ਕੀਤਾ। ਭਾਰਤੀ ਸਿੰਘ ਨੇ ਦੱਸਿਆ ਕਿ ਅਜੇ ਕੁਝ ਦਿਨ ਪਹਿਲਾਂ ਹੀ ਉਸ ਦੀ ਗੱਲ ਰਾਜੂ ਸ੍ਰੀਵਾਸਤਵ ਦੀ ਪਤਨੀ ਨਾਲ ਗੱਲ ਹੋਈ ਸੀ ਤੇ ਉਨ੍ਹਾਂ ਕਿਹਾ ਸੀ, "ਰਾਜੂ ਛੇਤੀ ਹੀ ਸਿਹਤਯਾਬ ਹੋ ਜਾਣਗੇ।" ਭਾਰਤੀ ਸਿੰਘ ਨੇ ਕਿਹਾ, "ਮੈਂ ਹਰ ਦਿਨ ਉਸ ਲਈ ਦੁਆ ਕਰਦੀ ਆ ਰਹੀ ਪਰ ਇਹ ਕਲਾਕਾਰ ਆਖਰਕਾਰ ਸਭ ਨੂੰ ਅਲਵਿਦਾ ਆਖ ਗਿਆ।



15 OCT
ਸਿੱਖ ਸੁਸਾਇਟੀ ਆਫ ਇੰਡੀਆਨਾ
ਨਗਰ ਕੀਰਤਨ
SIKH DAY PARADE
ਮਿਡਵੈਸਟ ਦੀਆਂ ਸਮੂਹ ਸੰਗਤਾਂ, ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਨੂੰ ਸਮਰਪਿਤ (ਸਿੱਖ ਡੇ ਪਰੇਡ)
ਨਗਰ ਕੀਰਤਨ
15 ਅਕਤੂਬਰ, ਦਿਨ ਸ਼ਨਿਚਰਵਾਰ, 2022 ਸਮਾਂ ਸਵੇਰੇ 12:00 ਵਜੇ ਤੋਂ ਸ਼ਾਮ 5:00 ਵਜੇ
WAR MEMORIAL PARK, 55 EAST MICHINGAN ST INDIANAPOLIS, IN 46204
ਸਮੂਹ ਸਾਧ ਸੰਗਤਾਂ ਦੇ ਚਰਨਾਂ ਵਿੱਚ ਪ੍ਰੋਗਰਾਮ:
ਆਤਮ ਰਸ ਕੀਰਤਨ 10 ਅਕਤੂਬਰ ਤੋਂ 11 ਅਕਤੂਬਰ ਨੂੰ ਸ਼ਾਮ 5:00 ਵਜੇ ਤੋਂ 8:00 ਵਜੇ ਤੱਕ ਸਮੂਹ ਲੋਕਲ ਗੁਰਦੁਆਰਾ ਸਾਹਿਬ ਦੇ ਕੀਰਤਨੀਆਂ ਵੱਲੋਂ
ਕੀਰਤਨ ਅਤੇ ਢਾਡੀ ਵਾਰਾਂ 12 ਅਕਤੂਬਰ ਤੋਂ 14 ਅਕਤੂਬਰ ਨੂੰ ਸ਼ਾਮ 5:00 ਵਜੇ ਤੋ 8:30 ਵਜੇ ਤੱਕ
ਪੁੱਜ ਰਹੇ ਰਾਗੀ ਜੱਥੇ:
ਭਾਈ ਸਾਹਿਬ ਹਰਚਰਨ ਸਿੰਘ ਜੀ,ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ, ਭਾਈ ਸਾਹਿਬ ਪਰਪਾਲ ਸਿੰਘ, ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ,
ਢਾਡੀ ਵਾਰਾਂ ਭਾਈ ਮੋਹਨ ਸਿੰਘ ਵਡਾਣਾਂ ਸਾਹਿਬ
ਕਥਾ ਵਾਚਕ ਗਿਆਨੀ ਭਾਈ ਬਲਜੀਤ ਸਿੰਘ ਜੀ
ਉਪਰੋਕਤ ਸਾਰੇ ਕੀਰਤਨ ਦੀਵਾਨ ਸਥਾਨ 5335 W HANNA AVE INDIANAPOLIS IN 46221 ਤੇ ਸਜਾਏ ਜਾਣਗੇ ਅਤੇ ਸਹਿਜ ਪਾਠ ਦੀ ਸਮਾਪਤੀ: 15 ਅਕਤੂਬਰ ਨੂੰ 9:00 ਵਜੇ ਸਵੇਰੇ, ਉਪਰੰਤ ਕੀਰਤਨ 9:30 ਤੋ 10:30 ਵਜੇ
ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋ ਅਪੀਲ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀ ਲਵਾਈਏ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।
ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ
ਵਲੋ: ਸਮੂਹ ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ ਆਫ ਇੰਡੀਆਨਾ
ਭਾਈ ਤਰਲੋਕ ਸਿੰਘ ਜੀ 317 800 9957
ਭਾਈ ਪਲਵਿੰਦਰ ਸਿੰਘ ਜੀ 317 657 1562
ਭਾਈ ਜਰਨੈਲ ਸਿੰਘ ਜੀ 317 956 0235
PLEASE GIVE ALL YOUR SUGGESTIONS: (317) 702-5541
www.sikhsocietyofindiana.org
sikhsocietyofindiana
sikhsocietyofindiana@gmail.com